






Twelfth Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 37, September 10, 2011 20451 N Plum Grove Rd. Palatine, IL 60074 Ph:847-359-0746, Fax:847-705-9388

## ਪੰਜਾਬ ਦੀ ਸਿਆਸਤ ਨੂੰ ਸਿੱਖ ਮਸਲਿਆਂ ਦਾ ਤਾਅ ਚੜ੍ਹਿਆ

# ਅਨੰਦ ਮੈਰਿਜ ਐਕਟ ਤੇ ਸਹਿਜਧਾਰੀਆਂ ਦੇ ਮਸਲਿਆਂ ਨੇ ਭਖਾਇਆ ਮਾਹੌਲ

## ਕਾਂਗਰਸੀ ਬਹੁਤ ਕਸੂਤੇ ਫਸੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਨੰਦ ਮੈਰਿਜ ਐਕਟ ਅਤੇ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ ਦੇ ਮੁੱਦਿਆਂ ਨੇ ਪੰਜਾਬ ਦੀ ਸਿਆਸਤ ਦਾ ਪਿੜ ਇਕ ਵਾਰ ਫਿਰ ਮਘਾ ਦਿੱਤਾ ਹੈ। ਪਿਛਲੇ ਕੁਝ ਸਮੇਂ ਤੋਂ ਬੁਰੇ ਹਾਲੀਂ ਵਿਚਰ ਰਿਹਾ ਸ਼੍ਰੋਮਣੀ ਅਕਾਲੀ ਦਲ (ਬ) ਤਾਂ ਇਨ੍ਹਾਂ ਮੁੱਦਿਆਂ ਨੂੰ ਮੁਫਤ 'ਚ ਹੀ ਹੱਥ ਲੱਗਾ 'ਅਲਾਦੀਨ ਦਾ ਚਿਰਾਗ' ਮੰਨ ਰਿਹਾ ਹੈ ਜਿਸ ਰਾਹੀਂ ਕਾਂਗਰਸ ਅਤੇ ਵਿਰੋਧੀਆਂ ਨੂੰ 'ਘਰ ਬੈਠੇ' ਹੀ ਰਗੜੇ ਲਾਏ ਜਾ ਸਕਦੇ ਹਨ। ਅਕਾਲੀ ਦਲ (ਬ) ਦੇ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਇਨ੍ਹਾਂ ਮੁੱਦਿਆਂ ਨੂੰ ਹੀ ਪ੍ਰਚਾਰ ਦਾ ਸਾਧਨ ਬਣਾ ਲਿਆ ਹੈ ਅਤੇ ਵਿਧਾਨ ਸਭਾ ਚੋਣਾਂ 'ਚ ਵੀ ਇਨ੍ਹਾਂ ਸਿੱਖ ਮੁੱਦਿਆਂ 'ਤੇ ਸਿਆਸਤ ਦਾ ਠੁੱਕ ਬੰਨ੍ਹਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਚੇਤੇ ਰਹੇ ਕਿ ਪੰਜਾਬ ਦੀ ਸਿਆਸਤ 'ਚ ਪਿਛਲੇ ਕੁਝ ਸਾਲਾਂ ਤੋਂ ਸਿੱਖ ਮਸਲਿਆਂ ਦੀ ਥਾਂ ਵਿਕਾਸ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ ਭਾਰੂ ਸਨ। ਸਾਰੀਆਂ ਅਹਿਮ ਸਿਆਸੀ ਪਾਰਟੀਆਂ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਸਿੱਖ ਮੁੱਦਿਆਂ 'ਤੇ ਸਿਆਸਤ ਖੇਡਣ ਤੋਂ ਟਾਲਾ ਵੱਟਦਿਆਂ ਨਵੇਂ ਮੁੱਦਿਆਂ ਨੂੰ ਉਭਾਰਨ 'ਤੇ ਪੂਰਾ ਜ਼ੋਰ ਲਾਇਆ ਹੋਇਆ ਸੀ। ਸੱਤਾਧਾਰੀ ਅਕਾਲੀ ਦਲ (ਬ) ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜਨ ਦਾ ਐਲਾਨ ਵੀ ਕੀਤਾ ਹੋਇਆ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਦਾ ਵੀ ਸਮੁੱਚਾ



*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਿੱਖ ਮਸਲਿਆਂ ਬਾਰੇ ਪ੍ਰੈਸ ਕਾਨਫਰੰਸ ਦੌਰਾਨ*

ਪੈਂਤੜਾ ਪੰਜਾਬ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਦੇ ਵਾਅਦਿਆਂ 'ਤੇ ਨਿਰਭਰ ਹੈ। ਤੀਜੀ ਧਿਰ ਵਜੋਂ ਉਭਰਨ ਲਈ ਜ਼ੋਰ ਲਾ ਰਹੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਖੱਬੀਆਂ ਧਿਰਾਂ ਦਾ ਤਾਂ ਮੁੱਖ ਪੈਂਤੜਾ ਆਰਥਿਕ ਮੁੱਦੇ ਹੀ ਹਨ।

ਹੁਣ ਤੱਕ ਦੇ ਸਿਆਸੀ ਦ੍ਰਿਸ਼ ਤੋਂ ਇਹੀ ਲੱਗ ਰਿਹਾ ਸੀ ਕਿ ਪੰਜਾਬ ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਆਰਥਿਕ ਮੁੱਦੇ ਹੀ ਭਾਰੂ ਰਹਿਣਗੇ ਪਰ ਇਕ ਮਹੀਨਾ ਪਹਿਲਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਹਲਚਲ ਪੈਦਾ ਹੋ ਗਈ ਅਤੇ ਹੁਣ ਉਪਰੋਥਲੀ ਵਾਪਰੀਆਂ ਦੋ ਘਟਨਾਵਾਂ ਨੇ ਪੰਜਾਬ ਦੀ ਸਿਆਸੀ 'ਚ ਸਿੱਖ ਮੁੱਦਿਆਂ 'ਤੇ ਕੇਂਦ੍ਰਿਤ ਕਰ ਦਿੱਤਾ ਹੈ। ਦਿਲਚਸਪ ਗੱਲ ਇਹ ਹੈ ਕਿ ਦੋਵੇਂ ਮੁੱਦੇ ਕੇਂਦਰ ਨੇ ਐਨ ਮੌਕੇ 'ਤੇ ਅਕਾਲੀ ਦਲ ਨੂੰ ਥਾਲੀ 'ਚ ਪਰੋਸ ਕੇ ਦਿੱਤੇ ਹਨ।

ਪਹਿਲਾਂ ਤਾਂ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਪਾਰਲੀਮੈਂਟ ਵਿਚ ਬਿਆਨ ਦੇ ਦਿੱਤਾ ਕਿ ਕੇਂਦਰ ਸਰਕਾਰ ਨੇ ਪੰਜਾਬ ਵਿਧਾਨ ਸਭਾ ਵੱਲੋਂ ਅਨੰਦ ਕਾਰਜ ਕਾਨੂੰਨ ਵਿਚ ਤਰਮੀਮਾਂ ਦਾ ਮਤਾ ਰੱਦ ਕਰ ਦਿੱਤਾ ਹੈ। ਕਾਨੂੰਨ ਮੰਤਰੀ ਦੇ ਇਸ ਬਿਆਨ ਨਾਲ ਸਮੁੱਚੇ ਸਿੱਖ ਜਗਤ 'ਚ ਰੋਸ ਅਤੇ ਤਿੱਖਾ ਪ੍ਰਤੀਕਰਮ ਹੋਇਆ। ਪੰਜਾਬ ਦੀ ਸਿਆਸੀ, ਧਾਰਮਿਕ ਅਤੇ ਸਮਾਜਿਕ ਸਿੱਖ ਲੀਡਰਸ਼ਿਪ ਨੇ ਇਸ ਮਾਮਲੇ 'ਤੇ ਕੇਂਦਰ ਸਰਕਾਰ ਦੀ ਬਹੁਤ ਤਿੱਖੀ ਆਲੋਚਨਾ ਕੀਤੀ। ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ ਇਹ ਮੁੱਦਾ ਵਰਦਾਨ ਬਣ ਕੇ ਆਇਆ ਅਤੇ ਇਸ ਨੇ ਇਨ੍ਹਾਂ ਮਸਲਿਆਂ 'ਤੇ ਕਾਂਗਰਸ ਦੇ ਨਾਲ-ਨਾਲ ਪੰਥਕ ਮੋਰਚੇ ਨੂੰ ਵੀ ਕਰਾਰੇ ਹੱਥੀਂ ਲੈਣਾ ਸ਼ੁਰੂ ਕਰ ਦਿੱਤਾ। ਇਉਂ, ਇਕ ਪਾਸੇ ਅਕਾਲੀ ਦਲ ਦੇ ਹੱਥ ਕਾਂਗਰਸ ਵਿਰੁਧ ਪ੍ਰਚਾਰ ਕਰਨ ਲਈ ਸਾਰਥਕ ਮੁੱਦਾ ਆ ਗਿਆ, ਤੇ ਦੂਜੇ ਪਾਸੇ ਪੰਜਾਬ ਕਾਂਗਰਸ ਨੂੰ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਚੁੱਪ ਰਹਿਣ ਲਈ ਮਜਬੂਰ ਹੋਣਾ ਪਿਆ।

ਕਸੂਤੀ ਹਾਲਤ ਵਿਚ ਫਸੀ ਪੰਜਾਬ ਕਾਂਗਰਸ ਵੱਲੋਂ ਇਸ ਝਟਕੇ 'ਚੋਂ ਉਭਰਨ ਬਾਰੇ ਸੋਚਣ ਤੋਂ

*(ਬਾਕੀ ਸਫਾ 6 'ਤੇ)*

## ਪ੍ਰੋ. ਭੁੱਲਰ ਨੂੰ ਪਟੀਸ਼ਨ ਮੁੜ ਦਾਖ਼ਲ ਕਰਨ ਦੀ ਇਜਾਜ਼ਤ ਮਿਲੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਨੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਪਟੀਸ਼ਨ ਵਿਚ ਸੋਧ ਕਰਕੇ ਮੁੜ ਅਰਜ਼ੀ ਦਾਖ਼ਲ ਕਰਨ ਦੀ ਆਗਿਆ ਦੇ ਦਿੱਤੀ ਹੈ। ਅਦਾਲਤ ਨੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਾਉਣ ਲਈ ਦੋ ਹੋਰ ਕਾਰਨ ਦੇਣ ਲਈ ਕਿਹਾ ਹੈ। ਜਸਟਿਸ



*ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ*

ਜੀ.ਐਸ. ਸਿੰਘਵੀ ਅਤੇ ਐਚ.ਐਲ. ਦੱਤੂ ਦੇ ਬੈਂਚ ਨੇ ਪ੍ਰੋ. ਭੁੱਲਰ ਦੇ ਸੀਨੀਅਰ ਵਕੀਲ ਕੇ.ਟੀ.ਐਸ. ਤੁਲਸੀ ਨੂੰ ਹਫ਼ਤੇ ਦੇ ਅੰਦਰ ਸੋਧ ਕਰਕੇ ਮੁੜ ਅਰਜ਼ੀ ਦਾਖਲ ਕਰਨ ਦਾ ਸਮਾਂ ਦਿੱਤਾ ਹੈ। ਇਸ ਦੇ ਨਾਲ ਹੀ ਬੈਂਚ ਨੇ ਅਸਿਸਟੈਂਟ ਸੋਲਿਸਟਰ ਜਨਰਲ (ਏ.ਐਸ.ਜੀ.) ਐਚ.ਪੀ. ਰਾਵਲ ਨੂੰ ਆਦੇਸ਼ ਦਿੱਤਾ ਕਿ ਦੋ ਹਫ਼ਤਿਆਂ ਦੇ ਅੰਦਰ ਦਿੱਲੀ ਸਰਕਾਰ ਦਾ ਜਵਾਬ ਦਾਇਰ ਕੀਤਾ ਜਾਵੇ।

*(ਬਾਕੀ ਸਫਾ 6 'ਤੇ)*







# ਕੁਲਵੰਤ ਸਿੰਘ ਅਜੇ ਵੀ ਸੰਭਲ ਜਾਏ: ਸੈਨ ਹੋਜ਼ੇ ਗੁਰੂਘਰ ਪ੍ਰਬੰਧਕ ਕਮੇਟੀ ਦੀ ਤਾੜਨਾ

**ਸੈਨ ਹੋਜੇ (ਪੰਜਾਬ ਟਾਈਮਜ਼ ਬਿਊਰੋ):** ਸਥਾਨਕ ਗੁਰਦੁਆਰਾ ਸੈਨ ਹੋਜੇ ਦੀ ਪ੍ਰਬੰਧਕ ਕਮੇਟੀ ਨੇ ਇਕ ਬਿਆਨ ਜਾਰੀ ਕਰਦਿਆਂ ਗੁਰੂ ਘਰ ਦੇ ਇਕ ਮੈਂਬਰ ਕੁਲਵੰਤ ਸਿੰਘ, ਜੋ ਅਕਸਰ ਅਖਬਾਰਾਂ ਵਿਚ ਅਨਾਪ-ਸ਼ਨਾਪ ਬਿਆਨ ਛਪਵਾਉਂਦਾ ਰਹਿੰਦਾ ਹੈ, ਨੂੰ ਚਿਤਾਵਨੀ ਦਿੱਤੀ ਹੈ ਕਿ ਪ੍ਰਬੰਧਕਾਂ ਖ਼ਿਲਾਫ਼ ਪਰਿਵਾਰਕ ਚਿੱਕੜ-ਉਛਾਲੀ ਬੰਦ ਕਰੇ, ਨਹੀਂ ਤਾਂ ਉਨ੍ਹਾਂ ਪਾਸ ਇਸ ਤੋਂ ਛੁਟ ਹੋਰ ਕੋਈ ਚਾਰਾ ਬਾਕੀ ਨਹੀਂ ਹੋਵੇਗਾ ਕਿ ਕੁਲਵੰਤ ਸਿੰਘ ਨੂੰ ਉਸੇ ਹੀ ਭਾਸ਼ਾ ਵਿਚ ਜਵਾਬ ਦਿੱਤਾ ਜਾਵੇ ਜੋ ਉਹ ਕਮੇਟੀ ਮੈਂਬਰਾਂ ਲਈ ਵਰਤਦਾ ਆ ਰਿਹਾ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਅਸੀਂ ਇਖਲਾਕੀ ਮਿਆਰ ਤੋਂ ਹੇਠਾਂ ਡਿੱਗ ਕੇ ਇਸ ਪਾਸੇ ਨਹੀਂ ਜਾਣਾ ਚਾਹੁੰਦੇ ਕਿ ਕੁਲਵੰਤ ਸਿੰਘ ਦੀ ਪਰਿਵਾਰਕ ਜ਼ਿੰਦਗੀ ਕੀ ਹੈ, ਪਰ ਜੇ ਉਸ ਨੇ ਆਪਣੇ ਆਪ ਨੂੰ ਨਾ ਰੋਕਿਆ ਤਾਂ ਫਿਰ ਸਾਨੂੰ ਮਜਬੂਰਨ ਦੱਸਣਾ ਪਵੇਗਾ ਕਿ ਪਿਓ ਤੋਂ ਲੈ ਕੇ ਪੁੱਤ ਅਤੇ ਫਿਰ ਪਤਨੀਆਂ ਤੱਕ ਕੁਲਵੰਤ ਸਿੰਘ ਨੇ ਕਿਸ ਮਰਿਆਦਾ ਨੂੰ ਕਿਵੇਂ ਲਾਗੂ ਕੀਤਾ?

ਕਮੇਟੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੂਜਿਆਂ 'ਤੇ ਚਿੱਕੜ ਉਛਾਲਣ ਤੋਂ ਪਹਿਲਾਂ ਕੁਲਵੰਤ ਸਿੰਘ ਨੂੰ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ ਦੀ ਅਤਿਅੰਤ ਜ਼ਰੂਰਤ ਹੈ ਅਤੇ ਉਸ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਜਿਨ੍ਹਾਂ ਦੇ ਆਪਣੇ ਘਰ ਕੱਚ ਦੇ ਹੋਣ ਉਨ੍ਹਾਂ ਨੂੰ ਦੂਜਿਆਂ 'ਤੇ ਪੱਥਰ ਨਹੀਂ ਸੁੱਟਣੇ ਚਾਹੀਦੇ। ਦੋਸ਼ ਲਾਇਆ ਗਿਆ ਹੈ ਕਿ ਕੁਲਵੰਤ ਸਿੰਘ ਖੁਦ ਨਾਸਤਿਕ ਕਿਸਮ ਦਾ ਮਨੁੱਖ ਹੈ ਜਿਸ ਨੂੰ ਗੁਰੂ ਇਤਿਹਾਸ 'ਤੇ ਵਿਸ਼ਵਾਸ ਨਹੀਂ। ਮਰਿਆਦਾ-ਪ੍ਰਸ਼ੋਤਮ ਬਣਿਆ ਇਹੋ ਸ਼ਖ਼ਸ ਦਸਮ ਗ੍ਰੰਥ ਨੂੰ ਕੰਜਰ ਕਵਿਤਾ ਕਹਿ ਕੇ ਨਿਵਾਜਦਾ ਹੈ।

ਕੁਲਵੰਤ ਸਿੰਘ ਵੱਲੋਂ ਕਮੇਟੀ ਦੇ ਵਿਰੋਧ ਦੇ ਰਾਜ਼ ਤੋਂ ਪਰਦਿਆਂ ਚੁੱਕਦਿਆਂ ਬਿਆਨ ਵਿਚ ਕਿਹਾ ਗਿਆ ਹੈ ਕਿ ਕੁਲਵੰਤ ਸਿੰਘ ਨੂੰ ਕਿਸੇ ਕਿਸੇ ਹਫ਼ਤਾਵਾਰੀ ਦੀਵਾਨ ਦੀ ਸ਼ਾਮ ਨੂੰ ਗੋਲਕ ਗਿਣਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ ਪਰ ਉਸ ਨੇ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਇਆ ਨਹੀਂ। ਪ੍ਰਬੰਧਕਾਂ ਨੂੰ ਪਹਿਰੇਦਾਰ ਤੋਂ ਸ਼ਿਕਾਇਤ ਮਿਲੀ ਸੀ ਕਿ ਕੁਲਵੰਤ ਸਿੰਘ ਕੁਝ ਵੱਡੇ ਨੋਟ ਗੋਲਕ ਵਿਚ ਪਾਉਣ ਦੀ ਬਜਾਏ ਸੰਦੂਕੜੀ ਦੇ ਥੱਲੇ ਛੱਡ ਜਾਂਦਾ ਹੈ। ਲਗਾਤਾਰ ਆ ਰਹੀਆਂ ਅਜਿਹੀਆਂ ਸ਼ਿਕਾਇਤਾਂ ਕਾਰਨ ਉਸ ਨੂੰ ਇਸ ਸੇਵਾ ਤੋਂ ਮੁਕਤ ਕਰ ਦਿੱਤਾ ਗਿਆ ਸੀ। ਹੁਣ ਇਹ ਤਾਂ ਕੁਲਵੰਤ ਸਿੰਘ ਜਾਣਦਾ ਹੈ ਜਾਂ ਰੱਬ ਜਾਣਦਾ ਹੈ ਕਿ ਉਹ ਸੰਦੂਕੜੀ ਥੱਲੇ ਪੈਸੇ ਕਿਉਂ ਛੱਡ ਕੇ ਜਾਂਦਾ ਸੀ! ਦੋਸ਼ ਹੈ ਕਿ ਸੇਵਾ ਮੁਕਤੀ ਤੋਂ ਬਾਅਦ ਉਹ ਪ੍ਰਬੰਧਕ ਕਮੇਟੀ ਦੇ ਖ਼ਿਲਾਫ਼ ਲਗਾਤਾਰ ਭੁਗਤਦਾ ਆ ਰਿਹਾ ਹੈ।

ਬਿਆਨ ਅਨੁਸਾਰ ਸ. ਜਸਵੀਰ ਸਿੰਘ ਥਾਂਦੀ ਵੀ ਆਖ ਚੁੱਕੇ ਹਨ ਕਿ ਮਹਾਂਭਾਰਤ ਦਾ ਪ੍ਰਕਾਸ਼ ਅਣਭੋਲ ਗਲਤੀ ਸੀ ਪਰ ਕੁਲਵੰਤ ਸਿੰਘ ਮਹਾਂਭਾਰਤ ਦਾ ਰਾਗ ਅਲਾਪਣ ਤੋਂ ਹਟਦਾ ਦਿਖਾਈ ਨਹੀਂ ਦੇ ਰਿਹਾ। ਸੁਧਾਰ ਕਮੇਟੀ ਵਾਲੇ ਉਸ ਘਟਨਾ ਵੇਲੇ ਹਾਜ਼ਰ ਸਨ। ਪ੍ਰਬੰਧਕਾਂ ਅਨੁਸਾਰ ਉਨ੍ਹਾਂ ਵੱਲੋਂ ਜਾਰੀ ਚਿੱਤਰ ਵਿਚ ਗੁਰਮੇਲ ਸਿੰਘ ਨੂੰ ਅੱਗੇ ਅੱਗੇ ਜਲ ਤਰੌਂਕਦੇ ਦੇਖਿਆ ਜਾ ਸਕਦਾ ਹੈ। ਇਸ ਲਈ ਕੁਲਵੰਤ ਸਿੰਘ ਨੂੰ ਇਸ ਮਾਮਲੇ ਬਾਰੇ ਵਧੇਰੇ ਜਾਣਕਾਰੀ ਸ. ਗੁਰਮੇਲ ਸਿੰਘ ਤੋਂ ਲੈ ਲੈਣੀ ਚਾਹੀਦੀ ਹੈ।



*ਇਸ ਤਸਵੀਰ ਵਿਚ ਭਾਈ ਗੁਰਮੇਲ ਸਿੰਘ ਬਾਠ ਦਸਮ ਗ੍ਰੰਥ ਦੇ ਭੁਲੇਖੇ ਮਹਾਂਭਾਰਤ ਲੈ ਕੇ ਜਾ ਰਹੇ ਹਨ, ਜੋ ਕਿ ਅਣਭੋਲ ਵਿਚ ਹੋਈ ਇਕ ਗਲਤੀ ਸੀ*

ਪਿਛਲੇ ਹਫ਼ਤੇ ਇਥੋਂ ਛਪਦੇ ਪੰਜਾਬੀ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਲੱਗੇ ਕੁਲਵੰਤ ਸਿੰਘ ਦੇ ਬਿਆਨ 'ਤੇ ਪ੍ਰਤੀਕ੍ਰਿਆ ਜ਼ਾਹਿਰ ਕਰਦਿਆਂ ਗੁਰਦੁਆਰਾ ਕਮੇਟੀ ਮੈਂਬਰ ਭਾਈ ਸੁਖਦੇਵ ਸਿੰਘ ਬੈਨੀਵਾਲ ਨੇ ਕਿਹਾ ਹੈ ਕਿ ਕੁਲਵੰਤ ਸਿੰਘ ਮਹਾਂਭਾਰਤ ਵਾਲੇ ਮਸਲੇ ਨੂੰ ਕਿਸੇ ਸਾਜ਼ਿਸ਼ ਤਹਿਤ ਤੂਲ ਦੇ ਰਿਹਾ ਹੈ ਅਤੇ ਮਨਘੜਤ ਗੱਲਾਂ ਬਣਾ ਕੇ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਘਟਨਾਕ੍ਰਮ ਵਿਚ ਭਾਈ ਗੁਰਮੇਲ ਸਿੰਘ ਬਾਠ ਅਤੇ ਸੁਧਾਰ ਕਮੇਟੀ ਦੇ ਕੁਝ ਹੋਰ ਮੈਂਬਰ ਵੀ ਉਥੇ ਮੌਜੂਦ ਸਨ ਪਰ ਕੁਲਵੰਤ ਸਿੰਘ ਐਵੇਂ ਹੀ ਉਘ ਦੀਆਂ ਪਤਾਲ ਜੜੀ ਜਾ ਰਿਹਾ ਹੈ।

ਭਾਈ ਬੈਨੀਵਾਲ ਨੇ ਕਿਹਾ ਹੈ ਕਿ ਸ. ਜਸਵੀਰ ਸਿੰਘ ਥਾਂਦੀ ਪਾਸ 'ਬੰਨੋ ਕੀ ਬੀੜ', 'ਦਸਮ ਗ੍ਰੰਥ', ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ 'ਚੌਰ ਸਾਹਿਬ', ਪੁਰਾਤਨ ਕ੍ਰਿਪਾਨਾਂ ਆਦਿ ਕਈ ਇਤਿਹਾਸਕ ਹਥ ਲਿਖਤਾਂ ਤੇ ਵਸਤਾਂ ਹਨ। ਉਹ ਥਾਂ-ਥਾਂ ਪ੍ਰਦਰਸ਼ਨੀ ਲਾਉਂਦੇ ਰਹਿੰਦੇ ਹਨ। ਉਨ੍ਹਾਂ ਦੋ ਐਤਵਾਰ ਇੱਥੇ ਪ੍ਰਦਰਸ਼ਨੀ ਲਾਈ ਸੀ ਪਰ ਕੁਲਵੰਤ ਸਿੰਘ ਤਾਂ ਇੰਜ ਕਰ ਰਿਹਾ ਹੈ ਜਿੱਦਾਂ ਅਸੀਂ ਮਹਾਂਭਰਤ ਦੇ ਸ਼ਰਧਾਲੂ ਹੋਈਏ। ਭਾਈ ਬੈਨੀਵਾਲ ਨੇ ਤਾੜਨਾ ਕੀਤੀ ਕਿ ਕੁਲਵੰਤ ਸਿੰਘ ਨੂੰ ਅਤਿ ਦਰਜੇ ਦੀ ਘਟੀਆ ਹਰਕਤ ਤੋਂ ਬਾਜ਼ ਆ ਜਾਣਾ ਚਾਹੀਦਾ ਹੈ। ਸ. ਜਸਵੀਰ ਸਿੰਘ ਥਾਂਦੀ ਇਕ ਤੋਂ ਵੱਧ ਵਾਰ ਆਖ ਚੁਕੇ ਹਨ ਕਿ ਦਸਮ ਗ੍ਰੰਥ ਦੀ ਥਾਂ ਮਹਾਂਭਾਰਤ ਦਾ ਪ੍ਰਕਾਸ਼ ਇਕ ਅਣਭੋਲ ਗਲਤੀ ਸੀ ਪਰ ਕੁਲਵੰਤ ਸਿੰਘ ਇਸ ਮਾਮਲੇ ਦਾ ਸਿਆਸੀਕਰਨ ਨਿਰੰਤਰ ਕਰੀ ਜਾ ਰਿਹਾ ਹੈ।

## ਵੀਜ਼ਾ ਫਰਾਡ 'ਚ ਪੰਜਾਬ ਤੇ ਗੁਜਰਾਤ ਮੋਹਰੀ

**ਜਲੰਧਰ:** ਵਿਕੀਲੀਕਸ ਰਾਹੀਂ ਹੁਣ ਇਹ ਖੁਲਾਸਾ ਹੋਇਆ ਹੈ ਕਿ ਵੀਜ਼ਾ ਫਰਾਡ ਦੇ ਸਭ ਤੋਂ ਜ਼ਿਆਦਾ ਕੇਸ ਪੰਜਾਬ ਅਤੇ ਗੁਜਰਾਤ ਵਿਚ ਸਾਹਮਣੇ ਆ ਰਹੇ ਹਨ। ਵਿਕੀਲੀਕਸ ਨੇ ਇਹ ਤੱਥ ਅਮਰੀਕਾ ਦੇ ਇੰਮੀਗ੍ਰੇਸ਼ਨ ਅਧਿਕਾਰੀਆਂ ਦੇ ਹਵਾਲੇ ਨਾਲ ਨਸ਼ਰ ਕੀਤੇ ਹਨ।

ਵਿਕੀਲੀਕਸ ਦੇ ਇਸ ਤਾਜ਼ਾ ਖੁਲਾਸੇ ਮੁਤਾਬਕ ਧਾਰਮਿਕ ਪ੍ਰਚਾਰਕਾਂ ਦੇ ਭੇਸ ਵਿਚ ਬਹੁਤ ਸਾਰੇ ਬੰਦਿਆਂ ਵੱਲੋਂ ਵੀਜ਼ੇ ਲਈ ਅਰਜ਼ੀਆਂ ਦਿੱਤੀਆਂ ਗਈਆਂ। ਇੰਮੀਗ੍ਰੇਸ਼ਨ ਅਧਿਕਾਰੀ ਹੁਣ ਅਜਿਹੇ ਕੇਸਾਂ ਉਤੇ ਬਾਜ਼ ਅੱਖ ਰੱਖ ਰਹੇ ਹਨ। ਇਹ ਗੱਲ ਵੀ ਨੋਟ ਕੀਤੀ ਗਈ ਹੈ ਕਿ ਜਿਹੜੇ ਸਿੱਖ 'ਗ੍ਰੰਥੀ' ਜਾਂ 'ਪ੍ਰਚਾਰਕ' ਆਰ-1 ਵੀਜ਼ੇ ਲਈ ਅਰਜ਼ੀਆਂ ਦਿੰਦੇ ਹਨ, ਉਨ੍ਹਾਂ ਵਿਚੋਂ 90% ਅਰਜ਼ੀਆਂ ਰੱਦ ਹੋ ਜਾਂਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਅਰਜ਼ੀਆਂ ਤਿੰਨ ਤਿੰਨ ਦੇ ਗਰੁਪਾਂ ਵਿਚ ਆਉਂਦੀਆਂ ਹਨ ਪਰ ਇਨ੍ਹਾਂ ਅਰਜ਼ੀਆਂ ਨਾਲ ਅਮਰੀਕਾ ਵਿਚ ਰਿਹਾਇਸ਼ ਸਬੰਧੀ ਅਤੇ ਹੋਰ ਲੋੜੀਂਦੇ ਕਾਗਜ਼ਾਤ ਹੀ ਨਹੀਂ ਹੁੰਦੇ। ਇਸ ਤੋਂ ਇਲਾਵਾ ਸ਼ਬਦ ਜੋੜਾਂ (ਸਪੈਲਿੰਗਾਂ ਦੀਆਂ ਗਲਤੀਆਂ) ਬਹੁਤ ਜ਼ਿਆਦਾ ਹੁੰਦੀਆਂ ਹਨ।

ਯਾਦ ਰਹੇ ਕਿ ਧਾਰਮਿਕ ਪ੍ਰਚਾਰਕਾਂ ਦੇ ਬਹਾਨੇ ਇੰਮੀਗ੍ਰੇਸ਼ਨ ਦਾ ਘਪਲਾ ਸਭ ਤੋਂ ਪਹਿਲਾਂ 2001 ਵਿਚ ਸਾਹਮਣੇ ਆਇਆ ਸੀ। ਇਸ ਘਪਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੀ ਸ਼ਾਮਲ ਸਨ। ਦਰਅਸਲ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦਾ ਵਫਦ ਵੈਨਕੂਵਰ ਵਿਸਾਖੀ ਸਮਾਗਮ 'ਚ ਹਿੱਸਾ ਲੈਣ ਗਿਆ ਸੀ। ਇਸ ਵਫਦ ਵਿਚ ਦੋ ਅਕਾਲੀ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਵੀ ਸਨ। ਕੈਨੇਡਾ ਵਿਚ ਇਸ ਧਾਰਮਿਕ ਵਫਦ ਦੇ 5 ਮੈਂਬਰ ਗਾਇਬ ਹੋ ਗਏ ਅਤੇ ਮੁੜ ਲੱਭੇ ਨਹੀਂ।

ਮਾਲਟਾ ਕਿਸ਼ਤੀ ਹਾਦਸੇ ਵਾਲੇ ਕੇਸ ਦੀ ਪੈਰਵੀ ਕਰ ਰਹੇ ਬਲਵੰਤ ਸਿੰਘ ਖੇੜਾ ਨੇ ਦੱਸਿਆ ਕਿ ਉਹ ਪਿਛਲੇ 10 ਸਾਲ ਤੋਂ ਅਕਾਲ ਤਖਤ ਦੇ ਜਥੇਦਾਰ ਦੇ ਧਿਆਨ 'ਚ ਇਹ ਮਾਮਲਾ ਲਿਆ ਰਹੇ ਹਨ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ।


Imperial Truck & Trailer Repair

2142 W. Yosemite Ave., Manteca, CA 95337

All Kinds of Welding Work & General Repair.



We also install cement blower and PTO

Now Truck Parts Available

Oil Change $189.99 Only

Brake $89.00 With Labor

Wheel Seal $89.00 With Labor

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

Wheel Balancing

24 Hours Road Service & Towing

Tire Service

We carry all major brand tires-new and used at very attractive prices.

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

Call-Jasvir Singh, Ph:209-239-8111
Cell:916-470-5520, Fax: 209-239-4969

## ਗੱਲ ਨਾਹਲ ਸਾਹਿਬ ਦੀ ਵਿਦਵਤਾ ਦੀ

# ‘ਹਊਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ॥’

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਪਿਛਲੇ ਹਫ਼ਤੇ ਦੀਆਂ ਕੁਝ ਪੰਜਾਬੀ ਅਖ਼ਬਾਰਾਂ ਵਿਚ ਸੈਨ ਹੋਜ਼ੇ ਦੀ ਗੁਰਦੁਆਰਾ ਸੁਧਾਰ ਕਮੇਟੀ ਵਲੋਂ ਇਕ ਮਜਮੂਨ ਛਪਵਾਇਆ ਗਿਆ ਸੀ ਜਿਸ ਵਿਚ ਸ. ਤਰਲੋਚਨ ਸਿੰਘ ਨਾਹਲ ਨੇ ਝੂਠ ਦੇ ਸਹਾਰੇ ਆਪਣੀ ਡੁੱਬਦੀ ਬੇੜੀ ਨੂੰ ਚੱਪੂ ਲਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਆਓ, ਸਭ ਤੋਂ ਪਹਿਲਾਂ ਅਸੀਂ ਚਰਚਾ ਕਰੀਏ ਉਨ੍ਹਾਂ ਦੇ ਥੀਸਿਸ ਬਾਰੇ। ਅਸੀਂ ਉਨ੍ਹਾਂ ਨੂੰ ਸਿਰਫ਼ ਇੰਨਾ ਹੀ ਪੁੱਛਿਆ ਸੀ ਕਿ ਤੁਸੀਂ ਡਾਕਟਰੀ ਦੀ ਡਿਗਰੀ ਕਿਥੋਂ ਹਾਸਲ ਕੀਤੀ ਹੈ? ਅਸੀਂ ਲਿਖਿਆ ਸੀ ਕਿ ਅਸੀਂ ਸੁਣਿਆ ਹੈ ਕਿ ਤੁਸੀਂ ਡਾਕਟਰੀ ਦੀ ਡਿਗਰੀ ਉਸ ਹਰਬੰਸ ਲਾਲ ਪਾਸੋਂ ਥੀਸਿਸ ਲਿਖ ਕੇ ਲਈ ਹੈ ਜਿਸ ਨੂੰ ਸ. ਸਿਮਰਨਜੀਤ ਸਿੰਘ ਮਾਨ ਆਰ.ਐਸ.ਐਸ. ਦਾ ਬੰਦਾ ਦੱਸਦੇ ਹਨ। ਸਾਡੀਆਂ ਇਨ੍ਹਾਂ ਸਤਰਾਂ ਵਿਚ ਕਿਧਰੇ ਜ਼ਿਕਰ ਨਹੀਂ ਕਿ ਉਨ੍ਹਾਂ ਪਾਸ ਥੀਸਿਸ ਨਹੀਂ ਹੈ।

ਸਾਧਾਰਨ ਤੋਂ ਸਾਧਾਰਨ ਪਾਠਕ ਇਨ੍ਹਾਂ ਸਤਰਾਂ ਨੂੰ ਸਮਝ ਸਕਦਾ ਹੈ ਪਰ ਉਚਕੋਟੀ ਦਾ ਵਿਦਵਾਨ ਹੋਣ ਦੇ ਇਸ ਦਾਅਵੇਦਾਰ ਦੇ ਪੱਲੇ ਇਹ ਸਤਰਾਂ ਨਹੀਂ ਪਈਆਂ। ਉਨ੍ਹਾਂ ਦੋ ਕੁ ਆਪਣੇ ਚਾਪਲੂਸਾਂ ਦੀ ਹਾਜ਼ਰੀ ਵਿਚ ਥੀਸਿਸ ਸਮੇਤ ਫੋਟੋ ਖਿਚਵਾਈ ਅਤੇ ਅਖ਼ਬਾਰਾਂ ਵਿਚ ਜੜਵਾ ਦਿੱਤੀ। ਇਸ ਵਿਦਵਾਨ ਨੂੰ ਸ਼ਾਇਦ ਪੰਜਾਬੀ ਵੀ ਪੂਰੀ ਸਮਝ ਨਹੀਂ ਪੈਂਦੀ। ਅਸੀਂ ਉਨ੍ਹਾਂ ਪਾਸ ਥੀਸਿਸ ਨਾ ਹੋਣ ਦੀ ਗੱਲ ਕਿਤੇ ਨਹੀਂ ਕਹੀ, ਨਾ ਹੀ ਅਸੀਂ ਇਹ ਪੁੱਛਿਆ ਕਿ ਤੁਹਾਡਾ ਗਾਈਡ ਕੌਣ ਸੀ? ਅਸੀਂ ਤਾਂ ਖਦਸਾ ਜ਼ਾਹਿਰ ਕੀਤਾ ਸੀ ਕਿ ਉਨ੍ਹਾਂ ਦੀ ਡਿਗਰੀ ਕਿਤੇ ਹਰਬੰਸ ਲਾਲ ਵਾਲੀ ਯੂਨੀਵਰਸਿਟੀ ਦੀ ਤਾਂ ਨਹੀਂ? ਇੰਨੀ ਤਲਖੀ ਵਿਚ ਆਉਣ ਦੀ ਕੀ ਜ਼ਰੂਰਤ ਸੀ ਭਲਾ? ਉਨ੍ਹਾਂ ਦੇ “ਉੱਚ ਕੋਟੀ ਦਾ ਵਿਦਵਾਨ” ਹੋਣ ਦਾ ਝਲਕਾਰਾ ਤਾਂ ਖੁਦ ਉਨ੍ਹਾਂ ਦੇ ਪੰਜਾਬੀ ਸਮਝਣ ਤੋਂ ਹੀ ਪੈ ਜਾਂਦਾ ਹੈ। ਹੋ ਸਕਦੈ ਕਿ ਥੀਸਿਸ ਦੀ ਫੋਟੋ ਦਿਖਾ ਕੇ ਉਨ੍ਹਾਂ ਡਾਕਟਰ ਹੋਣ ਦੀ ਆਪਣੀ ਹਉਮੈ ਨੂੰ ਪੱਠੇ ਪਾਉਣੇ ਚਾਹੇ ਹੋਣ! ਜਦੋਂ ਕੋਈ ਇਸ ਤਰ੍ਹਾਂ ਦੀ ਪੀ.ਐਚਡੀ. ਕਰਦਾ ਹੈ ਤਾਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਤੁਸੀਂ ਆਪਣੇ ਨਾਂ ਦੇ ਅੱਗੇ ਡਾਕਟਰ ਨਹੀਂ ਲਿਖ ਸਕਦੇ (ਪਿੱਛੇ ਬਰੈਕਟ ਵਿਚ ਲਿਖਿਆ ਜਾ ਸਕਦਾ ਹੈ, ਪੀ.ਐਚਡੀ ਦੀ ਡਿਗਰੀ ਲਿਖੀ ਜਾ ਸਕਦੀ ਹੈ), ਤਾਂ ਕਿ ਜਨ ਸਾਧਾਰਨ ਨੂੰ ਤੁਹਾਡੇ ਮੈਡੀਕਲ ਡਾਕਟਰ ਹੋਣ ਦਾ ਭੁਲੇਖਾ ਨਾ ਪਵੇ! ਸਾਡਾ ਵੀ ਸਿਰਫ਼ ਇੰਨਾ ਕੁ ਹੀ ਮਕਸਦ ਸੀ, ਕਿਉਂਕਿ ਪਹਿਲਾਂ ਝੂਠੀ-ਮੂਠੀ ਦੇ ਕਈ ਡਾਕਟਰ ਸਿੱਖ ਕੌਮ ਨੂੰ ਗੁੰਮਰਾਹ ਕਰ ਰਹੇ ਹਨ। ਉਂਜ, ਸਭ ਦੀ ਜਾਣਕਾਰੀ ਲਈ ਦੱਸ ਦੇਈਏ ਕਿ (ਡਾ.) ਨਾਹਲ ਵੱਲੋਂ ਲਿਖੀ ਕਿਤਾਬ ਦੀ ਤਫ਼ਤੀਸ਼ ਚੱਲ ਰਹੀ ਹੈ ਜਿਸ ਬਾਰੇ ਵਿਦਵਾਨਾਂ ਦਾ ਮਤ ਹੈ ਕਿ ਉਨ੍ਹਾਂ ਕੁਝ ਵਿਦਵਾਨਾਂ ਦੇ ਪਰਚਿਆਂ ਅਤੇ ਉਨ੍ਹਾਂ ਦੀ ਖੋਜ ਨੂੰ ਆਪਣੀ ਕਿਤਾਬ ਦਾ ਸ਼ਿੰਗਾਰ ਬਣਾ ਲਿਆ ਹੈ।

## ਮਾਮਲਾ ਗੁਰਦੁਆਰਾ ਸੈਨ ਹੋਜ਼ੇ ਦਾ

ਆਪਣੇ ਆਪ ਨੂੰ ਉੱਚ ਕੋਟੀ ਦਾ ਵਿਦਵਾਨ ਜੀ ਸਦਕੇ ਕਹਾਇਆ ਜਾਵੇ ਪਰ ਵਿਦਵਾਨਾਂ ਵਾਲੀ ਜ਼ਿੰਮੇਵਾਰੀ ਵੀ ਨਾ ਭੁਲਾਈ ਜਾਵੇ। ਕੀ ਸ. ਨਾਹਲ ਦੀ ਡਿਗਰੀ ਜਾਂ ਵਿਦਵਤਾ ਨੇ ਉਨ੍ਹਾਂ ਨੂੰ ਇਹੀ ਸਿਖਾਇਆ ਹੈ ਕਿ ਉਹ ਦੂਜਿਆਂ ਲਈ ਘਟੀਆ ਅਤੇ ਮੰਦੇ ਸ਼ਬਦ ਵਰਤਣੇ ਸ਼ੁਰੂ ਕਰ ਦੇਣ? ਉਂਜ ਨਾਹਲ ਸਾਹਿਬ ਇਹ ਵੀ ਖਿਆਲ ਕਰਿਓ ਕਿ ਅੱਜ ਕੱਲ੍ਹ ਪੀ.ਐਚਡੀ ਦੀ ਡਿਗਰੀ 1950ਵਿਆਂ ਦੀ ਐਮ ਏ ਡਿਗਰੀ ਵਾਂਗ ਕੋਈ ਦੁਰਲਭ ਵਸਤੂ ਨਹੀਂ। ਹਰ ਜਣਾ ਖਣਾ ਪੀ.ਐਚਡੀ ਦੀ ਡਿਗਰੀ ਚੁੱਕੀ ਫਿਰਦਾ ਹੈ।

ਗੁਰਬਾਣੀ ਦਾ ਫੁਰਮਾਨ ਹੈ ਕਿ ‘ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ॥’ ਅਖਬਾਰਾਂ ਵਿਚ ਛਪੀ ਖਬਰ ਤੇ ਦੂਜੇ ਮਜਮੂਨ ਨੂੰ ਪੜ੍ਹ ਕੇ ਜਾਪਦਾ ਹੈ ਕਿ ਨਾਹਲ ਸਾਹਿਬ ਨੂੰ ਪੜ੍ਹਾਈ ਨੇ ਚੰਗਾ ਸਿੱਖ ਬਣਾਉਣ ਦੀ ਬਜਾਏ ਹੰਕਾਰੀ ਬਣਾ ਦਿੱਤਾ ਹੈ। ਇਹ ਉਨ੍ਹਾਂ ਦਾ ਹੰਕਾਰ ਹੀ ਤਾਂ ਬੋਲਦਾ ਹੈ, ਜਦੋ ਉਹ ਆਪਣੇ ਥੀਸਿਸ ਬਾਰੇ ਕਹਿੰਦੇ ਹਨ ਕਿ ਗੁਰਦੁਆਰਾ ਕਮੇਟੀ ਦਾ ਕੋਈ ਵੀ ਮੈਂਬਰ ਜੋ ਘੱਟੋ-ਘੱਟ ਐਮ.ਏ. ਇੰਗਲਿਸ਼ ਜਾਂ ਪੀ.ਐਚਡੀ. ਹੋਵੇ, ਉਹ ਮੇਰੇ ਘਰ ਆ ਕੇ ਥੀਸਿਸ ਪੜ੍ਹ ਸਕਦਾ ਹੈ; ਥੀਸਿਸ ਅੰਗਰੇਜ਼ੀ ਵਿਚ ਹੈ, ਕਾਫ਼ੀ ਪੜ੍ਹਿਆ-ਲਿਖਿਆ ਸ਼ਖ਼ਸ ਹੀ ਇਸ ਨੂੰ ਸਮਝ ਸਕਦਾ ਹੈ। ਫਿਰ ਤਾਂ ਨਾਹਲ ਸਾਹਿਬ ਦਾ ਥੀਸਿਸ ਉਨ੍ਹਾਂ ਨੂੰ ਡਾਕਟਰ ਕਹਾਉਣ ਲਈ ਹੀ ਕਾਫ਼ੀ ਹੈ, ਕੌਮ ਦੇ ਕਿਸੇ ਕੰਮ ਨਹੀਂ, ਕਿਉਂਕਿ ਸਾਰੀ ਦੀ ਸਾਰੀ ਸਿੱਖ ਕੌਮ ਤਾਂ ਇੰਨੀ ਪੜ੍ਹੀ ਹੋਈ ਨਹੀਂ ਹੈ!

ਅਦਾਲਤ ਵਿਚ ਪਾਈ ਨਾਹਲ ਸਾਹਿਬ ਦੀ ਪਟੀਸ਼ਨ ਸਾਫ਼ ਜ਼ਾਹਿਰ ਕਰਦੀ ਹੈ ਕਿ ਉਨ੍ਹਾਂ (ਸੁਧਾਰ ਕਮੇਟੀ) ਨੇ ਰਿਸੀਵਰ ਦੀ ਮੰਗ ਕੀਤੀ ਹੈ। ਉਨ੍ਹਾਂ ਸਮੁੱਚੀ ਕਮੇਟੀ ਦਾ ਇਹ ਕਹਿ ਕੇ ਮਜ਼ਾਕ ਉਡਾਇਆ ਹੈ ਕਿ ਇਨ੍ਹਾਂ ਨੂੰ ਅੰਗਰੇਜ਼ੀ ਸਮਝ ਨਹੀਂ ਆਉਂਦੀ ਜਦ ਕਿ ਉਹ ਜਾਣਦੇ ਹਨ ਕਿ ਮੌਜੂਦਾ ਪ੍ਰਬੰਧਕ ਕਮੇਟੀ ਵਿਚ 7 ਇੰਜੀਨੀਅਰ, 2 ਪੀ.ਐਚਡੀ., 4 ਐਮ.ਏ., 5 ਬੀ.ਏ. ਪੜ੍ਹੇ ਵਿਅਕਤੀ ਹਨ; ਪਰ ਨਾ ਜਾਣੇ ਕਿਉਂ, ਸੰਸਾਰੀ ਵਿਦਵਤਾ ਦਾ ਹੰਕਾਰ ਨਾਹਲ ਸਾਹਿਬ ਦੇ ਸਿਰ ਚੜ੍ਹ ਕੇ ਬੋਲਦਾ ਹੈ। ਨਾਹਲ ਸਾਹਿਬ, ਜ਼ਮੀਨ ‘ਤੇ ਉਤਰ ਆਓ!! ਇਸ ਤਰ੍ਹਾਂ ਸੋਚਣ ਵਾਲੇ ਨੂੰ ਗੁਰਬਾਣੀ ਨੇ ਐਸੀ ਮਤ ਦਿੱਤੀ ਹੈ, “ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਹੰਕਾਰਾ।”

ਨਾਹਲ ਸਾਹਿਬ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਵੀ ਪੜ੍ਹਾਈ ਤੱਪੜ ਮਾਰਕਾ ਸਕੂਲਾਂ ‘ਚੋਂ ਹੀ ਕੀਤੀ ਹੈ। ਜੇ 27-28 ਸਾਲ ਅਮਰੀਕਾ ਵਿਚ ਰਹਿ ਕੇ ਚਾਰ ਅੱਖਰ ਅੰਗਰੇਜ਼ੀ ਦੇ ਸਿੱਖ ਲਏ ਹਨ, ਤਾਂ ਕੋਈ ਪਹਾੜ ਤਾਂ ਨਹੀਂ ਢਾਹ ‘ਤਾ। ਇੰਨੇ ਸਮੇਂ ਵਿਚ ਕੋਰੇ ਅਨਪੜ੍ਹ ਵੀ ਅੰਗਰੇਜ਼ੀ ਬੋਲਣ ਲੱਗ ਪੈਂਦੇ ਹਨ। ਨਾਹਲ ਹੋਰੀਂ ਆਪਣੀ ਅੰਗਰੇਜ਼ੀ ਦਾ ਗੁਮਾਨ ਤਾਂ ਇੱਦਾਂ ਕਰਦੇ ਹਨ ਜਿਵੇਂ ਉਨ੍ਹਾਂ ਦਾ ਜਨਮ ਹੀ ਆਕਸਫੋਰਡ ਯੂਨੀਵਰਸਿਟੀ ਵਿਚ ਹੋਇਆ ਹੋਵੇ?

ਸੁਧਾਰ ਕਮੇਟੀ ਦੇ ਨਾਮ ਥੱਲੇ ਛਪਵਾਏ ਇਸ਼ਤਿਹਾਰ ਵਿਚ ਕਿਹਾ ਗਿਆ ਹੈ ਕਿ ਕਮੇਟੀ ਨੇ ਵਾਅਦਾ ਕੀਤਾ ਸੀ ਕਿ ਮਾਰਚ 2010 ਵਿਚ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ। ਨਾਹਲ ਸਾਹਿਬ, ਕੁਫ਼ਰ ਤੋਲਣ ਵਿਚ ਤੁਹਾਡਾ ਕੋਈ ਸਾਨੀ ਨਹੀਂ। ਸੰਗਤ ਜਾਣਦੀ ਹੈ ਕਿ ਜਦ ਗੁਰੂਘਰ ਦਾ ਨਿਰਮਾਣ ਕਾਰਜ ਤੁਹਾਡੇ ਮਿੱਤਰਾਂ ਵੱਲੋਂ ਖੜ੍ਹੀਆਂ ਕੀਤੀਆਂ ਮੁਸ਼ਕਲਾਂ ਕਾਰਨ ਲੇਟ ਹੋ ਗਿਆ ਸੀ, ਉਸੇ ਰਜਿਸਟਰ ਵਿਚੋਂ ਪੇਸ਼ ਇਕ ਹੋਰ ਮਤਾ ਪੜ੍ਹੋ ਜਿਸ ਵਿਚ ਸਾਫ਼ ਲਿਖਿਆ ਹੋਇਆ ਹੈ ਕਿ ਗੁਰੂਘਰ ਦੀ ਮੁਕੰਮਲ ਉਸਾਰੀ ਤੱਕ ਚੋਣਾਂ ਨਹੀਂ ਹੋਣਗੀਆਂ। ਨਾਹਲ ਸਾਹਿਬ, ਇਸ ਮਤੇ ਦੀ ਕਾਪੀ ਵੀ ਤੁਹਾਡੇ ਪਾਸ ਹੈ ਪਰ ਤੁਹਾਡੀ ਬੇਈਮਾਨੀ ਇਸ ਮਤੇ ਨੂੰ ਸੰਗਤ ਗੋਚਰੇ ਕਰਨ ਤੋਂ ਤੁਹਾਨੂੰ ਰੋਕਦੀ ਹੈ!

**ਸਿਰ ਕੱਢਵੀਂ ਸੇਵਾ:** ਵਾਰ ਵਾਰ ਜ਼ਿਕਰ ਕੀਤਾ ਗਿਆ ਹੈ ਕਿ ਅਸੀਂ ਤੁਹਾਨੂੰ 10 ਅਪਰੈਲ ਨੂੰ ‘ਸਿਰਕੱਢਵੀਂ ਸੇਵਾ’ ਦੇ ਪੁਰਸਕਾਰ ਨਾਲ ਨਿਵਾਜਿਆ ਹੈ। ਹਾਂ, ਤੁਸੀਂ ਪ੍ਰਬੰਧਕ ਕਮੇਟੀ ਲਈ ਸੋਵੀਨਾਰ ਦਾ ਸੰਪਾਦਨ ਕੀਤਾ ਸੀ ਜਿਸ ਵਿਚ ਗੁਰੂਘਰ ਦਾ ਇਤਿਹਾਸ ਅਤੇ ਕੁਝ ਵਧਾਈ ਸੰਦੇਸ਼ ਸਨ। ਜੇ ਤੁਹਾਨੂੰ ਸਾਡੇ ਨਾਲ ਇੰਨਾ ਹੀ ਵੈਰ ਸੀ ਤਾਂ ਤੁਸੀਂ ਇਹ ਸੇਵਾਵਾਂ ਕਿਉਂ ਦਿੱਤੀਆਂ? ਜਿਨ੍ਹਾਂ ਨੂੰ ਤੁਸੀਂ ਜੱਫਾਮਾਰੂ ਪ੍ਰਬੰਧਕ ਕਮੇਟੀ ਸੱਦਦੇ ਹੋ, ਉਨ੍ਹਾਂ ਕੋਲੋਂ ਪੁਰਸਕਾਰ ਲੈਂਦਿਆਂ ਨੂੰ ਤੁਹਾਨੂੰ ਸੰਗ ਕਿਉਂ ਨਾ ਆਈ? ਜਿਨ੍ਹਾਂ ਨੂੰ ਅੱਜ ਤੁਸੀਂ ਰਿਸੀਵਰ ਕਮੇਟੀ ਕਹਿ ਰਹੇ ਹੋ, ਉਸੇ ਕਮੇਟੀ ਤੋਂ ਪੁਰਸਕਾਰ ਕਾਹਤੋਂ ਲੈ ਲਿਆ ਫਿਰ? ਕੀ ਉਸ ਵਕਤ ਕਮੇਟੀ ਦੁੱਧ ਧੋਤੀ ਸੀ? ਅਸੀਂ ਹਰ ਉਸ ਮਾਈ ਭਾਈ ਦਾ ਸਤਿਕਾਰ ਕੀਤੈ ਜਿਸ ਨੇ ਵੀ ਗੁਰੂਘਰ ਦੇ ਨਿਰਮਾਣ ਵਿਚ ਸਹਿਯੋਗ ਦਿੱਤਾ। ਤੁਹਾਡੇ ਨਾਲ ਹੋਰ ਕਿੰਨਿਆਂ ਨੂੰ ਸਨਮਾਨ ਮਿਲੇ, ਹਰ ਇਕ ਨੇ ਨਿਮਰਤਾ ਨਾਲ ਪ੍ਰਾਪਤ ਕਰਕੇ ਧੰਨ ਭਾਗ ਸਮਝੇ ਪਰ ਕਿਸੇ ਨੇ ਵੀ ਇੰਨਾ ਹੌਲਾਪਣ ਨਹੀਂ ਦਿਖਾਇਆ ਅਤੇ ਨਾ ਹੀ ਕਿਸੇ ਨੇ ਆਪਣੀ ਸੇਵਾ ਸਿਰਕੱਢਵੀਂ ਹੋਣ ਦਾ ਦਾਅਵਾ ਕੀਤਾ। ਸਾਡੀ ਸਮਝ ਵਿਚ ਤਾਂ ਸੇਵਾ ਸਿਰਫ ਸੇਵਾ ਹੈ, ਸਿਰਕੱਢਵੀਂ ਜਾਂ ਸਿਰਨੀਂਵੀਂ ਨਹੀਂ। ਸ਼ਾਇਦ ਇਹੀ ਤੁਹਾਡੀ ਉਚ ਕੋਟੀ ਦੀ ਵਿਦਵਤਾ ਹੈ!

**ਵੋਟਰ ਲਿਸਟ:** ਨਾਹਲ ਸਾਹਿਬ, ਸਾਡਾ ਵਿਧਾਨ ਇਹ ਇਜਾਜ਼ਤ ਨਹੀਂ ਦਿੰਦਾ ਕਿ ਅਸੀਂ ਮੈਂਬਰਾਂ ਦੀ ਪ੍ਰਾਈਵੇਸੀ ਲੀਕ ਕਰੀਏ। ਸੰਗਤ ਦੇ ਕਾਫ਼ੀ ਮੈਂਬਰ ਪ੍ਰਾਈਵੇਸੀ ਲੀਕ ਹੋਣ ਦੇ ਖ਼ਿਲਾਫ਼ ਹਨ। ਅਸੀਂ ਇਸ ਨੂੰ ਅਤੇ ਵਿਧਾਨ ਨੂੰ ਆਧਾਰ ਬਣਾ ਕੇ ਅਜਿਹਾ ਸਟੈਂਡ ਲਿਆ ਹੈ ਪਰ ਇਹ ਵੀ ਤਜਵੀਜ਼ ਰੱਖੀ ਹੈ ਕਿ ਅਗਰ ਸੰਗਤ ਦੇ ਮੈਂਬਰ ਲਿਖਤ ਵਿਚ ਇਹ ਦਿੰਦੇ ਹਨ ਕਿ ਜੇ ਉਨ੍ਹਾਂ ਸਬੰਧੀ ਜਾਣਕਾਰੀ ਲੀਕ ਕਰ ਦਿੱਤੀ ਜਾਵੇ, ਤਾਂ ਉਨ੍ਹਾਂ ਕੋਈ ਇਤਰਾਜ਼ ਨਹੀਂ। ਉਸ ਸੂਰਤ ਵਿਚ ਸਾਨੂੰ ਵੀ ਕੋਈ ਇਤਰਾਜ਼ ਨਹੀਂ ਹੋਵੇਗਾ, ਪਰ ਤੁਸੀਂ ਤਾਂ ਵਾਰ ਵਾਰ ਝੂਠ ਬੋਲਣ ਨੂੰ ਆਪਣਾ ਈਮਾਨ ਹੀ ਬਣਾ ਲਿਆ ਹੈ!

**ਨਿਰਪੱਖ ਚੋਣਾਂ:** ਅਸੀਂ ਨਿਰਪੱਖ ਚੋਣਾਂ ਲਈ ਵਚਨਬੱਧ ਹਾਂ। ਸਾਂਝੀ ਕਮੇਟੀ ਉਥੇ ਕੰਮ ਕਰਦੀ ਹੁੰਦੀ ਹੈ ਜਿਥੇ ਸਭ ਧਿਰਾਂ ਸਿਆਣਪ ਨਾਲ ਚੱਲਣ। ਤੁਸੀਂ (ਸੁਧਾਰ ਕਮੇਟੀ) ਹਰ ਗੱਲ ‘ਤੇ ਢੁੱਚਰ ਡਾਹੁੰਦੇ ਹੋ। ਅਸੀਂ ਚਾਹੁੰਦੇ ਹਾਂ ਚੋਣਾਂ ਜਲਦੀ ਹੋਣ, ਤੁਸੀਂ ਕਹਿੰਦੇ ਹੋ ਕਿ ਦਸੰਬਰ ਦਾ ਮਹੀਨਾ ਚੰਗਾ ਰਹੇਗਾ। ਅਸੀਂ ਕਹਿੰਦੇ ਹਾਂ ਚੋਣਾਂ ਲੜਨ ਵਾਲਾ ਹਰ ਵਿਅਕਤੀ ਗੁਰੂਘਰ ਨੂੰ ਹਜ਼ਾਰ ਹਜ਼ਾਰ ਡਾਲਰ ਦੇਵੇ ਪਰ ਤੁਸੀਂ ਕਹਿੰਨੇ ਓ ‘ਨਾ ਜੀ ਨਾ’। ਅਸੀਂ ਕਹਿੰਨੇ ਹਾਂ ਕਿ ਕਿਸੇ ਚੋਣ ਕੰਪਨੀ ਤੋਂ ਚੋਣਾਂ ਕਰਵਾ ਲਈਏ। ਤੁਹਾਨੂੰ ਕੰਪਨੀ ਪਸੰਦ ਨਹੀਂ, ਇਸ ਵਿਚ ਤੁਹਾਡੇ ਖ਼ਿਲਾਫ਼ ਝੂਠਾ ਪ੍ਰਚਾਰ ਕੀ ਹੈ?

ਅਸੀਂ ਤਿੰਨ ਜੁਲਾਈ ਦੀਆਂ ਚੋਣਾਂ ਬਾਰੇ ਸੰਗਤ ਨੂੰ ਦੱਸਣਾ ਜ਼ਰੂਰੀ ਸਮਝਾਂਗੇ ਜਿਸ ਬਾਰੇ “ਉਚ ਕੋਟੀ ਦੇ ਵਿਦਵਾਨ ਸਾਹਿਬ” ਫਰਮਾਉਂਦੇ ਹਨ ‘ਚੋਣਾਂ ਨਿਰਪੱਖ ਨਹੀਂ ਹੋਈਆਂ।’ ਜਦ ਚੋਣ ਅਮਲ ਸ਼ੁਰੂ ਹੋਇਆ ਤਾਂ ਨਾਹਲ ਸਾਹਿਬ, ਤੁਹਾਡੇ ਵੱਲੋਂ ਜੰਗ ਸਿੰਘ ਬਦੇਸ਼ਾ ਆਬਜ਼ਰਵਰ ਸੀ। ਜਦ ਭਾਈ ਭੁਪਿੰਦਰ (ਬਾਬ) ਸਿੰਘ ਢਿੱਲੋਂ ਚੋਣ ਅਮਲੇ ਨਾਲ ਉਸ ਨੂੰ ਮਿਲਾ ਕੇ ਆ ਗਏ, ਤਾਂ ਕੀ ਕਾਰਨ ਸੀ ਕਿ ਬਦੇਸ਼ਾ ਸਾਹਿਬ 15 ਮਿੰਟਾਂ ਬਾਅਦ ਹੀ ਬਾਹਰ ਘੁੰਮ ਰਹੇ ਸਨ? ਕੀ ਇਹ ਕਿਤੇ ਬਦੇਸ਼ਾ ਸਾਹਿਬ ਤਾਂ ਨਹੀਂ ਸਨ ਜਿਹੜੇ ਵੋਟਾਂ ਦਾ ਡੱਬਾ ਖਿਸਕਾ ਲਿਆਏ? ਇਹ ਚੋਰੀ ਚੋਣ ਅਮਲੇ ਦੀ ਨਿਗ੍ਹਾ ਵਿਚ ਆ ਗਈ ਸੀ! ਉਨ੍ਹਾਂ ਵੋਟਾਂ ’ਤੇ ਸਟੈਂਪ ਲਾਉਣੀ ਸ਼ੁਰੂ ਕਰ ਦਿੱਤੀ, ਅਗਰ ਕੋਈ ਵਿਅਕਤੀ ਚੋਰੀ ਹੋਈਆਂ ਵੋਟਾਂ ਡੱਬਿਆਂ ਵਿਚ ਸੁੱਟਣੀਆਂ ਚਾਹੇ, ਉਨ੍ਹਾਂ ਵੋਟਾਂ ਦੀ ਸ਼ਨਾਖ਼ਤ ਹੋ ਜਾਣੀ ਸੀ, ਕਿਉਂਕਿ ਉਨ੍ਹਾਂ ’ਤੇ ਸਟੈਂਪਾਂ ਨਹੀਂ ਸਨ ਹੋਣੀਆਂ। ਹਰ ਆਦਮੀ ਦੇ ਅੰਦਰ ਵੜਨ ਅਤੇ ਬਾਹਰ ਨਿਕਲਣ ’ਤੇ ਸਟੈਂਪ ਲਗਦੀ ਸੀ। ਨਾਹਲ ਸਾਹਿਬ, ਹਾਰਨ ਤੋਂ ਬਾਅਦ ਆਪਣੀ ਹਾਰ ਨੂੰ ਛੁਪਾਉਣ ਲਈ ਇਸ ਨੂੰ ‘ਚੋਣਾਂ ਵਿਚ ਧਾਂਦਲੀ’ ਨਾ ਆਖੋ। ਸ਼ਾਇਦ ਉਚ ਕੋਟੀ ਦੇ ਵਿਦਵਾਨਾਂ ਦਾ ਇਹੀ ਕੰਮ ਰਹਿ ਗਿਆ ਹੈ? ਧੰਨ ਹੋ ਤੁਸੀਂ ਵਿਦਵਾਨ ਸਾਹਿਬ!!!

**ਹਾਸੋਹੀਣੀਆਂ ਗੱਲਾਂ:** ਨਾਹਲ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਕਹਿੰਦੇ ਹਨ ਕਿ ਚੋਣਾਂ ਉਤੇ ਆਉਣ ਵਾਲੇ ਖਰਚੇ ਵਿਚ ਉਹ ਆਪਣਾ ਹਿੱਸਾ ਵੀ ਦੇਣ ਨੂੰ ਤਿਆਰ ਹਨ। ਸੱਚ ਕਿਹਾ ਸੀ ਸ਼ਾਹ ਮਹੰਮਦ ਨੇ, ‘ਸ਼ਾਹ ਮਹੰਮਦਾ ਇਕ ਤਾਂ ਗੱਪ ਮਾਰਨ, ਇਕ ਮਾਰਦੇ ਗੱਪ ਦੀ ਗੱਪ ਮੀਆਂ।’ ਜੇ ਤੁਸੀਂ ਇੰਨੇ ਜੋਗੇ ਸਉ ਤਾਂ ਸਾਡੀ ਇਸ ਤਜਵੀਜ਼ ਕਿ ਚੋਣਾਂ ਲੜਨ ਵਾਲਾ ਹਰ ਉਮੀਦਵਾਰ ਗੁਰੂਘਰ ਨੂੰ ਹਜ਼ਾਰ ਹਜ਼ਾਰ ਡਾਲਰ ਦੇਵੇ, ਤੋਂ ਭਲਾ ਕਿਉਂ ਭੱਜੇ? ਉਚ ਕੋਟੀ ਦੇ ਇਹ ਵਿਦਵਾਨ ਸਾਹਿਬ ਗੱਲਾਂ ਨਾਲ ਕੜਾਹ ਕਰੀ ਜਾ ਰਹੇ ਹਨ।

**ਗੁਰੂਘਰ ਨੂੰ ਅਦਾਲਤ ਵਿਚ ਕੌਣ ਲੈ ਕੇ ਗਿਆ:** ਸਭ ਸੰਗਤ ਜਾਣਦੀ ਹੈ ਕਿ ਮੌਜੂਦਾ ਗੁਰੂਘਰ ਦੇ ਨਿਰਮਾਣ ਵਿਚ ਕਿਸ ਦਾ ਕੀ ਯੋਗਦਾਨ ਹੈ? 25-26 ਸਾਲ ਦਾ ਸਮਾਂ ਕੋਈ ਥੋੜ੍ਹਾ ਸਮਾਂ ਨਹੀਂ ਹੁੰਦਾ। ਸੰਗਤ ਦੀ ਕ੍ਰਿਪਾ ਨਾਲ ਸੰਗਤਾਂ ਅਤੇ ਪ੍ਰਬੰਧਕਾਂ ਦਾ ਇਤਫ਼ਾਕ ਸੀ ਕਿ ਅਸੀਂ ਸਭ ਕੌਮ ਨੂੰ ਅਤਿ ਸੁੰਦਰ ਗੁਰੂਘਰ ਬਣਾ ਕੇ ਦੇਣ ਵਿਚ ਕਾਮਯਾਬ ਹੋਏ ਹਾਂ। ਜੇ ਫਿਰ ਵੀ ਸਾਨੂੰ ਤੁਸੀਂ ‘ਰਸੀਵਰ ਕਮੇਟੀ’ ਕਹਿੰਦੇ ਹੋ, ਤਾਂ ਇਹ ਬੇਈਮਾਨੀ ਦੀ ਸਿਖ਼ਰ ਹੈ। ਨਾਹਲ ਸਾਹਿਬ, ਸੰਗਤ ਨੂੰ ਦੱਸੋ ਕਿ ਤੁਸੀਂ ਪਿਛਲੇ ਇਕ ਦਹਾਕੇ ਵਿਚ ਕਿੰਨਾ ਚਿਰ ਸੰਗਤ ਨੂੰ ਦਰਸ਼ਨ ਹੀ ਨਹੀਂ ਦਿੱਤੇ। ਸੱਚ-ਮੁੱਚ ਸਾਨੂੰ ਨਹੀਂ ਸੀ ਪਤਾ ਕਿ ਜਿਸ ਦਿਨ ਗੁਰੂਘਰ ਬਣ ਗਿਆ, ਗੂੜ੍ਹੀ ਨੀਂਦ ਸੁੱਤੇ ਸੁਧਾਰਵਾਦੀ ਜਾਗ ਪੈਣਗੇ ਤੇ ਉਨ੍ਹਾਂ ਨੂੰ ਪ੍ਰਬੰਧ ਵਿਚ ਸੁਧਾਰਾਂ ਦੀ ਚਿੰਤਾ ਸਤਾਉਣ ਲੱਗ ਪਵੇਗੀ। ਸਾਨੂੰ ਕਿਸੇ ਨੇ ਕਿਹਾ ਸੀ ਕਿ ਇਕ ਸੁਧਾਰਵਾਦੀ ਨੇਤਾ ਅਕਸਰ ਇਹ ਕਹਿੰਦੈ, ‘ਬਣਾ ਲੈਣ ਦਿਓ, ਫ਼ਿਰ ਆਪਾਂ ਕਬਜ਼ਾ ਕਰ ਲੈਣਾ।’

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਦੀ ਫੇਰੀ ਦੌਰਾਨ ਉਹੀ ਨੇਤਾ ਸ. ਮੱਕੜ ਖਿਲਾਫ਼ ਬੋਲਣ ਲੱਗ ਪਿਆ। ਫਿਰ ਅਲੱਗ-ਥਲੱਗ ਹੋ ਕੇ ਰਹਿ ਗਿਆ। ਜਦ ਕਿਸੇ ਨੇ ਪੁੱਛਿਆ ਕਿ ਜਦ ਤੇਰੇ ਨਾਲ ਕੋਈ ਵੀ ਨਹੀਂ, ਫ਼ਿਰ ਕਿਉਂ ਪੰਗਾ ਲੈਣਾ?, ਤਾਂ ਉਸ ਦਾ ਜਵਾਬ ਸੀ, “ਤੈਨੂੰ ਨਹੀਂ ਪਤਾ, ਰੌਲਾ ਪਾਇਆਂ ਬੰਦਾ ਲੀਡਰ ਬਣ ਜਾਂਦੈ।” ਇਸ ਘਟੀਆ ਅਤੇ ਕਮੀਨੀ ਸੋਚ ਦੇ ਮਾਲਕਾਂ ਤੋਂ ਗੁਰੂਘਰ ਦੀ ਖੈਰ ਕਿਵੇਂ ਸੰਭਵ ਹੋਵੇਗੀ? ਅਦਾਲਤੀ ਖਰਚਿਆਂ ਦਾ ਰਾਹ ਕਿਸ ਨੇ ਖੋਲ੍ਹਿਆ? ਨਾਹਲ ਸਾਹਿਬ, ਸਾਡੇ ਕੋਲੋਂ ਕੇਸਾਂ ਦੀ ਗਿਣਤੀ ਕਿਉਂ ਪੁਛਦੇ ਹੋ? ਤੁਹਾਨੂੰ ਸਾਡੇ ਨਾਲੋਂ ਜ਼ਿਆਦਾ ਪਤਾ ਹੈ। ਗੁਰੂਘਰ ’ਤੇ ਕੁਝ ਕੇਸ ਤੁਹਾਡੇ ਸੱਜਰੇ ਬਣੇ ਮਿੱਤਰ ਜਸਵੰਤ ਸਿੰਘ ਹੋਠੀ ਤੇ ਬਲਬੀਰ ਸਿੰਘ ਢਿੱਲੋਂ ਹੋਰਾਂ ਕੀਤੇ ਸਨ ਅਤੇ ਕੁਝ ਕ੍ਰਿਪਾ ਹੁਣ ਤੁਸੀਂ ਕਰ ਦਿੱਤੀ ਹੈ। ਸਿਰਫ਼ ਇਕ ਕੇਸ ਸਾਨੂੰ ਤੁਹਾਡੇ ਪਰਮ ਮਿੱਤਰਾਂ ‘ਅੰਮ੍ਰਿਤਸਰ ਟਾਈਮਜ਼’ ਵਾਲਿਆਂ ’ਤੇ ਕਰਨਾ ਪਿਆ ਜਿਨ੍ਹਾਂ ਆਪਣੀਆਂ ਲਿਖ਼ਤਾਂ ਰਾਹੀਂ ਕਮੇਟੀ ਅਤੇ ਗੁਰੂਘਰ ਨੂੰ ਬੇਵਜ੍ਹਾ ਨੁਕਸਾਨ ਪਹੁੰਚਾਉਣ ਦਾ ਯਤਨ ਕੀਤਾ। ਨਾਹਲ ਸਾਹਿਬ, ਤੁਸੀਂ ਲੋਕ ਹੀ ਤਾਂ ਹੋ, ਜਿਹੜੇ ਗੁਰੂਘਰ ’ਤੇ ਇਕ ਤੋਂ ਬਾਅਦ ਇਕ ਕੇਸ ਕਰੀ ਜਾ ਰਹੇ ਹੋ। ਜਸਵੰਤ ਸਿੰਘ ਹੋਠੀ ਤੇ ਬਲਵੀਰ ਸਿੰਘ ਢਿੱਲੋਂ ਦਾ ਕੇਸ ਨਿਬੜ ਗਿਆ ਹੈ। ਇਸ ਕੇਸ ਵਿਚ ਗੁਰੂਘਰ ਨੂੰ ਇਕ ਲੱਖ ਡਾਲਰ ਮਿਲ ਰਿਹਾ ਹੈ। ਇਕ ਕੰਟਰੈਕਟਰ ਬੇਵਜ੍ਹਾ 4 ਲੱਖ ਡਾਲਰ ਮੰਗ ਰਿਹਾ ਸੀ, ਹੁਣ 60 ਹਜ਼ਾਰ ’ਤੇ ਫੈਸਲਾ ਕਰਨ ਨੂੰ ਤਿਆਰ ਹੈ। ਅਸੀਂ ਗੁਰੂਘਰ ਦੇ ਹਿੱਤਾਂ ਲਈ ਲੜੇ ਹਾਂ। ਤੁਹਾਡੇ ਵਾਗੂੰ ਸਿਰਫ਼ ਚੌਧਰ ਅਤੇ ਗੋਲਕ ਹੀ ਅੱਗੇ ਨਹੀਂ ਰੱਖੀ। ਤੁਸੀਂ ਅਤੇ ਤੁਹਾਡੇ ਸਾਥੀ ਗੁਰੂਘਰ ਖਿਲਾਫ ਕੇਸ ਵੀ ਕਰੀ ਜਾ ਰਹੇ ਹੋ, ਖਰਚੇ ਦੀ ਦੁਹਾਈ ਵੀ ਦੇਈ ਜਾ ਰਹੇ ਹੋ!! ਕਮਾਲ ਹੈ!

**ਕਮੇਟੀ ਹੜੱਪ ਕਰਨ ਦੀ ਹਵਸ:** ਵਿਦਵਾਨ ਨਾਹਲ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਦੀ ਇਕੋ ਮਨਸ਼ਾ ਹੈ ਕਿ ਕਿਹੜੀ ਘੜੀ ਹੁਣ ਕਮੇਟੀ ‘ਤੇ ਕਬਜ਼ਾ ਹੋ ਜਾਵੇ। ਸਾਧ ਸੰਗਤ ਜੀ, ਸਾਡੇ ਸਾਰਿਆਂ ਦੇ ਇਤਫ਼ਾਕ ਸਦਕਾ ਅਸੀਂ ਸਿਲੈਕਸ਼ਨ ਪ੍ਰਣਾਲੀ ਰਾਹੀਂ ਪ੍ਰਬੰਧ ਚਲਾਉਂਦੇ ਰਹੇ; ਅਸੀਂ ਤਰੱਕੀ ਦੀਆਂ ਸਿਖ਼ਰਾਂ ਛੋਹੀਆਂ। ਜੇ ਚਾਰ ਮੈਂਬਰਾਂ ਦੀ ਚੋਣ ਵੀ ਹਰ ਸਾਲ ਹੋ ਜਾਂਦੀ, ਫ਼ਿਰ ਕੀ ਨੁਕਸਾਨ ਹੋ ਜਾਣਾ ਸੀ? ਹਾਂ, ਇਕ ਨੁਕਸਾਨ ਜ਼ਰੂਰ ਹੋਣਾ ਸੀ ਕਿ “ਗੁਰੂਘਰ ਸੰਪੂਰਨ ਹੋ ਲੈਣ ਦਿਉ” ਦੀ ਆਸ ਲਾ ਕੇ ਬੈਠੇ ਸੁਧਾਰਵਾਦੀਆਂ ਨੂੰ ਸ਼ਾਇਦ ਥੋੜ੍ਹੀ ਜਿਹੀ ਇੰਤਜ਼ਾਰ ਕਰਨੀ ਪੈਂਦੀ, ਪਰ ਗੁਰੂਘਰ ਬਣਨ ਉਪਰੰਤ ਇਨ੍ਹਾਂ ਲੋਕਾਂ ਦੀ ਹਵਸ ਇੰਨੀ ਵਧ ਗਈ ਹੈ ਕਿ ਇਹ ਚੋਣਾਂ ਹਾਰਨ ਦੇ ਬਾਵਜੂਦ ਇਕ ਦਿਨ ਚਾਬੀਆਂ ਮੰਗਣ ਵੀ ਆ ਪਏ!! ਕਹਿਣ ਲੱਗੇ-ਸਾਨੂੰ ਸੰਗਤ ਨੇ ਚੁਣ ਲਿਆ ਹੈ। ਚੰਗੀ ਭਲੀ ਹੋਈ ਚੋਣ ਵਿਅਰਥ। ਗੁਰੂਘਰ ਦਾ ਪੈਸਾ ਬਰਬਾਦ। ਜੇ ਗੁਰੂਘਰ ਬਣਨ ਲਈ ਦੋ-ਚਾਰ ਸਾਲ ਦਾ ਸਮਾਂ ਹੋਰ ਲੱਗਦਾ, ਤਾਂ ਸੁਧਾਰਵਾਦੀਆਂ ਨੇ ਮਸਤੀ ਨਾਲ ਸੁੱਤੇ ਰਹਿਣਾ ਸੀ। ਫਿਰ ਨਾ ਹੋਣਾ ਸੀ ਮਰਿਆਦਾ ਦਾ ਝਗੜਾ ਅਤੇ ਨਾ ਹੀ ਹੋਣਾ ਸੀ ਅਦਾਲਤੀ ਕੇਸਾਂ ਦਾ ਲੇਖਾ-ਜੋਖਾ!!!

ਗੁਰੂ ਪਿਆਰੀ ਸਾਧ ਸੰਗਤ ਜੀ! ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪ ਅਸਲੀਅਤ ਵਿਚ ਦੇਖੋ ਕਿ ਕਿਸ ਨੇ ਗੁਰੂਘਰ ਬਣਾਉਣ ਲਈ ਕੀ ਯੋਗਦਾਨ ਦਿੱਤਾ ਤੇ ਕਿਨ੍ਹਾਂ ਨੂੰ ਖ਼ਿਆਲ ਗੁਰੂਘਰ ਬਣਨ ਉਪਰੰਤ ਆਇਆ? ਕੌਣ ਕੰਮ ਕਰ ਰਿਹਾ ਹੈ ਅਤੇ ਕੌਣ ਗੱਲਾਂ ਦਾ ਕੜਾਹ ਬਣਾ ਰਿਹਾ ਹੈ? ਤੁਸੀਂ ਸਾਨੂੰ ਜ਼ਰੂਰ ਪਰਖਿਓ, ਝੂਠੇ ਪ੍ਰਚਾਰ ਤੋਂ ਬਚਿਓ! ਆਓ, ਕੌਮ ਦੀ ਬਿਹਤਰੀ ਲਈ ਇਕੱਠੇ ਹੋਈਏ। ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਆਓ, ਰਲ ਮਿਲ ਕੇ ਇਹ ਕਾਰਜ ਕਰੀਏ ਅਤੇ ਗੁਰੂ ਦੀਆਂ ਬਖਸ਼ੀਸ਼ਾਂ ਪ੍ਰਾਪਤ ਕਰੀਏ।

**ਗੁਰੂ ਪੰਥ ਦੇ ਦਾਸ**

**ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ**

*Ad Space Sponsored By: Bob Dhillon*

# ਫਰੀਮਾਂਟ ਗੁਰੂਘਰ ਦੀ ਪਹਾੜੀ ਵਾਲੀ ਜ਼ਮੀਨ ਬਾਰੇ ਛਿੜੀ ਨਵੀਂ ਚਰਚਾ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਪੁਰਾਣੇ ਪ੍ਰਬੰਧਕਾਂ ਵਲੋਂ ਮਿਸ਼ਨ ਬੁਲੇਵਾਰਡ ਉਪਰ ਪਹਾੜੀ 'ਤੇ ਖਰੀਦੀ ਗਈ ਜ਼ਮੀਨ ਦਾ ਮਾਮਲਾ ਉਸ ਸਮੇਂ ਨਵੀਂ ਦਿਸ਼ਾ ਗ੍ਰਹਿਣ ਕਰ ਗਿਆ ਜਦੋਂ ਇਕ ਸਥਾਨਕ ਅੰਗ੍ਰੇਜ਼ੀ ਅਖਬਾਰ ਵਿਚ ਯੂਨੀਅਨ ਸਿਟੀ ਦੇ ਡਾ. ਸੁਖਵਿੰਦਰ (ਗੋਨੀ) ਸੰਧੂ ਨੂੰ ਪਹਾੜੀ ਉਪਰ 10,000 ਵਰਗ ਫੁਟ ਵਿਚ ਬੰਗਲਾ ਬਣਾਉਣ ਦੀ ਇਜ਼ਾਜਤ ਮਿਲਣ ਸਬੰਧੀ ਖਬਰ ਛਪੀ। ਜ਼ਿਕਰਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਪਿਛਲੇ ਕਰੀਬ 4 ਸਾਲ ਤੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਭਾਈ ਰਾਮ ਸਿੰਘ ਤੇ ਭਾਈ ਗੁਰਮੀਤ ਸਿੰਘ ਦੇ ਵੇਲਿਆਂ ਵਿਚ ਪਹਾੜੀ ਉਤੇ ਖਰੀਦੀ ਗਈ 100 ਏਕੜ ਜ਼ਮੀਨ ਉਪਰ ਕੁਝ ਵੀ ਨਹੀਂ ਬਣ ਸਕਦਾ ਅਤੇ ਇਹ ਜ਼ਮੀਨ ਗੁਰੂਘਰ ਦੇ ਵਿਹੜੇ ਵਿਚ ਬੰਨੇ ਸਫੇਦ ਹਾਥੀ ਤੋਂ ਵੱਧ ਕੁਝ ਨਹੀਂ। ਜ਼ਿਕਰਯੋਗ ਹੈ ਕਿ ਸੰਨ 2006 ਵਿਚ ਗੁਰੂ ਘਰ ਦੇ ਐਨ ਨਜ਼ਦੀਕ ਮਿਸ਼ਨ ਬੁਲੇਵਾਰਡ ਉਤੇ 10 ਲੱਖ ਡਾਲਰ ਨਾਲ ਸੌ ਏਕੜ ਜ਼ਮੀਨ ਖਰੀਦੀ ਗਈ ਸੀ।

ਅਖਬਾਰ ਓਕਲੈਂਡ ਟ੍ਰਿਬਿਊਨ ਵਿਚ ਛਪੀ ਰਿਪੋਰਟ ਅਨੁਸਾਰ ਯੂਨੀਅਨ ਸਿਟੀ ਵਿਚ ਵੱਡੇ ਹੋਏ ਗੈਸਟਰੋਐਂਟਰਾਲੋਜਿਸਟ ਡਾ. ਸੰਧੂ ਹਮੇਸ਼ਾ ਪਹਾੜੀ ਉਤੇ ਘਰ ਬਣਾਉਣਾ ਚਾਹੁੰਦੇ ਸਨ। ਪਿਛਲੇ 7 ਸਾਲਾਂ ਵਿਚ ਦੋ ਵਾਰ ਸਿਟੀ ਕੌਂਸਲ ਨੇ ਪਹਾੜੀ ਉਤੇ ਉਨ੍ਹਾਂ ਦੇ ਅੱਸੀ ਏਕੜ ਦੇ ਫਾਰਮ ਉਪਰ ਚਾਰ ਕਾਰ ਗੈਰਾਜਾਂ ਵਾਲਾ 16 ਹਜ਼ਾਰ ਵਰਗ ਫੁੱਟ ਦਾ ਮਹਿਲ ਬਣਾਉਣ ਦੇ ਸੁਪਨੇ ਚਕਨਾਚੂਰ ਕੀਤੇ ਪਰ ਡਾ. ਸੰਧੂ ਨੇ ਆਪਣੇ ਸੁਪਨਿਆਂ ਦਾ ਘਰ ਛੋਟਾ ਕਰਦਿਆਂ ਪਰ ਅਜੇ ਵੀ ਕਾਫੀ ਵੱਡਾ ਘਰ ਬਣਾਉਣ ਲਈ ਮੁੜ ਇਜਾਜ਼ਤ ਮੰਗੀ। ਪਿਛਲੇ ਹਫਤੇ ਪਲਾਨਿੰਗ ਕਮਿਸ਼ਨ ਨੇ ਸਰਬਸੰਮਤੀ ਨਾਲ 10 ਹਜ਼ਾਰ ਵਰਗ ਫੁੱਟ ਦਾ ਘਰ ਬਣਾਉਣ ਦੀ ਡਾ. ਸੰਧੂ ਦੀ ਤਜਵੀਜ਼ ਪ੍ਰਵਾਨ ਕਰ ਲਈ। ਇਸ ਵਿਚ ਇਕ ਡੈਕ, ਚਾਰ ਕਾਰਾਂ ਲਈ ਗੈਰਾਜ ਅਤੇ ਪੰਜ ਬੈਡਰੂਮ ਹੋਣਗੇ। ਉਂਜ ਇਸ ਪ੍ਰਵਾਨਗੀ ਦੇ ਵਿਰੋਧੀ ਟਰਾਈ ਸਿਟੀ ਇਕਾਲੋਜੀ ਸੈਂਟਰ ਕੋਲ ਸਿਟੀ ਕੌਂਸਲ ਦੇ ਫੈਸਲੇ ਵਿਰੁਧ ਅਪੀਲ ਕਰਨ ਲਈ ਸੋਚ ਰਹੇ ਹਨ। ਡਾ. ਸੰਧੂ ਲਈ ਮੁੱਖ ਅੜਿੱਕਾ ਫਰੀਮਾਂਟ ਸਿਟੀ ਵਲੋਂ ਦੋ ਮੈਂਬਰਾਂ ਦੀ ਬਹੁਗਿਣਤੀ ਨਾਲ ਪ੍ਰਵਾਨ ਕੀਤਾ ਗਿਆ ਟੀ ਮਈਅਰ ਸੀ ਜਿਸ ਤਹਿਤ ਪਹਾੜਾਂ ਉਪਰ ਕੁਦਰਤੀ ਮਾਹੌਲ ਬਰਕਰਾਰ ਰੱਖਣ ਲਈ ਉਸਾਰੀ ਕਰਨ ਉਪਰ ਕਈ ਤਰ੍ਹਾਂ ਦੀਆਂ ਬੰਦਿਸ਼ਾਂ ਹਨ। ਡਾ. ਸੰਧੂ ਦੀ ਪ੍ਰਵਾਨ ਕੀਤੀ ਗਈ ਤਜਵੀਜ਼ ਅਜੇ ਵੀ ਆਰਡੀਨੈਂਸ ਦਾ ਉਲੰਘਣ ਹੈ, ਕਿਉਂਕਿ ਉਸ ਨੂੰ ਪਹਾੜੀਆਂ ਵਿਚ 30 ਡਿਗਰੀ ਤੋਂ ਵੱਧ ਦੀ ਢਲਾਣ ਉਪਰ ਆਪਣੇ ਘਰ ਨੂੰ ਜਾਂਦੀ ਸੜਕ ਬਣਾਉਣੀ ਪਵੇਗੀ।

ਬਾਵਜੂਦ ਇਨ੍ਹਾਂ ਸਭ ਚੀਜ਼ਾਂ ਦੇ ਸਿਟੀ ਕੌਂਸਲ ਨੇ ਮੁਕੱਦਮੇਬਾਜ਼ੀ ਤੋਂ ਬਚਣ ਲਈ ਰਾਹ ਰੱਖਿਆ ਹੋਇਆ ਹੈ। ਇਸ ਅਨੁਸਾਰ ਜਾਇਦਾਦ ਦੇ ਮਾਲਕ ਨੂੰ ਪਹਾੜੀ ਇਲਾਕੇ ਵਿਚ ਪਹਾੜੀ ਮਾਹੌਲ ਨਾਲ ਢੁਕਵਾਂ ਘੱਟੋ ਘੱਟ ਵੀਹ ਏਕੜ ਰਕਬੇ ਵਿਚ 10 ਹਜ਼ਾਰ ਵਰਗ ਫੁੱਟ ਤੋਂ ਛੋਟਾ ਘਰ ਬਣਾਉਣ ਦੀ ਇਜਾਜ਼ਤ ਦਿਤੀ ਜਾ ਸਕਦੀ ਹੈ। ਡਾ. ਸੰਧੂ ਦੀ ਤਾਜ਼ਾ ਤਜਵੀਜ਼ ਇਨ੍ਹਾਂ ਦੋਹਾਂ ਸ਼ਰਤਾਂ ਨੂੰ ਪੂਰਾ ਕਰਦੀ ਹੈ ਅਤੇ ਇਹ ਘਰ ਦੋ ਪਹਾੜੀਆਂ ਦੀ ਢਲਾਣ ਉਪਰ ਹੋਵੇਗਾ। ਬੇਸ਼ਕ ਇਹ ਮਿਸ਼ਨ ਬੁਲੇਵਾਰਡ ਤੋਂ ਦਿਖਾਈ ਨਹੀਂ ਦੇਵੇਗਾ। ਡਾ. ਸੰਧੂ ਈਸਟ ਕਿੰਗ ਐਵਨਿਊ ਤੋਂ ਆਪਣੇ ਘਰ ਲਈ ਕਰੀਬ ਅੱਧਾ ਮੀਲ ਸੜਕ ਵੀ ਬਣਾਉਣ ਲਈ ਸਹਿਮਤ ਹੋ ਗਏ ਹਨ। ਇਸ ਤੋਂ ਇਲਾਵਾ ਅੱਗ 'ਤੇ ਕਾਬੂ ਪਾਉਣ ਲਈ ਉਹ 5 ਹਜ਼ਾਰ ਗੈਲਨ ਦੇ ਪਾਣੀ ਵਾਲੇ ਟੈਂਕ ਵੀ ਬਣਾਉਣਗੇ। ਡਾ. ਸੰਧੂ ਦਾ ਕਹਿਣਾ ਹੈ ਕਿ ਸਿਟੀ ਕੌਂਸਲ ਨੇ ਜੋ ਵੀ ਸਾਨੂੰ ਕਿਹਾ, ਅਸੀਂ ਕੀਤਾ। ਉਨ੍ਹਾਂ ਦੀ ਯੋਜਨਾ ਆਪਣੇ ਪਰਿਵਾਰ ਸਮੇਤ ਇਸ ਘਰ ਵਿਚ ਰਹਿਣ ਦੀ ਹੈ।

ਇਸੇ ਦੌਰਾਨ ਸੂਜ਼ਨ ਗਰੇਹਾਰਟ ਜਿਨ੍ਹਾਂ ਕਿ ਸੰਨ 2002 ਵਿਚ ਪਹਾੜੀ ਮਾਹੌਲ ਬਰਕਰਾਰ ਰੱਖਣ ਸਬੰਧੀ ਆਰਡੀਨੈਂਸ ਲਈ ਮੁਹਿੰਮ ਵਿੱਢੀ ਸੀ, ਦਾ ਕਹਿਣਾ ਹੈ ਕਿ ਡਾ. ਸੰਧੂ ਦਾ ਹੁਣ ਵਾਲਾ ਤਜਵੀਜ਼ਸ਼ੁਦਾ ਛੋਟਾ ਘਰ ਹੇਠਲੀ ਢਲਾਣ ਉਤੇ ਵੀ ਬਣ ਸਕਦਾ ਹੈ ਜਿਸ ਨਾਲ ਉਨ੍ਹਾਂ ਨੂੰ ਆਪਣੇ ਘਰ ਲਈ ਪੱਕੀ ਸੜਕ ਬਣਾਉਣ ਦੀ ਲੋੜ ਵੀ ਨਹੀਂ ਪਏਗੀ। ਇਸ ਦੇ ਬਾਵਜੂਦ ਇਹ ਤਜਵੀਜ਼ ਸਿਟੀ ਕੌਂਸਲ ਦੇ ਪਹਿਲੇ ਦੋ ਫੈਸਲਿਆਂ ਨਾਲ ਟਕਰਾਉਂਦੀ ਹੈ। ਡਾ. ਸੰਧੂ ਦਾ ਕਹਿਣਾ ਹੈ ਕਿ ਇਹ ਘਰ ਬਣਾਉਣ ਵਾਸਤੇ ਇਜਾਜ਼ਤ ਲੈਣ ਲਈ ਉਹ ਹੁਣ ਤੱਕ ਕੋਈ ਸਾਢੇ ਤਿੰਨ ਲੱਖ ਡਾਲਰ ਖਰਚ ਕਰ ਚੁਕੇ ਹਨ।

ਅਖਬਾਰ ਵਿਚ ਇਹ ਵਾਰਤਾ ਛਪਣ ਤੋਂ ਬਾਅਦ ਫਰੀਮਾਂਟ ਗੁਰੂ ਘਰ ਨਾਲ ਸਬੰਧਤ ਸਿੱਖ ਭਾਈਚਾਰੇ ਵਿਚ ਨਵੀਂ ਚਰਚਾ ਛਿੜ ਗਈ ਹੈ ਕਿ ਜੇ ਘਰ ਬਣਾਉਣ ਲਈ ਡਾ. ਸੰਧੂ ਨੂੰ ਟੀ ਮਈਅਰ ਦੇ ਬਾਵਜੂਦ ਪ੍ਰਵਾਨਗੀ ਮਿਲ ਸਕਦੀ ਹੈ ਤਾਂ ਭਲਾ ਗੁਰਦੁਆਰਾ ਫਰੀਮਾਂਟ ਨੂੰ ਸਕੂਲ, ਖੇਡ ਮੈਦਾਨ ਜਾਂ ਫਿਊਨਰਲ ਹੋਮ ਵਗੈਰਾ ਬਣਾਉਣ ਲਈ ਇਜਾਜ਼ਤ ਕਿਉਂ ਨਹੀਂ ਮਿਲ ਸਕਦੀ? ਜੇ 20 ਏਕੜ ਵਾਲੀ ਗੱਲ ਨੂੰ ਵੇਖੀਏ ਤਾਂ ਉਥੇ ਪੰਜ ਘਰ ਬਣ ਸਕਦੇ ਹਨ। ਫਿਰ ਮਿਸ਼ਨ ਬੁਲੇਵਾਰਡ 'ਤੇ ਨਾਲ ਲਗਦਾ ਘਰ ਹੋਣ ਕਰਕੇ ਕੋਈ ਉਚੇਚੀ ਸੜਕ ਕੱਢਣ ਦੀ ਵੀ ਲੋੜ ਨਹੀਂ।

ਸੰਗਤ ਦਾ ਸਵਾਲ ਹੈ ਕਿ ਮੌਜੂਦਾ ਪ੍ਰਬੰਧਕਾਂ ਵਲੋਂ ਸਿਆਸਤਦਾਨਾਂ ਉਪਰ ਇਜਾਜ਼ਤ ਲਈ ਦਬਾਓ ਪਾਉਣ ਦੀ ਥਾਂ ਸਿਰਫ ਧੜੇਬੰਦੀ ਤੇ ਪਾਰਟੀਬਾਜ਼ੀ ਕਰਕੇ ਹੀ ਗੁਰੂ ਘਰ ਦੇ ਇੰਨਾ ਨਜ਼ਦੀਕ ਮਿਲੇ ਸੌ ਏਕੜ ਜ਼ਮੀਨ ਦੇ ਟੁਕੜੇ ਨੂੰ ਭਲਾ ਸਫੈਦ ਹਾਥੀ ਕਿਉਂ ਦੱਸਿਆ ਜਾ ਰਿਹਾ ਹੈ? ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇ ਕੋਈ ਜ਼ਮੀਨ ਮਾਲਕ ਵਿਅਕਤੀਗਤ ਤੌਰ 'ਤੇ ਆਪਣਾ ਘਰ ਬਣਾਉਣ ਲਈ ਸਿਟੀ ਕੌਂਸਲ ਤੋਂ ਪ੍ਰਵਾਨਗੀ ਲੈ ਸਕਦਾ ਹੈ ਤਾਂ ਸਿੱਖ ਭਾਈਚਾਰਾ ਸਮੂਹਕ ਤੌਰ 'ਤੇ ਅਜਿਹੀ ਇਜਾਜ਼ਤ ਭਲਾ ਕਿਉਂ ਨਹੀਂ ਲੈ ਸਕਦਾ?

ਸੰਗਤ ਵਿਚ ਇਹ ਵੀ ਚਰਚਾ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਚੰਗੀ ਭਲੀ ਇਸ ਜ਼ਮੀਨ 'ਤੇ ਸਿਟੀ ਵਲੋਂ ਲਾਏ ਗਏ ਕੁਝ ਇਤਰਾਜ਼ਾਂ ਦਾ ਵਿਰੋਧ ਕਰਨ ਦੀ ਥਾਂ 'ਤੇ ਜ਼ਮੀਨ ਨਾਲ ਛੇੜ ਛਾੜ ਕਰਕੇ ਸੰਗਤ ਦੇ ਲੱਖਾਂ ਡਾਲਰ ਕਿਉਂ ਬਰਬਾਦ ਕੀਤੇ? ਕੀ ਇਸ ਦੀ ਵਜ੍ਹਾ ਧੜੇਬੰਦੀ ਵਾਲੀ ਆਪਣੀ ਹਿੰਡ ਪੁਗਾਉਣ ਤੋਂ ਬਿਨਾਂ ਵੀ ਕੁਝ ਸੀ ਜਾਂ ਫਿਰ ਸਿਰਫ ਆਪਣੀ ਹਉਮੈ ਨੂੰ ਹੀ ਪੱਠੇ ਪਾਏ ਗਏ?

## ਨਾਭ ਕੰਵਲ ਰਾਜਾ ਸਾਹਿਬ ਦੀ ਬਰਸੀ 'ਤੇ ਸਮਾਗਮ 7 ਅਕਤੂਬਰ ਤੋਂ

**ਪਿਟਸਬਰਗ, ਕੈਲੀਫੋਰਨੀਆ (ਬਿਊਰੋ):** ਬ੍ਰਹਮ ਗਿਆਨੀ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਸਾਲਾਨਾ ਬਰਸੀ ਆਉਂਦੀ 7 ਤੋਂ 9 ਅਕਤੂਬਰ ਨੂੰ ਇਥੇ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਮਨਾਈ ਜਾਵੇਗੀ ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਰਸੀਆ ਤੋਂ ਇਲਾਵਾ ਪੰਥ ਪ੍ਰਸਿਧ ਗਿਆਨੀ ਤੇ ਢਾਡੀ ਕਥਾ ਵਿਆਖਿਆ ਅਤੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਇਹ ਜਾਣਕਾਰੀ ਗੁਰੂ ਘਰ ਦੇ ਸਾਬਕਾ ਪ੍ਰਧਾਨ ਸੁੱਚਾ ਸਿੰਘ ਅਤੇ ਮੌਜੂਦਾ ਸੇਵਾਦਾਰ ਜੈਲਾ ਜੱਸੀ ਵਲੋਂ ਦਿੱਤੀ ਗਈ।


**Restaurant For Sale**

**Elegant Indian Restaurant for sale in Indianapolis, Indiana**

**High Traffic Area *Good Customer Base *Plenty of Parking *Open Since 1993 *Beer/Wine License *55 Seat*

**Monthly Sales $45,000-50,000**
**Price: $125,000.00**

**ਇੰਡੀਅਨਐਪੋਲਿਸ (ਇੰਡੀਆਨਾ) 'ਚ ਵਧੀਆ ਚਲਦਾ**
**ਇੰਡੀਅਨ ਰੈਸਟੋਰੈਂਟ ਵਿਕਾਊ ਹੈ**

> 55 ਬੰਦਿਆਂ ਦੇ ਬੈਠਨ ਲਈ ਟੇਬਲ
> ਬੀਅਰ ਅਤੇ ਵਾਈਨ ਦਾ ਲਾਇਸੈਂਸ
>ਵਧੀਆ ਪਾਰਕਿੰਗ >1993 ਤੋਂ ਵਧੀਆ ਚਲਦਾ

**Call (317) 513-8510**


# ਕਥਿਤ ਖਾੜਕੂ ਜਸਜੀਤ ਸਿੰਘ ਦਾ ਅਸਲੀ ਚਿਹਰਾ

ਪਿਛਲੇ ਕਈ ਦਿਨਾਂ ਤੋਂ ਸੈਨ ਹੋਜੇ ਤੋਂ ਛਪਦੀ ਅਖ਼ਬਾਰ 'ਅੰਮ੍ਰਿਤਸਰ ਟਾਈਮਜ਼' ਜਿਸ ਦਾ ਮਾਲਕ ਜਸਜੀਤ ਸਿੰਘ ਚੇਲਾ ਹੈ, ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਖ਼ਿਲਾਫ਼ ਕੂੜ ਪ੍ਰਚਾਰ ਦੀ ਪੂਰੀ ਮੁਹਿੰਮ ਵਿੱਢੀ ਹੋਈ ਹੈ। ਜਸਜੀਤ ਸਿੰਘ ਚੇਲਾ ਆਪਣੇ-ਆਪ ਨੂੰ ਖਾੜਕੂ ਸੰਘਰਸ਼ ਦਾ ਬੜਾ ਵੱਡਾ ਵਾਰਿਸ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦਰਅਸਲ ਸੱਚਾਈ ਇਹ ਹੈ ਕਿ ਕਾਮਰੇਡੀ ਸੋਚ ਦਾ ਪੁਜਾਰੀ ਇਹ ਨਾਸਤਕ ਬਿਰਤੀ ਦਾ ਮਾਲਕ ਬੰਦਾ ਸਿੱਖੀ ਅਤੇ ਸਿੱਖ ਸੰਘਰਸ਼ ਤੋਂ ਕੋਹਾਂ ਦੂਰ ਹੈ। ਇਸ ਸ਼ਖਸ ਦਾ ਸਿੱਖ ਸੰਘਰਸ਼ ਦੌਰਾਨ ਕਿਰਦਾਰ ਸਰਕਾਰ ਵਲੋਂ ਪਲਾਂਟ ਕੀਤੀਆਂ ਕਾਲੀਆਂ ਭੇਡਾਂ ਤੋਂ ਅਲੱਗ ਨਹੀਂ ਰਿਹਾ। ਉਸ ਦਾ ਕੰਮ ਸਿੱਖਾਂ ਵਿਚ ਹਮੇਸ਼ਾ ਭੰਬਲਭੂਸਾ ਖੜ੍ਹਾ ਕਰਨਾ ਰਿਹਾ ਹੈ।

ਆਓ, ਇਸ ਬੰਦੇ ਦੇ ਵੀਹ-ਇੱਕੀ ਸਾਲਾਂ ਤੋਂ ਅਮਰੀਕਾ ਵਿਚ ਸਿੱਖ ਸੰਘਰਸ਼ 'ਚ ਪਾਏ ਯੋਗਦਾਨ ਉਤੇ ਝਾਤ ਮਾਰੀਏ। ਇਸ ਸ਼ਖ਼ਸ ਨੇ ਜਿਸ ਦਿਨ ਦਾ ਕੈਲੀਫੋਰਨੀਆ ਵਿਚ ਪੈਰ ਧਰਿਆ ਹੈ, ਉਸ ਦੀਆਂ ਗਤੀਵਿਧੀਆਂ ਸਿੱਖ ਸੰਘਰਸ਼ ਦੇ ਨਾਂ 'ਤੇ ਲੱਖਾਂ ਡਾਲਰ ਇਕੱਠੇ ਕਰਨੇ, ਗੁਰੂਘਰਾਂ ਵਿਚ ਲੜਾਈਆਂ ਕਰਵਾਉਣੀਆਂ, ਸਿੱਖ ਸੰਘਰਸ਼ ਵਿਚ ਉਘਾ ਰੋਲ ਨਿਭਾਉਣ ਵਾਲੇ 'ਚੜ੍ਹਦੀ ਕਲਾ' ਵਰਗੇ ਪੰਥਕ ਅਖ਼ਬਾਰਾਂ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਣਾ ਰਹੀਆਂ ਹਨ। ਇਹ ਮਾਮਲੇ ਹੁਣ ਜੱਗ-ਜ਼ਾਹਿਰ ਹੋ ਚੁਕੇ ਹਨ। ਇਹੀ ਨਹੀਂ, ਇਸ ਬੰਦੇ ਦਾ ਇਕ ਕੰਮ ਇਹ ਵੀ ਰਿਹਾ ਹੈ ਕਿ ਚੰਗੇ ਗੁਰਸਿੱਖ ਲੋਕਾਂ ਨੂੰ ਸੰਘਰਸ਼ ਤੋਂ ਪਾਸੇ ਕਰਕੇ ਸੰਘਰਸ਼ ਦਾ ਨੁਕਸਾਨ ਕਿਵੇਂ ਕਰਨਾ ਹੈ? ਇਸ ਵਿਅਕਤੀ ਨੇ ਹਰ ਉਹ ਕੰਮ ਕੀਤਾ ਜਿਸ ਨਾਲ ਸਿੱਖ ਕੌਮ ਦੀ ਬਦਨਾਮੀ ਅਤੇ ਨੁਕਸਾਨ ਵੱਧ ਤੋਂ ਵੱਧ ਹੋਵੇ।

ਜਸਜੀਤ ਸਿੰਘ ਚੇਲਾ ਨੇ ਅਮਰੀਕਾ ਵਿਚ ਖਾੜਕੂ ਸਿੱਖ ਸਿਆਸਤ ਪੱਖੋਂ ਸਭ ਤੋਂ ਅਹਿਮ ਗਿਣੇ ਜਾਂਦੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਉਪਰ ਆਪਣਾ ਉਮਰ ਭਰ ਦਾ ਕਬਜ਼ਾ ਬਣਾਈ ਰਖਣ ਲਈ ਇਸ ਦਾ ਕੇਸ ਪੰਜ ਸਾਲ ਕੋਰਟ ਵਿਚ ਲਮਕਾ ਕੇ ਕੌਮ ਦੇ 10 ਲੱਖ ਡਾਲਰ, ਕੀਮਤੀ ਸਮਾਂ ਅਤੇ ਤਾਕਤ ਬਰਬਾਦ ਕਰਵਾਏ। ਇਹੀ ਇਸ ਬੰਦੇ ਦਾ ਮੁੱਖ ਮੰਤਵ ਹੈ। ਸਮੇਂ ਦੀਆਂ ਸਰਕਾਰਾਂ ਅਤੇ ਏਜੰਸੀਆਂ ਵੀ ਇਹੀ ਚਾਹੁੰਦੀਆਂ ਹਨ ਕਿ ਸਿੱਖਾਂ ਨੂੰ ਵਿਦੇਸ਼ਾਂ ਵਿਚ ਵੀ ਆਪਣੇ ਨਾਲ ਹੋਏ ਧੱਕੇ ਵਿਰੁਧ ਲਾਮਬੰਦ ਨਾ ਹੋਣ ਦਿੱਤਾ ਜਾਵੇ।

ਆਓ, ਹੁਣ ਇਸ ਸ਼ਖਸ ਦੇ ਚੋਟੀ ਦੇ ਖਾੜਕੂਆਂ ਅਤੇ ਹੋਰ ਆਗੂਆਂ ਨਾਲ ਸਬੰਧਾਂ ਦੀ ਗੱਲ ਵੀ ਕਰ ਲਈਏ ਜਿਨ੍ਹਾਂ ਵਿਚ ਆਰ.ਐਸ.ਐਸ. ਦਾ ਪ੍ਰਧਾਨ ਰਿਹਾ ਰੁਲਦਾ ਸਿੰਘ ਵੀ ਸ਼ਾਮਲ ਹੈ ਜਿਸ ਨੇ ਕੌਮ ਦਾ ਬਹੁਤ ਨੁਕਸਾਨ ਕੀਤਾ। ਰੁਲਦਾ ਸਿੰਘ ਇਸ ਨੂੰ ਅਮਰੀਕਾ ਵਿਚ ਆ ਕੇ ਮਿਲਦਾ ਰਿਹਾ। ਉਹ (ਰੁਲਦਾ ਸਿੰਘ) ਬਾਅਦ ਵਿਚ ਪੰਜਾਬ ਵਿਚ ਸਿੰਘਾਂ ਦੇ ਰੋਹ ਦਾ ਸ਼ਿਕਾਰ ਹੋ ਗਿਆ। ਪੁਲਿਸ ਅਫਸਰ ਪਰਮਰਾਜ ਉਮਰਾਨੰਗਲ, ਜਿਹੜਾ ਦੁਸ਼ਟ ਨਿਹੰਗ ਪੂਹਲੇ ਦਾ ਯਾਰ ਰਿਹਾ ਹੈ ਅਤੇ ਜਿਸ ਉਪਰ ਸਿੱਖ ਕੌਮ ਦੇ ਸੈਂਕੜਿਆਂ ਦੇ ਹਿਸਾਬ ਨਾਲ ਨੌਜਵਾਨਾਂ ਨੂੰ ਮਾਰਨ ਦਾ ਦੋਸ਼ ਹੈ, ਅਮਰੀਕਾ ਵਿਚ ਆ ਕੇ ਇਸ ਦੇ ਕੋਲ ਠਹਿਰਦਾ ਹੈ। ਸੰਗਤ ਜਾਣਦੀ ਹੈ ਕਿ ਭਾਰਤੀ ਕੌਂਸਲੇਟ ਬਿਨਾ ਵਜ੍ਹਾ ਕਿਸੇ ਖਾੜਕੂ ਨੂੰ ਨੇਕ ਚਲਨੀ ਦਾ ਸਰਟੀਫਿਕੇਟ ਨਹੀਂ ਦਿੰਦਾ ਅਤੇ ਨਾ ਹੀ ਕੇ ਪੀ ਐਸ ਗਿੱਲ ਬਿਨਾ ਵਿਸ਼ੇਸ਼ ਕਾਰਨ ਤੋਂ ਕਿਸੇ ਅਖਬਾਰ ਵਿਚ ਉਚੇਚੀ ਇੰਟਰਵਿਊ ਦੇ ਕੇ ਕਿਸੇ ਖਾਸ "ਖਾੜਕੂ" ਬਾਰੇ ਬਿਆਨ ਦੇਣ ਲੱਗਾ ਹੈ। ਹੋਰ ਪਤਾ ਨਹੀਂ ਕਿੰਨੇ ਇਹੋ ਜਿਹੇ ਕਾਰਨਾਮੇ ਇਹਦੇ ਹੋਣਗੇ। ਇਸ 'ਤੇ ਪੰਜਾਬੀ ਦੀ ਇਹ ਕਹਾਵਤ ਪੂਰੀ ਤਰ੍ਹਾਂ ਢੁੱਕਦੀ ਹੈ, "ਭੈੜੇ-ਭੈੜੇ ਯਾਰ ਸਾਡੀ ਫੱਤੋ ਦੇ।" ਇਹ ਹੈ ਇਸ ਦਾ ਖਾੜਕੂ ਸੰਘਰਸ਼ ਵਾਲਾ ਜੀਵਨ।

ਇਹ ਸ਼ਖਸ ਆਪਣੀ ਮਾਲਕੀ ਹੇਠਲੀ ਅਖਬਾਰ ਨੂੰ ਪੰਥਕ ਦੱਸਦਾ ਹੈ ਜੋ ਪੰਥ ਵਿਰੋਧੀ ਲੋਕਾਂ ਦੀਆਂ ਸਿਫ਼ਤਾਂ ਵਿਚ ਆਮ ਹੀ ਭਰੀ ਮਿਲਦੀ ਹੈ ਜਿਸ ਵਿਚ ਕਾਮਰੇਡ ਸੁਰਜੀਤ ਤੋਂ ਲੈ ਕੇ ਬਾਦਲ ਪਰਿਵਾਰ ਤੱਕ ਸਭ ਸ਼ਾਮਲ ਹੁੰਦੇ ਹਨ। ਇਹ ਸਾਰਾ ਵਰਤਾਰਾ ਪੰਥ ਵਿਰੋਧੀ ਸ਼ਕਤੀਆਂ ਨੂੰ ਖ਼ੁਸ਼ ਕਰਨ ਅਤੇ ਸਿੱਖ ਸੰਘਰਸ਼ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਨੀਵਾਂ ਦਿਖਾਉਣ ਲਈ ਕੀਤਾ ਜਾਂਦਾ ਹੈ। ਇਹ ਕਦੇ ਵੀ ਬਾਦਲ ਦਲ, ਕਾਂਗਰਸ, ਬੀ.ਜੇ.ਪੀ., ਆਰ.ਐਸ.ਐਸ. ਅਤੇ ਹੋਰ ਪੰਥ ਵਿਰੋਧੀ ਸ਼ਕਤੀਆਂ ਦਾ ਵਿਸ਼ਲੇਸ਼ਣ ਨਹੀਂ ਕਰਦਾ; ਤੇ ਨਾ ਸੁੱਖੀ ਕੈਟ ਦੇ ਪ੍ਰਗਟ ਹੋਣ ਤੋਂ ਬਾਅਦ ਡੀ.ਜੀ.ਪੀ. ਵਿਰਕ ਦੇ ਇਸ ਬਿਆਨ ਕਿ ਸਾਡੇ 300 ਕੈਟ ਵਿਦੇਸ਼ਾਂ ਵਿਚ ਸਰਗਰਮ ਹਨ, ਬਾਰੇ ਇਸ ਨੇ ਕਦੇ ਵਿਸ਼ਲੇਸ਼ਣ ਕੀਤਾ, ਕਿਉਂਕਿ ਜੇ ਇਹ ਵਿਸ਼ਲੇਸ਼ਣ ਹੋਵੇਗਾ ਤਾਂ ਇਸ ਨੂੰ ਸਭ ਤੋਂ ਪਹਿਲਾਂ ਆਪਣਾ ਹੀ ਚਿਹਰਾ ਦਿਸੇਗਾ। ਇਹ ਹਮੇਸ਼ਾ ਦੂਜਿਆਂ ਨੂੰ ਅਯੋਗ ਅਤੇ ਆਪਣੇ-ਆਪ ਨੂੰ ਯੋਗ ਕਰਾਰ ਦਿੰਦਾ ਹੈ। ਇਹੀ ਚਿੱਕੜ ਇਹਨੇ ਸਾਡੇ 'ਤੇ ਸੁੱਟਿਆ ਹੈ।

ਪੰਥਕ ਹਲਕਿਆਂ ਵਿਚ ਫੁਟ ਪੈਦਾ ਕਰਨਾ, ਧੜੇਬੰਦੀ ਨੂੰ ਹਵਾ ਦੇਣੀ, ਆਪਣੀ ਲੋੜ ਲਈ ਕਿਸੇ ਵੀ ਹੱਦ ਤਕ ਨੀਵਾਂ ਚਲੇ ਜਾਣਾ ਅਤੇ ਮੌਕਾਪ੍ਰਸਤੀ ਇਸ ਦੀ ਯੋਗਤਾ ਵਿਚ ਸ਼ਾਮਲ ਹੈ। ਇਹ ਸਭ ਸਾਡੇ ਵਿਚ ਨਹੀਂ ਅਤੇ ਨਾ ਹੀ ਪਰਮਾਤਮਾ ਸਾਨੂੰ ਇਹੋ ਜਿਹੀ ਯੋਗਤਾ ਦੇਵੇ। ਸ. ਮਾਨ ਦੀ ਕੌਮ ਲਈ ਕੀਤੀ ਕੁਰਬਾਨੀ, ਦ੍ਰਿੜਤਾ ਅਤੇ ਸੰਘਰਸ਼ ਬਾਰੇ ਪੂਰੀ ਦੁਨੀਆਂ ਨੂੰ ਪਤਾ ਹੈ, ਉਸ ਵਾਸਤੇ ਪ੍ਰਮਾਣ ਲਈ ਕਿਸੇ ਅੰਮ੍ਰਿਤਸਰ ਟਾਈਮਜ਼ ਜਾਂ ਜਸਜੀਤ ਸਿੰਘ ਚੇਲੇ ਦੇ ਸਰਟੀਫਿਕੇਟ ਦੀ ਲੋੜ ਨਹੀਂ। ਉਸ ਦੀਆਂ ਕਾਲੀਆਂ ਲਿਖਤਾਂ ਦਾ ਕਿਸੇ 'ਤੇ ਕੋਈ ਅਸਰ ਨਹੀਂ ਹੋਵੇਗਾ। ਪੰਥਕ ਹਲਕਿਆਂ ਵਿਚ ਉਸ ਦਾ ਅਸਲੀ ਚਿਹਰਾ ਹੁਣ ਬਿਲਕੁਲ ਨੰਗਾ ਹੋ ਗਿਆ ਹੈ। ਇਸ ਦੇ ਚੰਗੇ ਸਾਥੀ ਇਸ ਤੋਂ ਬਿਲਕੁਲ ਕਿਨਾਰਾ ਕਰ ਗਏ ਹਨ।

ਇਸ ਅਖੌਤੀ ਖਾੜਕੂ ਦੀ ਪੰਥਪ੍ਰਸਤੀ ਦਾ ਇਕ ਇਕ ਨੁਕਤਾ ਅਸੀਂ ਸ਼੍ਰੋਮਣੀ ਕਮੇਟੀ ਦੀਆਂ 18 ਸਤੰਬਰ ਨੂੰ ਹੋ ਰਹੀਆਂ ਚੋਣਾਂ ਤੋਂ ਬਾਅਦ ਲਗਾਤਾਰ ਨਸ਼ਰ ਕਰਾਂਗੇ। ਅਸੀਂ ਇਹ ਵੀ ਦੱਸਾਂਗੇ ਕਿ ਕਿਵੇਂ ਖਾੜਕੂ ਜਰਨੈਲ ਅਤੇ ਪੜ੍ਹ-ਲਿਖੇ ਨੌਜਵਾਨ ਡਾ. ਪ੍ਰੀਤਮ ਸਿੰਘ ਸੇਖੋਂ ਨੂੰ ਕਿਸ ਤਰ੍ਹਾਂ ਅਮਰੀਕਾ ਸੱਦ ਕੇ ਅਤੇ ਫਿਰ ਪਾਕਿਸਤਾਨ ਭੇਜ ਕੇ ਮਰਵਾਇਆ ਗਿਆ? ਪੂਰੇ ਅਮਰੀਕਾ ਵਿਚੋਂ ਫੋਨ ਕਾਲਾਂ ਕਰਦੇ ਪੰਥ ਦਰਦੀ ਵੀਰਾਂ ਦੇ ਅਸੀਂ ਧੰਨਵਾਦੀ ਹਾਂ ਜਿਨ੍ਹਾਂ ਨੇ ਸ. ਮਾਨ ਦਾ ਸਾਥ ਦੇਣ ਲਈ ਭਰੋਸਾ ਦਿੱਤਾ ਅਤੇ ਇਸ ਸ਼ਖ਼ਸ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆਉਣ ਲਈ ਕਿਹਾ।

### *ਜਾਰੀ ਕਰਤਾ*

ਰੇਸ਼ਮ ਸਿੰਘ ਸੀਨੀਅਰ ਮੀਤ ਪ੍ਰਧਾਨ ਅਮਰੀਕਾ, ਕੁਲਜੀਤ ਸਿੰਘ ਨਿੱਝਰ ਪ੍ਰਧਾਨ ਕੈਲੀਫੋਰਨੀਆ, ਦਰਸ਼ਨ ਸਿੰਘ ਸੰਧੂ ਨੈਸ਼ਨਲ ਪੈਨਲ ਮੈਂਬਰ, ਅਜੀਤ ਸਿੰਘ ਆਲੋਅਰਖ ਇੰਟਰਨੈਸ਼ਨਲ ਜਨਰਲ ਸਕੱਤਰ, ਜਸਵੀਰ ਸਿੰਘ ਤੱਖਰ ਸੀਨੀਅਰ ਮੀਤ ਪ੍ਰਧਾਨ ਕੈਲੀਫੋਰਨੀਆ, ਬਲਵਿੰਦਰ ਸਿੰਘ ਮਿੱਠੂ ਖਜ਼ਾਨਚੀ, ਗੁਰਦੀਪ ਸਿੰਘ ਸਕੱਤਰ, ਭੁਪਿੰਦਰ ਸਿੰਘ ਸੀਨੀਅਰ ਮੈਂਬਰ, ਰਮਿੰਦਰ ਸਿੰਘ ਮਿੰਟੂ ਨੈਸ਼ਨਲ ਪੈਨਲ ਮੈਂਬਰ। ਬੂਟਾ ਸਿੰਘ ਖੜੌਂਦ ਕਨਵੀਨਰ, ਸੁਰਜੀਤ ਸਿੰਘ ਕੁਲਾਰ ਪ੍ਰਧਾਨ, ਹਰਪਾਲ ਸਿੰਘ ਸੰਧਰ ਨੈਸ਼ਨਲ ਪੈਨਲ ਮੈਂਬਰ, ਰਣਜੀਤ ਸਿੰਘ ਧਾਲੀਵਾਲ ਨੈਸ਼ਨਲ ਟਰੈਜ਼ਰਰ, ਰੁਪਿੰਦਰ ਸਿੰਘ ਬਾਠ ਨੈਸ਼ਨਲ ਮੈਂਬਰ, ਅਵਤਾਰ ਸਿੰਘ ਹੇਅਰ ਪ੍ਰਧਾਨ ਨਿਊ ਜਰਸੀ। ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ।

*Paid Advt.*



Amardeep Singh
**Ph:916-712-2735**
DRE#01357217

# Buy a Home With Zero Cash! No Money Down!

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242



**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $1000**

We live in Bay area and was nervous to invest in Sacramento. With the help of Statewide Team, we are proud owner of two rentals in Sacramento. Each month I am making over $1000 after expenses. Statewide not only educated me but helped me in preparing the properties and finding good tenants. Great investment for my kids education.

*-Shilpa and Naveen Reddy*

**Get Free list of Homes at www.statewideteam.net**

ਅੱਜ ਹੀ ਸਾਨੂੰ ਕਾਲ ਕਰੋ!

**1.888.888.9914**

# ooraa

**WE WORK IN ALL 50 STATES & CANADA**

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?

ਹਜਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ

**ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ**
**ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ**

**ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ!**




**WE CAN HELP YOU TO RESOLVE YOUR IRS TAX DEBT TODAY**

» #1 Ranked By Numerous Organizations
» Achieve Financial Peace of Mind
» Get The Fastest Possible Solution
» 100% Confidential
» Help Stop Wage Garnishments And Bank Levies
» Help You Have Peace Of Mind

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਦੀ ਸਿਆਸਤ ਨੂੰ ਸਿੱਖ ਮਸਲਿਆਂ ਦਾ ਤਾਅ ਚੜ੍ਹਿਆ

ਪਹਿਲਾਂ ਹੀ ਅਕਾਲੀਆਂ ਦੇ ਹੱਥ ਦੂਜਾ ਮੁੱਦਾ ਆ ਗਿਆ। ਇਹ ਮੁੱਦਾ ਸਹਿਜਧਾਰੀ ਵੋਟਰਾਂ ਨਾਲ ਸਬੰਧਤ ਸੀ। ਖ਼ਬਰ ਆਈ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਨਾ ਪਾਉਣ ਬਾਰੇ 2003 ਵਿਚ ਕੇਂਦਰ ਸਰਕਾਰ ਵੱਲੋਂ ਜਾਰੀ ਕੀਤਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਗਿਆ ਹੈ ਅਤੇ ਇਸ ਬਾਰੇ ਵਕੀਲ ਵੱਲੋਂ ਜਾਣਕਾਰੀ ਦਿੱਤੇ ਜਾਣ ਤੋਂ ਬਾਅਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਹੱਕ ਦੇਣ ਬਾਰੇ ਸੁਣਵਾਈ ਅਧੀਨ ਪਟੀਸ਼ਨ ਇਹ ਕਹਿੰਦਿਆਂ ਖਤਮ ਕਰ ਦਿੱਤੀ ਕਿ ਇਹ ਮਾਮਲਾ ਹੁਣ ਨਿੱਬੜ ਚੁੱਕਾ ਹੈ। ਇਸ ਫ਼ੈਸਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਚੋਣ ਬਾਰੇ ਅਨਿਸਚਿਤਤਾ ਪੈਦਾ ਹੋ ਗਈ ਪਰ ਅਗਲੇ ਹੀ ਦਿਨ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸੰਸਦ ਵਿਚ ਬਿਆਨ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਗ੍ਰਹਿ ਮੰਤਰਾਲੇ ਨੇ ਸਹਿਜਧਾਰੀ ਸਿੱਖਾਂ ਦੇ ਵੋਟ ਦੇ ਹੱਕ ਨੂੰ ਖਤਮ ਕਰਨ ਵਾਲਾ 2003 ਦਾ ਨੋਟੀਫਿਕੇਸ਼ਨ ਵਾਪਸ ਨਹੀਂ ਲਿਆ ਅਤੇ ਅਦਾਲਤ ਨੂੰ ਵੀ ਅਜਿਹੀ ਕੋਈ ਜਾਣਕਾਰੀ ਨਹੀਂ ਭੇਜੀ ਗਈ।

ਗ੍ਰਹਿ ਮੰਤਰੀ ਦੇ ਬਿਆਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਚੋਣਾਂ 'ਤੇ ਅਨਿਸਚਿਤਤਾ ਦੇ ਬੱਦਲ ਹਟ ਗਏ ਹਨ ਪਰ ਇਹ ਦੋਵੇਂ ਮੁੱਦੇ ਉਠਣ ਨਾਲ ਸਿੱਖ ਸਿਆਸਤ ਪੂਰੀ ਤਰ੍ਹਾਂ ਭਖ ਗਈ ਹੈ। ਉਂਜ, ਅਕਾਲੀ ਲੀਡਰਸ਼ਿਪ ਸਿੱਖ ਮੁੱਦਿਆਂ 'ਤੇ ਕਾਂਗਰਸ ਨੂੰ ਘੜੀਸਣ ਲੱਗਿਆਂ ਬੜੇ ਸੰਕੋਚ ਤੋਂ ਕੰਮ ਲੈ ਰਹੀ ਹੈ। ਇਹ ਹਿੰਦੂ ਵਰਗ ਦੇ ਵੋਟਰਾਂ ਨੂੰ ਵੀ ਕਿਸੇ ਤਰ੍ਹਾਂ ਨਾਰਾਜ਼ ਨਹੀਂ ਕਰਨਾ ਚਾਹੁੰਦੀ। ਅਨੰਦ ਕਾਰਜ ਕਾਨੂੰਨ ਬਾਰੇ ਤਕਰਾਰ ਉਹ ਸਿਰਫ ਵਿਆਹ ਦਰਜ ਕਰਵਾਉਣ ਤੱਕ ਹੀ ਸੀਮਤ ਰੱਖਣ ਦੇ ਯਤਨ ਕਰ ਰਹੀ ਹੈ ਅਤੇ ਸੰਵਿਧਾਨਕ ਤੌਰ 'ਤੇ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਸਮਝੇ ਜਾਣ ਵਾਲੀ ਗੱਲ ਤੋਂ ਟਾਲਾ ਹੀ ਵੱਟ ਰਹੀ ਹੈ। ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਉਠੇ ਇਨ੍ਹਾਂ ਦੋਵਾਂ ਮੁੱਦਿਆਂ ਨੇ ਜਿਥੇ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਅੰਦਰ ਨਮੋਸ਼ੀ ਪੈਦਾ ਕੀਤੀ ਹੈ ਤੇ ਉਹ ਬਚਾਅ ਦੀ ਹਾਲਤ ਵਿਚ ਚਲੇ ਗਈ ਹੈ, ਉਥੇ ਅਕਾਲੀ ਦਲ ਨੇ ਇਕ ਵਾਰ ਫਿਰ ਸਿੱਖ ਮਸਲਿਆਂ ਨੂੰ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ।



*ਪੰਥਕ ਮੋਰਚੇ ਦੇ ਆਗੂ ਪਰਮਜੀਤ ਸਿੰਘ ਸਰਨਾ ਪੱਤਰਕਾਰਾਂ ਨੂੰ ਨੁਕਤੇ ਦੱਸਦੇ ਹੋਏ।*

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਿੱਖ ਵਿਦਵਾਨ ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਹਰ ਧਰਮ ਦਾ ਆਪਣਾ ਫਲਸਫਾ ਹੁੰਦਾ ਹੈ ਤੇ ਉਸ ਦੀ ਮਰਿਆਦਾ ਵੀ ਇਸੇ ਫਲਸਫੇ 'ਤੇ ਆਧਾਰਤ ਹੁੰਦੀ ਹੈ। ਅਨੰਦ ਕਾਰਜ ਐਕਟ 1909 ਅਤੇ ਸਹਿਜਧਾਰੀ ਮਾਮਲਾ ਦੋਵੇਂ ਹੀ ਸਿੱਖ ਧਰਮ ਦੀ ਮਰਿਆਦਾ ਨਾਲ ਜੁੜੇ ਹੋਏ ਮੁੱਦੇ ਹੋਣ ਕਾਰਨ ਅਹਿਮ ਮੁੱਦੇ ਹਨ। ਅਨੰਦ ਕਾਰਜ ਐਕਟ 1909 'ਚ ਬਣਾਇਆ ਤੇ ਲਾਗੂ ਕੀਤਾ ਗਿਆ ਸੀ ਪਰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਇਸ ਐਕਟ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਸਮੇਂ ਦੀਆਂ ਸਰਕਾਰਾਂ ਨੇ ਇਸ ਐਕਟ ਨੂੰ ਬੇਲੋੜਾ ਦੱਸਿਆ ਪਰ ਸਿੱਖ ਜਗਤ ਲੰਮੇ ਸਮੇਂ ਤੋਂ ਹੀ ਇਸ ਐਕਟ ਨੂੰ ਲਾਗੂ ਕਰਾਉਣ ਲਈ ਜੱਦੋ-ਜਹਿਦ ਕਰ ਰਿਹਾ ਸੀ। ਹੁਣ ਸਰਕਾਰ ਨੇ ਮੁੜ ਇਸ ਨੂੰ ਲਾਗੂ ਕਰਨ ਤੋਂ ਸਪੱਸ਼ਟ ਨਾਂਹ ਕਰ ਦਿੱਤੀ ਹੈ। ਇਸੇ ਤਰ੍ਹਾਂ ਸਹਿਜਧਾਰੀਆਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ 'ਚ ਵੋਟ ਪਾਉਣ ਦਾ ਅਧਿਕਾਰ ਦੇਣ ਦਾ ਮਾਮਲਾ ਮੁੜ ਉਭਰਿਆ ਹੈ। ਲੰਮੀ ਜਦੋਜਹਿਦ ਮਗਰੋਂ ਅਕਤੂਬਰ 2003 ਵਿਚ ਨੋਟੀਫਿਕੇਸ਼ਨ ਰਾਹੀਂ ਰੋਕ ਲਵਾਉਣ ਵਿਚ ਸਿੱਖ ਸਫਲ ਹੋਏ ਸਨ। ਇਸ ਬਾਰੇ 29 ਮਾਰਚ 2003 ਨੂੰ ਉਸ ਵੇਲੇ ਦੇ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਹੇਠ ਮੀਟਿੰਗ ਹੋਈ ਸੀ ਜਿਸ ਵਿਚ ਸ਼੍ਰੋਮਣੀ ਕਮੇਟੀ ਵਲੋਂ ਉਹ ਖੁਦ ਤੇ ਬੀਬੀ ਕਿਰਨਜੋਤ ਕੌਰ, ਸੁਖਦੇਵ ਸਿੰਘ ਢੀਂਡਸਾ, ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਹਿਮਾਚਲ ਦੇ ਮੁੱਖ ਮੰਤਰੀ ਪ੍ਰੋ. ਪ੍ਰੇਮ ਕੁਮਾਰ ਧੂਮਲ, ਹਰਿਆਣਾ ਦੇ ਉਸ ਵੇਲੇ ਦੇ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਕਾਨੂੰਨ ਮੰਤਰੀ ਅਰੁਣ ਜੇਤਲੀ ਤੇ ਹੋਰ ਸਿਆਸਤਦਾਨ ਸ਼ਾਮਲ ਹੋਏ ਸਨ।

ਪ੍ਰੋ. ਬਡੂੰਗਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਉਨ੍ਹਾਂ ਇਹ ਦਲੀਲ ਪੇਸ਼ ਕੀਤੀ ਸੀ ਕਿ ਜਦੋਂ ਹੋਰ ਧਰਮਾਂ ਵਿਚ ਸਹਿਜਧਾਰੀ ਨਹੀਂ ਹੁੰਦੇ ਤਾਂ ਫਿਰ ਸਿੱਖ ਧਰਮ ਵਿਚ ਕਿਵੇਂ ਹੋ ਸਕਦੇ ਹਨ? ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਸਹਿਜਧਾਰੀਆਂ ਦੀ ਹਮਾਇਤ ਕੀਤੀ ਸੀ ਪਰ ਵਾਜਪਾਈ ਸਰਕਾਰ ਨੇ ਅਕਤੂਬਰ 2003 ਵਿਚ ਨੋਟੀਫਿਕੇਸ਼ਨ ਰਾਹੀਂ ਸਹਿਜਧਾਰੀਆਂ ਦੇ ਵੋਟ ਪਾਉਣ 'ਤੇ ਰੋਕ ਲਾ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਹ ਦੋਵੇਂ ਮੁੱਦੇ ਸਿੱਖ ਪਛਾਣ ਨਾਲ ਜੁੜੇ ਹੋਏ ਹਨ। ਹੁਣ ਜੇਕਰ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇ ਦਿੱਤਾ ਗਿਆ ਤਾਂ ਸਿੱਖ ਮਰਿਆਦਾ ਨੂੰ ਖ਼ਤਰਾ ਪੈਦਾ ਹੋ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਦਾ ਕਹਿਣਾ ਹੈ ਕਿ ਅਨੰਦ ਕਾਰਜ ਐਕਟ ਅਤੇ ਸਹਿਜਧਾਰੀ ਮੁੱਦੇ ਵਾਂਗ ਹੀ ਵਧ ਰਹੇ ਪਤਿਤਪੁਣੇ ਨੂੰ ਠੱਲ੍ਹ ਪਾਉਣ ਦਾ ਮੁੱਦਾ ਵੀ ਅਹਿਮ ਹੈ। ਇਸੇ ਤਰ੍ਹਾਂ ਹਾਲ ਹੀ ਵਿਚ ਸਾਹਮਣੇ ਆਇਆ ਸੁਨਹਿਰੀ ਬੀੜਾਂ ਦਾ ਮਾਮਲਾ ਵੀ ਲੋਕਾਂ ਦੀ ਵਿਸ਼ੇਸ਼ ਤਵੱਜੋ ਮੰਗਦਾ ਹੈ। ਇਸ ਮਾਮਲੇ ਵਿਚ ਹੁਣ ਤਕ ਹੁਕਮਰਾਨਾਂ ਨੇ ਕੁਝ ਵੀ ਨਹੀਂ ਕੀਤਾ। ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਗਈ ਸੋਧ ਨੂੰ ਵੀ ਸਮੁੱਚੇ ਸਿੱਖ ਜਗਤ ਨੇ ਸਵਿਕਾਰ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਤੇ ਸਿੱਖ ਵਿਦਵਾਨ ਡਾ. ਗੁਰਬਚਨ ਸਿੰਘ ਬਚਨ ਨੇ ਵੀ ਕਿਹਾ ਕਿ ਅਨੰਦ ਕਾਰਜ ਐਕਟ ਅਤੇ ਸਹਿਜਧਾਰੀ ਮਾਮਲੇ ਦੇ ਭਾਰੂ ਰਹਿਣ ਕਾਰਨ ਹੋਰ ਧਾਰਮਿਕ ਮੁੱਦੇ ਫਿੱਕੇ ਰਹਿਣਗੇ ਪਰ ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਨੂੰ ਸਾਧਾਰਨ ਬੰਦੇ ਤਕ ਪਹੁੰਚਾਉਣਾ, ਪਤਿਤਪੁਣੇ ਨੂੰ ਰੋਕਣਾ ਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸਾਂ ਦੌਰਾਨ ਪਾਸ ਕੀਤੇ ਜਾਂਦੇ ਮਤਿਆਂ ਦੀ ਪੂਰਤੀ ਲਈ ਪੈਰਵੀ ਕੀਤੇ ਜਾਣ ਦੇ ਮੁੱਦੇ ਵੀ ਪ੍ਰਚਾਰੇ ਜਾਣੇ ਚਾਹੀਦੇ ਹਨ।

# ਪ੍ਰੋ. ਭੁੱਲਰ ਨੂੰ ਪਟੀਸ਼ਨ ਮੁੜ ਦਾਖ਼ਲ ਕਰਨ ਦੀ ਇਜਾਜ਼ਤ ਮਿਲੀ

ਜ਼ਿਕਰਯੋਗ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਯੂਥ ਕਾਂਗਰਸ ਦੇ ਮੁਖੀ ਐਮ.ਐਸ. ਬਿੱਟਾ ਦੇ ਕਾਫਲੇ 'ਤੇ 1993 ਵਿਚ ਹਮਲਾ ਕਰਨ ਦੇ ਦੋਸ਼ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਹਮਲੇ ਵਿਚ ਬਿੱਟਾ ਗੰਭੀਰ ਜ਼ਖਮੀ ਹੋ ਗਿਆ ਸੀ ਅਤੇ ਨੌਂ ਸੁਰੱਖਿਆ ਕਰਮੀ ਮਾਰੇ ਗਏ ਸਨ। ਇਸ ਤੋਂ ਪਹਿਲਾਂ ਪਾਈ ਪਟੀਸ਼ਨ ਵਿਚ ਪ੍ਰੋ. ਭੁੱਲਰ ਨੇ ਰਾਸ਼ਟਰਪਤੀ ਵੱਲੋਂ ਰਹਿਮ ਦੀ ਅਪੀਲ ਖਾਰਜ ਕਰਨ ਵਿਚ ਹੋਈ ਅੱਠ ਸਾਲ ਦੀ ਦੇਰੀ ਨੂੰ ਆਧਾਰ ਬਣਾ ਕੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਬੇਨਤੀ ਕੀਤੀ ਸੀ। ਇਸ ਦੇਰੀ ਕਾਰਨ ਪ੍ਰੋ. ਭੁੱਲਰ ਅੱਠ ਸਾਲਾਂ ਲਈ ਤਿਹਾੜ ਜੇਲ੍ਹ ਦੀ ਕਾਲ ਕੋਠੜੀ ਵਿਚ ਰਿਹਾ। ਉਸ ਨੇ ਪਟੀਸ਼ਨ ਵਿਚ ਕਿਹਾ ਸੀ ਕਿ ਕਾਲ ਕੋਠੜੀ ਵਿਚ ਰਹਿਣਾ ਉਮਰ ਕੈਦ ਤੋਂ ਵੀ ਬਦਤਰ ਹੈ। ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਿਆ ਜਾਣਾ ਚਾਹੀਦਾ ਹੈ ਕਿਉਂਕਿ ਉਸ ਨੂੰ ਹਮਲੇ ਲਈ ਦੋ ਸਜ਼ਾਵਾਂ, ਮੌਤ ਦੀ ਸਜ਼ਾ ਤੇ ਕਈ ਸਾਲਾਂ ਦੀ ਕੈਦ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

ਇਸ 'ਤੇ ਸੁਪਰੀਮ ਕੋਰਟ ਨੇ 23 ਮਈ ਨੂੰ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਦੇਣ ਲਈ ਕਿਹਾ ਸੀ। ਪ੍ਰੋ. ਭੁੱਲਰ ਦੇ ਵਕੀਲ ਨੇ ਹੁਣ ਕਿਹਾ ਕਿ ਉਹ ਆਪਣੇ ਮੁਵੱਕਿਲ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਲਈ ਦੋ ਹੋਰ ਕਾਰਨ ਦੇਵੇਗਾ। ਪਹਿਲਾ, ਕਾਨੂੰਨ ਕਮਿਸ਼ਨ ਅਨੁਸਾਰ ਮੌਤ ਦੀ ਸਜ਼ਾ ਦੇ ਕੇਸਾਂ ਦਾ ਫੈਸਲਾ ਸਿਰਫ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚਾਂ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਦੂਜਾ, ਜੇਕਰ ਸੁਪਰੀਮ ਕੋਰਟ ਦੇ ਫੈਸਲੇ ਦੌਰਾਨ ਮੌਤ ਦੀ ਸਜ਼ਾ ਬਾਰੇ ਸਰਬ-ਸਹਿਮਤੀ ਨਹੀਂ ਬਣਦੀ ਤਾਂ ਇਸ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਪ੍ਰੋ. ਭੁੱਲਰ ਦੇ ਕੇਸ ਵਿਚ ਸੁਪਰੀਮ ਕੋਰਟ ਵਿਚ ਦੋ ਜੱਜਾਂ ਨੇ ਮੌਤ ਦੀ ਸਜ਼ਾ ਦੀ ਹਮਾਇਤ ਕੀਤੀ ਸੀ ਅਤੇ ਇਕ ਜੱਜ ਨੇ ਇਸ ਨਾਲ ਅਸਹਿਮਤੀ ਪ੍ਰਗਟਾਈ ਸੀ।

ਪਹਿਲਾਂ ਵਾਲੀ ਪਟੀਸ਼ਨ ਵਿਚ ਐਡਵੋਕੇਟ ਤੁਲਸੀ ਵੱਲੋਂ ਪ੍ਰੋ. ਭੁੱਲਰ ਦੀ ਦਿਮਾਗੀ ਹਾਲਤ ਨੂੰ ਵੀ ਉਸ ਦੀ ਮੌਤ ਦੀ ਸਜ਼ਾ ਰੱਦ ਕਰਨ ਲਈ ਕਾਰਨ ਦੱਸਿਆ ਗਿਆ ਸੀ। ਫਾਂਸੀ ਦੀ ਸਜ਼ਾ ਦੀ ਉਡੀਕ ਵਿਚ ਕਾਲ ਕੋਠੜੀ ਵਿਚ ਰਹੇ ਪ੍ਰੋ. ਭੁੱਲਰ ਦੀ ਦਿਮਾਗੀ ਹਾਲਤ ਖਰਾਬ ਹੋ ਗਈ ਤੇ ਇਸ ਵੇਲੇ ਉਸ ਦਾ ਸ਼ਾਹਦਰਾ ਦੀ 'ਇੰਸਟੀਚਿਊਟ ਆਫ ਹਿਊਮਨ ਬੀਹੇਵੀਅਰ ਤੇ ਅਲਾਈਡ ਸਾਇੰਸ' ਤੋਂ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਸੀ ਕਿ ਅਜਿਹੀ ਦਿਮਾਗੀ ਹਾਲਤ ਵਾਲੇ ਦੋਸ਼ੀਆਂ ਨੂੰ ਫਾਂਸੀ ਦਿੱਤੇ ਜਾਣ ਦੀ ਕੋਈ ਕਾਨੂੰਨੀ ਵਿਵਸਥਾ ਨਹੀਂ ਹੈ।

# ਜਥੇਦਾਰ ਮੱਕੜ ਦੀ ਗੱਡੀ ਨੇ 1.64 ਕਰੋੜ ਦਾ ਤੇਲ ਛਕਿਆ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਕਾਰ 1.64 ਕਰੋੜ ਰੁਪਏ ਦਾ ਤੇਲ ਛੱਕ ਗਈ ਹੈ। ਏਨੀ ਵੱਡੀ ਰਕਮ ਦੇ ਤੇਲ ਨਾਲ ਤਾਂ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦੇ 585 ਗੇੜੇ ਲੱਗ ਸਕਦੇ ਸਨ। ਜਥੇਦਾਰ ਮੱਕੜ ਕੋਲ ਇਸ ਵੇਲੇ ਕੈਮਰੀ ਗੱਡੀ ਹੈ। ਪੰਜ ਵਰ੍ਹਿਆਂ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਗੱਡੀ ਦਾ ਖ਼ਰਚਾ ਹਰ ਵਰ੍ਹੇ ਵਧ ਰਿਹਾ ਹੈ।



ਅਪਰੈਲ 2006 ਤੋਂ 31 ਮਾਰਚ, 2011 (ਪੰਜ ਸਾਲਾਂ) 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਕਾਰ ਦਾ ਤੇਲ ਖਰਚ 1,64,94,510 ਰੁਪਏ ਰਿਹਾ ਹੈ। ਮਾਲੀ ਵਰ੍ਹੇ 2010-11 'ਚ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਕਾਰ ਦੇ ਤੇਲ ਖਰਚ ਨੇ ਪਿਛਲੇ ਰਿਕਾਰਡ ਹੀ ਤੋੜ ਦਿੱਤੇ। ਇਸ ਇਕ ਵਰ੍ਹੇ ਦੌਰਾਨ 47.53 ਲੱਖ ਰੁਪਏ ਤੇਲ ਖਰਚਾ ਆਇਆ ਹੈ। ਇਕੋ ਵਰ੍ਹੇ 'ਚ ਰੋਜ਼ਾਨਾ ਤੇਲ ਖਰਚ 13023 ਰੁਪਏ ਰਿਹਾ ਹੈ। ਕਾਰ ਦੀ ਤੇਲ ਖ਼ਪਤ ਔਸਤਨ 9 ਕਿਲੋਮੀਟਰ ਪ੍ਰਤੀ ਲਿਟਰ ਵੀ ਮੰਨ ਲਈਏ ਤਾਂ ਵੀ ਲੰਘੇ ਵਰ੍ਹੇ 'ਚ ਜਥੇਦਾਰ ਮੱਕੜ ਨੇ ਰੋਜ਼ਾਨਾ ਆਪਣੀ ਕਾਰ ਰਾਹੀਂ 1953 ਕਿਲੋਮੀਟਰ ਦਾ ਸਫ਼ਰ ਕੀਤਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਹਾਸਲ ਜਾਣਕਾਰੀ ਤੋਂ ਇਹ ਭੇਤ ਖੁੱਲ੍ਹਾ ਹੈ। ਸ਼੍ਰੋਮਣੀ ਕਮੇਟੀ ਦੇ ਦਫ਼ਤਰੀ ਰਿਕਾਰਡ ਅਨੁਸਾਰ ਪ੍ਰਧਾਨ ਦੀ ਕਾਰ ਦਾ ਤੇਲ ਖਰਚ ਸਾਲ 2006-07 'ਚ 26,26,124 ਰੁਪਏ ਰਿਹਾ ਹੈ ਜਦੋਂਕਿ ਸਾਲ 2007-08 'ਚ ਇਹ ਖਰਚ 30,99,868 ਰੁਪਏ ਹੋ ਗਿਆ। ਸਾਲ 2008-09 'ਚ ਤੇਲ ਖਰਚ 27,54,278 ਰੁਪਏ ਰਿਹਾ ਹੈ। ਇਸੇ ਤਰ੍ਹਾਂ ਸਾਲ 2009-10 ਵਿਚ ਇਹ ਤੇਲ ਖਰਚ ਵਧ ਕੇ 32,60,514 ਰੁਪਏ ਹੋ ਗਿਆ। ਸਾਲ 2010-11 'ਚ ਪ੍ਰਧਾਨ ਦੀ ਕਾਰ ਦਾ ਤੇਲ ਖਰਚ 47,53,726 ਰੁਪਏ ਰਿਹਾ ਹੈ।

ਇਨ੍ਹਾਂ ਪੰਜ ਵਰ੍ਹਿਆਂ ਦੀ ਔਸਤ ਕੱਢੀਏ ਤਾਂ ਪ੍ਰਧਾਨ ਦੀ ਕਾਰ ਦਾ ਪ੍ਰਤੀ ਦਿਨ ਦਾ ਤੇਲ ਖਰਚ 9038 ਰੁਪਏ ਰਿਹਾ ਹੈ। ਪੰਜ ਵਰ੍ਹਿਆਂ ਦੌਰਾਨ ਪ੍ਰਧਾਨ ਦੀ ਕਾਰ ਉਪਰ ਦੱਸੀ ਔਸਤ ਦੇ ਹਿਸਾਬ ਨਾਲ 29,69,011 ਕਿਲੋਮੀਟਰ ਦੌੜੀ ਹੈ। ਇਸ ਹਿਸਾਬ ਨਾਲ ਅੰਮ੍ਰਿਤਸਰ ਤੋਂ ਦਿੱਲੀ ਦੇ ਆਉਣ ਜਾਣ ਦੇ 5938 ਗੇੜੇ ਬਣਦੇ ਹਨ। ਸਾਲ 2010-11 ਵਿਚ ਤਾਂ ਤੇਲ ਖਰਚਾ ਹੀ ਹੈਰਾਨੀ ਵਾਲਾ ਰਿਹਾ ਹੈ। ਇਸ ਮਾਲੀ ਸਾਲ ਦੌਰਾਨ ਰੋਜ਼ਾਨਾ ਕਾਰ ਤਕਰੀਬਨ 1953 ਕਿਲੋਮੀਟਰ ਚੱਲੀ ਹੈ। ਇਸ ਤੋਂ ਲੱਗਦਾ ਹੈ ਕਿ ਜਥੇਦਾਰ ਦਿਨ ਰਾਤ ਸਫ਼ਰ 'ਤੇ ਹੀ ਰਹੇ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

## ਐਫ. ਬੀ. ਆਈ. ਵੱਲੋਂ ਪਾਕਿਸਤਾਨੀ ਨੌਜਵਾਨ ਗ੍ਰਿਫ਼ਤਾਰ

**ਵਾਸ਼ਿੰਗਟਨ:** ਐਫ.ਬੀ.ਆਈ. ਨੇ ਇਕ ਪਾਕਿਸਤਾਨੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਜਿਸ ਨੇ ਅਮਰੀਕਾ ਜਾਣ ਤੋਂ ਪਹਿਲਾਂ ਚੜ੍ਹਦੀ ਉਮਰੇ ਲਸ਼ਕਰ-ਏ-ਤੋਇਬਾ ਦੇ ਕੈਂਪ ਵਿਚੋਂ ਸਿਖਲਾਈ ਲਈ ਸੀ। ਜਾਂਚ ਏਜੰਸੀ ਅਨੁਸਾਰ 24 ਸਾਲਾ ਜ਼ੁਬੈਰ ਅਹਿਮਦ ਜੋ ਅਮਰੀਕਾ ਦਾ ਸਥਾਈ ਵਸਨੀਕ ਹੈ, ਨੂੰ ਲਸ਼ਕਰ-ਏ-ਤੋਇਬਾ ਦੀ ਵਿੱਤੀ ਮਦਦ ਕਰਨ ਦੇ ਦੋਸ਼ ਵਿਚ ਫੜਿਆ ਗਿਆ ਹੈ। ਫੌਜਦਾਰੀ ਸ਼ਿਕਾਇਤ ਦੇ ਨਾਲ ਲਾਏ ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਅਹਿਮਦ ਨੇ ਚੜ੍ਹਦੀ ਉਮਰੇ ਪਾਕਿਸਤਾਨ ਵਿਚ ਲਸ਼ਕਰ-ਏ-ਤੋਇਬਾ ਤੋਂ ਸਿਖਲਾਈ ਲਈ ਸੀ। ਦੋਸ਼ ਸਿੱਧ ਹੋਣ 'ਤੇ ਉਸ ਨੂੰ ਵੱਧ ਤੋਂ ਵੱਧ 15 ਸਾਲਾਂ ਦੀ ਕੈਦ ਹੋ ਸਕਦੀ ਹੈ। ਅਹਿਮਦ ਆਪਣੇ ਹੋਰ ਪਰਿਵਾਰਕ ਮੈਂਬਰਾਂ ਨਾਲ 2007 ਵਿਚ ਪਾਕਿਸਤਾਨ ਆਇਆ ਸੀ। ਅਮਰੀਕੀ ਨਿਆਂ ਵਿਭਾਗ ਅਨੁਸਾਰ ਐਫ.ਬੀ.ਆਈ. ਨੇ ਉਸ ਦੇ ਲਸ਼ਕਰ-ਏ-ਤੋਇਬਾ ਨਾਲ ਸਬੰਧਾਂ ਬਾਰੇ ਸੂਹ ਮਿਲਣ 'ਤੇ 2009 ਵਿਚ ਜਾਂਚ ਸ਼ੁਰੂ ਕੀਤੀ ਸੀ। ਉਸ ਨੇ ਕਥਿਤ ਤੌਰ 'ਤੇ ਸਤੰਬਰ 2010 ਵਿਚ ਲਸ਼ਕਰ-ਏ-ਤੋਇਬਾ ਵੱਲੋਂ ਪ੍ਰਾਪੇਗੰਡਾ ਵੀਡੀਓ ਯੂਟਿਊਬ 'ਤੇ ਪਾਇਆ ਸੀ। ਇਸ ਵੀਡੀਓ ਵਿਚ ਹਾਫਿਜ਼ ਸਈਦ ਤੇ ਕਈ ਜਹਾਦੀਆਂ ਤੇ ਵਿਸਫੋਟਕ ਸਮੱਗਰੀ ਨਾਲ ਭਰੇ ਟਰੱਕਾਂ ਦੀਆਂ ਤਸਵੀਰਾਂ ਸਨ।


ਅਹਿਮਦ ਅਕਤੂਬਰ 2010 ਵਿਚ ਤਾਲ੍ਹਾ ਨਾਂ ਦੇ ਵਿਅਕਤੀ ਦੇ ਸੰਪਰਕ ਵਿਚ ਆਇਆ ਸੀ ਤੇ ਉਸ ਦੇ ਕਹਿਣ 'ਤੇ ਹੀ ਅਹਿਮਦ ਨੇ ਇਹ ਵੀਡੀਓ ਤਿਆਰ ਕੀਤਾ ਸੀ। ਐਫ.ਬੀ.ਆਈ. ਨੇ ਲੰਘੀ ਅਗਸਤ 'ਚ ਅਹਿਮਦ ਤੋਂ ਇਸ ਵੀਡੀਓ ਬਾਰੇ ਪੁੱਛ-ਪੜਤਾਲ ਕੀਤੀ ਸੀ। ਹਾਲਾਂਕਿ ਐਫ.ਬੀ.ਆਈ. ਨੇ ਤਾਲ੍ਹਾ ਦੇ ਅਹਿਮਦ ਨਾਲ ਰਾਬਤੇ ਦੇ ਵੇਰਵੇ ਨਹੀਂ ਦਿੱਤੇ ਪਰ ਇਹ ਜ਼ਰੂਰ ਦੱਸਿਆ ਕਿ ਇਸ ਤਰ੍ਹਾਂ ਦੇ ਮੂਲਵਾਦੀ ਵੀਡੀਓ ਤਿਆਰ ਕਰਨ ਪਿੱਛੇ ਹਾਫਿਜ਼ ਸਈਦ ਦਾ ਪੁੱਤਰ ਸਰਗਰਮ ਹੈ। ਐਫ.ਬੀ.ਆਈ. ਦੀ ਸ਼ਿਕਾਇਤ ਮੁਤਾਬਕ ਜ਼ੁਬੈਰ ਅਹਿਮਦ ਨੇ ਸਿਖਲਾਈ ਕੈਂਪ ਵਿਚ ਹਫਤਾ ਕੁ ਬਿਤਾਇਆ ਤੇ ਕੈਂਪ ਦੇ ਸਿੱਖਿਅਕ ਨੇ ਉਸ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਸੀ ਕਿ ਉਹ ਅਜੇ ਛੋਟਾ ਹੈ ਤੇ ਆਪਣੀ ਪੜ੍ਹਾਈ ਪੂਰੀ ਕਰੇ।

# ਖ਼ਾਲਿਸਤਾਨ ਦੇ ਸਮੂਹ ਸ਼ਹੀਦਾਂ ਨੂੰ ਸਿਜਦਾ ਕਰਦਾ ਹਾਂ, ਪਰ ਕਾਲੀਆਂ ਬਿੱਲੀਆਂ ਨੂੰ ਮਾਨਤਾ ਨਹੀਂ ਦੇ ਸਕਦਾ-ਮਾਨ

**ਫਤਿਹਗੜ੍ਹ ਸਾਹਿਬ (ਬਿਊਰੋ):** ਪੰਜਾਬ ਵਿਧਾਨ ਸਭਾ 1992 ਦੀ ਚੋਣ ਦਾ ਕੁੱਝ ਖਾੜਕੂ ਜਥੇਬੰਦੀਆਂ ਵੱਲੋਂ ਇਸ ਕਰਕੇ ਬਾਈਕਾਟ ਕੀਤਾ ਗਿਆ ਕਿ ਕਿਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤਾਕਤ ਵਿਚ ਨਾ ਆ ਜਾਵੇ। ਉਸ ਵੇਲੇ ਇਨ੍ਹਾਂ ਖਾੜਕੂ ਧਿਰਾਂ ਦਾ ਤਰਕ ਸੀ ਕਿ ਜੇਕਰ ਸਿਮਰਨਜੀਤ ਸਿੰਘ ਮਾਨ ਅੱਗੇ ਆ ਗਿਆ ਤਾਂ ਖ਼ਾਲਿਸਤਾਨ ਦੀ ਜੱਦੋ-ਜਹਿਦ ਖ਼ਤਮ ਹੋ ਜਾਵੇਗੀ, ਇਸ ਕਰਕੇ ਸਾਨੂੰ ਰਾਜਸੀ ਤੌਰ 'ਤੇ ਨੁਕਸਾਨ ਪਹੁੰਚਾਉਣ ਲਈ ਹੀ ਬੰਦੂਕ ਦੀ ਨੋਕ 'ਤੇ ਬਾਈਕਾਟ ਕਰਵਾ ਕੇ ਸਿੱਖ ਕੌਮ ਦਾ ਬਹੁਤ ਵੱਡਾ ਨੁਕਸਾਨ ਕੀਤਾ ਗਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਇਕ ਪ੍ਰੈਸ ਬਿਆਨ ਰਾਹੀਂ ਕਰਦਿਆਂ ਕਿਹਾ ਕਿ ਇਹ ਬਿਆਨ ਮੈਂ ਕੁੱਝ ਦਿਨ ਪਹਿਲਾਂ ਵੀ ਦਿੱਤਾ ਸੀ ਜਿਸ ਨਾਲ ਖਾੜਕੂ ਧਿਰਾਂ ਵਿਚ ਘੁਸਪੈਠ ਕਰੀ ਬੈਠੇ ਹਿੰਦੁਸਤਾਨੀ ਤਾਕਤਾਂ ਦੇ ਹੱਥਠੋਕਿਆਂ ਅਤੇ ਆਪਣੇ ਆਪ ਨੂੰ ਪੰਥ ਦਰਦੀ ਕਹਾਉਣ ਵਾਲਿਆਂ ਨੂੰ ਡਾਢੀ ਤਕਲੀਫ਼ ਹੋਈ ਸੀ। ਲੇਕਿਨ ਉਸ ਬਿਆਨ ਦੀ ਸੱਚਾਈ ਨੂੰ ਸਮਝਣ ਦੀ ਥਾਂ ਇਨ੍ਹਾਂ ਲੋਕਾਂ ਨੇ ਮੈਨੂੰ ਬੇਲੋੜਾ ਭੰਡਣਾ ਅਰੰਭ ਕਰ ਦਿੱਤਾ। ਜਦੋਂ ਕਿ ਮੈਂ ਹਰ ਗੱਲ ਤੱਥਾਂ ਦੇ ਆਧਾਰ ਅਤੇ ਦਲੀਲ ਨਾਲ ਕਰਦਾ ਹਾਂ।

ਸ. ਮਾਨ ਨੇ ਕਿਹਾ ਕਿ 1992 ਦੀ ਚੋਣ ਬਾਈਕਾਟ ਇੱਕ ਬੱਜਰ ਇਤਿਹਾਸਕ ਗ਼ਲਤੀ ਸੀ ਕਿਉਂਕਿ ਬੇਅੰਤ ਸਿੰਘ ਵਰਗੇ ਜ਼ਾਲਮ ਵਿਅਕਤੀ ਨੂੰ ਮੁੱਖ ਮੰਤਰੀ ਬਣਨ ਦਾ ਮੌਕੇ ਮਿਲ ਗਿਆ ਜਿਸ ਨੇ ਕੇ.ਪੀ.ਐਸ. ਗਿੱਲ ਵਰਗੇ ਬੁਚੜ ਪੁਲਸੀਆਂ ਨਾਲ ਰਲ ਕੇ 50 ਹਜ਼ਾਰ ਤੋਂ ਵਧੇਰੇ ਬੇਗੁਨਾਹ ਸਿੱਖ ਗੱਭਰੂਆਂ ਦਾ ਚਿੱਟੇ ਦਿਨ ਸ਼ਿਕਾਰ ਖੇਡਿਆ ਅਤੇ ਸਾਡੇ ਕੌਮੀ ਹੀਰੇ ਭਾਈ ਸੁਖਦੇਵ ਸਿੰਘ ਬੱਬਰ, ਭਾਈ ਤਲਵਿੰਦਰ ਸਿੰਘ ਬੱਬਰ, ਗੁਰਜੰਟ ਸਿੰਘ ਬੁੱਧ ਸਿੰਘ ਵਾਲਾ, ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ, ਭਾਈ ਜਸਵੰਤ ਸਿੰਘ ਖਾਲੜਾ, ਰਛਪਾਲ ਸਿੰਘ ਛੰਦੜਾਂ, ਸ. ਗੁਰਜੰਟ ਸਿੰਘ ਰਾਜਸਥਾਨੀ ਅਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਆਦਿ ਵਰਗੇ ਇਸੇ ਜ਼ੁਲਮ ਦੀ ਭੇਟ ਚੜ੍ਹੇ।

ਉਨ੍ਹਾਂ ਵੇਲਿਆਂ ਨੂੰ ਚੇਤੇ ਕਰਦਿਆਂ ਸ. ਮਾਨ



ਨੇ ਆਖਿਆ ਕਿ ਅਕਾਲੀ ਦਲ (ਅੰਮ੍ਰਿਤਸਰ) ਨੇ ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਇਸ ਬਾਈਕਾਟ ਦੀ ਅਲਾਮਤ ਨੂੰ ਗਲੋਂ ਲਾਹੁਣ ਲਈ ਚੋਣ ਮੈਦਾਨ ਵਿਚ ਡਟਣ ਦਾ ਹੀਆ ਕੀਤਾ ਸੀ ਪਰ ਚੋਣ ਲੜ ਰਹੇ ਸਾਡੀ ਆਪਣੀ ਪਾਰਟੀ ਦੇ ਬਹਾਦਰ ਜਰਨੈਲ ਸ. ਬਲਦੇਵ ਸਿੰਘ ਲੰਗ ਅਤੇ ਭਾਈ ਸਤਨਾਮ ਸਿੰਘ ਵੀ ਖਾੜਕੂ ਧਿਰਾਂ ਵਿਚ ਸ਼ਾਮਿਲ ਕੈਟਾਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤੇ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋਂ ਲੈ ਕੇ ਹੁਣ ਤੱਕ ਖ਼ਾਲਿਸਤਾਨ ਦੀ ਲਹਿਰ ਵਿਚ ਜਿਹੜੇ ਵੀ ਸਿੰਘ ਨੇ ਆਪਣੀ ਜਾਨ ਦੀ ਬਾਜ਼ੀ ਲਾਈ ਹੈ, ਉਹ ਸਾਡੀ ਨਿੱਤ ਦੀ ਅਰਦਾਸ ਦਾ ਹਿੱਸਾ ਬਣ ਚੁੱਕਾ ਹੈ। ਉਨ੍ਹਾਂ ਦੀ ਕੁਰਬਾਨੀ ਨੂੰ ਮੈਂ ਹਮੇਸ਼ਾ ਸਿਜਦਾ ਕਰਦਾ ਹਾਂ ਅਤੇ ਮੌਜੂਦਾ ਦੌਰ ਵਿਚ ਜਿਹੜਾ ਵੀ ਸੱਜਣ ਖ਼ਾਲਿਸਤਾਨ ਲਹਿਰ ਲਈ ਸੁਹਿਰਦਤਾ ਨਾਲ ਯੋਗਦਾਨ ਪਾ ਰਿਹਾ ਹੈ ਉਹ ਸਤਿਕਾਰ ਦਾ ਪਾਤਰ ਹੈ ਪਰ ਉਨ੍ਹਾਂ ਕਾਲੀਆਂ ਬਿੱਲੀਆਂ ਜਿਨ੍ਹਾਂ ਨੇ ਬੁਰਕੇ ਖ਼ਾਲਿਸਤਾਨੀ ਪਾਏ ਹੋਏ ਹਨ, ਕਾਰਜਸ਼ੈਲੀ ਖ਼ਾਲਿਸਤਾਨ ਵਿਰੋਧੀ ਹੈ, ਉਨ੍ਹਾਂ ਨੂੰ ਕਦੇ ਵੀ ਮਾਨਤਾ ਨਹੀਂ ਦੇ ਸਕਦਾ।

ਆਪਣਾ ਅਤੇ ਆਪਣੀ ਪਾਰਟੀ ਦਾ ਨਜ਼ਰੀਆ ਸਪਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਹਕੂਮਤਾਂ ਦੇ ਪਿੱਠੂ ਮੌਕਾਪ੍ਰਸਤ ਅਤੇ ਮਤਲਬਪ੍ਰਸਤ ਲੋਕਾਂ ਦੀ ਗਿਣਤੀ ਗੱਦਾਰਾਂ ਵਿਚ ਹੀ ਕੀਤੀ ਜਾ ਸਕਦੀ ਹੈ। ਇਨ੍ਹਾਂ ਨੂੰ ਕੌਮੀ ਆਗੂ ਕਹਿਣਾ ਕੌਮ ਦੇ ਭਵਿੱਖ ਦਾ ਕਤਲ ਕਰਨ ਦੇ ਬਰਾਬਰ ਹੈ। ਅੱਜ ਅਕਾਲੀ ਦਲ (ਅੰਮ੍ਰਿਤਸਰ) ਦਾ ਸਿਰ ਸਵੈਮਾਣ ਨਾਲ ਉੱਚਾ ਹੈ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸੰਤ ਭਿੰਡਰਾਂਵਾਲਿਆਂ ਦੇ ਅੰਤਿਮ ਬਚਨਾਂ ਨੂੰ ਆਧਾਰ ਮੰਨ ਕੇ ਸਿੱਖਾਂ ਦੀ ਮੁਕੰਮਲ ਆਜ਼ਾਦੀ ਖ਼ਾਲਿਸਤਾਨ ਨੂੰ ਮੁੱਦਾ ਬਣਾ ਕੇ ਲੜ ਰਹੇ ਹਾਂ। ਇਸ ਲਈ ਮੇਰੇ ਖ਼ਿਲਾਫ਼ ਕੀਤੀ ਜਾ ਰਹੀ ਬੇਲੋੜੀ ਅਤੇ ਬੇਤੁੱਕੀ ਬਿਆਨਬਾਜ਼ੀ ਦਰਅਸਲ ਮੈਨੂੰ ਖ਼ਾਲਿਸਤਾਨ ਦੇ ਰਸਤੇ ਤੋਂ ਥਿੜਕਾਉਣ ਲਈ ਅਤੇ ਖ਼ਾਲਿਸਤਾਨੀ ਮੁੱਦੇ ਦੀ ਕਬਰ ਪੁੱਟਣ ਲਈ ਕੀਤੀ ਜਾ ਰਹੀ ਹੈ।

ਅਕਾਲੀ ਦਲ ਪੰਚ ਪ੍ਰਧਾਨੀ ਅਤੇ ਇਸ ਦੇ ਹਮਜੋਲੀਆਂ ਵਲੋਂ ਹਾਲ ਹੀ ਵਿਚ ਕੀਤੀ ਗਈ ਆਪਣੀ ਆਲੋਚਨਾ ਦਾ ਜਵਾਬ ਦਿੰਦਿਆਂ ਸ. ਮਾਨ ਨੇ ਆਖਿਆ, ਮੈਂ ਦੇਸ਼ ਵਿਦੇਸ਼ ਵਿਚ ਰਹਿੰਦੇ ਸਮੂਹ ਸਿੱਖ ਜਗਤ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਫੇਰ 1992 ਦੀ ਚੋਣ ਦੇ ਬਾਈਕਾਟੀਏ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਪਰਮਜੀਤ ਸਰਨੇ ਵੱਲੋਂ ਦਿੱਲੀ ਦਰਬਾਰ ਦੀ ਰਾਇ ਨਾਲ ਬਣਾਏ ਪੰਥਕ ਮੋਰਚੇ ਵਿਚ ਸ਼ਾਮਿਲ ਹੋ ਕੇ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੀ ਜਮਾਤ ਕਾਂਗਰਸ ਨਾਲ ਹਮਗਲਵੱਕੜੀ ਹੋਏ ਬੈਠੇ ਹਨ। ਇਸ ਲਈ ਸਿੱਖ ਸੰਗਤਾਂ ਖ਼ੁਦ ਫ਼ੈਸਲਾ ਕਰ ਲੈਣ ਕਿ ਬਾਦਲ ਦਲ, ਬੀ.ਜੇ.ਪੀ. ਅਤੇ ਹਿੰਦੁਸਤਾਨੀ ਤਾਕਤਾਂ ਤਾਂ ਸਿੱਧੇ ਰੂਪ ਵਿਚ ਖ਼ਾਲਿਸਤਾਨੀ ਲਹਿਰ ਨੂੰ ਕੁੱਚਲ ਦੇਣ ਦੀ ਤਾਕ ਵਿਚ ਤਾਂ ਹਨ ਹੀ, ਕੀ ਇਹ ਅਖੌਤੀ ਪੰਥਕ ਧਿਰਾਂ ਇਸ ਸਮੇਂ ਦਿੱਲੀ ਦਰਬਾਰ ਦੀਆਂ ਹੱਥਠੋਕੀਆਂ ਬਣ ਕੇ ਦੁਸ਼ਮਣਾਂ ਦੀ ਕਤਾਰ ਵਿਚ ਖ਼ਲੋਤੀਆਂ ਨਜ਼ਰ ਨਹੀਂ ਆ ਰਹੀਆਂ?

ਸ. ਮਾਨ ਨੇ ਸਵਾਲ ਕੀਤਾ ਕਿ ਕਿਸੇ ਵੇਲੇ ਸੰਤ ਭਿੰਡਰਾਂਵਾਲਿਆਂ ਦੀ ਕੁੱਛੜ ਚੜ੍ਹ ਕੇ ਲੋਰੀਆਂ ਲੈਣ ਵਾਲੇ ਕਰਨਲ ਜਸਮੇਲ ਸਿੰਘ ਬਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਵਿਰਸਾ ਸਿੰਘ ਵਲਟੋਹਾ, ਆਰ.ਪੀ. ਸਿੰਘ, ਭਾਈ ਮਨਜੀਤ ਸਿੰਘ, ਜਸਵੀਰ ਸਿੰਘ ਰੋਡੇ, ਕੈਪਟਨ ਹਰਚਰਨ ਸਿੰਘ ਰੋਡੇ, ਬਲਦੇਵ ਸਿੰਘ, ਅਮਰਜੀਤ ਸਿੰਘ ਚਾਵਲਾ, ਰਾਜਿੰਦਰ ਸਿੰਘ ਮਹਿਤਾ, ਗੁਰਚਰਨ ਸਿੰਘ ਗਰੇਵਾਲ ਅਤੇ ਭਾਈ ਰਾਮ ਸਿੰਘ ਵਰਗੇ ਅਨੇਕਾਂ ਹੋਰ ਮੌਕਾਪ੍ਰਸਤ ਆਗੂ ਅੱਜ ਖ਼ਾਲਿਸਤਾਨੀ ਵਿਚਾਰਧਾਰਾ ਨੂੰ ਪਿੱਠ ਦੇ ਕੇ ਬਾਦਲ ਦੀ ਭਗਵੀਂ ਗੋਦ ਵਿਚ ਕਿਉਂ ਜਾ ਬੈਠੇ ਹਨ? ਜਿਥੇ ਕਿ ਸੰਤ ਜਰਨੈਲ ਸਿੰਘ ਸਮੇਤ ਅਨੇਕਾਂ ਸ਼ਹੀਦਾਂ ਦੇ ਖ਼ੂਨ ਦੇ ਛਿੱਟੇ ਪਏ ਸਾਫ਼ ਵਿਖਾਈ ਦੇ ਰਹੇ ਹਨ। ਇਸੇ ਤਰ੍ਹਾਂ ਸੰਤ ਜਰਨੈਲ ਸਿੰਘ ਦੇ ਅਖ਼ੌਤੀ ਵਾਰਸ ਅਤੇ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਬਾਬਾ ਹਰਨਾਮ ਸਿੰਘ ਧੁੰਮਾਂ ਅਤੇ ਸੰਤ ਸਮਾਜ ਵੀ ਬਾਦਲੀ ਰੰਗ ਵਿਚ ਵੀ ਰੰਗਿਆ ਗਿਆ ਹੈ। ਜਦੋਂ ਕਿ ਪਹਿਲਾਂ ਵੀ ਇਸ ਸੰਤ ਜੁੰਡਲੀ ਨੇ ਨਾਨਕਸ਼ਾਹੀ ਕਲੰਡਰ ਨੂੰ ਬਿਕਰਮੀ ਕਲੰਡਰ ਵਿਚ ਤਬਦੀਲ ਕਰਕੇ ਸਿੱਖਾਂ ਨਾਲ ਬੜੀ ਵੱਡੀ ਗ਼ੱਦਾਰੀ ਕੀਤੀ ਹੈ ਜਿਸ ਕਰਕੇ ਅੱਜ ਬਾਦਲ ਦਲ ਵਿਚ ਬੈਠੀ ਆਰ.ਆਰ.ਐਸ. ਨੇ ਦਰਜਨਾਂ ਅਖੌਤੀ ਸੰਤਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾਉਣ ਦਾ ਬੀੜਾ ਚੁੱਕਿਆ ਹੈ। ਸ. ਮਾਨ ਨੇ ਕਿਹਾ ਕਿ ਇਤਿਹਾਸ ਗਵਾਹੀ ਭਰੇਗਾ ਕਿ ਅਕਾਲੀ ਦਲ (ਅ) ਨੇ ਪੂਰੀ ਦ੍ਰਿੜਤਾ ਅਤੇ ਇਮਾਨਦਾਰੀ ਨਾਲ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਲੜਾਈ ਲੜੀ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਸਹਿਜਧਾਰੀ ਸਿੱਖਾਂ ਦਾ ਮੁੱਦਾ: ਕੇਂਦਰ ਸਰਕਾਰ ਨੂੰ ਪੁੱਠੇ ਪੈਰੀਂ ਮੁੜਨਾ ਪਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ ਬਾਰੇ ਛਿੜੇ ਵਿਵਾਦ ਕਾਰਨ ਕੇਂਦਰ ਸਰਕਾਰ ਇਕ ਵਾਰ ਫਿਰ ਕਸੂਤੀ ਹਾਲਤ 'ਚ ਫਸ ਗਈ ਹੈ। ਪਹਿਲੀ ਸਤੰਬਰ ਨੂੰ ਸਰਕਾਰੀ ਵਕੀਲ ਸੀਨੀਅਰ ਐਡਵੋਕੇਟ ਹਰਭਗਵਾਨ ਸਿੰਘ ਨੇ ਹਾਈ ਕੋਰਟ ਬਿਆਨ ਦੇ ਦਿੱਤਾ ਸੀ ਕਿ 8 ਅਕਤੂਬਰ 2003 ਦਾ ਨੋਟੀਫਿਕੇਸ਼ਨ (ਜਿਸ ਰਾਹੀਂ ਸਹਿਜਧਾਰੀਆਂ ਤੋਂ ਵੋਟ ਦਾ ਅਧਿਕਾਰ ਖੋਹਿਆ ਸੀ) ਵਾਪਸ ਲਿਆ ਜਾਂਦਾ ਹੈ ਕਿਉਂਕਿ ਇਹ ਬਿਨਾਂ ਸੋਚੇ ਸਮਝੇ ਸ਼੍ਰੋਮਣੀ ਦੇ 30 ਮਾਰਚ 2002 ਦੇ ਮਤੇ ਦੇ ਆਧਾਰ 'ਤੇ ਜਾਰੀ ਕੀਤਾ ਗਿਆ ਸੀ। ਹੋਰ ਤਾਂ ਹੋਰ ਇਸ ਬਿਆਨ ਦੇ ਆਧਾਰ 'ਤੇ ਹਾਈ ਕੋਰਟ ਦੇ ਜਸਟਿਸ ਐਮ.ਐਮ. ਕੁਮਾਰ, ਜਸਟਿਸ ਆਲੋਕ ਸਿੰਘ ਤੇ ਜਸਟਿਸ ਗੁਰਦੇਵ ਸਿੰਘ 'ਤੇ ਆਧਾਰਤ ਪੂਰੇ ਬੈਂਚ ਨੇ ਪੀਟਸ਼ਨ ਨੂੰ ਬੇਲੋੜੀ ਮੰਨਦੇ ਹੋਏ ਨਿਬੇੜਾ ਕਰ ਦਿੱਤਾ ਸੀ।



*ਚੋਣ ਕਮਿਸ਼ਨ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ ਕਰਦੇ ਹੋਏ ਸੁਖਬੀਰ ਬਾਦਲ ਅਤੇ ਉਸ ਦੇ ਹਮਾਇਤੀ।*

ਇਸ ਨੂੰ ਲੈ ਕੇ ਸਿੱਖਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਨੂੰ ਤਾਂ ਕਾਂਗਰਸ ਦੇ ਟਾਕਰੇ ਲਈ ਚੰਗਾ ਮੁੱਦਾ ਮਿਲ ਗਿਆ ਜਿਸ ਦੀ ਵਰਤੋਂ ਵਿਧਾਨ ਸਭਾ 'ਚ ਵੀ ਖੁੱਲ੍ਹ ਕੇ ਕੀਤੀ ਜਾਵੇਗੀ। ਭਾਵੇਂ ਕੇਂਦਰ ਸਰਕਾਰ ਨੇ ਮੌਕਾ ਸੰਭਾਲਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਉਸ ਦਾ ਖਹਿੜਾ ਛੁੱਟਦਾ ਨਜ਼ਰ ਨਹੀਂ ਆ ਰਿਹਾ। ਕੇਂਦਰ ਨੇ ਸ਼੍ਰੋਮਣੀ ਕਮੇਟੀ ਚੋਣਾਂ 'ਚ ਵਿਘਨ ਪਾਉਣ ਦੀ ਕੋਸ਼ਿਸ਼ ਤਹਿਤ ਹੀ ਸੀਨੀਅਰ ਸਰਕਾਰੀ ਵਕੀਲ ਹਰਭਗਵਾਨ ਸਿੰਘ ਨੂੰ ਅਦਾਲਤ 'ਚ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ 'ਚ ਵੋਟ ਦੇਣ ਤੋਂ ਰੋਕਣ ਵਾਲਾ ਨੋਟੀਫਿਕੇਸ਼ਨ ਵਾਪਸ ਲੈਣ ਬਾਰੇ ਬਿਆਨ ਦੇਣ ਦੀ ਹਦਾਇਤ ਕੀਤੀ ਗਈ ਸੀ ਪਰ ਜਦੋਂ ਪ੍ਰਧਾਨ ਮੰਤਰੀ ਨੇ ਇਸ ਦੇ ਸੰਭਾਵੀ ਅਸਰਾਂ ਦਾ ਅੰਦਾਜ਼ਾ ਲਾਇਆ ਤਾਂ ਉਨ੍ਹਾਂ ਨੇ ਗ੍ਰਹਿ ਮੰਤਰੀ ਨੂੰ ਹਰ ਹੀਲੇ ਇਹ ਨੁਕਸਾਨ ਹੋਣੋਂ ਰੋਕਣ ਲਈ ਕਿਹਾ ਕਿਉਂਕਿ ਆ ਰਹੀਆਂ ਆਮ ਚੋਣਾਂ 'ਚ ਇਹ ਸਾਰਾ ਕੁਝ ਕਾਂਗਰਸ ਦੇ ਖ਼ਿਲਾਫ਼ ਭੁਗਤਣਾ ਸੀ। ਇਸ ਤਰ੍ਹਾਂ ਸਰਕਾਰ ਨੂੰ ਪੁੱਠੇ ਪੈਰੀਂ ਪਰਤਣਾ ਪਿਆ।

ਸਰਕਾਰ ਭਾਵੇਂ ਇਸ ਤੋਂ ਮੁੱਕਰ ਰਹੀ ਹੈ ਸੀਨੀਅਰ ਐਡਵੋਕੇਟ ਹਰਭਗਵਾਨ ਸਿੰਘ ਨੇ ਪਰ ਭਾਰਤ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਾਰੇ ਵਕੀਲਾਂ ਦੀ ਹਾਜ਼ਰੀ 'ਚ ਬਿਆਨ ਦਿੱਤਾ ਸੀ ਕਿ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ 'ਚ ਵੋਟ ਦੇਣ ਤੋਂ ਰੋਕਣ ਵਾਲਾ ਨੋਟੀਫਿਕੇਸ਼ਨ ਸਰਕਾਰ ਨੇ ਵਾਪਸ ਲੈ ਲਿਆ ਹੈ। ਭਾਵੇਂ ਗ੍ਰਹਿ ਮੰਤਰੀ ਪੀ. ਚਿਦੰਬਰਮ ਕਹਿ ਰਹੇ ਹਨ ਕਿ ਹਰਭਗਵਾਨ ਸਿੰਘ ਨੂੰ ਕਿਸੇ ਮੰਤਰਾਲੇ ਜਾਂ ਅਧਿਕਾਰੀ ਨੇ ਅਜਿਹਾ ਕਰਨ ਲਈ ਨਹੀਂ ਸੀ ਕਿਹਾ ਪਰ ਜਾਂਚ ਦੌਰਾਨ ਖੁਲਾਸੇ ਹੋ ਰਹੇ ਹਨ ਕਿ ਹਰਭਗਵਾਨ ਸਿੰਘ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਦੀ ਇਸ ਪੱਖੋਂ ਵੀ ਆਲੋਚਨਾ ਹੋ ਰਹੀ ਹੈ ਕਿ ਹਾਈ ਕੋਰਟ ਵੱਲੋਂ ਤੈਅ ਨੇਮਾਂ ਅਧੀਨ ਮਨੋਨੀਤ ਸੀਨੀਅਰ ਵਕੀਲ ਨੂੰ 'ਵਕਾਲਤਨਾਮੇ' ਦੀ ਲੋੜ ਨਹੀਂ ਹੁੰਦੀ। ਸੋ ਚਿਦੰਬਰਮ ਦਾ ਬਿਆਨ ਕਿ ਹਰਭਗਵਾਨ ਸਿੰਘ ਨੂੰ ਵਕਾਲਤਨਾਮਾ ਨਹੀਂ ਦਿੱਤਾ ਹੋਇਆ ਸੀ, ਹਾਸੋਹੀਣਾ ਹੈ। ਦੂਜੀ ਗੱਲ ਸਰਕਾਰ ਇਹ ਮੰਨ ਚੁੱਕੀ ਹੈ ਕਿ ਪਹਿਲੀ ਸਤੰਬਰ ਨੂੰ ਮਾਮਲੇ ਬਾਰੇ ਵਿਚਾਰ ਮੰਗਣ ਲਈ ਹਰਭਗਵਾਨ ਸਿੰਘ ਨੂੰ ਫੈਕਸ ਭੇਜੀ ਗਈ ਸੀ। ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਵੀ ਇਹੋ ਮੱਤ ਹੈ ਕਿ ਸਿਆਸੀ ਆਕਾਵਾਂ ਨੇ ਹਰਭਗਵਾਨ ਸਿੰਘ ਨੂੰ ਹਦਾਇਤਾਂ ਦਿੱਤੀਆਂ ਸਨ ਪਰ ਕੇਂਦਰ ਨੂੰ ਮਗਰੋਂ ਪਿੱਛੇ ਮੁੜਨਾ ਪੈ ਗਿਆ ਸੀ। ਕੇਂਦਰ ਸਰਕਾਰ ਨੇ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਅਗਲੇ ਹੀ ਦਿਨ ਪਾਰਲੀਮੈਂਟ ਵਿਚ ਜ਼ੋਰ ਦੇ ਕੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਮਿਥੇ ਪ੍ਰੋਗਰਾਮ ਅਨੁਸਾਰ 18 ਸਤੰਬਰ ਨੂੰ ਹੀ ਹੋਣਗੀਆਂ। ਸਰਕਾਰ ਨੇ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਬਾਰੇ ਨੋਟੀਫਿਕੇਸ਼ਨ ਵਾਪਸ ਨਹੀਂ ਲਿਆ।

ਗ੍ਰਹਿ ਮੰਤਰੀ ਪੀ.ਚਿਦੰਬਰਮ ਨੇ ਲੋਕ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ 'ਤੇ ਰੋਕ ਲਾਉਣ ਵਾਲਾ ਨੋਟੀਫਿਕੇਸ਼ਨ ਵਾਪਸ ਨਹੀਂ ਲਿਆ ਤੇ ਨਾ ਹੀ ਉਸ ਵਕੀਲ ਨੂੰ ਕੋਈ ਵਕਾਲਤਨਾਮਾ ਜਾਂ ਸਰਕਾਰ ਵੱਲੋਂ ਅਦਾਲਤ ਵਿਚ ਪੇਸ਼ ਹੋਣ ਦਾ ਅਧਿਕਾਰ ਦਿੱਤਾ ਗਿਆ ਹੈ ਜਿਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕਿਹਾ ਸੀ ਕਿ ਕੇਂਦਰ ਸਰਕਾਰ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟਾਂ ਨਾ ਪਾਉਣ ਬਾਰੇ ਜਾਰੀ ਨੋਟੀਫਿਕੇਸ਼ਨ ਵਾਪਸ ਲੈਣਾ ਚਾਹੁੰਦੀ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਮਿਥੇ ਪ੍ਰੋਗਰਾਮ ਅਨੁਸਾਰ ਹੀ ਹੋਣਗੀਆਂ।

## ਨੋਟੀਫਿਕੇਸ਼ਨ ਵਾਪਸ ਲੈਣ ਬਾਰੇ ਫੋਨ ਆਇਆ ਸੀ: ਹਰਭਗਵਾਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਤੇ ਸੀਨੀਅਰ ਵਕੀਲ ਹਰਭਗਵਾਨ ਸਿੰਘ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਨਾ ਦੇਣ ਦਾ ਨੋਟੀਫਿਕੇਸ਼ਨ ਰੱਦ ਕਰਨ ਬਾਰੇ ਦਰਜ ਕਰਵਾਏ ਬਿਆਨ ਬਾਰੇ ਰਹੱਸ ਬਰਕਰਾਰ ਹੈ। ਐਡਵੋਕੇਟ ਹਰਭਗਵਾਨ ਸਿੰਘ ਨੇ ਕਿਹਾ ਕਿ ਹਾਈ ਕੋਰਟ ਵਿਚ ਕੇਸ ਦੀ ਸੁਣਵਾਈ ਦੌਰਾਨ ਫੋਨ 'ਤੇ ਕਿਸੇ ਅਣਪਛਾਤੇ ਵਿਅਕਤੀ ਨੇ ਨੋਟੀਫਿਕੇਸ਼ਨ ਵਾਪਸ ਲੈਣ ਦਾ ਬਿਆਨ ਦਰਜ ਕਰਾਉਣ ਲਈ ਕਿਹਾ ਸੀ। ਸ੍ਰੀ ਹਰਭਗਵਾਨ ਸਿੰਘ ਨੇ ਮੋਬਾਈਲ ਫੋਨ 'ਤੇ ਹਦਾਇਤ ਦੇਣ ਤੇ ਫੋਨ 'ਤੇ ਗੱਲ ਕਰਾਉਣ ਵਾਲੇ ਵਿਅਕਤੀਆਂ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਸਗੋਂ ਇਹ ਕਿਹਾ ਕਿ ਇਸ ਪਿੱਛੇ ਸਾਜਿਸ਼ ਵੀ ਹੋ ਸਕਦੀ ਹੈ।



ਉਨ੍ਹਾਂ ਕਿਹਾ ਹੈ ਕਿ ਕੇਂਦਰੀ ਕਾਨੂੰਨ ਮੰਤਰਾਲੇ ਵੱਲੋਂ ਉਸ ਨੂੰ 31 ਅਗਸਤ ਨੂੰ ਫੈਕਸ ਰਾਹੀਂ ਸੰਦੇਸ਼ ਭੇਜ ਕੇ ਕਿਹਾ ਗਿਆ ਸੀ ਕਿ ਹਰਬੰਸ ਸਿੰਘ ਕੰਧੋਲਾ ਬਨਾਮ ਭਾਰਤ ਸਰਕਾਰ ਕੇਸ ਵਿਚ 1 ਸਤੰਬਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਦੀ ਪੈਰਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਅਧਿਕਾਰ ਮਿਲਣ ਤੋਂ ਬਾਅਦ ਉਹ ਕੇਸ ਦੀ ਸੁਣਵਾਈ ਲਈ ਹਾਈ ਕੋਰਟ ਵਿਚ ਪੇਸ਼ ਹੋਇਆ। ਜਦੋਂ ਹਾਈ ਕੋਰਟ ਦੇ ਵਿਸ਼ੇਸ਼ ਬੈਂਚ ਵੱਲੋਂ ਸੁਣਵਾਈ ਕੀਤੀ ਜਾ ਰਹੀ ਸੀ ਤਾਂ ਇਕ ਵਿਅਕਤੀ ਅਦਾਲਤ ਦੇ ਅੰਦਰ ਹੀ ਮੇਰੇ ਕੋਲ ਆਇਆ ਤੇ ਬਾਹਰ ਜਾ ਕੇ ਮੋਬਾਈਲ ਫੋਨ 'ਤੇ ਗੱਲ ਕਰਨ ਲਈ ਕਿਹਾ।

ਇਸ ਵਿਅਕਤੀ ਨੇ ਜਦੋਂ ਮੋਬਾਈਲ ਫੋਨ ਫੜਾ ਦਿੱਤਾ ਤਾਂ ਅੱਗੋਂ ਬੋਲ ਰਹੇ ਵਿਅਕਤੀ ਨੇ ਆਪਣਾ ਸਬੰਧ ਕੇਂਦਰੀ ਕਾਨੂੰਨ ਮੰਤਰਾਲੇ ਨਾਲ ਦੱਸਦਿਆਂ ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਨਾ ਦੇਣ ਵਾਲਾ ਨੋਟੀਫਿਕੇਸ਼ਨ ਵਾਪਸ ਲੈਣ ਦਾ ਬਿਆਨ ਰਿਕਾਰਡ ਕਰਾਉਣ ਦੀ ਗੱਲ ਕਹੀ। ਇਸ ਤੋਂ ਬਾਅਦ ਉਨ੍ਹਾਂ ਬੈਂਚ ਦੇ ਸਾਹਮਣੇ ਬਿਆਨ ਦਰਜ ਕਰਵਾ ਦਿੱਤਾ।

## *ਸਹਿਜਧਾਰੀ ਸਿੱਖਾਂ ਦੀ ਮੰਗ ਜਾਇਜ਼: ਕੈਪਟਨ*

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਗੁਰਦੁਆਰਾ ਚੋਣਾਂ ਵਿਚ ਵੋਟਾਂ ਪਾਉਣ ਦਾ ਅਧਿਕਾਰ ਦੇਣ ਦੀ ਸਹਿਜਧਾਰੀ ਸਿੱਖਾਂ ਦੀ ਮੰਗ ਜਾਇਜ਼ ਹੈ।



ਕੈਪਟਨ ਨੇ ਗੁਰਦੁਆਰਾ ਐਕਟ-1925 ਦੀ ਵਿਆਖਿਆ ਕਰਦਿਆਂ ਕਿਹਾ ਕਿ ਇਸ ਵਿਚ ਬੜਾ ਸਪੱਸ਼ਟ ਲਿਖਿਆ ਹੈ ਕਿ ਸਹਿਜਧਾਰੀ ਵੀ ਹੋਰਾਂ ਵਾਂਗ ਬਾਕਾਇਦਾ ਸਿੱਖ ਹਨ। ਉਨ੍ਹਾਂ ਅੰਕੜਿਆਂ ਸਹਿਤ ਦੱਸਿਆ ਕਿ ਪੰਜਾਬ ਵਿਚ 1.22 ਕਰੋੜ ਸਿੱਖ ਵੋਟਰ ਹਨ ਜਿਨ੍ਹਾਂ ਵਿਚੋਂ 62 ਲੱਖ ਸਹਿਜਧਾਰੀ ਸਿੱਖ ਵੋਟਰ ਹਨ।

62 ਲੱਖ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚੋਂ ਬਾਹਰ ਰੱਖਣਾ ਪੂਰੀ ਤਰ੍ਹਾਂ ਗੈਰ-ਕਾਨੂੰਨੀ ਤੇ ਗੈਰ-ਸਿਧਾਂਤਕ ਹੈ। ਉਨ੍ਹਾਂ ਕਿਹਾ ਕਿ ਸਹਿਜਧਾਰੀ ਸਿੱਖਾਂ ਦੀ ਮੰਗ ਪੂਰੀ ਤਰ੍ਹਾਂ ਜਾਇਜ਼ ਹੈ ਤੇ ਉਨ੍ਹਾਂ ਨੂੰ ਗੁਰਦੁਆਰਾ ਚੋਣਾਂ ਵਿਚ ਵੋਟਾਂ ਪਾਉਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ।

## ਕੈਪਟਨ ਤੇ ਸਰਨਾ ਦੀ ਸਾਜ਼ਿਸ਼: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਚੋਣਾਂ ਅੱਗੇ ਪਾਉਣ ਦੀ ਸਾਜ਼ਿਸ਼ ਕੈਪਟਨ ਅਮਰਿੰਦਰ ਸਿੰਘ, ਪਰਮਜੀਤ ਸਿੰਘ ਸਰਨਾ ਤੇ ਸੁਰਜੀਤ ਸਿੰਘ ਬਰਨਾਲਾ ਨੇ ਕੇਂਦਰ ਨਾਲ ਰਲ ਕੇ ਰਚੀ ਸੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਉਸ ਦੇ ਸਾਥੀ ਪਿਛਲੇ ਕਈ ਸਾਲਾਂ ਤੋਂ ਕਮੇਟੀ ਵਿਚ ਘੁਸਪੈਠ ਦੀ ਕੋਸ਼ਿਸ਼ ਕਰ ਰਹੇ ਹਨ ਪਰ ਕਾਮਯਾਬ ਨਹੀਂ ਹੋ ਸਕੇ। ਇਸ ਵਾਰ ਵੀ ਕੈਪਟਨ ਤੇ ਉਸ ਦੇ ਸਾਥੀਆਂ ਦੇ ਇਹ ਸੁਪਨੇ ਪੂਰੇ ਨਹੀਂ ਹੋ ਸਕੇ ਤੇ ਕੇਂਦਰ ਸਰਕਾਰ ਨੂੰ ਪੰਥ ਦੇ ਰੋਹ ਅੱਗੇ ਝੁਕਣਾ ਪਿਆ ਹੈ।



ਸ. ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਸ਼੍ਰੋਮਣੀ ਕਮੇਟੀ ਚੋਣਾਂ ਅੱਗੇ ਪਾਉਣ ਦੀ ਚਾਲ ਸਿੱਖਾਂ ਨੇ ਫੇਲ੍ਹ ਕਰ ਦਿੱਤੀ ਹੈ ਤੇ ਹੁਣ ਹਾਲਤ ਇਹ ਬਣ ਗਈ ਹੈ ਕਿ ਕੇਂਦਰ ਨੂੰ ਭੱਜਣ ਲਈ ਰਾਹ ਨਹੀਂ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਰਵੀਇੰਦਰ ਸਿੰਘ ਵੀ ਇਨ੍ਹਾਂ ਦੇ ਨਾਲ ਹੀ ਰਲਿਆ ਹੋਇਆ ਹੈ ਤੇ ਇਹ ਸਾਰੇ ਜਣੇ ਅਖੌਤੀ ਪੰਥਕ ਮੋਰਚਾ ਖੜ੍ਹਾ ਕਰਕੇ ਕਮੇਟੀ 'ਤੇ ਕਾਬਜ਼ ਹੋਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਵਕੀਲ ਹਰਭਗਵਾਨ ਸਿੰਘ ਨੇ ਹਾਈ ਕੋਰਟ ਵਿਚ ਗਲਤ ਬਿਆਨ ਦੇ ਕੇ ਦੇਸ਼ ਨਾਲ ਧੋਖਾ ਕੀਤਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ ਨੂੰ ਸਾਜ਼ਿਸ਼ ਕਰਾਰ ਦਿੱਤਾ ਹੈ ਤੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਾਈ ਜਾਵੇ। ਸ. ਬਾਦਲ ਨੇ ਕਿਹਾ ਕਿ ਇਸ ਪਿੱਛੇ ਜ਼ਰੂਰ ਕੋਈ ਸਾਜ਼ਿਸ਼ ਹੈ ਤੇ ਇਹ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਕਾਰਵਾਈ ਪੰਜਾਬ ਕਾਂਗਰਸ ਦੇ ਆਗੂਆਂ ਦੀ ਸਾਜ਼ਿਸ਼ ਹੈ ਜੋ ਹਮੇਸ਼ਾ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਦੀ ਝਾਕ ਵਿਚ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਅਦਾਲਤ ਨੂੰ ਗਲਤ ਜਾਣਕਾਰੀ ਦੇਣ ਨਾਲ ਸਿੱਖ ਪੰਥ ਤੇ ਸਿੱਖਾਂ ਦਾ ਵੱਡਾ ਨੁਕਸਾਨ ਹੋ ਜਾਣਾ ਸੀ।

ਸ. ਬਾਦਲ ਨੇ ਦੋਸ਼ ਲਾਏ ਕਿ ਪੰਜਾਬ ਕਾਂਗਰਸ ਦਾ ਆਗੂ ਕੈਪਟਨ ਅਮਰਿੰਦਰ ਸਿੰਘ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਹਰਭਗਵਾਨ ਸਿੰਘ ਨਾਲ ਘਿਉ-ਖਿਚੜੀ ਹਨ। ਇਸ ਲਈ ਉਸ ਨੇ ਹਾਈ ਕੋਰਟ ਨੂੰ ਗਲਤ ਜਾਣਕਾਰੀ ਦਿੱਤੀ ਕਿ ਕੇਂਦਰ ਨੇ 2003 ਦਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਹੈ।

# ਸਿੰਘ ਸਾਹਿਬਾਨ ਵੱਲੋਂ ਕੇਂਦਰ ਸਰਕਾਰ ਨੂੰ ਸਖ਼ਤ ਚਿਤਾਵਨੀ


**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀਆਂ ਦੀਆਂ ਵੋਟਾਂ ਦੇ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਸੱਦੀ ਹੰਗਾਮੀ ਇਕੱਤਰਤਾ ਵਿਚ ਦੇਸ਼ ਦੇ ਹੁਕਮਰਾਨਾਂ ਨੂੰ ਤਾੜਨਾ ਕੀਤੀ ਹੈ ਕਿ ਸਿੱਖ ਸਿਧਾਂਤਾਂ, ਮਰਿਆਦਾ ਤੇ ਪ੍ਰੰਪਰਾਵਾਂ ਨਾਲ ਕਿਸੇ ਵੀ ਤਰ੍ਹਾਂ ਦਾ ਖਿਲਵਾੜ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਸੁਚੇਤ ਕੀਤਾ ਕਿ ਉਹ ਸਿੱਖ ਸਿਧਾਂਤਾਂ ਤੇ ਰਿਵਾਇਤਾਂ ਨੂੰ ਮੁੜ ਵਾਚਣ ਤਾਂ ਜੋ ਜਾਣੇ-ਅਣਜਾਣੇ ਵਿਚ ਸਿੱਖ ਦੁਸ਼ਮਣ ਸਾਜਿਸ਼ਾਂ ਦਾ ਸ਼ਿਕਾਰ ਨਾ ਬਣ ਜਾਣ। ਸਿੰਘ ਸਾਹਿਬਾਨ ਨੇ ਸਪੱਸ਼ਟ ਕੀਤਾ ਕਿ ਜੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਨ ਦਾ ਯਤਨ ਕੀਤਾ ਗਿਆ ਤਾਂ ਬਤੌਰ ਸਿੱਖ ਵਜੋਂ ਪ੍ਰਧਾਨ ਮੰਤਰੀ ਨੂੰ ਵੀ ਤਲਬ ਕੀਤਾ ਜਾ ਸਕਦਾ ਹੈ। ਇਕੱਤਰਤਾ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੁੱਖ ਗ੍ਰੰਥੀ ਪ੍ਰਤਾਪ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਸ਼ਾਮਲ ਹੋਏ।



ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਕਾਰਵਾਈ ਨਾਲ ਕੇਂਦਰ ਦੀ ਕਾਂਗਰਸ ਸਰਕਾਰ ਦੀ ਮੰਦਭਾਵਨਾ ਵੀ ਸਾਹਮਣੇ ਆ ਗਈ ਹੈ। ਅਜਿਹੀ ਸਾਜਿਸ਼ ਨਾਲ ਸਿੱਖ ਪੰਥ ਵਿਚ ਭਰਾ ਮਾਰੂ ਜੰਗ ਸ਼ੁਰੂ ਹੋ ਸਕਦੀ ਹੈ। ਸਰਕਾਰ ਦੀ ਇਸ ਭਰਾ ਮਾਰੂ ਨੀਤੀ ਨਾਲ ਸਿੱਖਾਂ ਨੂੰ ਕੌਮੀ ਪੱਧਰ 'ਤੇ ਸੰਘਰਸ਼ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰੂ ਪੰਥ ਵੱਲੋਂ ਪ੍ਰਮਾਣਿਤ ਤੇ ਸਵੀਕਾਰਤ ਸਿੱਖ ਰਹਿਤ ਮਰਿਆਦਾ ਵਿਚ ਸਿਰਫ ਸਿੱਖ ਦੀ ਪਰਿਭਾਸ਼ਾ ਦਿੱਤੀ ਗਈ ਹੈ ਤੇ ਸਹਿਜਧਾਰੀ ਸਿੱਖ ਨਾਂ ਦਾ ਸ਼ਬਦ ਕਿਧਰੇ ਵੀ ਸ਼ਾਮਲ ਨਹੀਂ ਹੈ। ਇਸ ਲਈ ਕੇਸਾਂ ਦੀ ਬੇਅਦਬੀ ਤੇ ਹੋਰ ਬੱਜਰ ਕੁਰਾਹਿਤਾਂ ਕਰਨ ਵਾਲਿਆਂ ਨੂੰ ਕਿਸੇ ਵੀ ਸੂਰਤ ਵਿਚ ਸਿੱਖ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਇਸ ਲਈ ਗੁਰਦੁਆਰਾ ਪ੍ਰਬੰਧ ਵਿਚ ਕਿਸੇ ਗ਼ੈਰ ਸਿੱਖ ਦੀ ਦਖਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਦਾ ਹੱਕ ਸਿਰਫ ਸਿੱਖਾਂ ਕੋਲ ਹੈ ਤੇ ਇਹ ਹੱਕ ਸਿੱਖਾਂ ਕੋਲ ਹੀ ਰਹੇਗਾ। ਸਿੰਘ ਸਾਹਿਬਾਨ ਨੇ ਦੇਸ਼ ਦੇ ਹੁਕਮਰਾਨਾਂ ਨੂੰ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ ਹੈ ਕਿ ਸਿੱਖ ਸਿਧਾਂਤਾਂ, ਮਰਿਆਦਾ ਤੇ ਪ੍ਰੰਪਰਾਵਾਂ ਨਾਲ ਕਿਸੇ ਵੀ ਢੰਗ ਨਾਲ ਖਿਲਵਾੜ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਜੇ ਕਿਸੇ ਨੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕੀਤੀ ਤਾਂ ਉਸ ਖਿਲਾਫ ਕਾਰਵਾਈ ਵੀ ਹੋਵੇਗੀ। ਇਸ ਮਾਮਲੇ ਵਿਚ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦਾ ਜ਼ਿਕਰ ਕਰਦਿਆਂ ਦੇਸ਼ ਦੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੁਚੇਤ ਕੀਤਾ ਕਿ ਬਤੌਰ ਸਿੱਖ ਉਹ ਸਿੱਖ ਸਿਧਾਂਤਾਂ ਤੇ ਰਵਾਇਤਾਂ ਤੋਂ ਭਲੀਭਾਂਤ ਜਾਣੂ ਹਨ ਪਰ ਇਸ ਦੇ ਬਾਵਜੂਦ ਉਹ ਇਕ ਵਾਰ ਮੁੜ ਸਿੱਖ ਸਿਧਾਂਤਾਂ, ਮਰਿਆਦਾ, ਪ੍ਰੰਪਰਾਵਾਂ ਤੇ ਰਵਾਇਤਾਂ ਤੋਂ ਮੁੜ ਜਾਣੂ ਹੋਣ ਤਾਂ ਜੋ ਜਾਣੇ ਅਣਜਾਣੇ ਵੀ ਉਹ ਸਿੱਖ ਦੁਸ਼ਮਣ ਸਾਜਿਸ਼ਾਂ ਦਾ ਸ਼ਿਕਾਰ ਨਾ ਬਣ ਸਕਣ। ਉਨ੍ਹਾਂ ਕਿਹਾ ਕਿ ਬਤੌਰ ਸਿੱਖ ਪ੍ਰਧਾਨ ਮੰਤਰੀ ਵਜੋਂ ਡਾ. ਮਨਮੋਹਨ ਸਿੰਘ ਦੀ ਇਹ ਵਧੇਰੇ ਜ਼ਿੰਮੇਵਾਰੀ ਹੈ ਕਿ ਉਹ ਸਿੱਖ ਸਿਧਾਂਤਾਂ ਅਤੇ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਵਿਚ ਸਹਿਯੋਗ ਦੇਣ। ਉਨ੍ਹਾਂ ਸਪਸ਼ਟ ਕੀਤਾ ਕਿ ਜੇ ਸਿੱਖ ਸਿਧਾਂਤਾਂ ਤੇ ਰਵਾਇਤਾਂ ਨਾਲ ਕੋਈ ਖਿਲਵਾੜ ਕੀਤਾ ਗਿਆ ਤਾਂ ਇਕ ਸਿੱਖ ਵਜੋਂ ਪ੍ਰਧਾਨ ਮੰਤਰੀ ਨੂੰ ਵੀ ਤਲਬ ਕੀਤਾ ਜਾ ਸਕਦਾ ਹੈ। ਇਥੇ ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਸਿੱਖ ਸਿਧਾਂਤਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਮਹਾਰਾਜਾ ਰਣਜੀਤ ਸਿੰਘ, ਮਰਹੂਮ ਰਾਸ਼ਟਰਪਤੀ ਗਿਆਨੀ ਜੈਲ ਸਿੰਘ, ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ, ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਤਲਬ ਕਰਕੇ ਸਿੱਖ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾ ਚੁੱਕੀ ਹੈ।

# ਸੱਜਣ ਕੁਮਾਰ ਵਿਰੁੱਧ ਦੋਸ਼ ਪੱਤਰ 20 ਸਾਲ ਲਟਕਾਇਆ



**ਚੰਡੀਗੜ੍ਹ:** 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਸੱਜਣ ਕੁਮਾਰ ਵਿਰੁੱਧ ਤਿਆਰ ਦੋਸ਼ ਪੱਤਰ ਨੂੰ 20 ਸਾਲ ਤੱਕ ਲਟਕਾਇਆ ਗਿਆ ਪਰ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ 1991 ਤੋਂ ਤਿਆਰ ਕੀਤੇ ਗਏ ਦੋਸ਼ ਪੱਤਰ ਨੂੰ 20 ਸਾਲਾਂ ਮਗਰੋਂ ਵੀ ਅਦਾਲਤ ਵਿਚ ਦਾਇਰ ਨਾ ਕਰਨ ਵਾਲੇ ਦੋਸ਼ੀ ਪੁਲਿਸ ਅਧਿਕਾਰੀਆ ਤੇ ਹੋਰ ਵਿਅਕਤੀਆਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕੇਂਦਰੀ ਗ੍ਰਹਿ ਮੰਤਰੀ ਨੇ ਖ਼ੁਲਾਸਾ ਕੀਤਾ ਹੈ ਕਿ ਅਜਿਹੇ ਪੁਲਿਸ ਅਧਿਕਾਰੀਆਂ ਤੇ ਦੋਸ਼ੀਆਂ ਵਿਰੁੱਧ ਸਰਕਾਰ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਦਿੱਲੀ ਦੇ ਪੁਲਿਸ ਥਾਣਾ ਨਾਗਲੋਈ ਵਿਚ ਦਰਜ ਕੇਸ ਨੰ: 67/87 ਬਾਰੇ ਭਾਰਤੀ ਦੰਡਾਵਲੀ ਦੀ ਧਾਰਾ 147/148/ 149/341/ 342/ 427/436 ਤੇ 302 ਦੇ ਤਹਿਤ ਦੇਸ਼ ਪੱਤਰ 1991 ਵਿਚ ਤਿਆਰ ਕੀਤਾ ਗਿਆ ਸੀ ਪਰ ਦੋਸ਼ ਪੱਤਰ ਨੂੰ ਅਦਾਲਤ ਵਿਚ ਪੇਸ਼ ਨਾ ਕੀਤਾ ਗਿਆ ਸਗੋਂ ਇਹ ਦੋਸ਼ ਪੱਤਰ ਥਾਣੇ ਦੀਆਂ ਫਾਈਲਾਂ ਵਿਚ 20 ਸਾਲਾਂ ਤੱਕ ਧੂੜ ਫੱਕਦਾ ਰਿਹਾ। ਜਦੋਂ ਇਹ ਮਾਮਲਾ ਅਦਾਲਤ ਸਾਹਮਣੇ ਆਇਆ ਤਾਂ ਦਿੱਲੀ ਪੁਲਿਸ ਨੇ ਇਹ ਦਾਅਵਾ ਕੀਤਾ ਕਿ ਸਬੰਧਤ ਦੋਸ਼ ਪੱਤਰ ਨੂੰ ਇਕ ਹੋਰ ਐਫ.ਆਈ.ਆਰ. ਨਾਲ ਜੋੜਿਆ ਗਿਆ ਸੀ ਜੋ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ ਅਨੁਸਾਰ ਅਦਾਲਤ ਵਿਚ ਪੇਸ਼ ਕਰਨ ਯੋਗ ਨਹੀਂ ਸੀ।

ਅਦਾਲਤ ਨੇ 23 ਅਕਤੂਬਰ, 2010 ਨੂੰ ਸੁਣਾਏ ਫ਼ੈਸਲੇ ਅਨੁਸਾਰ ਪੁਲਿਸ ਦੇ ਇਸ ਦਾਅਵੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਪੁਲਿਸ ਨੂੰ ਫ਼ੌਰੀ ਤੌਰ 'ਤੇ ਐਫ.ਆਈ.ਆਰ. ਦਰਜ ਕਰਨ ਦੇ ਹੁਕਮ ਦਿੱਤੇ ਜਿਸ ਮਗਰੋਂ ਪੁਲਿਸ ਦੇ ਝੂਠੇ ਦਾਅਵੇ ਦੀ ਪੋਲ ਖੁੱਲ੍ਹ ਗਈ। ਕੇਂਦਰੀ ਗ੍ਰਹਿ ਰਾਜ ਮੰਤਰੀ ਐਮ ਰਾਮਾਚੰਦਰਨ ਨੇ ਤਿਆਰ ਕੀਤੇ ਗਏ ਦੋਸ਼ ਪੱਤਰ ਨੂੰ ਅਦਾਲਤ 'ਚ ਪੇਸ਼ ਕੀਤੇ ਜਾਣ ਵਿਚ ਹੋਈ ਦੇਰੀ ਦਾ ਕਾਰਨ ਨਹੀਂ ਦੱਸਿਆ ਗਿਆ। ਉਨ੍ਹਾਂ ਇਸ ਗੱਲ ਦਾ ਜਵਾਬ ਵੀ ਨਹੀਂ ਦਿੱਤਾ ਕਿ ਦੋਸ਼ ਪੱਤਰ ਨੂੰ ਅਦਾਲਤ ਵਿਚ ਪੇਸ਼ ਨਾ ਕੀਤੇ ਜਾਣ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਇਸ ਕੰਮ ਲਈ ਉਕਸਾਉਣ ਵਾਲੇ ਹੋਰ ਦੋਸ਼ੀ ਵਿਅਕਤੀਆਂ ਵਿਰੁੱਧ ਸਰਕਾਰ ਨੇ ਕੀ ਕਾਰਵਾਈ ਕੀਤੀ।

## ਚੀਨ ਨੇ ਭਾਰਤੀ ਜੰਗੀ ਜਹਾਜ਼ ਦਾ ਰਾਹ ਰੋਕਿਆ

**ਨਵੀਂ ਦਿੱਲੀ:** ਭਾਰਤੀ ਸਮੁੰਦਰੀ ਫੌਜ ਦੇ ਜਹਾਜ਼ ਨੂੰ ਵਿਵਾਦਗ੍ਰਸਤ ਦੱਖਣੀ ਚੀਨ ਸਾਗਰ ਵਿਚ ਵੀਅਤਨਾਮ ਦੇ ਸਾਹਿਲ ਤੋਂ ਚੀਨੀ ਪਾਣੀਆਂ ਵਿਚ ਦਾਖਲ ਹੋਣ ਉਤੇ ਚੀਨ ਵੱਲੋਂ ਚਿਤਾਵਨੀ ਦਿੱਤੀ ਗਈ। ਰਿਪੋਰਟਾਂ ਅਨੁਸਾਰ ਇਹ ਘਟਨਾ ਜੁਲਾਈ ਮਹੀਨੇ ਦੌਰਾਨ ਵਾਪਰੀ ਪਰ ਭਾਰਤ ਨੇ ਇਸ ਘਟਨਾ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ।

ਵਿਦੇਸ਼ ਮੰਤਰਾਲੇ ਨੇ ਨਵੀਂ ਦਿੱਲੀ ਵਿਚ ਦੱਸਿਆ ਕਿ "ਭਾਰਤੀ ਸਮੁੰਦਰੀ ਫੌਜ ਦਾ ਜਹਾਜ਼ ਆਈ.ਐਨ.ਐਸ. ਐਰਾਵਤ 19 ਤੋਂ 28 ਜੁਲਾਈ, 2011 ਨੂੰ ਵੀਅਤਨਾਮ ਦੇ ਦੋਸਤਾਨਾ ਦੌਰੇ ਉਤੇ ਗਿਆ ਸੀ। ਉਦੋਂ 22 ਜੁਲਾਈ ਨੂੰ ਆਈ.ਐਨ. ਐਰਾਵਤ ਵੀਅਤਨਾਮ ਦੀ ਬੰਦਰਗਾਹ ਨਹਾ ਤਰਾਂਗ ਤੋਂ ਹਾਇ ਫੋਂਗ ਨੂੰ ਜਾ ਰਿਹਾ ਸੀ ਜਦੋਂ ਇਸ ਨੂੰ ਇਹ ਕਾਲ ਮਿਲੀ। ਦੱਖਣੀ ਚੀਨ ਸਾਗਰ ਵਿਚ ਵੀਅਤਨਾਮ ਦੇ ਸਾਹਿਲ ਤੋਂ 45 ਸਮੁੰਦਰੀ ਮੀਲ ਦੂਰ ਇਸ ਨੂੰ ਆਪਣੇ ਆਪ ਨੂੰ 'ਚੀਨੀ ਸਮੁੰਦਰੀ ਫੌਜ' ਦੱਸਣ ਵਾਲੇ ਨੇ ਕਾਲ ਕਰਕੇ ਦੱਸਿਆ ਕਿ ਇਹ ਜਹਾਜ਼ 'ਚੀਨੀ ਪਾਣੀਆਂ ਵਿਚ' ਦਾਖਲ ਹੋ ਰਿਹਾ ਹੈ। ਉਂਜ ਆਈ.ਐਨ.ਐਸ. ਐਰਾਵਤ ਤੋਂ ਨੇੜੇ-ਤੇੜੇ ਇਸ ਵੱਲ ਆਉਂਦਾ ਕੋਈ ਸਮੁੰਦਰੀ ਜਹਾਜ਼ ਜਾਂ ਹਵਾਈ ਜਹਾਜ਼ ਦਿਖਾਈ ਨਹੀਂ ਦਿੱਤਾ ਤੇ ਆਈ.ਐਨ.ਐਸ. ਐਰਾਵਤ ਮਿਥੇ ਮੁਤਾਬਕ ਆਪਣੇ ਰਾਹ ਉਤੇ ਅੱਗੇ ਚਲਾ ਗਿਆ।







FARMERS INSURANCE GROUP
Symbol of Superior Service

FARMERS®

**Now at new location:** 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation

**Ph: 408-771-2438**

*408-580-6063, 408-687-7566*

Fax: 408-273-6001

*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Fax: 209-836-0706
www.gotracy.com

**Gurbans Gill 209-815-1869**

# ਅਨੰਦ ਕਾਰਜ ਐਕਟ: ਕੇਂਦਰ ਸਰਕਾਰ ਦੀ ਪਹੁੰਚ ਤੋਂ ਸਿੱਖ ਨਿਰਾਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੇਂਦਰੀ ਸਰਕਾਰ ਵੱਲੋਂ ਸਿੱਖਾਂ ਲਈ ਅਨੰਦ ਵਿਆਹ ਕਾਨੂੰਨ 1909 ਵਿਚ ਤਰਮੀਮ ਕਰਨ ਤੇ ਇਸ ਨੂੰ ਲਾਗੂ ਕਰਨ ਤੋਂ ਟਾਲਾ ਵੱਟਣ ਨਾਲ ਸਿੱਖਾਂ 'ਚ ਰੋਸ ਤੇ ਨਿਰਾਸ਼ਾ ਦਾ ਆਲਮ ਹੈ। ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਜਦ ਸਿੱਖ ਵੱਖਰਾ ਧਰਮ ਹੈ ਤਾਂ ਫਿਰ ਇਸ ਦੇ ਸਮਾਜਿਕ ਤੇ ਧਾਰਮਿਕ ਰੀਤੀ ਰਿਵਾਜਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਸਰਕਾਰ ਕਿਉਂ ਭੱਜ ਰਹੀ ਹੈ। ਸਿਆਸੀ ਧਿਰਾਂ ਨੇ ਵੀ ਇਸ ਮੁੱਦੇ ਨੂੰ ਉਭਾਰਨਾ ਸ਼ੁਰੂ ਕਰ ਦਿੱਤਾ ਹੈ ਤੇ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਇਸ ਨੂੰ ਕਾਂਗਰਸ ਖ਼ਿਲਾਫ਼ ਵਰਤਿਆ ਜਾ ਸਕਦਾ ਹੈ।



ਅਸਲ 'ਚ ਸਿੱਖ ਲੰਮੇ ਸਮੇਂ ਤੋਂ ਅਨੰਦ ਵਿਆਹ ਕਾਨੂੰਨ ਲਾਗੂ ਕਰਨ ਦੀ ਮੰਗ ਕਰਦੇ ਆ ਰਹੇ ਹਨ ਪਰ ਕੇਂਦਰ ਸਰਕਾਰ ਇਸ ਨੂੰ ਲਗਾਤਾਰ ਟਾਲਦੀ ਆ ਰਹੀ ਹੈ। ਇਸ ਵਾਰ ਕੇਂਦਰੀ ਕਾਨੂੰਨ ਮੰਤਰਾਲੇ ਨੇ ਦਲੀਲ ਦਿੱਤੀ ਹੈ ਕਿ ਜੇਕਰ ਸਿੱਖਾਂ ਦੇ ਅਨੰਦ ਵਿਆਹ ਕਾਨੂੰਨ ਨੂੰ ਮਾਨਤਾ ਦੇ ਦਿੱਤੀ ਜਾਵੇ ਤਾਂ ਹੋਰ ਧਰਮਾਂ ਦੇ ਲੋਕ ਵੀ ਅਜਿਹੀ ਮੰਗ ਕਰਨੀ ਸ਼ੁਰੂ ਕਰ ਦੇਣਗੇ। ਇਸ ਵੇਲੇ ਮੁਸਲਿਮ, ਹਿੰਦੂ, ਯਹੂਦੀ, ਈਸਾਈ ਤੇ ਪਾਰਸੀ ਧਰਮ ਵਾਲਿਆਂ ਨੂੰ ਆਪੋ-ਆਪਣੇ ਧਾਰਮਿਕ ਵਿਸ਼ਵਾਸਾਂ ਤੇ ਰੀਤੀ ਰਿਵਾਜਾਂ ਨਾਲ ਵਿਆਹ ਕਰਵਾਉਣ ਤੇ ਭਾਰਤ ਸਰਕਾਰ ਕੋਲ ਦਰਜ ਕਰਵਾਉਣ ਦੀ ਖੁੱਲ੍ਹ ਹੈ।ਪਰ ਸਿੱਖ ਵਿਆਹ ਤਾਂ ਭਾਵੇਂ ਗੁਰਦੁਆਰਾ ਸਾਹਿਬ ਜਾ ਕੇ ਲਾਵਾਂ ਨਾਲ ਕਰਵਾ ਲੈਂਦੇ ਹਨ ਪਰ ਕਾਨੂੰਨੀ ਤੌਰ 'ਤੇ ਇਸ ਨੂੰ ਹਿੰਦੂ ਵਿਆਹ ਕਾਨੂੰਨ 1955 ਤਹਿਤ ਹੀ ਦਰਜ ਕਰਵਾਇਆ ਜਾਂਦਾ ਹੈ।

ਇਸ ਮਸਲੇ 'ਤੇ ਸਿੱਖ ਦਾ ਤਰਕ ਹੈ ਕਿ ਇਹੀ ਗੱਲ ਹੈ ਜੋ ਸਿੱਖਾਂ ਦੇ ਸਵੈ-ਮਾਣ ਨੂੰ ਸੱਟ ਮਾਰਦੀ ਹੈ ਤੇ ਉਨ੍ਹਾਂ ਅੰਦਰ ਖਿਝ ਪੈਦਾ ਕਰਦੀ ਹੈ। ਹਿੰਦੂ ਵਿਆਹ ਕਾਨੂੰਨ ਤਹਿਤ ਵਿਆਹ ਦਰਜ ਕਰਵਾਉਣ ਦਾ ਅਰਥ ਹੈ ਕਿ ਕਾਨੂੰਨ ਅੱਗੇ ਹਰ ਵਿਆਹਿਆ ਜੋੜਾ ਆਪਣੇ-ਆਪ ਨੂੰ ਹਿੰਦੂ ਧਰਮ ਦਾ ਅੰਗ ਸਮਝਦਾ ਹੈ। ਇਥੇ ਜ਼ਿਕਰਯੋਗ ਹੈ ਕਿ 2006 ਵਿਚ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਸੀ ਕਿ ਸਾਰੇ ਵਿਆਹ ਦਰਜ ਹੋਣੇ ਚਾਹੀਦੇ ਹਨ ਤੇ ਹਰ ਰਾਜ ਵੱਖ-ਵੱਖ ਧਰਮਾਂ ਦੇ ਵਿਆਹ ਅੱਡ-ਅੱਡ ਕਰਨ ਦਾ ਪ੍ਰਬੰਧ ਕਰੇ। ਪੰਜਾਬ ਵਿਧਾਨ ਸਭਾ ਨੇ ਵੀ 2008 ਵਿਚ ਮਤਾ ਪਾਸ ਕਰਕੇ ਭੇਜਿਆ ਕਿ ਸਿੱਖ ਵਿਆਹਾਂ ਨੂੰ ਦਰਜ ਕਰਨ ਲਈ ਅਨੰਦ ਵਿਆਹ ਕਾਨੂੰਨ 1909 ਵਿਚ ਸੋਧ ਕਰਕੇ ਸਿੱਖਾਂ ਦੇ ਵਿਆਹ ਵੱਖਰੇ ਤੌਰ 'ਤੇ ਅਨੰਦ ਵਿਆਹ ਕਾਨੂੰਨ ਤਹਿਤ ਦਰਜ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਪਰ ਕਾਨੂੰਨ ਮੰਤਰਾਲੇ ਨੇ ਪੰਜਾਬ ਵਿਧਾਨ ਸਭਾ ਦੇ ਮਤੇ ਨੂੰ ਰੱਦ ਕਰ ਦਿੱਤਾ ਹੈ। ਅਨੰਦ ਵਿਆਹ ਕਾਨੂੰਨ ਨੂੰ 1909 ਵਿਚ ਪ੍ਰੀਵੀ ਕੌਂਸਲ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਸ. ਰਿਪੁਦਮਨ ਸਿੰਘ ਮਹਾਰਾਜਾ ਨਾਭਾ ਅੰਗਰੇਜ਼ਾਂ ਦੀ ਪ੍ਰੀਵੀ ਕੌਂਸਲ ਦੇ ਮੈਂਬਰ ਸਨ ਤੇ ਭਾਰਤ ਲਈ ਕਾਨੂੰਨ ਬਣਾਉਣ ਵਾਲੀ ਇਹ ਸੁਪਰੀਮ ਕੌਂਸਲ ਸੀ। ਮਹਾਰਾਜਾ ਨਾਭਾ ਵੱਲੋਂ ਪੇਸ਼ ਕੀਤੇ ਖਰੜੇ ਨੂੰ ਅਨੰਦ ਵਿਆਹ ਕਾਨੂੰਨ ਵਜੋਂ ਮਾਨਤਾ ਦਿੱਤੀ ਗਈ ਸੀ।

ਇਨ੍ਹਾਂ ਮਾਮਲਿਆਂ ਬਾਰੇ ਮਾਹਿਰ ਵਕੀਲ ਨਵਕਿਰਨ ਸਿੰਘ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਵਿਸ਼ੇਸ਼ ਧਰਮ ਨਾਲ ਕਿਉਂ ਜੋੜਿਆ ਜਾ ਰਿਹਾ ਹੈ? ਸ. ਨਵਕਿਰਨ ਸਿੰਘ ਤੇ ਕਿਹਾ ਸਾਨੂੰ ਵਿਆਹ ਕਾਨੂੰਨੀ ਤੌਰ 'ਤੇ ਦਰਜ ਕਰਨ ਨਾਲ ਕੋਈ ਇਤਰਾਜ਼ ਨਹੀਂ। ਜੇਕਰ ਸਾਰੇ ਵਿਆਹ ਇਕ ਹਿੰਦੁਸਤਾਨੀ ਕਾਨੂੰਨ ਹੇਠ ਦਰਜ ਕਰਨੇ ਸ਼ੁਰੂ ਕਰ ਦਿੱਤੇ ਜਾਣ ਤਾਂ ਵੀ ਕੋਈ ਇਤਰਾਜ਼ ਨਹੀਂ ਹੋਵੇਗਾ। ਇਤਰਾਜ਼ ਤਾਂ ਇਸ ਗੱਲ ਦਾ ਹੈ ਕਿ ਉਨ੍ਹਾਂ ਨੂੰ ਮਜਬੂਰਨ ਕਿਸੇ ਹੋਰ ਧਰਮ ਦਾ ਅੰਗ ਕਿਉਂ ਬਣਾਇਆ ਜਾ ਰਿਹਾ ਹੈ। ਵਕੀਲ ਨਵਕਿਰਨ ਸਿੰਘ ਨੇ ਦੱਸਿਆ ਕਿ ਅਨੰਦ ਵਿਆਹ ਕਾਨੂੰਨ ਵਿਚ ਸਿਰਫ ਏਨੀ ਗੱਲ ਹੈ ਕਿ ਅਨੰਦ ਕਾਰਜ ਰਾਹੀਂ ਕਰਵਾਏ ਗਏ ਵਿਆਹ ਨੂੰ ਕਾਨੂੰਨਨ ਮਾਨਤਾ ਹੋਵੇਗੀ।ਪਰ ਵਿਆਹ ਦਰਜ ਹੋਣ ਬਾਰੇ ਇਸ ਵਿਚ ਕੋਈ ਮਦ ਨਹੀਂ। ਸਿੱਖ ਚਿੰਤਕ ਗੁਰਤੇਜ ਸਿੰਘ ਸਾਬਕਾ ਆਈ.ਏ.ਐਸ. ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਵੱਲੋਂ ਸਾਰੇ ਵਿਆਹ ਦਰਜ ਕਰਨ ਦੇ ਫੈਸਲੇ ਨਾਲ ਨਵਾਂ ਮੁੱਦਾ ਉਭਰਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖਾਂ ਨੂੰ ਵਿਆਹ ਤਾਂ ਪਹਿਲਾਂ ਹੀ ਅਨੰਦ ਕਾਰਜ ਰਾਹੀਂ ਹੁੰਦੇ ਹਨ ਪਰ ਜੇਕਰ ਇਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਅਨੰਦ ਵਿਆਹ ਕਾਨੂੰਨ ਤਹਿਤ ਦਰਜ ਕਰਨ ਦੀ ਪ੍ਰਵਾਨਗੀ ਮਿਲ ਜਾਵੇ ਤਾਂ 70 ਫੀਸਦੀ ਮਸਲਾ ਹੱਲ ਹੋ ਜਾਂਦਾ ਹੈ।

ਇਸ ਬਾਰੇ ਗੱਲ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੱਖ ਵਿਦਵਾਨ ਗੁਰਸ਼ਰਨ ਸਿੰਘ ਨੇ ਆਖਿਆ ਕਿ ਆਨੰਦ ਕਾਰਜ ਐਕਟ ਨੂੰ ਲਾਗੂ ਕਰਾਉਣ ਲਈ ਕਾਨੂੰਨੀ ਮਾਹਿਰਾਂ ਦੀ ਰਾਏ ਲਈ ਜਾਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਭਾਈਵਾਲ ਭਾਜਪਾ ਦੇ ਸਹਿਯੋਗ ਨਾਲ ਸੰਸਦ ਵਿਚ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਜੇ ਭਾਜਪਾ ਵਲੋਂ ਮਦਦ ਨਹੀਂ ਕੀਤੀ ਜਾਂਦੀ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਗਠਜੋੜ ਦੇ ਰਿਸ਼ਤੇ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆਂ ਛੇ ਦਹਾਕੇ ਹੋ ਚੁੱਕੇ ਹਨ ਪਰ ਸਿੱਖਾਂ ਨੂੰ ਆਪਣੇ ਬੁਨਿਆਦੀ ਹੱਕਾਂ ਲਈ ਅੱਜ ਵੀ ਜੂਝਣਾ ਪੈ ਰਿਹਾ ਹੈ।

## ਪੰਥਕ ਮੋਰਚੇ ਵੱਲੋਂ ਵੀ ਨੁਕਤਾਚੀਨੀ

**ਚੰਡੀਗੜ੍ਹ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਕਮੇਟੀ ਦੇ ਸਲਾਹਕਾਰ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ 2002 ਵਿਚ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਕਮੇਟੀ ਵਿਚ ਮਤਾ ਪਾਸ ਕਰਕੇ ਪ੍ਰਕਾਸ਼ ਸਿੰਘ ਬਾਦਲ 'ਤੇ ਦਬਾਅ ਪਾਇਆ ਜਿਸ ਦੇ ਆਧਾਰ 'ਤੇ ਸ. ਬਾਦਲ ਨੇ ਐਨ.ਡੀ.ਏ. ਸਰਕਾਰ ਤੋਂ 2003 ਵਾਲਾ ਨੋਟੀਫਿਕੇਸ਼ਨ ਪਾਸ ਕਰਵਾਇਆ ਪਰ ਉਸ ਨੂੰ ਪਾਰਲੀਮੈਂਟ ਵਿਚ ਭਿਜਵਾ ਕੇ ਬਿੱਲ ਪਾਸ ਨਾ ਕਰਵਾਇਆ ਤੇ ਕਾਨੂੰਨ ਨਹੀਂ ਬਣਾਇਆ। ਦੂਜਾ ਸ. ਬਾਦਲ ਨੇ ਮੌਜੂਦਾ ਹਾਲਾਤ ਵਿਚ ਵੀ ਅਦਾਲਤ ਵਿਚ ਆਪਣੇ ਵਕੀਲ ਨਹੀਂ ਭੇਜੇ ਤੇ ਸ਼੍ਰੋਮਣੀ ਕਮੇਟੀ ਵੀ ਖਾਮੋਸ਼ ਰਹੀ।



ਇਸ ਕਰਕੇ ਸਿੱਖ ਕੌਮ ਨੂੰ ਇਹ ਦਿਨ ਦੇਖਣੇ ਪੈ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ. ਬਾਦਲ ਕੇਂਦਰ ਨਾਲ ਰਲ ਕੇ ਡਰਾਮਾ ਖੇਡ ਰਹੇ ਹਨ ਤਾਂ ਕਿ ਭਾਜਪਾਈ ਵੀ ਗੁਰਦੁਆਰਾ ਚੋਣਾਂ ਲਈ ਸਹਿਜਧਾਰੀ ਦੇ ਪਰਦੇ ਹੇਠ ਵੋਟਾਂ ਬਣ ਸਕਣ।

ਇਨ੍ਹਾਂ ਆਗੂਆਂ ਨੇ ਕਿਹਾ ਕਿ ਭਾਵੇਂ ਬਾਦਲ ਸਮਰਥਕਾਂ ਨੇ 36 ਲੱਖ ਤੋਂ ਵਧੇਰੇ ਜਾਅਲੀ ਵੋਟਾਂ ਬਣਾ ਲਈਆਂ ਹਨ ਪਰ ਪੰਥਕ ਮੋਰਚਾ ਚੋਣ ਲੜ ਕੇ ਆਪਣੀ ਜਿੱਤ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕਰਕੇ 'ਅਨੰਦ ਵਿਆਹ ਕਾਨੂੰਨ' ਲਾਗੂ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਜੋ ਸਿੱਖ ਕੌਮ 'ਚ ਪਨਪ ਰਹੀ ਬੇਗਾਨਗੀ ਦੀ ਭਾਵਨਾ ਨੂੰ ਰੋਕਿਆ ਜਾ ਸਕੇ। ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਲਿਖ਼ਤੀ ਮੰਗ ਪੱਤਰ 'ਚ ਕੇਂਦਰੀ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਵੱਲੋਂ ਸੰਸਦ 'ਚ 'ਅਨੰਦ ਵਿਆਹ ਕਾਨੂੰਨ' ਬਾਰੇ ਦਿੱਤੇ ਬਿਆਨ 'ਤੇ ਅਫ਼ਸੋਸ ਪ੍ਰਗਟਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਭਾਰਤ 'ਚ ਮੁੱਖ ਤੌਰ 'ਤੇ ਰਹਿੰਦੀਆਂ ਚਾਰ ਕੌਮਾਂ ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਚਾਰੇ ਆਪੋ-ਆਪਣੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਆਪਣੇ ਸੰਸਕਾਰਾਂ ਦੀ ਪੂਰਤੀ ਕਰਦੇ ਹਨ। ਪੱਤਰ 'ਚ ਦੱਸਿਆ ਗਿਆ ਹੈ ਕਿ ਪਾਕਿਸਤਾਨ 'ਚ 'ਅਨੰਦ ਵਿਆਹ ਕਾਨੂੰਨ' ਚਾਰ ਸਾਲ ਪਹਿਲਾਂ ਲਾਗੂ ਹੋ ਚੁੱਕਾ ਹੈ ਤੇ ਅਮਰੀਕਾ ਵਰਗੇ ਦੇਸ਼ਾਂ 'ਚ ਸਾਰੀਆਂ ਕੌਮਾਂ ਨੂੰ ਆਪਣੀ ਧਾਰਮਿਕ ਆਜ਼ਾਦੀ ਦੀ ਖੁੱਲ੍ਹ ਹੈ ਪਰ ਭਾਰਤ 'ਚ ਅਜਿਹਾ ਫ਼ੈਸਲਾ ਮੰਦਭਾਗਾਂ ਤੇ ਸਿੱਖਾਂ 'ਚ ਬੇਗਾਨਗੀ ਪੈਦਾ ਕਰਨ ਵਾਲਾ ਹੈ। ਦੋ ਸਫਿਆਂ ਦੇ ਪੱਤਰ ਵਿਚ ਸ਼੍ਰੋਮਣੀ ਕਮੇਟੀ ਨੇ ਲਿਖਿਆ ਕਿ ਭਾਰਤ ਇਕ ਬਹੁਕੌਮੀ, ਬਹੁ-ਭਾਸ਼ਾਈ ਤੇ ਬਹੁ-ਸਭਿਆਚਾਰ ਵਾਲਾ ਦੇਸ਼ ਹੈ। ਇਥੇ ਲੋਕ ਆਪੋ-ਆਪਣੇ ਧਰਮਾਂ ਤੇ ਰੀਤੀ-ਰਿਵਾਜਾਂ ਅਨੁਸਾਰ ਜੀਵਨ ਬਸਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਥੇ ਹਿੰਦੂ ਭਾਈਚਾਰੇ ਤੇ ਮੁਸਲਿਮ ਭਾਈਚਾਰੇ ਲਈ ਵਿਆਹ-ਸ਼ਾਦੀ ਦਰਜ ਕਰਾਉਣ ਵਾਸਤੇ ਵੱਖਰਾ-ਵੱਖਰਾ ਕਾਨੂੰਨ ਹੈ ਪਰ ਸਿੱਖ ਭਾਈਚਾਰੇ ਦੇ ਵਿਆਹ-ਸ਼ਾਦੀਆਂ ਦਰਜ ਕਰਨ ਲਈ 1909 ਤੋਂ ਬਣੇ ਹੋਏ ਕਾਨੂੰਨ ਨੂੰ ਲਾਗੂ ਕਰਨ ਤੋਂ ਨਾਂਹ-ਨੁੱਕਰ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਪੱਤਰ ਵਿਚ ਹਿੰਦੂ ਰੀਤੀ-ਰਿਵਾਜਾਂ ਤੇ ਸਿੱਖ ਰੀਤੀ-ਰਿਵਾਜਾਂ ਵਿਚਾਲੇ ਵਖਰੇਵਿਆਂ ਦਾ ਵੀ ਜ਼ਿਕਰ ਕੀਤਾ ਹੈ।



ਪੱਤਰ ਵਿਚ ਉਨ੍ਹਾਂ ਇਸ ਐਕਟ ਦੇ ਇਤਿਹਾਸ ਤੋਂ ਜਾਣੂ ਕਰਾਉਂਦਿਆਂ ਦੱਸਿਆ ਕਿ ਅੰਗਰੇਜ਼ ਰਾਜ ਸਮੇਂ 28 ਅਗਸਤ 1909 ਨੂੰ ਰਾਜਾ ਰਿਪੁਦਮਨ ਸਿੰਘ ਨਾਭਾ ਤੇ ਸੁੰਦਰ ਸਿੰਘ ਮਜੀਠੀਆ ਦੇ ਯਤਨਾਂ ਸਦਕਾ ਇਹ ਬਿੱਲ ਵਿਧਾਨ ਸਭਾ ਵਿਚ ਪੇਸ਼ ਹੋਇਆ ਸੀ ਤੇ 22 ਅਕਤੂਬਰ 1909 ਨੂੰ ਇਸ ਬਿੱਲ ਨੂੰ ਆਨੰਦ ਕਾਰਜ ਕਾਨੂੰਨ ਵਜੋਂ ਪਾਸ ਕਰ ਦਿੱਤਾ ਗਿਆ ਸੀ ਪਰ ਇਸ ਕਾਨੂੰਨ ਹੇਠ ਆਨੰਦ ਕਾਰਜ ਦਰਜ ਕਰਵਾਉਣ ਦੀ ਸਹੂਲਤ ਲਾਗੂ ਨਹੀਂ ਹੋਈ ਸੀ। ਇਸ ਬਾਰੇ ਸਿੱਖ ਜਗਤ ਲੰਮੇ ਸਮੇਂ ਤੋਂ ਮੰਗ ਕਰ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਮਾਰਚ 2008 ਵਿਚ ਇਸ ਬਾਰੇ ਵਿਧਾਨ ਸਭਾ ਵਿਚ ਮਤਾ ਪਾਸ ਕਰਕੇ ਵੀ ਭੇਜਿਆ ਜਾ ਚੁੱਕਾ ਹੈ।

# ਸਿੰਘ ਸਾਹਿਬਾਨ ਵੱਲੋਂ ਸਰਕਾਰ ਨੂੰ ਚਿਤਾਵਨੀ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਆਨੰਦ ਵਿਆਹ ਕਾਨੂੰਨ ਨੂੰ ਲਾਗੂ ਕਰਨ ਤੋਂ ਕੀਤੇ ਇਨਕਾਰ ਕਰਨ ਮਗਰੋਂ ਸਿੱਖ ਜਗਤ 'ਚ ਪੈਦਾ ਹੋਏ ਰੋਹ ਨੂੰ ਧਿਆਨ ਵਿਚ ਰੱਖਦਿਆਂ ਪੰਜ ਸਿੰਘ ਸਾਹਿਬਾਨ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਇਸ ਮਸਲੇ ਨੂੰ ਤੁਰੰਤ ਹੱਲ ਨਾ ਕੀਤਾ ਤਾਂ 26 ਸਤੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਇਸ ਬਾਰੇ ਨਿਰਣਾਇਕ ਫੈਸਲਾ ਲਿਆ ਜਾਵੇਗਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਆਨੰਦ ਵਿਆਹ ਕਾਨੂੰਨ ਤਹਿਤ ਵਿਆਹ-ਸ਼ਾਦੀ ਦਰਜ ਕਰਨ ਦੀ ਸਹੂਲਤ ਨੂੰ ਲਾਗੂ ਕੀਤਾ ਜਾਵੇ।

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਅਨੰਦ ਵਿਆਹ ਕਾਨੂੰਨ ਬਾਰੇ ਲਏ ਫੈਸਲੇ ਤੋਂ ਜਾਣੂ ਕਰਵਾਉਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਕਾਨੂੰਨ ਨੂੰ ਰੱਦ ਕਰਕੇ ਸਿੱਖਾਂ ਨੂੰ ਦੇਸ਼ ਵਿਚ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਵੱਲੋਂ ਇਹ ਕਾਨੂੰਨ ਅੰਗਰੇਜ਼ਾਂ ਦੇ ਰਾਜ ਸਮੇਂ ਪਾਸ ਕਰਵਾਇਆ ਗਿਆ ਸੀ ਪਰ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਇਸ ਕਾਨੂੰਨ ਨੂੰ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕੇਂਦਰ ਸਰਕਾਰ ਦੀ ਇਸ ਨੀਤੀ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੱਤਾ ਤੇ ਕਿਹਾ ਕਿ ਸਰਕਾਰ ਨੇ ਅਜਿਹਾ ਕਰਕੇ ਸਿੱਖ ਧਰਮ ਨੂੰ ਇਕ ਵੱਖਰਾ ਧਰਮ ਤੇ ਵੱਖਰੀ ਕੌਮ ਮੰਨਣ ਤੋਂ ਇਨਕਾਰ ਕੀਤਾ।

ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਸ ਮਸਲੇ ਨੂੰ ਤੁਰੰਤ ਹੱਲ ਨਾ ਕੀਤਾ ਗਿਆ ਤਾਂ 26 ਸਤੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਸੱਦੀ ਗਈ ਇਕੱਤਰਤਾ ਵਿਚ ਇਸ ਬਾਰੇ ਨਿਰਣਾਇਕ ਫੈਸਲਾ ਲਿਆ ਜਾਵੇਗਾ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਇਸ ਮਸਲੇ 'ਤੇ ਸਿੱਖ ਬੁੱਧੀਜੀਵੀਆਂ, ਸਿੱਖ ਸੰਸਥਾਵਾਂ, ਸਭਾ ਸੁਸਾਇਟੀਆਂ ਦੇ ਆਗੂਆਂ ਦੀ ਤੁਰੰਤ ਇਕੱਤਰਤਾ ਸੱਦੀ ਜਾਵੇ ਤੇ ਇਸ ਮਸਲੇ ਬਾਰੇ ਸਿੱਖ ਜਗਤ ਦੇ ਵਿਚਾਰ ਲੈਣ ਤਾਂ ਜੋ ਸਿੱਖ ਜਗਤ ਦੀ ਚਿਰੋਕਣੀ ਲਟਕਦੀ ਇਸ ਮੰਗ ਨੂੰ ਪੂਰਾ ਕਰਾਉਣ ਲਈ ਇਕ ਰਾਇ ਕਾਇਮ ਕੀਤੀ ਜਾ ਸਕੇ।

# ਅਨੰਦ ਵਿਆਹ ਕਾਨੂੰਨ ਬਾਰੇ ਕੇਂਦਰ ਵੱਲੋਂ ਨਰਮੀ ਦੇ ਸੰਕੇਤ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਆਨੰਦ ਵਿਆਹ ਕਾਨੂੰਨ 1909 'ਚ ਸੋਧ ਦੀ ਤਜਵੀਜ਼ ਖਾਰਜ ਕੀਤੇ ਜਾਣ 'ਤੇ ਦੇਸ਼-ਵਿਦੇਸ਼ 'ਚ ਸਿੱਖ ਭਾਈਚਾਰੇ ਦੇ ਰੋਸ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਇਹ ਭਾਈਚਾਰੇ ਦੀਆਂ ਭਾਵਨਾਵਾਂ ਤੋਂ ਪੂਰੀ ਤਰ੍ਹਾਂ ਵਾਕਫ਼ ਹੈ ਤੇ ਇਹ ਗੌਰ ਕਰੇਗੀ ਕਿ ਇਸ ਮਾਮਲੇ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਨਜਿੱਠਿਆ ਜਾ ਸਕਦਾ ਹੈ।

ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਸਿੱਖਾਂ ਦੇ ਰੋਸ ਨੂੰ ਵੇਖਦਿਆਂ ਕਿਹਾ ਹੈ ਕਿ ਉਹ ਜਾਣਦੇ ਹਨ ਕਿ ਇਹ ਮੁੱਦਾ ਸਿੱਖ ਭਾਈਚਾਰੇ ਲਈ ਬਹੁਤ ਭਾਵੁਕਤਾ ਤੇ ਭਾਵਨਾਵਾਂ ਭਰਿਆ ਹੈ ਕਿਉਂਕਿ ਉਨ੍ਹਾਂ ਨੇ ਇਸ ਲਈ ਲੰਮਾ ਸਮਾਂ ਸੰਘਰਸ਼ ਕੀਤਾ ਸੀ। ਮੰਤਰੀ ਨੇ ਕਿਹਾ ਕਿ ਸਰਕਾਰ ਚੰਗੀਆਂ ਤਜਵੀਜ਼ਾਂ ਨੂੰ ਜੀ ਆਇਆਂ ਆਖਦੀ ਹੈ ਜਿਨ੍ਹਾਂ ਨਾਲ ਮੁੱਦਾ ਸੌਖਾ ਹੱਲ ਹੋ ਜਾਵੇ। ਜੇਕਰ ਕੋਈ ਆਧੁਨਿਕ, ਸੂਝਬੂਝ ਵਾਲਾ ਵਿਚਾਰ ਲੈ ਕੇ ਆਉਂਦਾ ਹੈ ਤਾਂ ਸਰਕਾਰ ਉਸ 'ਤੇ ਜ਼ਰੂਰ ਗੌਰ ਕਰੇਗੀ ਪਰ ਨਾਲ ਹੀ ਉਹ ਅਜਿਹਾ ਵੀ ਨਹੀਂ ਚਾਹੁੰਦੇ ਕਿ ਇਕ ਮਸਲਾ ਹੱਲ ਹੋ ਜਾਵੇ ਤੇ ਹੋਰ ਮੁਸ਼ਕਲ ਦਸਤਕ ਦੇ ਰਹੀ ਹੋਵੇ।



ਜਨਾਬ ਖੁਰਸ਼ੀਦ ਅਨੁਸਾਰ ਸਾਰੇ ਦੇਸ਼ ਦਾ ਇਕ 'ਸੈਂਟਰਲ ਰਜਿਸਟਰ ਆਫ ਮੈਰਿਜਿਜ਼' ਹੋਣਾ ਚਾਹੀਦਾ ਹੈ ਜਿਸ 'ਚ ਵੱਖ-ਵੱਖ ਭਾਈਚਾਰਿਆਂ ਲਈ ਵੱਖਰੇ-ਵੱਖਰੇ ਕੋਡ ਹੋਣ। ਉਨ੍ਹਾਂ ਮਿਸਾਲ ਦਿੱਤੀ ਕਿ ਜਿਵੇਂ ਦੇਸ਼ 'ਚ ਜਨਮ ਤੇ ਮੌਤ ਦਾ ਰਜਿਸਟਰ ਹੈ, ਉਵੇਂ ਸਾਰੇ ਭਾਈਚਾਰਿਆਂ ਲਈ ਵਿਆਹ ਦਾ ਰਜਿਸਟਰ ਹੋਵੇ ਤੇ ਦੇਸ਼ 'ਚ ਇਕਸਸਾਰਤਾ ਦਾ ਯੁੱਗ ਆ ਜਾਵੇ। ਉਨ੍ਹਾਂ ਕਿਹਾ ਕਿ ਵਿਆਹਾਂ ਦੀ ਰਜਿਸਟਰੇਸ਼ਨ ਬਾਰੇ ਇਕ ਕੌਮੀ ਢੰਗ-ਤਰੀਕਾ ਹੋਣਾ ਚਾਹੀਦਾ ਹੈ। ਇਸ ਪ੍ਰਣਾਲੀ ਰਾਹੀਂ ਹਰੇਕ ਆਪਣੇ ਵਿਆਹ ਦੀ ਰਜਿਸਟਰੇਸ਼ਨ ਕਰਾ ਸਕਦਾ ਹੈ। ਵੱਖ-ਵੱਖ ਭਾਈਚਾਰਿਆਂ ਲਈ ਵੱਖਰੇ-ਵੱਖਰੇ ਕੋਡ ਹੋ ਸਕਦੇ ਹਨ। ਉਨ੍ਹਾਂ ਅਨੁਸਾਰ ਅਜਿਹਾ ਸੁਝਾਅ ਕਿਸੇ ਵੱਲੋਂ ਆਉਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਨੇ ਆਨੰਦ ਵਿਆਹ ਕਾਨੂੰਨ 'ਚ ਸੋਧ ਕਰਕੇ ਇਕ ਵਧੀਆ ਕਲਾਜ਼ ਪਾਏ ਜਾਣ ਦੀ ਤਜਵੀਜ਼ ਤਿਆਗ ਦਿੱਤੀ ਸੀ ਜਦਕਿ ਇਸ ਰਾਹੀਂ ਸਾਰੇ ਸਿੱਖ ਇਸ ਕਾਨੂੰਨ ਤਹਿਤ ਵਿਆਹ ਰਜਿਸਟਰ ਕਰਾ ਸਕਦੇ ਸਨ ਤੇ ਹੋਰ ਧਰਮ ਹਿੰਦੂ ਵਿਆਹ ਕਾਨੂੰਨ 1955 ਅਧੀਨ ਵਿਆਹ ਰਜਿਸਟਰ ਕਰਾਉਣ ਦੀ ਜ਼ਹਿਮਤ ਤੋਂ ਬਚ ਸਕਦੇ ਸਨ। ਕਾਨੂੰਨ ਤੇ ਨਿਆਂ ਬਾਰੇ ਸੰਸਦ ਦੀ ਸਥਾਈ ਕਮੇਟੀ ਨੇ ਵੀ ਇਸ ਸੋਧ ਦੀ ਸਿਫਾਰਸ਼ ਕੀਤੀ ਸੀ। ਇਸ ਬਾਰੇ ਮੰਤਰੀ ਦਾ ਕਹਿਣਾ ਹੈ ਕਿ ਇਸ ਸੋਧ ਬਾਰੇ ਸਰਕਾਰ ਨੇ ਰਾਏ ਲਈ ਸੀ ਤੇ ਸਰਕਾਰ ਹੁਣ ਵੀ ਸਿੱਖਾਂ ਵੱਲੋਂ ਉਠਾਈਆਂ ਜਾਂਦੀਆਂ ਮੁਸ਼ਕਲਾਂ ਦੇ ਸੁਚੱਜੇ ਤੇ ਬਣਦੇ ਹੱਲ ਲਈ ਤਿਆਰ ਹੈ।

ਕੁਝ ਸਿੱਖ ਆਗੂ, ਕੌਮੀ ਘੱਟ-ਗਿਣਤੀਆਂ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਦੀ ਅਗਵਾਈ 'ਚ ਜਨਾਬ ਸਲਮਾਨ ਖੁਰਸ਼ੀਦ ਨੂੰ ਵੀ ਮਿਲੇ ਹਨ ਤੇ ਕੇਂਦਰ ਤੋਂ ਇਸ ਫੈਸਲੇ 'ਤੇ ਮੁੜ ਗੌਰ ਕਰਨ ਦੀ ਮੰਗ ਕੀਤੀ ਹੈ। ਮੰਤਰੀ ਨੇ ਸਿੱਖਾਂ ਦੇ ਵਫਦ ਨੂੰ ਕਿਹਾ ਹੈ ਕਿ ਉਹ ਆਪਣੇ ਵਿਚਾਰ ਭੇਜ ਕੇ ਦੱਸੇ ਕਿ ਇਸ ਦਿਸ਼ਾ 'ਚ ਕੀ ਕੁਝ ਕੀਤਾ ਜਾ ਸਕਦਾ ਹੈ। ਇਸ ਮੁੱਦੇ 'ਤੇ ਸੰਵਾਦ ਦੀ ਸੰਭਾਵਨਾ ਦਾ ਖੁਲਾਸਾ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵਿਆਹਾਂ ਦੀ ਰਜਿਸਟਰੇਸ਼ਨ 'ਚ ਬਹੁਤ ਦੁਹਰਾਓ ਤੋਂ ਬਚਣਾ ਚਾਹੁੰਦੀ ਹੈ। ਭਲਕੇ ਬੁੱਧ ਧਰਮ ਵਾਲੇ ਆ ਕੇ ਆਪਣੇ ਕਾਨੂੰਨ ਦੱਸਣਗੇ ਫਿਰ ਪਾਰਸੀ ਆਪਣੇ ਢੰਗ-ਤਰੀਕੇ ਚਾਹੁੰਣਗੇ।

# SUPER TRAVEL

847-676-9090, 773-465-5566

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

*For Emergency Call anytime at 847-673-3825*

EARLY BIRD SALE!!!!

India $545
London $250



# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ ਬਹੁਤ ਹੀ ਵਧੀਆ ਕੁਆਲਿਟੀ

- > Royal Bazar, San Jose
- > Preet Fabric, Fremont
- > Sidhartha International, Fremont
- > Roshni, Union City
- > Kash Fabrics, Hayward
- > Maya Fashion, Newark
- > LA Merchandise, Yuba City

DESI WORLD RADIO Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ*

*ਹੋਰ ਜਾਣਕਾਰੀ ਲਈ ਕਾਲ ਕਰੋ*

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*

***Radio CK, PO Box 296, Fremont, CA 94537***






## Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

*spkaurus@yahoo.co.in - www.shopherbalife.com/skaur*



# Indian Restaurant For Sale in Florida

*Doing exilent business *Free standing building

ਫਲੋਰਿਡਾ ਵਿਚ ਵਧੀਆ ਚਲਦਾ ਭਾਰਤੀ ਰੈਸਟੋਰੈਂਟ ਵਿਕਾਊ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ 850-510-3046




# MRP TRAVEL

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

408-929-8005
E-mail:mrptravel@gmail.com
2123 Port Way, San Jose, CA 95133
*CST: 2097308-40*



*Passport & Visa services also available*

Asiana Airlines, Emirates, SINGAPORE AIRLINES, CATHAY PACIFIC, KOREAN AIR, Lufthansa, CHINA AIRLINES

Special one day fare 9/9/11 SFO to DEL $1120.



# Desi Cuts and Color Plus

For Men, Women & Children



Grand Opening

Ph:510-429-0786



Mandeep 510-200-4415

Tony (510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *( Behind Tacobell )*



FARMERS INSURANCE GROUP Symbol of Superior Service

# FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



# ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਸਟਾਫ ਦੀ ਲੋੜ ਹੈ

ਚੰਗੀ ਤਨਖਾਹ, ਵਧੀਆ ਸਹੂਲਤਾਂ

ਸੰਪਰਕ ਕਰੋ:
850-510-3466


# Matrimonials

*ਜੀਵਨ ਸਾਥੀ ਦੀ ਲੋੜ*

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

Match for Jatt Sikh Green Card holder boy 31 yrs, 5' 8", B.A. Boy's all family well settled in US (Bay area). Girl must be 5' 3", 24-30 yrs age. Send Bio Data-usasaran@yahoo.com or call 408-624-7857, 4pm-9pm only (PST)

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

# ☬ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸ਼੍ਰੋਮਣੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣ ਮੈਦਾਨ ਵਿਚ ਮਜ਼ਬੂਤ ਪੰਥਕ ਧਿਰ ਵਜੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਮੂਹ ਸਿੱਖਾਂ ਨੂੰ ਯਕੀਨ ਦਿਵਾਉਂਦਾ ਹੈ ਕਿ ਜਿਸ ਤਰ੍ਹਾਂ ਗੁਰੂ ਸਾਹਿਬਾਂ ਅਤੇ ਮਹਾਨ ਸ਼ਹੀਦਾਂ ਨੇ ਸਿੱਖਾਂ ਦੀ ਮੁਕੰਮਲ ਆਜ਼ਾਦੀ, ਪੂਰਨ ਪ੍ਰਭੂਸੱਤਾ ਸੰਪੰਨ ਰਾਜ, ਆਜ਼ਾਦ ਸਿੱਖ ਬਾਦਸ਼ਾਹੀ (ਖ਼ਾਲਿਸਤਾਨ) ਹੋਂਦ ਵਿਚ ਲਿਆਉਣ ਲਈ ਨਿੱਗਰ ਉਪਰਾਲੇ ਕੀਤੇ ਹਨ ਅਤੇ 20ਵੀਂ ਸਦੀ ਵਿਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਮੇਤ ਹਜ਼ਾਰਾਂ ਸੂਰਬੀਰਾਂ ਨੇ ਸਿੱਖਾਂ ਦੀ ਗ਼ੁਲਾਮੀ ਦੀਆਂ ਜੰਜ਼ੀਰਾਂ ਕੱਟਣ ਲਈ ਕੁਰਬਾਨੀਆਂ ਦਿੱਤੀਆਂ, ਅਸੀਂ ਉਸੇ ਰੌਸ਼ਨੀ ਵਿਚ ਸਿੱਖ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਕੇਵਲ ਗੁਰੂ ਅਤੇ ਸਿੱਖ ਸੰਗਤਾਂ ਦਾ ਆਸਰਾ ਤੱਕ ਕੇ ਦਿੱਲੀ ਦਰਬਾਰ ਅਤੇ ਸਿੱਖਾਂ ਦੀ ਬਰਬਾਦੀ ਤੇ ਨਸਲਕੁਸ਼ੀ ਲਈ ਜ਼ਿੰਮੇਵਾਰ ਬੀ.ਜੇ.ਪੀ. ਵਰਗੀ ਕੱਟੜਵਾਦੀ ਪਾਰਟੀ ਅਤੇ ਕਾਂਗਰਸ ਵਰਗੀ ਜ਼ਾਲਮ ਜਮਾਤ ਅਤੇ ਦਿੱਲੀ ਦਰਬਾਰ ਦੇ ਦਲਾਲਾਂ ਤੋਂ ਬਰਾਬਰ ਦੀ ਦੂਰੀ ਰੱਖ ਕੇ ਸਿੱਖਾਂ ਦੀ ਮੁਕੰਮਲ ਆਜ਼ਾਦੀ ਦਾ ਮੁੱਦਾ ਲੈ ਕੇ ਚੋਣ ਮੁਹਿੰਮ ਅਰੰਭ ਦਿੱਤੀ ਹੈ। ਅਸੀਂ ਹਰ ਉਸ ਮਨੁੱਖ ਦਾ ਸਵਾਗਤ ਕਰਦੇ ਹਾਂ ਜੋ ਸਿੱਖਾਂ ਦੀ ਆਜ਼ਾਦੀ ਲਈ ਸਾਡੇ ਨਾਲ ਚੰਦ ਕਦਮ ਮਿਲਾ ਕੇ ਤੁਰਨਾ ਚਾਹੁੰਦੇ ਹੋਵੇ।

ਸਮੂਹ ਵੋਟਰਾਂ ਨੂੰ ਅਪੀਲ ਕਰਦੇ ਹਾਂ ਕਿ ਗੁਰਦੁਆਰਾ ਪ੍ਰਬੰਧ ਨੂੰ ਇਕ ਪਰਿਵਾਰ ਦੇ ਚੁੰਗਲ 'ਚੋਂ ਆਜ਼ਾਦ ਕਰਵਾਉਣ ਅਤੇ ਗੋਲਕ ਦੀ ਲੁੱਟ ਰੋਕ ਕੇ ਇਸ ਨੂੰ ਸੁਚਾਰੂ ਬਣਾਉਣ ਲਈ ਚੋਣ ਮੈਨੀਫੈਸਟੋ ਵਿਚ ਦਰਜ਼ ਮੁੱਦਿਆਂ 'ਤੇ ਦੀਰਘ ਵਿਚਾਰ ਕਰਕੇ ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਅ) ਦਾ ਸਾਥ ਦਿਓ ਅਤੇ 18 ਸਤੰਬਰ ਨੂੰ ਆਪਣੀ ਕੀਮਤੀ ਵੋਟ ਘੋੜੇ ਦੇ ਨਿਸ਼ਾਨ 'ਤੇ ਪਾ ਕੇ ਦਲ ਦੇ ਸਭ ਉਮੀਦਵਾਰਾਂ ਨੂੰ ਕਾਮਯਾਬ ਕਰੋ ਜੀ।

## ਸ਼੍ਰੋਮਣੀ ਕਮੇਟੀ ਮੈਂਬਰ ਕਿਹੋ ਜਿਹੇ ਹੋਣਗੇ?

ਹੁਣ ਤੱਕ ਧਰਮ ਪ੍ਰਚਾਰ ਦੇ ਪਛੜ ਜਾਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਧਰਮ ਪ੍ਰਚਾਰ ਕਰਨ ਵਾਲੇ ਜਾਂ ਗੁਰਦੁਆਰਾ ਪ੍ਰਬੰਧ ਚਲਾਉਣ ਵਾਲੇ ਖਾਸ ਕਰ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਆਪਣਾ ਜੀਵਨ ਗੁਰੂ ਆਸ਼ੇ ਅਨੁਸਾਰ ਨਹੀਂ ਹੈ। ਇਸ ਕਰਕੇ ਉਨ੍ਹਾਂ ਵਲੋਂ ਕੀਤੇ ਪ੍ਰਚਾਰ ਦਾ ਪ੍ਰਭਾਵ ਸੰਗਤ ਨਹੀਂ ਕਬੂਲ ਰਹੀ। ਉਂਜ ਵੀ ਬੀਤੇ ਵਿਚ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਭਾਵੇਂ ਉਹ ਸੌਦਾ ਸਾਧ, ਆਸ਼ੂਤੋਸ਼ ਜਾਂ ਭਨਿਆਰਾਂਵਾਲਾ ਵਲੋਂ ਹੀ ਕਿਉਂ ਨਾ ਹੋਣ, ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪੰਥਕ ਹਿੱਤਾਂ ਦੀ ਰਾਖੀ ਦੀ ਥਾਂ ਪੰਥ ਦੋਖੀਆਂ ਦਾ ਪੱਖ ਪੂਰਿਆ ਅਤੇ ਕੇਵਲ ਬਾਦਲ ਪਰਿਵਾਰ ਦੀ ਰਾਜਨੀਤੀ ਚਮਕਾਉਣ ਦੇ ਆਹਰੇ ਲੱਗੇ ਰਹੇ ਹਨ। ਪੰਥ ਪ੍ਰਤੀ ਕੁਝ ਸੋਚਣ ਦੀ ਉਨ੍ਹਾਂ ਵਿਚ ਨਾ ਤਾਂ ਹਿੰਮਤ ਹੈ ਅਤੇ ਨਾ ਹੀ ਅਜਿਹੀ ਕੋਈ ਚੇਤਨਾ। ਨਿੱਕੇ-ਮੋਟੇ ਲਾਲਚਾਂ ਨੇ ਮੈਂਬਰਾਂ ਨੂੰ ਬੇਜ਼ਮੀਰੇ ਬਣਾ ਦਿੱਤਾ ਹੈ। ਜੇ ਮੈਂਬਰ ਹੀ ਗੁਰੂ-ਸਿਧਾਤਾਂ 'ਤੇ ਪਹਿਰਾ ਨਹੀਂ ਦੇ ਸਕਦੇ ਤਾਂ ਹੋਰਨਾਂ 'ਤੇ ਦੋਸ਼ ਲਾਉਣੇ ਹਾਸੋ-ਹੀਣੇ ਹਨ। ਅਸੀਂ ਮੈਂਬਰਾਂ ਦੀ ਚੋਣ ਸਮੇਂ ਉਨ੍ਹਾਂ ਦੀਆਂ ਪੰਥ ਪ੍ਰਤੀ ਸੇਵਾਵਾਂ, ਗੁਰੂ ਪ੍ਰਤੀ ਭਰੋਸਾ, ਸ਼ਖ਼ਸੀ ਰਹਿਣੀ, ਨਿਡਰਤਾ, ਇਮਾਨਦਾਰੀ ਅਤੇ ਨਿਮਰਤਾ ਵਰਗੇ ਗੁਣਾਂ ਨੂੰ ਆਧਾਰ ਬਣਾਇਆ ਹੈ। ਇਹ ਵੀ ਖਿਆਲ ਰੱਖਿਆ ਹੈ ਕਿ ਉਨ੍ਹਾਂ ਦੇ ਜੀਵਨ ਉਪਰ ਧਰਮ ਦੀ ਹਾਨੀ, ਵਿਭਚਾਰ ਅਤੇ ਕੁਕਰਮ ਦਾ ਕੋਈ ਦਾਗ਼ ਨਾ ਹੋਏ। ਅਸੀਂ ਗੁਰੂ ਦੀਆਂ ਸੰਗਤਾਂ ਤੋਂ ਭਰਪੂਰ ਸਹਿਯੋਗ ਦੀ ਆਸ ਕਰਦੇ ਹਾਂ ਕਿ ਉਹ ਅਜਿਹੇ ਉਮੀਦਵਾਰ ਕਾਮਯਾਬ ਕਰਨ।

## ਕਮੇਟੀ ਦੇ 1920 ਵਾਲੇ ਰੁਤਬੇ ਦੀ ਬਹਾਲੀ

ਸ਼੍ਰੋਮਣੀ ਕਮੇਟੀ ਲਈ ਸਾਡੇ ਬਜ਼ੁਰਗਾਂ ਨੂੰ ਬਹੁਤ ਵੱਡੀ ਜਦੋਜਹਿਦ ਕਰਨੀ ਪਈ ਸੀ। ਇਸੇ ਨੇ ਹੀ ਸ਼੍ਰੋਮਣੀ ਅਕਾਲੀ ਦਲ ਵਰਗੀ ਮਜ਼ਬੂਤ ਸਿੱਖ ਜਥੇਬੰਦੀ ਨੂੰ ਜਨਮ ਦਿੱਤਾ। ਸ਼੍ਰੋਮਣੀ ਕਮੇਟੀ ਉਪਰ ਸਿੱਖਾਂ ਨੂੰ ਬੜਾ ਮਾਣ ਸੀ ਕਿ ਇਹ ਮਹਾਨ ਸੰਸਥਾ ਸਿੱਖਾਂ ਨੂੰ ਹਰ ਸਮੇਂ ਯੋਗ ਅਗਵਾਈ ਦਿੰਦੀ ਰਹੇਗੀ।

ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਸ. ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਆਈ ਹੈ, ਉਸ ਨੇ ਆਪਣੀ ਸੌੜੀ ਰਾਜਨੀਤੀ ਲਈ ਗੋਲਕਾਂ ਦੀ ਮਾਇਆ ਦੀ ਕੁਵਰਤੋਂ ਵਾਸਤੇ ਸ਼੍ਰੋਮਣੀ ਕਮੇਟੀ 'ਤੇ ਆਪਣੇ ਹੱਥਠੋਕਿਆਂ ਦਾ ਕਬਜ਼ਾ ਕਰਵਾ ਲਿਆ ਹੈ, ਚੋਣ ਪ੍ਰਕ੍ਰਿਆ ਨੂੰ ਵੀ ਆਜ਼ਾਦ ਨਹੀਂ ਰਹਿਣ ਦਿੱਤਾ। ਅੱਜ ਕੱਲ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਮੈਂਬਰਾਂ ਵਲੋਂ ਨਹੀਂ ਚੁਣਿਆ ਜਾਂਦਾ ਸਗੋਂ ਸ. ਬਾਦਲ ਦੇ ਲਿਫ਼ਾਫੇ 'ਚੋਂ ਨਿਕਲਦਾ ਹੈ। ਕਮੇਟੀ ਮੈਂਬਰ ਸਾਲ ਵਿਚ ਸਿਰਫ਼ ਇੱਕ ਅੱਧੇ ਘੰਟੇ ਲਈ ਦੋ ਵਾਰ ਇਕੱਠੇ ਹੁੰਦੇ ਹਨ ਅਤੇ ਬਾਦਲਸ਼ਾਹੀ ਫੁਰਮਾਨ ਸੁਣ ਕੇ, ਹੱਥ ਖੜ੍ਹੇ ਕਰਕੇ ਜੈਕਾਰੇ ਛੱਡ ਕੇ ਘਰਾਂ ਨੂੰ ਪਰਤ ਜਾਂਦੇ ਹਨ। ਅਸੀਂ ਵਚਨਬੱਧ ਹਾਂ ਕਿ ਸ਼੍ਰੋਮਣੀ ਕਮੇਟੀ ਦਾ 1920 ਵਾਲਾ ਰੁਤਬਾ ਬਹਾਲ ਕਰਕੇ ਇਸ ਨੂੰ ਆਜ਼ਾਦ ਤੇ ਮਜ਼ਬੂਤ ਸਿੱਖ ਜਥੇਬੰਦੀ ਦਾ ਰੂਪ ਫਿਰ ਤੋਂ ਦੇਵਾਂਗੇ।

## ਸਿੱਖਾਂ ਦੀ ਮੁਕੰਮਲ ਆਜ਼ਾਦੀ ਲਈ ਸੰਘਰਸ਼

ਸ਼੍ਰੋਮਣੀ ਕਮੇਟੀ ਸਿੱਖਾਂ ਦੀ ਆਜ਼ਾਦੀ ਹਸਤੀ ਦੀ ਪ੍ਰਤੀਕ ਇਕ ਮਹਾਨ ਸੰਸਥਾ ਹੈ। ਹਿੰਦ-ਪਾਕਿ ਵੰਡ ਤੋਂ ਪਹਿਲਾਂ 1946 ਵਿਚ ਸ਼੍ਰੋਮਣੀ ਕਮੇਟੀ ਦੇ ਸਤਿਕਾਰਯੋਗ ਮੈਂਬਰ ਸ. ਬਸੰਤ ਸਿੰਘ ਕੁੱਕੜ ਨੇ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਇਕ ਮਤਾ ਜਨਰਲ ਹਾਊਸ ਵਿਚ ਲਿਆਂਦਾ ਸੀ ਪਰ ਉਸ ਤੋਂ ਬਾਅਦ ਕਦੇ ਵੀ ਇਸ ਪਾਸੇ ਵੱਲ ਕੋਈ ਕਦਮ ਨਹੀਂ ਚੁੱਕਿਆ ਗਿਆ। ਸੋ, ਅਕਾਲੀ ਦਲ (ਅ) ਸੰਗਤ ਦੇ ਸਹਿਯੋਗ ਨਾਲ ਸ. ਬਸੰਤ ਸਿੰਘ ਕੁੱਕੜ ਵੱਲੋਂ ਪੇਸ਼ ਮਤੇ ਦੀ ਰੌਸ਼ਨੀ ਵਿਚ ਮੁੜ ਤੋਂ ਸਿੱਖਾਂ ਦੀ ਮੁਕੰਮਲ ਆਜ਼ਾਦੀ (ਖ਼ਾਲਿਸਤਾਨ) ਲਈ ਸਿੱਖ ਪਾਰਲੀਮੈਂਟ ਵਿਚ ਵੀ ਯੋਗ ਯਤਨ ਅਰੰਭੇਗਾ।

## ਸਰਵਉਚ ਸੰਸਥਾਵਾਂ ਤੇ ਪਦਵੀਆਂ ਦੀ ਭੈਅ ਮੁਕਤੀ

ਜਦੋਂ ਤੋਂ ਕਮੇਟੀ 'ਤੇ ਬਾਦਲ ਦਲੀਆਂ ਨੇ ਕਬਜ਼ਾ ਕੀਤਾ ਹੈ ਤਾਂ ਜਿੱਥੇ ਕਮੇਟੀ ਦੇ ਪ੍ਰਧਾਨ ਦੇ ਰੁਤਬੇ ਨੂੰ ਹਲਕਾ ਬਣਾਇਆ ਹੈ, ਉਥੇ ਸਿੱਖ ਪੰਥ ਦੀ ਮਹਾਨ ਸੰਸਥਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਬਾਕੀ ਜਥੇਦਾਰਾਂ ਅਤੇ ਹੈਡ ਗ੍ਰੰਥੀਆਂ ਦੀਆਂ ਪਦਵੀਆਂ ਨੂੰ ਵੀ ਬੌਣੇ ਬਣਾ ਕੇ ਰੱਖ ਦਿੱਤਾ ਹੈ। ਸਿੱਖ ਰਹਿਤ ਦਾ ਮੂੰਹ ਚਿੜਾਉਣ ਵਾਲੇ ਆਪਣੇ ਮੀਡੀਆ ਸਲਾਹਕਾਰ ਰਾਹੀਂ ਸ. ਬਾਦਲ ਨੇ ਲਿਖ ਕੇ ਭੇਜੇ ਹੁਕਮਨਾਮੇ ਮਨਮਰਜ਼ੀ ਨਾਲ ਜਾਰੀ ਕਰਵਾ ਕੇ ਜਥੇਦਾਰਾਂ ਨੂੰ ਤਾਂ ਕੱਖੋਂ ਹੌਲਿਆਂ ਕਰ ਦਿੱਤਾ ਹੈ ਪਰ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ ਦੀ ਦੁਰਵਰਤੋਂ ਵੀ ਕੀਤੀ ਹੈ। ਪ੍ਰੈਸ ਦੀ ਆਜ਼ਾਦੀ ਵਿਚ ਦਖ਼ਲ ਦੇਣ ਤੋਂ ਗੁਰੇਜ਼ ਨਹੀਂ ਕੀਤਾ। ਇਸ ਤਰ੍ਹਾਂ ਜਿਥੇ ਜਥੇਦਾਰ ਦੀ ਪਦਵੀ ਦਾ ਨਿਰਾਦਰ ਹੋਇਆ ਹੈ ਉਥੇ ਭਵਿੱਖ ਵਿਚ ਸਿੱਖ ਪੰਥ ਦੇ ਏਕੇ ਲਈ ਇਹ ਮਹਾਨ ਰੁਤਬਾ ਕੁਝ ਕਰਨ ਦੇ



ਸਮਰੱਥ ਨਹੀਂ ਰਹੇਗਾ। ਸੋ ਸਿੱਖ ਸੰਗਤਾਂ ਨੂੰ ਅਪੀਲ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਸਾਡੇ ਜਿੰਮੇ ਲਾਇਆ ਜਾਵੇ ਤਾਂ ਜੋ ਅਸੀਂ ਇਨ੍ਹਾਂ ਪਦਵੀਆਂ ਨੂੰ ਪੂਰਨ ਤੌਰ 'ਤੇ ਆਜ਼ਾਦ ਅਤੇ ਭੈਅ ਮੁਕਤ ਕਰਕੇ ਇਨ੍ਹਾਂ ਦਾ ਮੁੜ ਸਤਿਕਾਰ ਬਹਾਲ ਕਰ ਸਕੀਏ।

## ਹਾਊਸ ਦੀ ਮਰਿਆਦਾ ਅਤੇ ਇਜਲਾਸ

ਗੁਰਦੁਆਰਾ ਐਕਟ 1925 ਜਿਥੇ ਲੋਕਤੰਤਰ ਦੀ ਹਿੰਦੋਸਤਾਨੀ ਸੰਵਿਧਾਨ ਤੋਂ ਵੀ ਪਹਿਲੀ ਧਰੋਹਰ ਹੈ, ਉਥੇ ਸ਼੍ਰੋਮਣੀ ਕਮੇਟੀ ਏਸ਼ੀਆ ਵਿਚ ਵੋਟਾਂ ਨਾਲ ਚੁਣੀ ਜਾਣ ਵਾਲੀ ਸਭ ਤੋਂ ਪਹਿਲੀ ਪਾਰਲੀਮੈਂਟ ਹੈ। ਇਸ ਐਕਟ ਅਧੀਨ ਸਿੱਖਾਂ ਨੂੰ ਆਪਣੀ ਮਰਜ਼ੀ ਨਾਲ ਪੰਥਕ ਸੇਵਾਦਾਰ ਚੁਣਨ ਦਾ ਹੱਕ ਮਿਲਿਆ ਸੀ। ਕੁਝ ਸਮਾਂ ਇਸ ਸੰਸਥਾ ਨੇ ਪਵਿੱਤਰ ਮਰਿਆਦਾ ਨੂੰ ਕਾਇਮ ਵੀ ਰੱਖਿਆ, ਲੇਕਿਨ ਹੌਲੀ-ਹੌਲੀ ਅਲਾਮਤਾਂ ਨੇ ਘੁਸਪੈਠ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਤੋਂ ਸ. ਬਾਦਲ ਦੇ ਹੱਥ ਸੱਤਾ ਦੀ ਡੋਰ ਆਈ ਹੈ, ਉਸ ਨੇ ਆਰ.ਐਸ.ਐਸ. ਦੇ ਢਹੇ ਚੜ੍ਹ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਦੁੱਧ ਵਰਗੀ ਚੋਣ ਪ੍ਰਣਾਲੀ ਵਿਚ ਕਾਂਜੀ ਘੋਲ ਦਿੱਤੀ ਹੈ। ਨਸ਼ੇੜੀ ਤਸਕਰ ਅਤੇ ਘਟੀਆ ਕਿਰਦਾਰ ਵਾਲੇ ਲੋਕਾਂ ਨੂੰ ਇਸ ਮਹਾਨ ਸੰਸਥਾ ਦਾ ਮੈਂਬਰ ਬਣਨ ਦਾ ਮੌਕਾ ਮਿਲ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਬਲਵੀਰ ਸਿੰਘ ਪੰਨੂੰ ਦੀ ਮੌਤ, ਬਲਦੇਵ ਸਿੰਘ ਐਮ.ਏ. ਦੀ ਕਾਲੀ ਕਰਤੂਤ ਅਤੇ ਗੁਰਪਾਲ ਸਿੰਘ ਗੋਰਾ ਦਾ ਗ਼ੈਰ-ਇਖ਼ਲਾਕੀਪਨ ਸਿੱਖ ਸੰਗਤ ਦੇ ਸਾਹਮਣੇ ਹੈ। ਇਸ ਤੋਂ ਇਲਾਵਾ ਬੇਦੀ ਵਰਗੇ ਸਕੱਤਰਾਂ ਸਮੇਤ ਅਨੇਕਾਂ ਮੁਲਾਜ਼ਮਾਂ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਤੋਂ ਲੈ ਕੇ ਇਜਲਾਸ ਅਤੇ ਪ੍ਰਬੰਧ ਆਦਿ ਸਭ ਨੂੰ ਭ੍ਰਿਸ਼ਟ ਕਰ ਦਿੱਤਾ ਹੈ। ਚੋਣ ਵਿਚ ਨਸ਼ਿਆਂ ਦੀ ਵਰਤੋਂ ਅਤੇ ਵੋਟਾਂ ਦੀ ਖਰੀਦੋਫਰੋਖ਼ਤ ਆਮ ਗੱਲ ਹੈ। ਅਸੀਂ ਕਮੇਟੀ ਦੇ ਪ੍ਰਬੰਧ ਨੂੰ ਸੁਚਾਰੂ ਬਣਾਉਣ ਲਈ 90 ਦਿਨਾਂ ਬਾਅਦ ਘੱਟੋ-ਘੱਟ ਇਕ ਇਜਲਾਸ ਕਰਨ ਦੀ ਰੀਤ ਪੈਦਾ ਕਰਾਂਗੇ, ਇਹ ਇਜਲਾਸ ਹਫ਼ਤਾ ਭਰ ਨਿਰੰਤਰ ਚੱਲਣਗੇ ਅਤੇ ਹਰ ਮੈਂਬਰ ਨੂੰ ਆਜ਼ਾਦੀ ਨਾਲ ਰਾਇ ਦੇਣ ਦਾ ਪੂਰਾ ਹੱਕ ਹੋਵੇਗਾ, ਬਜਟ ਇਜਲਾਸ 15 ਦਿਨਾਂ ਲਈ ਹੋਵੇਗਾ ਅਤੇ ਸਾਲਾਨਾ ਬਜਟ ਉਤੇ ਪਾਰਲੀਮੈਂਟ ਵਾਂਗੂੰ ਬਹਿਸ ਹੋਵੇਗੀ। ਹਰ ਤਬਕੇ ਦੇ ਸਿੱਖਾਂ ਤੋਂ ਸੁਝਾਅ ਲਏ ਜਾਇਆ ਕਰਨਗੇ। ਇਜਲਾਸ ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ, ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ, ਖ਼ਾਲਸਾ ਸਾਜਨਾ ਦਿਵਸ, ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਅਤੇ ਸਾਕਾ ਨੀਲਾ ਤਾਰਾ ਜਾਂ ਦਿੱਲੀ ਸਿੱਖ ਕਤਲੇਆਮ ਵਰਗੇ ਦਿਹਾੜਿਆਂ ਨਾਲ ਜੋੜਿਆ ਜਾਵੇਗਾ।

## ਮੁਲਾਜ਼ਮਾਂ ਦਾ ਰਿਫ਼ਰੈਸ਼ਰ ਕੋਰਸ

ਸ਼੍ਰੋਮਣੀ ਕਮੇਟੀ ਵਿਚ ਬਹੁਤੀ ਭਰਤੀ ਸਿਫ਼ਾਰਸ਼ੀ ਹੈ। ਇੱਕੋ ਧਿਰ ਦਾ ਦਹਾਕਿਆਂ ਤੋਂ ਕਬਜ਼ਾ ਹੋਣ ਕਰਕੇ ਕਾਬਜ ਧਿਰ ਦੀਆਂ ਕਰਤੂਤਾਂ ਨੂੰ ਵੇਖ ਵੇਖ ਕੇ ਮੁਲਾਜ਼ਮਾਂ ਨੂੰ ਵੀ ਭ੍ਰਿਸ਼ਟਾਚਾਰ ਦੀ ਲਾਗ ਲੱਗ ਚੁੱਕੀ ਹੈ ਅਤੇ ਦਲਜੀਤ ਸਿੰਘ ਬੇਦੀ ਵਰਗੇ ਲੋਕ ਆਚਰਣਹੀਣਤਾ ਦਾ ਸ਼ਿਕਾਰ ਵੀ ਹੋ ਚੁੱਕੇ ਹਨ। ਅੱਜ ਉਨ੍ਹਾਂ ਨੂੰ ਗੁਰੂ ਨਾਲੋਂ ਜ਼ਿਆਦਾ ਭੈਅ ਬਾਦਲ ਜਾਂ ਮੱਕੜ ਦਾ ਹੈ। ਮੁਲਾਜ਼ਮਾਂ ਦਾ ਰਵੱਈਆ ਕਿਸੇ ਥਾਣੇ ਦੇ ਪੁਲਸੀਆਂ ਨਾਲੋਂ ਘੱਟ ਨਹੀਂ ਹੈ। ਸੰਗਤਾਂ ਨਾਲ ਰਿਹਾਇਸ਼ ਦੇ ਪ੍ਰਬੰਧਾਂ ਨੂੰ ਲੈ ਕੇ ਬਹੁਤ ਬਦਕਲਾਮੀ ਨਾਲ ਪੇਸ਼ ਆਉਂਦੇ ਹਨ। ਸੋ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵਿਚ ਸੇਵਾ ਦੇ ਗੁਣ ਪੈਦਾ ਕਰਨ ਲਈ ਹਰ ਸਾਲ ਇੱਕ ਪੰਦਰਾ ਰੋਜ਼ਾ ਰਿਫ਼ਰੈਸ਼ਰ ਕੋਰਸ ਅਰੰਭਿਆ ਜਾਏਗਾ ਅਤੇ ਇਸ ਵਿਚ ਸਾਧਾਰਨ ਸੇਵਾਦਾਰ ਤੋਂ ਲੈ ਕੇ ਪ੍ਰਧਾਨ ਤੱਕ ਸਾਰੇ ਮੈਂਬਰ ਹਾਜ਼ਰੀ ਲਵਾਉਣਗੇ।

## ਰਿਹਾਇਸ਼ੀ ਸਰਾਂਵਾਂ 'ਚ ਵਿਤਕਰੇ ਦਾ ਖ਼ਾਤਮਾ

ਗੁਰਦੁਆਰਿਆਂ ਦੇ ਦਰਸ਼ਨਾਂ ਲਈ ਸੰਗਤਾਂ ਦੀ ਦਿਨੋ-ਦਿਨ ਵਧ ਰਹੀ ਗਿਣਤੀ ਅਤੇ ਹਰ ਸ਼ਰਧਾਲੂ ਦੀ ਚੰਗੀ ਰਿਹਾਇਸ਼ ਪ੍ਰਾਪਤ ਕਰਨ ਦੀ ਬਿਰਤੀ ਨੇ ਰਿਹਾਇਸ਼ੀ ਪ੍ਰਬੰਧਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵਿਚ ਭ੍ਰਿਸ਼ਟਾਚਾਰ ਅਤੇ ਮਹੰਤੀ ਬਿਰਤੀ ਪੈਦਾ ਕੀਤੀ ਹੈ। ਖਾਸ ਕਰਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕਮਰਾ ਲੈਣ ਲਈ ਕੋਈ ਮਾਪਦੰਡ ਨਹੀਂ ਹੈ, ਕੇਵਲ ਮੈਂਬਰ ਜਾਂ ਸਕੱਤਰ ਐਮ.ਐਲ.ਏ. ਜਾਂ ਅਖੌਤੀ ਆਗੂ ਦੀ ਗਿੱਦੜ ਪਰਚੀ ਜਾਂ ਡੰਡਾ ਹੀ ਕੰਮ ਆਉਂਦਾ ਹੈ। ਜਿਸ ਕੋਲ ਕੋਈ ਸਿਫਾਰਸ਼ੀ ਨਹੀਂ ਉਸ ਨੂੰ ਜਾਂ ਤਾਂ ਰਾਤ ਪਰਿਕਰਮਾ ਵਿਚ ਕੱਟਣੀ ਪਵੇਗੀ ਜਾਂ ਫ਼ਿਰ ਮਹਿੰਗੇ ਭਾਅ ਦਾ ਹੋਟਲ ਕਿਰਾਏ 'ਤੇ ਲੈਣਾ ਪਵੇਗਾ। ਇਹ ਵੀ ਧਿਆਨ ਵਿਚ ਆਇਆ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਬਣੇ ਹੋਟਲ ਮਾਲਕਾਂ ਦੀ ਰਿਹਾਇਸ਼ੀ ਸਰਾਂਵਾਂ ਦੇ ਮੁਲਾਜ਼ਮਾਂ ਨਾਲ ਗੰਢ-ਸੰਢ ਹੈ ਤੇ ਕਮਰਾ ਹੋਣ 'ਤੇ ਵੀ ਕਮਰਾ ਨਹੀਂ ਦਿੰਦੇ ਪਰ ਸਲਾਹ ਜ਼ਰੂਰ ਦੇ ਦਿੰਦੇ ਹਨ ਕਿ ਫਲਾਣੇ ਗੈਸਟ ਹਾਊਸ ਜਾਂ ਹੋਟਲ ਵਿਚ ਚਲੇ ਜਾਉ। ਹੋਟਲ ਮਾਲਕ ਇਨ੍ਹਾਂ ਨੂੰ ਕਮਿਸ਼ਨ ਵੀ ਦਿੰਦੇ ਹਨ। ਅਸੀਂ ਭਰੋਸਾ ਦਿਵਾਉਂਦੇ ਹਾਂ ਕਿ ਇਨ੍ਹਾਂ ਰਿਹਾਇਸ਼ੀ ਸਰਾਂਵਾਂ ਦਾ ਪ੍ਰਬੰਧ ਸੰਗਤੀ ਪ੍ਰਬੰਧ ਵਿਚ ਬਦਲ ਦਿਆਂਗੇ ਜਿਥੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੋਵੇਗਾ।

## ਗੁਰੂ ਦੀ ਗੋਲਕ ਯੋਗ ਧਾਰਮਿਕ ਕੰਮਾਂ 'ਤੇ ਖਰਚਾਂਗੇ

ਗੁਰੂ ਦੀ ਗੋਲਕ "ਗ਼ਰੀਬ ਦਾ ਮੂੰਹ" ਦੇ ਅਸਲੀ ਅਰਥਾਂ ਨੂੰ ਵਿਗਾੜ ਕੇ ਮੌਜੂਦਾ ਸ਼੍ਰੋਮਣੀ ਕਮੇਟੀ ਪ੍ਰਬੰਧਕਾਂ ਨੇ "ਗੁਰੂ ਦੀ ਗੋਲਕ ਬਾਦਲ ਦਲੀਆਂ ਦਾ ਮੂੰਹ" ਬਣਾ ਕੇ ਰੱਖ ਦਿੱਤਾ ਹੈ। ਪਿਛਲੇ ਲੰਮੇਂ ਸਮੇਂ ਤੋਂ ਸ਼੍ਰੋਮਣੀ ਕਮੇਟੀ ਨੂੰ ਚੁਫ਼ੇਰਿਉਂ ਗੋਲਕ ਦੀ ਕੁਵਰਤੋਂ ਕਰਕੇ ਲਾਹਨਤਾਂ ਪੈ ਰਹੀਆਂ ਹਨ। ਚੰਦ ਪਰਿਵਾਰਾਂ ਦੀ ਬਿਹਤਰੀ ਅਤੇ ਸਿਆਸੀ ਖੇਡ ਲਈ ਹੀ "ਗੁਰੂ ਦੀ ਗੋਲਕ" ਨੂੰ ਵਰਤਿਆ ਜਾ ਰਿਹਾ ਹੈ, ਜਿਸ ਨਾਲ ਸ਼ਰਧਾਵਾਨ ਸਿੱਖਾਂ ਦੇ ਮਨ ਨੂੰ ਡਾਢੀ ਠੇਸ ਪਹੁੰਚ ਰਹੀ ਹੈ। ਅਸੀਂ ਯਤਨ ਕਰਾਂਗੇ ਕਿ "ਗੁਰੂ ਦੀ ਗੋਲਕ" ਦੀ ਕੁਵਰਤੋਂ ਪੂਰੀ ਤਰ੍ਹਾਂ ਰੋਕੀ ਜਾਵੇ।

## ਕਮੇਟੀ ਦੇ ਸਿਆਸੀਕਰਨ ਬਾਰੇ ਵਾਈਟ ਪੇਪਰ

ਜਦੋਂ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਬਾਦਲ ਦਲੀਆਂ ਦੇ ਹੱਥ ਆਇਆ ਹੈ, ਉਨ੍ਹਾਂ ਨੇ ਬਾਦਲ ਪਰਿਵਾਰ ਤੋਂ ਨਿੱਜੀ ਫਾਇਦੇ ਲੈਣ ਲਈ ਅਤੇ ਬਾਦਲ ਪਰਿਵਾਰ ਨੂੰ ਸਿਆਸੀ ਲਾਹਾ ਦੇਣ ਲਈ ਗੁਰੂ ਸਿਧਾਂਤ, ਗੁਰੂ ਮਰਿਆਦਾ, ਗੁਰੂ ਦੀ ਗੋਲਕ, ਪੰਥਕ ਰੁਤਬੇ ਅਤੇ ਪੰਥਕ ਸੰਸਥਾਵਾਂ, ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਹੈ, ਜਿਸ ਕਰਕੇ ਸਿੱਖ ਕੌਮ ਬਿਪਰਵਾਦ ਦੇ ਡੂੰਘੇ ਖੱਡੇ ਵਿਚ ਜਾ ਡਿੱਗੀ ਹੈ। ਬਾਦਲ ਦਲੀਆਂ ਦੀਆਂ ਧਾਂਦਲੀਆਂ ਅਤੇ ਲੁੱਟ-ਖਸੁੱਟ ਅਤੇ ਉਨ੍ਹਾਂ ਦੀਆਂ ਮਨਮਾਨੀਆਂ ਦੀ ਪੋਲ ਖੋਲ੍ਹਣ ਲਈ ਵਾਈਟ ਪੇਪਰ ਜਾਰੀ ਕਰਾਂਗੇ।

## ਨਿੱਜੀ ਟਰੱਸਟ ਖ਼ਤਮ ਕਰਨਾ

ਸ਼੍ਰੋਮਣੀ ਕਮੇਟੀ ਖ਼ੁਦ ਇਕ ਟਰੱਸਟ ਹੈ। ਭਾਰਤੀ ਕਾਨੂੰਨ ਅਨੁਸਾਰ ਕੋਈ ਵੀ ਟਰੱਸਟ ਅੱਗੋਂ ਕਿਸੇ ਟਰੱਸਟ ਨੂੰ ਜਨਮ ਨਹੀਂ ਦੇ ਸਕਦਾ ਲੇਕਿਨ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਬਾਦਲ ਦਲੀਆਂ ਨੇ ਕਮੇਟੀ ਦੇ ਪ੍ਰਬੰਧ ਹੇਠਲੇ ਅਨੇਕਾਂ ਵਿਦਿਅਕ ਅਤੇ ਹੋਰ ਅਦਾਰੇ ਅੱਗੋਂ ਟਰਸਟਾਂ ਅਧੀਨ ਕਰ ਦਿੱਤੇ ਹਨ। ਇਨ੍ਹਾਂ ਦੇ ਟਰੱਸਟੀ ਜਾਂ ਤਾਂ ਬਾਦਲ ਪਰਿਵਾਰ ਦੇ ਰਿਸ਼ਤੇਦਾਰ ਹਨ ਜਾਂ ਚੇਲੇ ਚਾਟੜੇ। ਗੁਰਦੁਆਰਾ ਸ਼ਾਹਬਾਦ ਮਾਰਕੰਡਾ ਦੀ 27 ਏਕੜ ਜ਼ਮੀਨ 'ਤੇ ਕੇਵਲ 10 ਹਜ਼ਾਰ ਰੁਪਏ ਵਿਚ ਬਾਦਲ ਪਰਿਵਾਰ ਨੇ 100 ਸਾਲਾਂ ਲਈ ਆਪਣਾ ਪਰਿਵਾਰਕ ਟਰੱਸਟ ਕਾਇਮ ਕਰ ਲਿਆ ਹੈ। ਇਸ ਤਰ੍ਹਾਂ ਦੇ ਟਰੱਸਟਾਂ ਦੇ ਟਰੱਸਟੀ ਵੀ ਤਾਅ ਜ਼ਿੰਦਗੀ ਲਈ ਬਣਾਏ ਗਏ ਹਨ। ਬਾਦਲ ਦਲੀਆਂ ਨੇ 1920 ਤੋਂ ਪਹਿਲੇ ਮਹੰਤਵਾਦ ਨੂੰ ਮੁੜ ਤੋਂ ਸੁਰਜੀਤ ਕਰਕੇ ਰੱਖ ਦਿੱਤਾ ਹੈ। ਜੇ ਪ੍ਰਬੰਧ ਬਾਦਲ ਦਲੀਆਂ ਦੇ ਹੱਥ ਰਿਹਾ ਤਾਂ ਸਿੱਖਾਂ ਨੂੰ ਭਵਿੱਖ ਵਿਚ ਇਕ ਵਾਰ ਫਿਰ ਮਾਡਰਨ ਮਹੰਤਾਂ ਨਾਲ ਦੋ ਦੋ ਹੱਥ ਕਰਨੇ ਪੈਣਗੇ। ਅਸੀਂ ਸੰਗਤ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਚੋਣਾਂ ਜਿੱਤਣ ਦੀ ਸੂਰਤ ਵਿਚ ਅਜਿਹੇ ਸਾਰੇ ਗ਼ੈਰ-ਕਾਨੂੰਨੀ ਟਰੱਸਟ ਖ਼ਤਮ ਕਰਕੇ ਸਾਰਾ ਪ੍ਰਬੰਧ ਮੁੜ ਤੋਂ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਲਿਆਂਦਾ ਜਾਵੇਗਾ। ਹੁਣ ਤੱਕ ਗੁਰੂ ਦੀ ਗੋਲਕ ਦੀ ਹੋਈ ਲੁੱਟ ਅਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਤੋਂ ਕਮਾਏ ਧਨ ਨੂੰ ਗੁਰੂ ਦੀ ਅਮਾਨਤ ਐਲਾਨ ਕੇ ਬਾਦਲ ਦਲੀਆਂ ਉਪਰ ਅਮਾਨਤ 'ਚ ਖਿਆਨਤ ਕਰਨ ਦੇ ਮੁਕੱਦਮੇ ਚਲਾਏ ਜਾਣਗੇ।

## ਪੰਜਾਬੀ ਤੇ ਅੰਗਰੇਜ਼ੀ ਵਿਚ ਅਖ਼ਬਾਰ

ਆਜ਼ਾਦੀ ਤੋਂ ਪਹਿਲਾਂ ਸਿੱਖਾਂ ਦੇ ਦਰਜਨਾਂ ਛੋਟੇ-ਮੋਟੇ ਆਪਣੇ ਅਖ਼ਬਾਰ ਸਨ। ਧਨਾਢ ਸਿੱਖ ਪਰਿਵਾਰਾਂ ਕੋਲ ਅੰਗਰੇਜ਼ੀ ਦੇ ਦੋ ਵੱਡੇ ਅਖ਼ਬਾਰ ਸਨ, ਜਿਨ੍ਹਾਂ 'ਚੋਂ "ਦੀ ਟ੍ਰਿਬਿਊਨ" ਮਜੀਠੀਆ ਪਰਿਵਾਰ ਅਤੇ "ਹਿੰਦੋਸਤਾਨ ਟਾਈਮਜ਼" ਸ. ਮੰਗਲ ਸਿੰਘ ਗਿੱਲ ਦੇ ਪਰਿਵਾਰ ਕੋਲ ਸੀ। ਮਜੀਠੀਆ ਪਰਿਵਾਰ ਦਾ ਮੁੱਖੀ ਬ੍ਰਹਮੋ-ਸਮਾਜ ਦੀ ਲਹਿਰ ਦੇ ਜਾਲ ਵਿਚ ਫਸ ਕੇ ਆਰੀਆ ਸਮਾਜੀ ਹੋ ਨਿਬੜਿਆ, ਇਸੇ ਤਰ੍ਹਾਂ ਹਿੰਦੋਸਤਾਨ ਟਾਈਮਜ਼ ਵੀ ਸਿੱਖਾਂ ਦੇ ਸਿੱਧੇ ਪ੍ਰਬੰਧ ਹੇਠੋਂ ਨਿਕਲ ਗਿਆ। ਅੱਜ ਪੰਜਾਬੀ ਜਾਂ ਅੰਗਰੇਜ਼ੀ ਦਾ ਕੋਈ ਵੀ ਅਖ਼ਬਾਰ ਸਿੱਖ ਜਜ਼ਬਾਤ ਦੀ ਤਰਜਮਾਨੀ ਨਹੀਂ ਕਰ ਰਿਹਾ। "ਸ਼੍ਰੋਮਣੀ ਕਮੇਟੀ" ਵੱਲੋਂ ਪ੍ਰਕਾਸ਼ਿਤ ਮਾਸਿਕ "ਗੁਰਮਤਿ ਪ੍ਰਕਾਸ਼" ਦੀ ਵੀ ਇਕ ਸੀਮਾ ਹੈ।

ਸਾਡਾ ਉਪਰਾਲਾ ਹੋਵੇਗਾ ਕਿ ਪਹਿਲਾਂ ਪੰਜਾਬੀ ਅਤੇ ਫਿਰ ਅੰਗਰੇਜੀ ਵਿਚ ਇਕ ਅਖ਼ਬਾਰ ਸ਼੍ਰੋਮਣੀ ਕਮੇਟੀ ਅਤੇ ਦੇਸ਼ ਵਿਦੇਸ਼ ਦੇ ਸਿੱਖਾਂ ਅਤੇ ਵਿਦਵਾਨਾਂ ਦਾ ਇੱਕ ਪ੍ਰਬੰਧਕੀ ਬੋਰਡ ਬਣਾ ਕੇ ਅਰੰਭ ਕੀਤਾ ਜਾਵੇ।

## ਕੀਰਤਨ ਅਤੇ ਖ਼ਬਰਾਂ ਦਾ ਟੀ.ਵੀ. ਚੈਨਲ ਤੇ ਰੇਡੀਓ

ਅੱਜ ਇਲੈਕਟ੍ਰਾਨਿਕ ਮੀਡੀਆ ਬ੍ਰਾਹਮਣਵਾਦੀ ਪ੍ਰਭਾਵ ਹੇਠ ਹੈ। ਸਿੱਖ ਧਰਮ ਬਾਰੇ ਬਹੁਤ ਘੱਟ ਪ੍ਰੋਗਰਾਮ ਹੁੰਦੇ ਹਨ। ਉਨ੍ਹਾਂ ਵਿਚ ਵੀ ਜਾਣਕਾਰੀ ਅਧੂਰੀ ਹੁੰਦੀ ਹੈ ਜਾਂ ਕਿਸੇ ਸਾਜ਼ਿਸ਼ ਅਧੀਨ ਗੁਰੂ ਮਰਿਆਦਾ ਅਤੇ ਸਿਧਾਂਤ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਕਰਕੇ ਚੌਵੀ ਘੰਟੇ ਗੁਰਬਾਣੀ ਕੀਰਤਨ ਚੈਨਲ ਦੇ ਨਾਲ ਨਾਲ ਇੱਕ ਅੰਗਰੇਜ਼ੀ ਅਤੇ ਪੰਜਾਬੀ ਖ਼ਬਰਾਂ ਦਾ ਟੀ.ਵੀ. ਚੈਨਲ ਸ਼ੁਰੂ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਬਣ ਗਿਆ ਹੈ। ਸਾਡਾ ਵਾਅਦਾ ਹੈ ਕਿ ਸ਼੍ਰੋਮਣੀ ਕਮੇਟੀ ਅਧੀਨ ਗੁਰਬਾਣੀ ਪ੍ਰਸਾਰ ਅਤੇ ਗੁਰਮਤਿ ਪ੍ਰਚਾਰ ਲਈ ਟੀ ਵੀ ਚੈਨਲ ਤੇ ਚੌਵੀ ਘੰਟੇ ਦਾ ਐਫ.ਐਮ. ਰੇਡੀਓ ਸ਼ੁਰੂ ਕਰਨ ਦੀ ਉਦਮ ਕੀਤਾ ਜਾਵੇਗਾ।

## ਗੁਰਬਾਣੀ ਦਾ ਹੋਰ ਬੋਲੀਆਂ 'ਚ ਅਨੁਵਾਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ-ਜਾਂਚ ਅਤੇ ਰੂਹਾਨੀ ਗਿਆਨ ਦਾ ਵਡਮੁੱਲਾ ਖਜ਼ਾਨਾ ਹੈ, ਗੁਰਬਾਣੀ ਵਿਚ ਜੀਵਨ ਤੇ ਮਰਨ ਅਤੇ ਲੁਕਾਈ ਤੋਂ ਖੁਦਾਈ ਤੱਕ ਦੇ ਸਾਰੇ ਭੇਦ ਦਰਜ ਹਨ। ਲੇਕਿਨ ਸਿੱਖਾਂ ਦੀ ਤ੍ਰਾਸਦੀ ਹੈ ਕਿ ਨਾ ਤਾਂ ਉਨ੍ਹਾਂ ਖੁਦ ਗੁਰਬਾਣੀ ਪੜ੍ਹੀ ਹੈ, ਨਾ ਅਮਲ ਕੀਤਾ ਅਤੇ ਨਾ ਹੀ ਕਿਸੇ ਹੋਰ ਕੋਲ ਪਹੁੰਚਾਉਣ ਦਾ ਉਦਮ ਕੀਤਾ ਹੈ। ਸਮੇਂ ਦੀ ਲੋੜ ਹੈ ਕਿ ਬਲ ਰਹੀ ਲੁਕਾਈ ਨੂੰ ਸ਼ਾਂਤ ਕਰਨ ਲਈ ਗੁਰੂ ਨਾਨਕ ਦੇ ਉਪਦੇਸ਼ ਨੂੰ ਹਰ ਹਿਰਦੇ ਤੱਕ ਪਹੁੰਚਦਾ ਕੀਤਾ ਜਾਵੇ। ਗੁਰਬਾਣੀ ਦਾ ਭਾਰਤੀ ਅਤੇ ਸੰਸਾਰ ਦੀਆਂ ਹੋਰ ਬੋਲੀਆਂ ਵਿਚ ਅਨੁਵਾਦ ਛਾਪਣ ਦਾ ਉਪਰਾਲਾ ਕੀਤਾ ਜਾਵੇਗਾ।

## ਸਮਕਾਲੀ ਸਹਿਤ ਦੀ ਘੋਖ਼ ਲਈ ਨਿਗਰਾਨ ਬੋਰਡ

ਸਿੱਖ ਧਰਮ ਬਾਰੇ ਬਹੁਤ ਕੁਝ ਗਲਤ ਮਲਤ ਛਪ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀਆਂ ਪ੍ਰਕਾਸ਼ਨਾਂਵਾਂ ਵਿਚ ਵੀ ਕਈ ਥਾਂ ਗੜਬੜ ਹੈ ਜਿਸ ਨਾਲ ਸਾਡਾ ਪਿਛੋਕੜ ਤੇ ਵਰਤਮਾਨ ਸ਼ੰਕਿਆਂ 'ਚ ਘਿਰਦਾ ਹੈ। ਅਸੀਂ ਸ਼੍ਰੋਮਣੀ ਕਮੇਟੀ ਦੇ ਪ੍ਰਕਾਸ਼ਨਾਂ ਨੂੰ ਪ੍ਰਮਾਣਿਕ ਬਣਾਉਣ ਅਤੇ ਕਈ ਸਵਾਰਥੀ ਹਿਤਾਂ ਵਲੋਂ ਉਗਲੇ ਗਏ ਜ਼ਹਿਰ ਦਾ ਤੋੜ ਲੱਭਣ ਲਈ ਸਿੱਖ ਵਿਦਵਾਨਾਂ ਦਾ ਇੱਕ ਨਿਗਰਾਨ ਬੋਰਡ ਬਣਾਵਾਂਗੇ। ਸ਼੍ਰੋਮਣੀ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਦੀ ਪੜਤਾਲ ਕਰਕੇ ਲੋੜੀਂਦੀ ਸੁਧਾਈ ਕਰਵਾਵਾਂਗੇ।

## ਸ਼੍ਰੋਮਣੀ ਕਮੇਟੀ ਦੀ ਜ਼ਮੀਨ

ਸ਼੍ਰੋਮਣੀ ਕਮੇਟੀ ਕੋਲ ਕਰੀਬ ਵੀਹ ਹਜ਼ਾਰ ਏਕੜ ਵਾਹੀਯੋਗ ਜ਼ਮੀਨ ਹੈ ਜੋ ਧਰਮ ਦੇ ਠੇਕੇਦਾਰਾਂ ਨੇ ਬਾਦਲ ਦਲੀਆਂ ਨੂੰ ਬਹੁਤ ਹੀ ਸਸਤੇ 5-6 ਹਜ਼ਾਰ ਰੁਪਏ ਏਕੜ ਦੇ ਭਾਅ ਠੇਕੇ ਉਤੇ ਦਿੱਤੀ ਹੋਈ ਹੈ ਜਦੋਂ ਕਿ ਪੰਜਾਬ ਵਿਚ ਮਾੜੀ ਤੋਂ ਮਾੜੀ ਜ਼ਮੀਨ ਦਾ ਠੇਕਾ ਪੰਦਰਾਂ ਹਜ਼ਾਰ ਰੁਪਏ ਹੈ। ਇੰਜ ਗੁਰੂ ਦੀ ਗੋਲਕ ਨੂੰ ਚਿੱਟੇ ਦਿਨ ਅਰਬਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ। ਇਵੇਂ ਹੀ ਲੱਖਾਂ ਰੁਪਏ ਗਜ ਵਿਕਣ ਵਾਲੀ ਜ਼ਮੀਨ ਚੰਦ ਟਕਿਆਂ 'ਤੇ ਆਪਣੇ ਚਹੇਤਿਆਂ ਨੂੰ 99 ਸਾਲਾ ਲੀਜ 'ਤੇ ਅਲਾਟ ਕੀਤੀ ਗਈ ਹੈ। ਅਸੀਂ ਇਸ ਜ਼ਮੀਨ ਉਤੇ ਗਰੀਨ ਹਾਊਸ ਅਤੇ ਜੈਵਿਕ ਖੇਤੀ ਰਾਹੀਂ ਬਿਨਾਂ ਖਾਦ, ਸਪਰੇਅ ਤੋਂ ਸਬਜ਼ੀਆਂ ਅਤੇ ਫਲ ਤਿਆਰ ਕਰਕੇ ਦੇਸ਼ ਵਿਦੇਸ਼ ਤੱਕ ਪਵਿੱਤਰ ਅੰਨ, ਪਵਿੱਤਰ ਸਬਜ਼ੀ ਦਾ ਤੋਹਫ਼ਾ ਦੇਣ ਦਾ ਯਤਨ ਕਰਾਂਗੇ। ਇਸ ਨਾਲ ਸੰਸਾਰ ਪੱਧਰ ਤੇ ਸ਼੍ਰੋਮਣੀ ਕਮੇਟੀ ਇਕ ਖਾਲਸ ਸੰਸਥਾ ਦਾ ਮਾਣ ਪ੍ਰਾਪਤ ਕਰੇਗੀ।

## ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਹਿਸਾਬ

1984 ਦੇ ਸਾਕਾ ਨੀਲਾ ਤਾਰਾ ਅਤੇ ਸਿੱਖ ਕਤਲੇਆਮ ਦੌਰਾਨ ਸਿੱਖਾਂ ਦਾ ਬੇਹਿਸਾਬ ਜਾਨੀ ਤੇ ਮਾਲੀ ਨੁਕਸਾਨ ਤਾਂ ਹੋਇਆ ਹੀ, ਉਥੇ ਸਿੱਖ ਰੈਫਰੈਂਸ ਲਾਇਬਰੇਰੀ ਅਤੇ ਗੁਰੂ ਕਾਲ ਤੋਂ ਲੈ ਕੇ ਸਿੱਖ ਵਿਰਾਸਤੀ ਇਤਿਹਾਸਕ ਕੀਮਤੀ ਵਸਤਾਂ ਤੇ ਹੋਰ ਸਾਜੋ-ਸਾਮਾਨ ਹਿੰਦ ਫੌਜਾਂ ਦੀ ਲੁੱਟ ਦਾ ਸ਼ਿਕਾਰ ਹੋ ਗਿਆ। ਕਈ ਸਮਾਂ ਇਸ ਬਾਰੇ

Paid

# ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਮੈਨੀਫੈਸਟੋ

ਲਾਰੇ ਲੱਗਦੇ ਰਹੇ ਪਰ ਹੁਣ ਪਿਛਲੇ ਕੁਝ ਸਮੇਂ ਤੋਂ ਜਿੱਥੇ ਸਰਕਾਰ ਨੇ ਪੱਲਾ ਝਾੜ ਦਿੱਤਾ ਹੈ ਕਿ ਦਰਬਾਰ ਸਾਹਿਬ ਦੀ ਕੋਈ ਵੀ ਕੀਮਤੀ ਵਸਤੂ ਸਰਕਾਰ ਜਾਂ ਫ਼ੌਜੀ ਅਧਿਕਾਰੀਆਂ ਕੋਲ ਨਹੀਂ ਹੈ, ਉਥੇ ਮੌਕਾਪ੍ਰਸਤ ਅਕਾਲੀ ਆਗੂਆਂ ਨੇ ਵੀ ਮੂੰਹ ਵਿਚ ਘੁੰਗਣੀਆਂ ਪਾ ਲਈਆਂ ਹਨ। ਫ਼ੌਜ ਵਲੋਂ ਲੁੱਟੀਆਂ ਵਸਤਾਂ ਸਿੱਖ ਵਿਰਾਸਤ ਦਾ ਅਨਮੋਲ ਖਜ਼ਾਨਾ ਹਨ ਤੇ ਸਿੱਖ ਪੰਥ ਨੂੰ ਜਾਨ ਤੋਂ ਵੱਧ ਪਿਆਰੀਆਂ ਹਨ। ਇਸ ਦਾ ਲੇਖਾ ਜੋਖ਼ਾ ਭਾਰਤੀ ਹਕੂਮਤ ਨੇ ਦੇਣਾ ਹੀ ਹੋਵੇਗਾ। ਅਸੀਂ ਸੰਗਤ ਨਾਲ ਵਾਅਦਾ ਕਰਦੇ ਹਾਂ ਕਿ ਚੋਣਾਂ ਜਿੱਤਣ 'ਤੇ ਸ਼੍ਰੋਮਣੀ ਕਮੇਟੀ ਸਿੱਖ ਵਿਰਾਸਤੀ ਵਸਤੂਆਂ ਵਾਪਿਸ ਲਿਆਉਣ ਲਈ ਨਿੱਗਰ ਯਤਨ ਕਰੇਗੀ। ਇਹ ਵੀ ਪਤਾ ਲਾਇਆ ਜਾਵੇਗਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਦੂਜੇ ਸਾਥੀਆਂ ਦਾ ਕਿਸ ਜਗ੍ਹਾ ਅੰਤਿਮ ਸਸਕਾਰ ਕੀਤਾ ਗਿਆ?

### ਨਜ਼ਰਬੰਦ ਸਿੱਖਾਂ ਦੀ ਰਿਹਾਈ

ਭਾਰਤ ਸਰਕਾਰ ਦੀ ਇਹ ਨੀਤੀ ਰਹੀ ਹੈ ਕਿ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਭਾਵੇਂ ਦਿੱਲੀ ਦੇ ਕਾਂਗਰਸੀ ਹੋਣ ਜਾਂ ਪੰਜਾਬ ਵਿਚ ਰੇਅ-ਰਿਬੈਰੋ-ਕੇ.ਪੀ.ਐਸ. ਗਿੱਲ, ਓ.ਪੀ. ਸ਼ਰਮਾ, ਮਾਂਗਟ, ਵਿਰਕ, ਸੈਣੀ, ਘੋਟਣੇ ਵਰਗੇ ਬੁਚੜ ਪੁਲਸੀਏ-ਕਿਸੇ ਦੋਸ਼ੀ ਨੂੰ ਕੁਝ ਨਹੀਂ ਕਹਿਣਾ, ਉਨ੍ਹਾਂ ਨੂੰ ਬਚਾਉਣ ਲਈ ਸਰਕਾਰ ਖੁਦ ਉਪਰਾਲੇ ਕਰਦੀ ਹੈ। ਦੂਜੇ ਪਾਸੇ ਕੁਰਬਾਨੀ ਕਰਨ ਵਾਲੇ ਸਿੱਖਾਂ ਨੂੰ ਜਾਂ ਤਾਂ ਫ਼ਾਂਸੀ 'ਤੇ ਲਟਕਾਇਆ ਗਿਆ ਜਾਂ ਫਿਰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਗਿਆ ਹੈ। ਜੇ ਬਚ ਗਏ ਤਾਂ ਸਾਲਾਂ ਬੱਧੀ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੰਦ ਕਰ ਦਿੱਤੇ ਗਏ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਵਰਗੇ ਅਨੇਕਾਂ ਨੌਜਵਾਨ ਫਾਂਸੀ ਦੇ ਫੰਦੇ ਦੀ ਉਡੀਕ ਕਰਦਿਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਸੰਤਾਪ ਭੋਗ ਰਹੇ ਹਨ। ਅਸੀਂ ਵਚਨ ਦਿੰਦੇ ਹਾਂ ਕਿ ਸ਼੍ਰੋਮਣੀ ਕਮੇਟੀ ਦੀ ਸੇਵਾ ਸਾਂਭਦਿਆਂ ਹੀ ਤੁਰੰਤ ਇਸ ਪਾਸੇ ਵਿਸ਼ੇਸ਼ ਤਵੱਜੋ ਦੇ ਕੇ ਇਖ਼ਲਾਕੀ ਅਤੇ ਕੌਮੀ ਫ਼ਰਜ ਨਿਭਾਵਾਂਗੇ।

### ਧਰਮੀ ਫ਼ੌਜੀਆਂ ਦੀ ਸੰਭਾਲ ਤੇ ਮਦਦ

ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਵਿਰੁਧ ਰੋਸ ਵਜੋਂ ਸੈਂਕੜਿਆਂ ਦੀ ਗਿਣਤੀ ਵਿਚ ਧਰਮੀ ਸਿੱਖ ਫ਼ੌਜੀਆਂ ਨੇ ਵਿਦਰੋਹ ਕਰਕੇ ਬੈਰਕਾਂ ਛੱਡ ਦਿੱਤੀਆਂ। ਕਈ ਭਾਰਤੀ ਫ਼ੌਜ ਨਾਲ ਲੜਦਿਆਂ ਸ਼ਹੀਦ ਹੋ ਗਏ, ਕਈਆਂ ਨੂੰ ਕਈ ਕਈ ਸਾਲ ਤਸੀਹੇ ਦੇ ਕੇ ਨੌਕਰੀਆਂ ਤੋਂ ਖਾਰਜ ਕਰਕੇ ਘਰਾਂ ਨੂੰ ਤੋਰ ਦਿੱਤਾ ਗਿਆ। ਭਾਵੇਂ ਅਖੌਤੀ ਅਕਾਲੀ ਪ੍ਰਕਾਸ਼ ਸਿੰਘ ਬਾਦਲ ਨੇ ਉਸ ਸਮੇਂ ਵਾਅਦਾ ਕੀਤਾ ਸੀ ਕਿ ਧਰਮੀ ਫ਼ੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਾਂਭ ਸੰਭਾਲ ਕੀਤੀ ਜਾਏਗੀ ਪਰ ਸੱਤਾ ਸੰਭਾਲਦਿਆਂ ਹੀ ਧਰਮੀ ਫ਼ੌਜੀਆਂ ਨਾਲ ਵਾਅਦਾ ਖ਼ਿਲਾਫ਼ੀ ਕੀਤੀ ਗਈ ਤੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ ਗਈ। ਸ਼੍ਰੋਮਣੀ ਕਮੇਟੀ ਨੇ ਵੀ ਧਰਮੀ ਫ਼ੌਜੀਆਂ ਪ੍ਰਤੀ ਬੇਰੁਖ਼ੀ ਵਾਲਾ ਰਵੱਈਆ ਅਪਨਾਇਆ ਹੋਇਆ ਹੈ। ਇਸ ਬਗਾਵਤ ਦੌਰਾਨ ਕਿੰਨੇ ਸਿੱਖ ਫੌਜੀ ਸ਼ਹੀਦ ਹੋਏ, ਇਸ ਦਾ ਵੀ ਕੋਈ ਪੱਕਾ ਰਿਕਾਰਡ ਨਹੀਂ ਹੈ। ਸਾਡਾ ਸੰਗਤ ਨਾਲ ਵਾਅਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਸੇਵਾ ਸੰਭਾਲਣ ਪਿਛੋਂ ਧਰਮੀ ਫ਼ੌਜੀਆਂ ਦੀ ਸਹੀ ਅਰਥਾਂ ਵਿਚ ਸਾਰ ਲਈ ਜਾਏਗੀ।

### ਖ਼ੂਨੀ ਸੰਘਰਸ਼ ਦੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਸੰਭਾਲ

ਆਜ਼ਾਦ ਹਿੰਦੋਸਤਾਨ ਵਿਚ ਸਿੱਖ ਕੌਮ ਨਾਲ ਅੱਜ ਵੀ ਗੁਲਾਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਭਾਵੇਂ ਸੰਨ 1947 ਦੀ ਵੰਡ ਸੀ, 1965 ਅਤੇ 1971 ਦੀਆਂ ਜੰਗਾਂ, ਸਾਕਾ ਨੀਲਾ ਤਾਰਾ, ਦਿੱਲੀ ਦਾ ਸਿੱਖ ਕਤਲੇਆਮ ਅਤੇ ਭਾਵੇਂ ਡੇਢ ਦਹਾਕੇ ਦਾ ਜੰਗਲ ਰਾਜ- ਸਿੱਖਾਂ ਦਾ ਭਾਰੀ ਜਾਨੀ-ਮਾਲੀ, ਧਾਰਮਿਕ, ਰਾਜਨੀਤਕ ਅਤੇ ਮਾਨਸਿਕ ਨੁਕਸਾਨ ਹੋਇਆ ਹੈ। ਪੀੜਤ ਸਿੱਖਾਂ ਦੀ ਕਿਸੇ ਸਰਕਾਰ ਨੇ ਤਾਂ ਸਾਰ ਕੀ ਲੈਣੀ ਸੀ ਸ਼੍ਰੋਮਣੀ ਕਮੇਟੀ ਨੇ ਵੀ ਕੋਈ ਸਾਰ ਨਹੀਂ ਲਈ। ਸਾਡਾ ਵਿਸ਼ਵਾਸ ਹੈ ਕਿ ਜਿੰਨੀ ਦੇਰ ਸ਼੍ਰੋਮਣੀ ਕਮੇਟੀ 'ਤੇ ਬਾਦਲ ਦਲੀਆਂ ਦਾ ਕਬਜ਼ਾ ਰਹੇਗਾ, ਪੀੜਤਾਂ ਨੂੰ ਕੋਈ ਮਦਦ ਨਹੀਂ ਮਿਲ ਸਕੇਗੀ। ਸਾਡਾ ਵਾਅਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਹੱਥ ਆਉਣ 'ਤੇ ਸਰਕਾਰੀ ਜ਼ਬਰ ਦਾ ਸ਼ਿਕਾਰ ਹੋਏ ਸਮੂਹ ਸਿੱਖਾਂ ਦੀ ਸੂਚੀ ਤਿਆਰ ਕਰਕੇ ਇਕ ਇਤਿਹਾਸਕ ਦਸਤਾਵੇਜ਼ ਪ੍ਰਕਾਸ਼ਿਤ ਕੀਤਾ ਜਾਏਗਾ ਅਤੇ ਲੋੜਵੰਦਾਂ ਦੀ ਮਦਦ ਕੀਤੀ ਜਾਏਗੀ।

### ਗੁਰੂ ਦੀ ਗੋਲਕ ਦੀ ਦੁਰਵਰਤੋਂ

ਅੱਜ ਸ਼੍ਰੋਮਣੀ ਕਮੇਟੀ ਦੇ ਹਾਲਾਤ ਇਹ ਹਨ ਕਿ ਗੁਰੂ ਦੀ ਗੋਲਕ "ਗ਼ਰੀਬ ਦਾ ਮੂੰਹ" ਬਣਨ ਦੀ ਥਾਂ ਸਰਮਾਏਦਾਰਾਂ ਦੀ ਤਿਜੌਰੀ ਬਣ ਕੇ ਰਹਿ ਗਈ ਹੈ। ਬਾਦਲ ਦਲੀਆਂ ਵਲੋਂ ਵੋਟਾਂ ਲੈਣ ਲਈ ਮਨੂੰਵਾਦੀ ਨੀਤੀ ਨੂੰ ਲਾਗੂ ਕਰਦਿਆਂ ਜਾਤ-ਪਾਤ ਫੈਲਾਈ ਜਾ ਰਹੀ ਹੈ। ਗੋਲਕ ਦੀ ਮਾਇਆ ਅਤੇ ਲੰਗਰ ਦੀ ਵਰਤੋਂ ਸਿਆਸੀ ਕਾਨਫਰੰਸਾਂ ਅਤੇ ਸਿਆਸੀ ਰੋਟੀਆਂ ਸੇਕਣ ਲਈ ਕੀਤੀ ਜਾ ਰਹੀ ਹੈ। ਅਸੀਂ ਯਕੀਨ ਦੁਆਉਂਦੇ ਹਾਂ ਕਿ ਗੁਰਦੁਆਰਾ ਪ੍ਰਬੰਧ ਸੰਭਾਲਦਿਆਂ ਹੀ ਗੁਰੂ ਦੀ ਗੋਲਕ ਦੀ ਲੁੱਟ ਯਕੀਨੀ ਤੌਰ 'ਤੇ ਬੰਦ ਕੀਤੀ ਜਾਏਗੀ ਅਤੇ ਹੁਣ ਤੱਕ ਹੋਈ ਲੁੱਟ ਦਾ ਕੱਚਾ ਚਿੱਠਾ ਸੰਗਤ ਦੀ ਕਚਹਿਰੀ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ।

### ਸਿੱਖੀ ਕਕਾਰ ਅਤੇ ਦਸਤਾਰ

ਸਿੱਖ ਭਾਵੇਂ ਸੰਸਾਰ ਪੱਧਰ 'ਤੇ ਫੈਲ ਚੁਕੇ ਹਨ ਪਰ ਆਪਣੀ ਨਿਵੇਕਲੀ ਪਹਿਚਾਣ ਠੀਕ ਤਰ੍ਹਾਂ ਸਥਾਪਤ ਨਹੀਂ ਕਰ ਸਕੇ। ਭਾਰਤ ਸਰਕਾਰ ਵਲੋਂ ਵੀ ਇਸ ਬਾਰੇ ਕੋਈ ਸਹੀ ਹੁੰਗਾਰਾ ਨਹੀਂ ਦਿੱਤਾ ਗਿਆ। ਇਸੇ ਕਰਕੇ ਹੀ ਕਦੇ ਕੜੇ, ਕਦੇ ਕੇਸਾਂ, ਕਦੇ ਦਸਤਾਰ ਅਤੇ ਕਦੇ ਸ੍ਰੀ ਸਾਹਿਬ ਕਰਕੇ ਸਿੱਖਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖਾਸ ਕਰਕੇ ਅਮਰੀਕਾ ਦੇ 9/11 ਹਮਲੇ ਤੋਂ ਬਾਅਦ ਕਈ ਥਾਂਈਂ ਸਿੱਖਾਂ ਦੀ ਅਫ਼ਗਾਨੀ ਜਾਂ ਮੁਸਲਮਾਨ ਸਮਝ ਕੇ ਕੁੱਟ ਮਾਰ ਕੀਤੀ ਗਈ ਹੈ। ਭਾਵੇਂ ਹਿੰਦੋਸਤਾਨ ਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਖੁਦ ਇੱਕ ਪੱਗ ਵਾਲਾ ਸਿੱਖ ਹੈ ਪਰ ਵਿਦੇਸ਼ਾਂ ਵਿਚ ਪੱਗ ਦੀ ਪਹਿਚਾਣ ਬਣਾਉਣ ਦੇ ਸਮਰੱਥ ਨਹੀਂ। ਸ਼੍ਰੋਮਣੀ ਅਕਾਲੀ ਦਲ (ਅ) ਸ਼੍ਰੋਮਣੀ ਕਮੇਟੀ ਦੇ ਪਲੇਟਫਾਰਮ 'ਤੇ ਸਿੱਖੀ ਕਕਾਰਾਂ, ਦਸਤਾਰ ਅਤੇ ਸਿੱਖੀ ਪਹਿਚਾਣ ਦੀ ਰਾਖੀ ਲਈ ਇੱਕ ਅਮੁੱਕ ਜੰਗ ਦਾ ਐਲਾਨ ਕਰੇਗਾ ਅਤੇ ਸਿੱਖਾਂ ਦੀ ਨਿਵੇਕਲੀ ਪਹਿਚਾਣ ਬਾਰੇ ਵਿਸ਼ਵ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

### ਵਿਦੇਸ਼ ਵਸਦੇ ਸਿੱਖਾਂ ਨੂੰ ਨੁਮਾਇੰਦਗੀ

ਅੱਜ ਸਿੱਖ ਵਿਸ਼ਵ ਦੇ ਕਰੀਬ ਹਰ ਮੁਲਕ ਵਿਚ ਵਸਦੇ ਹਨ ਅਤੇ ਕਈ ਮੁਲਕਾਂ ਵਿਚ ਉਨ੍ਹਾਂ ਦੀ ਗਿਣਤੀ ਵੀ ਕਾਫੀ ਜ਼ਿਆਦਾ ਹੈ। ਸ਼੍ਰੋਮਣੀ ਕਮੇਟੀ ਅਤੇ ਗੁਰਦੁਆਰਾ ਐਕਟ 1925 ਹਿੰਦ ਪਾਕਿ ਦੀ ਆਜ਼ਾਦੀ ਤੋਂ ਪਹਿਲਾਂ ਹੋਂਦ ਵਿਚ ਆਏ ਸਨ। ਇਸ ਲਈ ਸ਼੍ਰੋਮਣੀ ਕਮੇਟੀ ਕੇਵਲ ਪੰਜਾਬ ਦੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੀ। ਪਰਦੇਸਾਂ ਵਿਚ ਵਸਦੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਵਿਚ ਨੁਮਾਇੰਦਗੀ ਦੇਣ ਲਈ ਕੋਆਪਟ ਕੀਤੇ ਜਾਣ ਵਾਲੇ 15 ਮੈਂਬਰਾਂ ਵਿਚ ਅਮਰੀਕਾ, ਕੈਨੇਡਾ, ਯੂਰਪ, ਯੂ. ਕੇ., ਅਰਬ ਅਤੇ ਏਸ਼ੀਆਈ ਖਿੱਤੇ ਵਿਚੋਂ ਘੱਟੋ ਘੱਟ ਇੱਕ-ਇੱਕ ਮੈਂਬਰ ਨਾਮਜ਼ਦ ਕਰਨ ਦੀ ਤਜਵੀਜ਼ ਨੂੰ ਅਮਲ ਵਿਚ ਲਿਆਉਣ ਲਈ ਉਦਮ ਕੀਤਾ ਜਾਵੇਗਾ।

### ਸਿੱਖਾਂ ਦੀ ਕਾਲੀ ਸੂਚੀ ਦਾ ਖ਼ਾਤਮਾ

ਹਿੰਦ ਸਰਕਾਰ ਨੇ ਸਾਕਾ ਨੀਲਾ ਤਾਰਾ ਪਿਛੋਂ ਪੰਜਾਬ ਦੇ ਕਾਲੇ ਦੌਰ ਦੌਰਾਨ ਸਰਕਾਰੀ ਜ਼ਬਰ ਤੋਂ ਬਚ ਕੇ ਵਿਦੇਸ਼ਾਂ ਵਿਚ ਸ਼ਰਨ ਲੈਣ ਵਾਲੇ ਸਿੱਖ ਨੌਜਵਾਨਾਂ ਦੀਆਂ ਕਾਲੀਆਂ ਸੂਚੀਆਂ ਬਣਾ ਧਰੀਆਂ ਜਿਨ੍ਹਾਂ ਕਰਕੇ ਹਜ਼ਾਰਾਂ ਸਿੱਖ ਅੱਜ ਵੀ ਦੇਸ਼ ਪਰਤਣ ਤੋਂ ਅਸਮਰਥ ਹਨ। ਕਈ ਗੁਰਸਿੱਖ ਵੀਰਾਂ ਨੂੰ ਆਪਣੇ ਮਾਪਿਆਂ ਦੀ ਅਰਥੀ ਨੂੰ ਮੋਢਾ ਦੇਣ ਦਾ ਵੀ ਮੌਕਾ ਨਹੀਂ ਮਿਲ ਸਕਿਆ। ਅਖੌਤੀ ਅਕਾਲੀ ਆਗੂਆਂ ਨੇ ਅਤੇ ਉਨ੍ਹਾਂ ਦੇ ਕਬਜ਼ੇ ਹੇਠਲੀ ਸ਼੍ਰੋਮਣੀ ਕਮੇਟੀ ਨੇ ਕਾਲੀ ਸੂਚੀ ਖਤਮ ਕਰਾਉਣ ਲਈ ਅਖ਼ਬਾਰੀ ਬਿਆਨਾਂ ਤੋਂ ਸਿਵਾਏ ਕੁਝ ਵੀ ਨਹੀਂ ਕੀਤਾ। ਅਸੀਂ ਇਸ ਗੱਲ ਲਈ ਵਚਨਬੱਧ ਹਾਂ ਕਿ ਸਿੱਖ ਸੰਗਤ ਦੇ ਸਹਿਯੋਗ ਨਾਲ ਇਸ ਕਾਲੀ ਸੂਚੀ ਨੂੰ ਬਿਨਾਂ ਸ਼ਰਤ ਮੁੱਢੋ ਰੱਦ ਕਰਾਉਣ ਲਈ ਜਦੋਜਹਿਦ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਸੰਭਾਲਦਿਆਂ ਹੀ ਅਰੰਭ ਕਰ ਦੇਵਾਂਗੇ।

### ਗੁਰੂ ਘਰਾਂ 'ਚ ਰੂਹਾਨੀਅਤ ਦੇ ਨਾਲ ਸਮਾਜ ਸੇਵਾ

ਗੁਰੂ ਘਰਾਂ ਨੂੰ ਰੂਹਾਨੀ ਪ੍ਰਚਾਰ ਦੇ ਨਾਲ ਨਾਲ ਸਮਾਜ ਸੇਵਾ ਦਾ ਕੇਂਦਰ ਬਣਾਉਣਾ ਸਮੇਂ ਦੀ ਲੋੜ ਹੈ। ਸੇਵਾ ਦਾ ਪ੍ਰਵਾਹ ਚਲਾ ਕੇ ਕੁਝ ਅਜਿਹੇ ਮੌਕੇ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਹਰ ਕੋਈ ਪ੍ਰਾਣੀ ਗੁਰੂ ਨਾਨਕ ਦੇ ਘਰ ਦਾ ਨਿੱਘ ਮਾਣ ਸਕੇ। ਇਸ ਸਬੰਧੀ ਧਰਮ ਪ੍ਰਚਾਰ ਦੇ ਨਾਲ ਨਾਲ ਸਮਾਜਿਕ ਅਲਾਮਤਾਂ ਵਿਰੁਧ ਵੀ ਮੁਹਿੰਮ ਵਿੱਢਣ ਦੀ ਲੋੜ ਹੈ। ਅਸੀਂ ਗੁਰੂ ਘਰਾਂ ਨੂੰ ਸਮਾਜ ਸੇਵਾ ਦਾ ਉਤਮ ਨਮੂਨਾ ਬਣਾਉਣ ਦੀ ਕੋਸ਼ਿਸ਼ ਕਰਾਂਗੇ।

### ਗੁਰੂਡੰਮ ਤੇ ਦੇਹਧਾਰੀਆਂ ਵਿਰੁਧ ਮੁਹਿੰਮ

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਪੰਥਕ ਕਹਾਉਣ ਵਾਲੀਆਂ ਕਈ ਹੋਰ ਜਥੇਬੰਦੀਆਂ ਦੇ ਅਵੇਸਲੇਪਣ ਕਰਕੇ ਸਿੱਖੀ ਦੇ ਬੂਟੇ ਨੂੰ ਨਿਰੰਕਾਰੀਆਂ, ਸੱਚਾ ਸੌਦਾ, ਆਸ਼ੂਤੋਸ਼ੀਆਂ, ਭਨਿਆਰਾਂਵਾਲੇ ਅਤੇ ਸਿੱਖੀ ਭੇਖ ਵਿਚ ਅਨੇਕਾਂ ਡੇਰਿਆਂ ਨੇ ਘੇਰਿਆ ਹੋਇਆ ਹੈ ਜਿਨ੍ਹਾਂ ਦਾ ਨਿਸ਼ਾਨਾ ਇੱਕ ਹੀ ਹੈ ਕਿ ਗੁਰੂ ਨਾਨਕ ਦੇ ਘਰ ਦੀ "ਸ਼ਬਦ ਗੁਰੂ ਪ੍ਰਥਾ" ਨੂੰ ਖਤਮ ਕਰਕੇ ਦੇਹਧਾਰੀ ਗੁਰੂਡੰਮ ਨੂੰ ਪ੍ਰਫੁਲਿਤ ਕੀਤਾ ਜਾਵੇ। ਇਸ ਪਾਸੇ ਬਾਦਲ ਦਲੀਏ ਅਖੌਤੀ ਸਿੱਖ ਆਗੂਆਂ ਨੇ ਚੰਦ ਵੋਟਾਂ ਦੀ ਖਾਤਰ ਗੁਰੂ ਦੇ ਸਿਧਾਂਤ ਦੀ ਬਲੀ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਡੇਰੇਦਾਰੀ ਨੇ ਸਿੱਖਾਂ ਦੇ ਅਵੇਸਲੇਪਣ ਦਾ ਫਾਇਦਾ ਉਠਾਉਂਦਿਆਂ ਅਖ਼ੌਤੀ ਨੀਵੀਂਆਂ ਜਾਤਾਂ (ਰੰਗਰੇਟੇ ਸਿੱਖਾਂ), ਦਲਿਤਾਂ ਨੂੰ ਕੁਝ ਵਕਤੀ ਸਨਮਾਨ ਅਤੇ ਨਿਗੂਣੇ ਲਾਲਚ ਦੇ ਕੇ ਉਨ੍ਹਾਂ ਤੱਕ ਪੈਰ ਪਸਾਰਨ ਵਿਚ ਸਫਲਤਾ ਹਾਸਲ ਕਰ ਲਈ ਹੈ ਜਦੋਂ ਕਿ ਸੱਚ ਇਹ ਹੈ ਕਿ ਸਿੱਖੀ ਵਿਚ ਜਾਤ-ਪਾਤ ਲਈ ਕੋਈ ਥਾਂ ਹੀ ਨਹੀਂ। ਜੇਕਰ ਸਿੱਖ ਪੰਥ ਕੁੰਭਕਰਨੀ ਨੀਂਦ ਤੋਂ ਨਾ ਜਾਗਿਆ ਤਾਂ ਅਖ਼ੌਤੀ ਨੀਵੀਂਆਂ ਜਾਤਾਂ ਸਿੱਖ ਪੰਥ ਤੋਂ ਕਿਨਾਰਾਕਸ਼ੀ ਕਰ ਜਾਣਗੀਆਂ। ਸਾਡਾ ਮੁੱਖ ਉਦੇਸ਼ ਹੋਵੇਗਾ ਕਿ ਸ਼ਬਦ ਗੁਰੂ ਦੇ ਸਿਧਾਂਤ ਨੂੰ ਸਨਮੁੱਖ ਰੱਖ ਕੇ ਗੁਰੂ ਪੰਥ ਨੂੰ ਢਾਹ ਲਾਉਣ ਵਾਲੀ ਡੇਰੇਦਾਰੀ ਅਤੇ ਦੇਹਧਾਰੀ ਗੁਰੂਡੰਮ ਵਿਰੁਧ ਅਮੁੱਕ ਜੰਗ ਲੜੀ ਜਾਵੇ।

### ਅਨੰਦ ਮੈਰਿਜ ਐਕਟ

ਭਾਵੇਂ 1909 ਵਿਚ ਅੰਗਰੇਜ਼ ਹਕੂਮਤ ਨੇ ਸਿੱਖਾਂ ਦੇ ਅਨੰਦ ਮੈਰਿਜ ਐਕਟ ਨੂੰ ਮਾਨਤਾ ਦੇ ਦਿੱਤੀ ਸੀ ਪਰ ਭਾਰਤੀ ਹਕੂਮਤ ਆਜ਼ਾਦੀ ਦੇ 64 ਸਾਲ ਬੀਤ ਜਾਣ ਉਪਰੰਤ ਵੀ ਸਿੱਖਾਂ ਲਈ ਵੱਖਰੇ ਅਨੰਦ ਮੈਰਿਜ ਐਕਟ ਨੂੰ ਪਾਸ ਕਰਨ ਤੋਂ ਇਨਕਾਰੀ ਹੈ। ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦੇਣ ਦੀ ਥਾਂ ਸੰਵਿਧਾਨ ਦੀ ਧਾਰਾ 25 ਅਧੀਨ ਕੇਸਾਧਾਰੀ ਹਿੰਦੂ ਹੀ ਮੰਨਿਆ ਜਾ ਰਿਹਾ ਹੈ। ਸਿੱਖਾਂ ਦੀ ਮੰਗ ਦੇ ਬਾਵਜੂਦ ਇਸ ਨੂੰ ਖ਼ਤਮ ਕਰਨ ਜਾਂ ਲੋੜੀਂਦੀ ਤਰਮੀਮ ਕਰਨ ਦਾ ਕੋਈ ਯਤਨ ਨਹੀਂ ਹੋਇਆ। ਇਸੇ ਕਰਕੇ ਅਨੰਦ ਕਾਰਜ ਕਰਵਾਉਣ ਵਾਲੇ ਸਿੱਖਾਂ ਦਾ ਵਿਆਹ ਹਿੰਦੂ ਮੈਰਿਜ਼ ਐਕਟ ਅਧੀਨ ਹੀ ਦਰਜ ਹੁੰਦਾ ਹੈ। ਅਸੀਂ ਭਰੋਸੇ ਨਾਲ ਕਹਿ ਸਕਦੇ ਹਾਂ ਕਿ ਸ਼੍ਰੋਮਣੀ ਕਮੇਟੀ ਦੀ ਸੇਵਾ ਸੰਭਾਲਦਿਆਂ ਹੀ ਧਾਰਾ 25 ਨੂੰ ਖਤਮ ਕਰਵਾਉਣ ਅਤੇ ਅਨੰਦ ਮੈਰਿਜ ਐਕਟ ਲਈ ਜਦੋਜਹਿਦ ਅਰੰਭ ਕਰ ਦੇਵਾਂਗੇ।

### ਜਾਤ ਪਾਤ ਦਾ ਖ਼ਾਤਮਾ ਅਤੇ ਬਰਾਬਰੀ

ਅੱਜ ਵੀ ਕਈ ਥਾਂਈਂ ਮਨਮਤੀਆਂ ਵਲੋਂ ਅਖ਼ੌਤੀ ਨੀਵੀਂਆਂ ਜਾਤਾਂ ਲਈ ਲੰਗਰ ਦੇ ਭਾਂਡੇ ਅਤੇ ਬੈਠਣ ਦੀ ਥਾਂ ਵੱਖਰੀ ਤੈਅ ਕੀਤੀ ਗਈ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਹੈ। ਰੂਮੀਵਾਲਾ ਡੇਰਾ (ਭੁੱਚੋ) ਅਤੇ ਬਧਨੀ ਕਲਾਂ (ਮੋਗਾ) ਅਜਿਹੇ ਹੀ ਡੇਰੇ ਹਨ ਜਿਥੇ ਅਖ਼ੌਤੀ ਦਲਿਤਾਂ ਨੂੰ ਆਮ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਮਨਾਹੀ ਹੈ। ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਸਾਹਿਬਾਨ ਹੁਣ ਤੱਕ ਮੂਕ ਦਰਸ਼ਕ ਬਣੇ ਹੋਏ ਹਨ ਲੇਕਿਨ ਗੁਰੂ ਨਾਨਕ ਦੇ ਰੂਹਾਨੀ ਉਪਦੇਸ਼ ਨੂੰ ਹਰ ਹਿਰਦੇ ਤੱਕ ਲਿਜਾਣ ਲਈ ਜਾਤ ਬਰਾਦਰੀ ਦੀਆਂ ਕੰਧਾਂ ਨੂੰ ਨੇਸਤੋ-ਨਾਬੂਦ ਕਰਨਾ ਪਵੇਗਾ। ਅਸੀਂ ਵਚਨਬੱਧ ਹਾਂ ਕਿ ਜਾਤ-ਪਾਤ ਦੇ ਕੋਹੜ ਨੂੰ ਸਿੱਖ ਸਮਾਜ ਵਿਚੋਂ ਖ਼ਤਮ ਕਰਕੇ ਗੁਰੂ ਨਾਨਕ ਦੇ ਮਿਸ਼ਨ ਦੀ ਪੈਰਵਾਈ ਕਰਾਂਗੇ ਅਤੇ "ਬੇਗ਼ਮਪੁਰਾ ਸਹਰ ਕੋ ਨਾਉ" ਦੇ ਆਧਾਰ 'ਤੇ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ ਦਾ ਯਤਨ ਕਰਾਂਗੇ।

### ਰੰਗਰੇਟੇ ਸਿੱਖਾਂ ਦਾ ਬੁੰਗਾ

ਇਸ ਸਮੇਂ ਕਿਸੇ ਸਾਜਿਸ਼ ਅਧੀਨ ਸਿੱਖ ਇਤਿਹਾਸਕ ਨਿਸ਼ਾਨੀਆਂ ਮਿਟਾਉਣ ਲਈ ਯਤਨ ਜਾਰੀ ਹਨ। ਇਤਿਹਾਸਕ ਸਿੱਖ ਇਮਾਰਤਾਂ ਢਾਹ ਕੇ ਨਵੀਂਆਂ ਸੰਗਮਰਮਰੀ ਇਮਾਰਤਾਂ ਉਸਾਰਨ ਵਿਚ ਕਾਰ ਸੇਵਾ ਦੇ ਨਾਂ ਹੇਠ ਬਿਜਨਸ ਚਲਾ ਕੇ ਸ਼੍ਰੋਮਣੀ ਕਮੇਟੀ ਸਿੱਖ ਇਤਿਹਾਸ ਨੂੰ ਮਿਟਾਉਣ ਦੀ ਦੋਸ਼ੀ ਬਣ ਗਈ ਹੈ। ਇਸੇ ਚਾਲ ਹੇਠ ਬਾਬਾ ਜੀਵਨ ਸਿੰਘ ਦੀ ਇਕ ਵੱਡਮੁੱਲੀ ਵਿਰਾਸਤੀ ਇਮਾਰਤ "ਰੰਘਰੇਟਿਆਂ ਦਾ ਬੁੰਗਾ" ਵੀ ਢਾਹ ਦਿੱਤਾ ਗਿਆ ਹੈ ਜਿਸ ਨਾਲ ਰੰਘਰੇਟੇ ਸਿੱਖਾਂ ਦੇ ਮਨਾਂ ਨੂੰ ਡਾਢੀ ਠੇਸ ਪਹੁੰਚੀ ਹੈ। ਅਸੀਂ ਯਕੀਨ ਦਿਵਾਉਂਦੇ ਹਾਂ ਕਿ ਜੇ ਗੁਰੂ ਨੇ ਸਾਨੂੰ ਸੇਵਾ ਦਾ ਮੌਕਾ ਦਿੱਤਾ ਤਾਂ ਅਸੀਂ "ਰੰਘਰੇਟਿਆਂ ਦੇ ਬੁੰਗੇ" ਦਾ ਪਹਿਲ ਦੇ ਆਧਾਰ 'ਤੇ ਪੁਨਰ ਨਿਰਮਾਣ ਕਰਵਾ ਕੇ ਬਾਬਾ ਜੀਵਨ ਸਿੰਘ ਨੂੰ ਸ਼ਰਧਾਂਜਲੀ ਦੇਵਾਂਗੇ।

### ਗਿਆਨੀ ਦਿੱਤ ਸਿੰਘ ਦੇ ਨਾਂ 'ਤੇ ਸਿੱਖਿਆ ਸੰਸਥਾਵਾਂ

ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਨੇ ਆਪਣੇ ਸਮੇਂ ਦੌਰਾਨ ਹਿੰਦੂਤਵੀ ਮਹਾਂਰਥੀ ਸਵਾਮੀ ਦਿਆ ਨੰਦ ਨੂੰ ਤਿੰਨ ਵਾਰ ਸੰਵਾਦ ਵਿਚ ਹਰਾ ਕੇ ਉਸ ਦੀ ਫੂਕ ਕੱਢ ਕੇ ਰੱਖ ਦਿੱਤੀ ਸੀ। ਪਰ ਅਫਸੋਸ ਹੈ ਕਿ ਸਵਾਮੀ ਦਿਆ ਨੰਦ ਦੇ ਵਾਰਸਾਂ ਨੇ ਤਾਂ ਉਸ ਦੇ ਨਾਂ 'ਤੇ ਪੰਜਾਬ ਵਿਚ ਵਿਦਿਅਕ ਅਦਾਰਿਆਂ ਦਾ ਜਾਲ ਵਿਛਾ ਦਿੱਤਾ ਹੈ ਲੇਕਿਨ ਗਿਆਨੀ ਦਿੱਤ ਸਿੰਘ ਦੇ ਨਾਂ 'ਤੇ ਉਸ ਦੀ ਕੌਮ ਇਕ ਵੀ ਵਧੀਆ ਵਿਦਿਅਕ ਅਦਾਰਾ ਨਹੀਂ ਖੋਲ੍ਹ ਸਕੀ। ਸਾਡਾ ਵਾਅਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਸੇਵਾ ਸੰਭਾਲਦਿਆਂ ਹੀ ਕਿਸੇ ਯੂਨੀਵਰਸਿਟੀ ਵਿਚ ਗਿਆਨੀ ਦਿੱਤ ਸਿੰਘ ਚੇਅਰ ਸਥਾਪਿਤ ਕਰਾਉਣ ਲਈ ਉਪਰਾਲਾ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਨਾਂ 'ਤੇ ਇੱਕ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ।

### ਸ਼ਿਕਲੀਗਰ ਭਾਈਚਾਰੇ ਦੀ ਬਿਹਤਰੀ ਲਈ ਯਤਨ

ਗੁਰੂ ਨਾਨਕ ਪਾਤਸ਼ਾਹ ਦੀ ਉਦਾਸੀਆਂ ਦੀ ਪਰੰਪਰਾ ਨੂੰ ਕਾਇਮ ਰੱਖਦਿਆਂ ਗੁਰੂ ਤੇਗ ਬਹਾਦਰ ਨੇ ਆਸਾਮ ਤੇ ਬਿਹਾਰ ਆਦਿ ਅਤੇ ਗੁਰੂ ਗੋਬਿੰਦ ਸਿੰਘ ਨੇ ਦੱਖਣ ਦੇਸ਼ ਵਿਚ ਲੱਖਾਂ ਲੋਕਾਂ ਨੂੰ ਗੁਰੂ ਘਰ ਦੇ ਸ਼ਰਧਾਲੂ ਬਣਾਇਆ। ਇਨ੍ਹਾਂ ਵਿਚ ਦੱਖਣੀ ਸਿੱਖ ਤਾਂ ਪਹਿਰਾਵੇ ਵਲੋਂ ਪੂਰੀ ਤਰ੍ਹਾਂ ਕਾਇਮ ਹਨ। ਆਸਾਮ ਵਿਚਲੇ ਆਪਣੀ ਸਿੱਖੀ ਦਿੱਖ ਪੂਰੀ ਤਰ੍ਹਾਂ ਕਾਇਮ ਨਹੀਂ ਰੱਖ ਸਕੇ। ਇਸੇ ਤਰ੍ਹਾਂ ਅਤਿ ਗ਼ਰੀਬੀ ਦੀ ਮਾਰ ਝੱਲ ਰਹੀ ਸ਼ਿਕਲੀਗਰ ਬਰਾਦਰੀ ਗੁਰੂ ਨਾਨਕ ਨੂੰ ਆਪਣਾ ਆਦਰਸ਼ ਮੰਨਦੀ ਹੈ। ਇਸ ਤਰ੍ਹਾਂ ਹੀ ਪਚਾਧੇ, ਠਾਰੂ ਅਤੇ ਵਣਜਾਰੇ ਸਿੱਖ ਪੰਜਾਬ ਤੋਂ ਇਲਾਵਾ ਹਿੰਦੋਸਤਾਨ ਦੇ ਹੋਰਨਾਂ ਸੂਬਿਆਂ ਵਿਚ ਲਗਭਗ 750 ਪਿੰਡਾਂ ਵਿਚ ਫੈਲੇ ਹੋਏ ਹਨ। ਅੱਜ ਤੱਕ ਕੌਮੀ ਪੱਧਰ 'ਤੇ ਇਨ੍ਹਾਂ ਬਰਾਦਰੀਆਂ ਨੂੰ ਸੰਭਾਲਣ ਦਾ ਕੋਈ ਖਾਸ ਉਪਰਾਲਾ ਨਹੀਂ ਹੋਇਆ। ਇਸ ਜ਼ਿੰਮੇਵਾਰੀ ਤੋਂ ਸ਼੍ਰੋਮਣੀ ਕਮੇਟੀ ਵੀ ਬਰੀ ਨਹੀਂ ਹੋ ਸਕਦੀ। ਅਸੀਂ ਸੰਗਤਾਂ ਨਾਲ ਵਾਅਦਾ ਕਰਦੇ ਹਾਂ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਮਿਲਣ 'ਤੇ ਇਨ੍ਹਾਂ ਬਰਾਦਰੀਆਂ ਨੂੰ ਮੁੜ ਗੁਰੂ ਰਹਿਤ ਵਿਚ ਲਿਆਉਣ ਦੇ ਯਤਨ ਅਰੰਭੇ ਜਾਣਗੇ।

### ਪੋਸਟ ਗਰੈਜੂਏਟ ਪ੍ਰਚਾਰਕ

ਸਿੱਖ ਫਲਸਫਾ ਦੁਨੀਆਂ ਦਾ ਇਕ ਮਹਾਨ ਫਲਸਫਾ ਹੈ, ਜਿਸ ਦੇ ਲੜ ਲੱਗ ਕੇ ਵਿਸ਼ਵ ਦਾ ਕਲਿਆਣ ਹੋ ਸਕਦਾ ਹੈ ਪਰ ਪ੍ਰਚਾਰਕਾਂ ਦੀ ਕਮੀ ਹੋਣ ਕਰਕੇ ਸਿੱਖ ਧਰਮ ਫੈਲ ਨਹੀਂ ਸਕਿਆ। ਸਾਡੇ ਪ੍ਰਚਾਰਕ ਘੱਟ ਪੜ੍ਹੇ-ਲਿਖੇ ਹੋਣ ਕਾਰਨ ਕਿਸੇ ਨੂੰ ਕੁਝ ਸਮਝਾਉਣ ਦੇ ਸਮਰੱਥ ਨਹੀਂ ਹਨ। ਇਸ ਲਈ ਸਾਨੂੰ ਚੰਗੇ ਪੜ੍ਹੇ-ਲਿਖੇ ਅਤੇ ਅੰਗਰੇਜੀ ਵਿਚ ਨਿਪੁੰਨ ਪ੍ਰਚਾਰਕਾਂ ਦੀ ਲੋੜ ਹੈ। ਵਿਦੇਸ਼ਾਂ ਵਿਚ ਵੱਸੀ ਨਵੀਂ ਪੀੜ੍ਹੀ ਨੂੰ ਇਸ ਦੀ ਖਾਸ ਹੀ ਲੋੜ ਹੈ। ਅਸੀਂ ਫੌਰੀ ਤੌਰ 'ਤੇ ਵੱਖ ਵੱਖ ਜ਼ੁਬਾਨਾਂ ਵਿਚ ਮਾਹਰ ਸਿੱਖ ਪ੍ਰਚਾਰਕ ਤਿਆਰ ਕਰਨ ਲਈ ਯਤਨ ਅਰੰਭਾਂਗੇ।

### ਵਿੱਦਿਅਕ ਢਾਂਚੇ 'ਚ ਸੁਧਾਰ

ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਅਦਾਰਿਆਂ ਦੇ ਪ੍ਰਬੰਧਾਂ ਵਿਚ ਬੇਲੋੜੀ ਸਿਆਸੀ ਦਖ਼ਲਅੰਦਾਜ਼ੀ ਨੇ ਇਨ੍ਹਾਂ ਦਾ ਨਾਸ ਮਾਰ ਕੇ ਰੱਖ ਦਿਤਾ ਹੈ। ਸਾਡੇ ਅਦਾਰਿਆਂ ਵਿਚ ਕਮਜ਼ੋਰ ਵਿਦਿਅਕ ਨੀਤੀ ਦੇ ਨਾਲ ਨਾਲ ਫੀਸਾਂ ਪ੍ਰਤੀ ਵੀ ਕੋਈ ਸਹੀ ਨੀਤੀ ਨਹੀਂ ਅਪਨਾਈ ਗਈ, ਜਿਸ ਕਾਰਨ ਬਹੁਤ ਸਾਰੇ ਹੋਣਹਾਰ ਬੱਚੇ ਫੀਸ ਦੇਣ ਦੇ ਅਸਮਰਥ ਹੋਣ ਕਾਰਨ ਉਚ ਪੱਧਰੀ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਸਬੰਧੀ ਵਿਦਿਅਕ ਮਹਿਰਾਂ ਦੀ ਯੋਗ ਕਮੇਟੀ ਬਣਾ ਕੇ ਵਿਦਿਅਕ ਅਦਾਰਿਆਂ ਦੇ ਪ੍ਰਬੰਧ ਨੂੰ ਬੇਲੋੜੀ ਦਖ਼ਲਅੰਦਾਜ਼ੀ ਤੋਂ ਨਿਜ਼ਾਤ ਦਿਵਾਈ ਜਾਏਗੀ। ਅਖ਼ੌਤੀ ਅਕਾਲੀਆਂ ਦੇ ਰੁੰਡ ਮੁੰਡ ਕਾਕਿਆਂ ਤੇ ਬੀਬੀਆਂ ਦੀਆਂ ਫੀਸਾਂ ਦੀ ਗੁਰੂ ਦੀਆਂ ਗੋਲਕਾਂ ਵਿਚੋਂ ਕੀਤੀ ਭਰਪਾਈ ਦਾ ਲੇਖਾ ਵੀ ਲਿਆ ਜਾਵੇਗਾ।

### ਸਿੱਖ ਖਿਡਾਰੀਆਂ ਨੂੰ ਉਤਸ਼ਾਹ

ਗੁਰੂ ਸਾਹਿਬਾਨ ਨੇ ਖੁਦ ਖੇਡਾਂ ਨੂੰ ਉਤਸ਼ਾਹਿਤ ਕੀਤਾ ਸੀ ਪਰ ਅੱਜ ਜੇ ਕੋਈ ਇੱਕਾ ਦੁੱਕਾ ਸਿੰਘ ਨਾਂ ਵਾਲਾ ਕਿਸੇ ਖੇਡ ਵਿਚ ਥੋੜਾ ਬਹੁਤ ਉਭਰਦਾ ਵੀ ਹੈ ਤਾਂ ਉਹ ਸੂਰਤ ਪੱਖੋਂ ਬਿਲਕੁੱਲ ਸਿੱਖ ਨਹੀਂ ਵਿਖਾਈ ਦਿੰਦਾ। ਅਸੀਂ ਸ਼੍ਰੋਮਣੀ ਕਮੇਟੀ ਵਲੋਂ ਰਹਿਤਵਾਨ ਸਿੱਖ ਖਿਡਾਰੀ ਤਿਆਰ ਕਰਨ ਦੇ ਯਤਨ ਕਰਾਂਗੇ। ਜੇ ਕੋਈ ਸਿੱਖੀ ਸਰੂਪ ਵਿਚ ਖੇਡਾਂ ਵਿਚ ਅੱਗੇ ਵਧਦਾ ਹੈ ਤਾਂ ਉਸ ਨੂੰ ਉਤਸ਼ਾਹ ਦੇਣ ਲਈ ਉਚੇਚੇ ਯਤਨ ਕੀਤੇ ਜਾਣ ਤਾਂ ਜੋ ਸਿੱਖ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ 'ਤੇ ਪਹੁੰਚਾਇਆ ਜਾ ਸਕੇ।

### ਰੋਜ਼ਗਾਰ ਸਲਾਹਕਾਰ ਬੋਰਡ ਦਾ ਗਠਨ

ਸਾਡਾ ਯਤਨ ਹੋਵੇਗਾ ਕਿ ਰਹਿਤਵਾਨ ਬੱਚਿਆਂ ਨੂੰ ਉਚ ਕੋਟੀ ਦੇ ਅਫ਼ਸਰ ਬਣਾਉਣ ਲਈ ਆਈ.ਪੀ.ਐਸ. ਜਾਂ ਆਈ.ਏ.ਐਸ. ਵਰਗੇ ਔਖੇ ਇਮਤਿਹਾਨਾਂ ਵਿਚ ਬੈਠਣ ਲਈ ਲੋੜੀਂਦੀ ਕੋਚਿੰਗ ਮੁਫ਼ਤ ਦੇਣ ਦਾ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਕਿੱਤਾ ਜਾਂ ਕੋਰਸ ਚੁਣਨ ਲਈ ਯੋਗ ਵਿਦਵਾਨਾਂ ਦਾ ਇਕ ਸਲਾਹਕਾਰ ਬੋਰਡ ਨਿਯੁਕਤ ਕਰਕੇ ਅਗਵਾਈ ਦੇਣ ਦਾ ਉਪਰਾਲਾ ਕਰਾਂਗੇ।

### ਨਿਹੰਗ ਜਥੇਬੰਦੀਆਂ ਨਾਲ ਮਿਲਵਰਤਨ

ਨਿਹੰਗ ਸਿੰਘ ਜਥੇਬੰਦੀਆਂ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਹਨ। ਪਰ ਆਦਮਖੋਰ ਅਜੀਤ ਪੂਹਲੇ ਵਰਗੇ ਕਈ ਦਰਿੰਦਿਆਂ ਨੇ ਨਿਹੰਗ ਬਾਣਾ ਪਾ ਕੇ ਇਨਸਾਨੀਅਤ ਤੋਂ ਗਿਰੇ ਹੋਏ ਕੰਮ ਕਰਕੇ ਨਿਹੰਗ ਜਥੇਬੰਦੀਆਂ ਦੇ ਅਕਸ ਨੂੰ ਧੁੰਦਲਾ ਕਰ ਦਿੱਤਾ ਹੈ। ਨਿਹੰਗ ਜਥੇਬੰਦੀਆਂ ਦਾ ਅਕਸ ਬਹਾਲ ਕਰਨਾ ਸਾਡੀ ਜ਼ਿੰਮੇਵਾਰੀ ਹੈ ਤੇ ਇਨ੍ਹਾਂ ਜਿੰਮੇ ਪਿੰਡ ਪਿੰਡ ਧਰਮ ਪ੍ਰਚਾਰ ਤੇ ਹੋਰ ਸਮਾਜਿਕ ਸੇਵਾਵਾਂ ਲਾ ਕੇ ਵੱਡਾ ਯੋਗਦਾਨ ਪਵਾਇਆ ਜਾ ਸਕਦਾ ਹੈ। ਸਾਡਾ ਯਤਨ ਹੋਵੇਗਾ ਕਿ ਨਿਹੰਗ ਜਥੇਬੰਦੀਆਂ ਨਾਲ ਡੂੰਘਾ ਮਿਲਵਰਤਨ ਪੈਦਾ ਕਰਕੇ ਇਨ੍ਹਾਂ ਵਿਚ ਸੁਧਾਰ ਕੀਤਾ ਜਾਵੇ ਅਤੇ ਲਾਡਲੀਆਂ ਫ਼ੌਜਾਂ ਨੂੰ ਗੁਰੂ ਪੰਥ ਦੇ ਸਤਿਕਾਰ ਦਾ ਭਾਗੀ ਬਣਾਇਆ ਜਾਵੇ।

### ਢਾਡੀ ਕਲਾ ਨੂੰ ਪ੍ਰਫੁਲਿਤ ਕਰਨਾ

ਮੀਰੀ ਪੀਰੀ ਦੇ ਮਾਲਕ ਛੇਵੇਂ ਸਤਿਗੁਰੂ ਦੀ ਬਖ਼ਸ਼ੀਸ਼ ਨਾਲ ਹੋਂਦ ਵਿਚ ਆਈ ਢਾਡੀ ਪਰੰਪਰਾ ਜੋ ਬੀਰ ਰਸੀ ਸਾਹਿਤ ਦਾ ਖਜ਼ਾਨਾ ਹੈ, ਹੌਲੀ-ਹੌਲੀ ਅਲੋਪ ਹੋ ਰਹੀ ਹੈ। ਅਸੀਂ ਸ਼੍ਰੋਮਣੀ ਕਮੇਟੀ ਦੇ ਪਲੇਟਫਾਰਮ ਤੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਵਰੋਸਾਈ ਇਸ ਪਰੰਪਰਾ ਨੂੰ ਮੁੜ ਤੋਂ ਹਰਮਨ ਪਿਆਰੀ ਤੇ ਸਿੱਖ ਪ੍ਰਚਾਰ ਦੀ ਮੁੱਖ ਪ੍ਰਚਾਰਕ ਵਲੋਂ ਉਭਾਰਨ ਲਈ ਹਰ ਸੰਭਵ ਯਤਨ ਕਰਾਂਗੇ।

### ਗਤਕੇ, ਘੋੜ ਸਵਾਰੀ ਤੇ ਕੁਸ਼ਤੀ ਦੀ ਸੰਭਾਲ

ਗਤਕਾ, ਘੋੜ ਸਵਾਰੀ ਅਤੇ ਤੀਰਅੰਦਾਜ਼ੀ ਸਿੱਖਾਂ ਦੀਆਂ ਰਵਾਇਤੀ ਖੇਡਾਂ ਹਨ। ਪਰ ਅੱਜ ਕੱਲ ਕੁਝ ਨਿਹੰਗ ਜਥੇਬੰਦੀਆਂ ਤੋਂ ਛੁੱਟ ਹੋਰਨਾਂ ਲੋਕਾਂ ਵਿਚ ਇਸ ਸਬੰਧੀ ਕੋਈ ਰੁਚੀ ਨਹੀਂ। ਸਿੱਖ ਗੁਰੂ ਸਾਹਿਬਾਨ ਨੇ ਵੀ ਇਨ੍ਹਾਂ ਖੇਡਾਂ ਪ੍ਰਤੀ ਵਿਸ਼ੇਸ਼ ਰੁਚੀ ਵਿਖਾਈ ਸੀ। ਗੁਰੂ ਅੰਗਦ ਦੇਵ ਨੇ ਕੁਸ਼ਤੀਆਂ ਅਤੇ ਘੋਲ, ਛੇਵੇਂ ਅਤੇ ਦਸਵੇਂ ਪਾਤਸ਼ਾਹ ਨੇ ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਨੂੰ ਉਤਸ਼ਾਹਿਤ ਕੀਤਾ ਸੀ। ਸਾਡੇ ਪ੍ਰਬੰਧ ਵਾਲੀ ਸ਼੍ਰੋਮਣੀ ਕਮੇਟੀ ਇਨ੍ਹਾਂ ਰਵਾਇਤੀ ਪੰਥਕ ਖੇਡਾਂ ਨੂੰ ਉਤਸ਼ਾਹਤ ਕਰੇਗੀ।

### ਸਿੱਖ ਸਹਾਇਤਾ ਅਦਾਰੇ ਬਣਾਉਣ ਸਬੰਧੀ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਹ ਵੀ ਮਹਿਸੂਸ ਕਰਦਾ ਹੈ ਕਿ ਪੰਜਾਬ ਤੋਂ ਬਾਹਰ ਬਹੁਗਿਣਤੀ ਸਿੱਖ ਵਸੋਂ ਵਾਲੇ ਇਲਾਕਿਆਂ ਜਾਂ ਮਹਾਂਨਗਰਾਂ ਵਿਚ ਆਧੁਨਿਕ ਸਹੂਲਤਾਂ ਵਾਲੇ ਸਿੱਖ ਸਹਾਇਤਾ ਅਦਾਰੇ ਬਣਾਏ ਜਾਣ ਜਿਹੜੇ ਕਿ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਸਬੰਧੀ ਹਰ ਸਮੇਂ ਜਾਣਕਾਰੀ ਰੱਖਣ ਅਤੇ ਉਨ੍ਹਾਂ ਦੀ ਨਵਿਰਤੀ ਲਈ ਹਮੇਸ਼ਾ ਤੱਤਪਰ ਰਹਿਣ। ਅਸੀਂ ਸ਼੍ਰੋਮਣੀ ਕਮੇਟੀ ਰਾਹੀਂ ਇਹ ਉਦਮ ਵੀ ਕਰਾਂਗੇ।

Advt.

ਪੰਜਾਬ ਟਾਈਮਜ਼

*ਸਨਿਚਰਵਾਰ, 10 ਸਤੰਬਰ 2011*

# ਪੰਥ, ਪੰਜਾਬ ਤੇ ਕੇਂਦਰ ਸਰਕਾਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਭਖੇ ਹੋਏ ਪਿੜ ਵਿਚ ਪਹਿਲਾਂ ਅਨੰਦ ਮੈਰਿਜ ਐਕਟ ਵਿਚ ਸੋਧ ਅਤੇ ਫਿਰ ਨਾਲ ਹੀ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ ਦੇ ਮਾਮਲਿਆਂ ਨੇ ਇਕ ਵਾਰ ਤਾਂ ਹਲਚਲ ਮਚਾ ਦਿੱਤੀ ਹੈ। ਇਨ੍ਹਾਂ ਦੋਹਾਂ ਮਾਮਲਿਆਂ ਬਾਰੇ ਪਹੁੰਚ ਨੇ ਇਕ ਵਾਰ ਫਿਰ ਭਾਰਤ ਸਰਕਾਰ ਦੇ ਪੰਜਾਬ ਅਤੇ ਪੰਥ ਲਈ 'ਅਪਣੱਤ' ਭਰੇ ਰਵੱਈਏ ਦੀ ਸੂਹ ਦੇ ਦਿੱਤੀ ਹੈ। ਇਨ੍ਹਾਂ ਮਾਮਲਿਆਂ ਬਾਰੇ ਕੇਂਦਰੀ ਹਾਕਮਾਂ ਨੇ ਜੋ ਪਹੁੰਚ ਅਪਨਾਈ ਹੈ, ਉਸ ਤੋਂ ਇਹ ਗੱਲ ਜੱਗ-ਜ਼ਾਹਿਰ ਹੋ ਗਈ ਹੈ ਕਿ ਕੇਂਦਰ, ਪੰਜਾਬ ਨੂੰ ਕਿੰਨੀ 'ਸੰਜ਼ੀਦਗੀ' ਨਾਲ ਲੈਂਦਾ ਹੈ ! ਸ਼੍ਰੋਮਣੀ ਕਮੇਟੀ ਚੋਣਾਂ ਦਾ ਤਾਂ ਰਿਕਾਰਡ ਹੀ ਗਵਾਹ ਹੈ ਕਿ ਕਿਸੇ ਨਾ ਕਿਸੇ ਬਹਾਨੇ ਚੋਣਾਂ ਟਾਲਣ ਦੇ ਮਾਮਲੇ ਵਿਚ ਕੇਂਦਰੀ ਹਾਕਮਾਂ ਦਾ ਕਿੰਨਾ ਟਿੱਲ ਲੱਗਦਾ ਰਿਹਾ ਹੈ। ਹਰ ਵਾਰ ਸਿੱਧੇ-ਅਸਿੱਧੇ ਢੰਗ ਨਾਲ ਇਨ੍ਹਾਂ ਚੋਣਾਂ ਵਿਚ ਦਖਲ ਦਾ ਯਤਨ ਕਰਨ ਲਈ ਸਿਆਸੀ ਗੋਟੀਆਂ ਘੁੰਮਾਈਆਂ ਜਾਂਦੀਆਂ ਹਨ। ਅੱਜ ਤੱਕ ਇਹ ਚੋਣਾਂ ਕਦੇ ਮਿਥੇ ਸਮੇਂ ਮੁਤਾਬਕ ਨਹੀਂ ਹੋ ਸਕੀਆਂ। ਉਂਜ, ਐਤਕੀਂ ਦੋਹਾਂ ਮਾਮਲਿਆਂ ਵਿਚ ਜਿਸ ਤਰ੍ਹਾਂ ਕੇਂਦਰ ਨੂੰ ਪੁੱਠੇ ਪੈਰੀਂ ਮੁੜਨਾ ਪਿਆ ਹੈ, ਉਸ ਤੋਂ ਇਸ ਦੇ ਆਗੂਆਂ ਦੀ ਨਾਲਾਇਕੀ ਹੀ ਸਾਬਤ ਹੋਈ ਹੈ। ਇਨ੍ਹਾਂ ਮਾਮਲਿਆਂ ਨਾਲ ਸਿਆਸੀ ਪਿੜ ਵਿਚ ਕੁਝ ਚਿਰ ਤੋਂ ਹਾਸ਼ੀਏ ਉਤੇ ਧੱਕੇ ਗਏ ਬਾਦਲਕਿਆਂ ਨੂੰ ਮੁੱਦੇ ਚੁੱਕਣ ਦਾ ਸੁਨਹਿਰੀ ਮੌਕਾ ਹੱਥ ਲੱਗ ਗਿਆ ਹੈ। ਹੁਣ ਜਿਸ ਢੰਗ ਨਾਲ ਮੁੱਦਿਆਂ ਬਾਰੇ ਗੱਲ ਚੱਲ ਨਿਕਲੀ ਹੈ, ਉਸ ਤੋਂ ਤਾਂ ਜਾਪਦਾ ਹੈ ਕਿ ਇਹ ਮਾਮਲੇ ਹੁਣ ਮਹਿਜ਼ ਸ਼੍ਰੋਮਣੀ ਕਮੇਟੀ ਚੋਣਾਂ ਤੱਕ ਹੀ ਸੀਮਤ ਨਹੀਂ ਰਹਿਣੇ, ਇਨ੍ਹਾਂ ਦੀ ਮਾਰ ਅਗਲੇ ਸਾਲ ਵਿਧਾਨ ਸਭਾ ਚੋਣਾਂ ਤੱਕ ਜਾਵੇਗੀ। ਇਹ ਦੋਵੇਂ ਅਜਿਹੇ ਮੁੱਦੇ ਹਨ ਜਿਹੜੇ ਸਿਆਸੀ ਦਿਸ਼ਾ ਨੂੰ ਮਰੋੜਾ ਦੇਣ ਦੇ ਸਮਰੱਥ ਹਨ ਅਤੇ ਇਸ ਦਾ ਖਾਮਿਆਜਾ ਬਿਨਾ ਸ਼ੱਕ ਕੇਂਦਰ ਵਿਚ ਸੱਤਾ ਸਾਂਭੀ ਬੈਠੀ ਕਾਂਗਰਸ ਪਾਰਟੀ ਨੂੰ ਹੀ ਭੁਗਤਣਾ ਪੈਣਾ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਕੇਂਦਰੀ ਹਾਕਮਾਂ ਨੇ ਅਜਿਹੇ ਸੰਜ਼ੀਦਾ ਅਤੇ ਵਧੇਰੇ ਧਿਆਨ ਮੰਗਦੇ ਮਾਮਲਿਆਂ ਵੱਲ ਅਜਿਹਾ ਰਵੱਈਆ ਅਪਣਾਇਆ ਹੈ। ਅਜੇ ਕੱਲ੍ਹ ਦੀ ਹੀ ਗੱਲ ਹੈ ਕਿ ਸਰਕਾਰ, ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀਆਂ ਵੱਲੋਂ ਭ੍ਰਿਸ਼ਟਾਚਾਰ ਬਾਰੇ ਸ਼ੁਰੂ ਕੀਤੀ ਮੁਹਿੰਮ ਦੇ ਮੱਕੜ-ਜਾਲ ਵਿਚ ਫਸ ਗਈ। ਇਸ ਦੇ ਆਗੂਆਂ ਨੇ ਇਸ ਮਸਲੇ ਨੂੰ ਜਿਸ ਢੰਗ ਨਾਲ ਨਜਿੱਠਣ ਦਾ ਯਤਨ ਕੀਤਾ, ਉਸ ਦੀ ਹਰ ਪਾਸਿਓਂ ਬੇਹੱਦ ਤਿੱਖੀ ਨੁਕਤਾਚੀਨੀ ਹੋਈ। ਆਖਰਕਾਰ ਸਰਕਾਰ ਨੂੰ ਫਿਰ ਅੰਨਾ ਹਜ਼ਾਰੇ ਵੱਲੋਂ ਰੱਖੀਆਂ ਸ਼ਰਤਾਂ ਮੰਨਣੀਆਂ ਪਈਆਂ। ਇਸ ਤੋਂ ਵੀ ਪਹਿਲਾਂ, ਬਾਬਾ ਰਾਮਦੇਵ ਨੂੰ ਜਿਸ ਤਰ੍ਹਾਂ ਧਰਨੇ ਤੋਂ ਖਦੇੜ ਕੇ ਜਮਹੂਰੀ ਕਦਰਾਂ-ਕੀਮਤਾਂ ਦਾ ਘਾਣ ਕੀਤਾ ਗਿਆ, ਉਹ ਮਾਮਲਾ ਵੀ ਅਜੇ ਕਿਸੇ ਨੂੰ ਭੁੱਲਿਆ ਨਹੀਂ ਹੈ। ਖੈਰ, ਉਦੋਂ ਸਰਕਾਰ ਦਾ ਬਚਾਅ ਇਸ ਕਰਕੇ ਰਿਹਾ ਕਿਉਂਕਿ ਬਾਬਾ ਰਾਮਦੇਵ ਵਿਚ ਇੰਨਾ ਦਮ-ਖਮ ਨਹੀਂ ਸੀ ਅਤੇ ਉਹ ਖੁਦ ਆਪਣੇ ਪੁੱਟੇ ਟੋਏ ਵਿਚ ਆਪ ਹੀ ਜਾ ਡਿੱਗਿਆ। ਲੋਕ ਵੀ ਉਸ ਦੇ ਨਾਲ ਨਾ ਖੜ੍ਹੇ; ਨਤੀਜਨ, ਸਰਕਾਰ ਨੂੰ ਬਹੁਤੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ। ਹੁਣ ਹਾਲਾਤ ਐਨ ਉਲਟ ਗਏ ਹਨ। ਹੁਣ ਇਨ੍ਹਾਂ ਦੋਹਾਂ ਮਾਮਲਿਆਂ ਵਿਚੋਂ ਨਿਕਲਣ ਲਈ ਕਾਂਗਰਸ ਨੂੰ ਰਾਹ ਨਹੀਂ ਲੱਭ ਰਿਹਾ।

ਅਨੰਦ ਮੈਰਿਜ ਐਕਟ ਵਿਚ ਸੋਧ ਅਤੇ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ ਦੇ ਮਾਮਲੇ ਸਿੱਧੇ ਧਰਮ ਨਾਲ ਜੁੜੇ ਹੋਏ ਹਨ। ਪੰਜਾਬ ਵਿਚ ਧਰਮ ਅਤੇ ਸਿਆਸਤ ਦਾ ਜੋ ਰਿਸ਼ਤਾ ਅਤੇ ਰਾਬਤਾ ਪਿਛਲੇ ਲੰਮੇ ਸਮੇਂ ਤੋਂ ਬਣਿਆ ਹੋਇਆ ਹੈ, ਉਸ ਹਿਸਾਬ ਨਾਲ ਇਨ੍ਹਾਂ ਮਾਮਲਿਆਂ ਨੂੰ ਨਜਿੱਠਣ ਲਈ ਉਤਨੀ ਅਹਿਮੀਅਤ ਨਹੀਂ ਦਿੱਤੀ ਗਈ ਜਿੰਨੀ ਦੇਣੀ ਚਾਹੀਦੀ ਸੀ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਮਾਮਲੇ ਜਿਸ ਢੰਗ ਨਾਲ ਗਹਿਰੇ ਜੁੜੇ ਹੋਏ ਹਨ, ਉਸ ਨਾਲ ਸਿਆਸਤ ਅਤੇ ਧਰਮ ਦੇ ਖੇਤਰਾਂ ਵਿਚ ਕਈ ਗੁੰਝਲਾਂ ਵੀ ਪੈ ਗਈਆਂ ਹਨ। ਇਨ੍ਹਾਂ ਗੁੰਝਲਾਂ ਅਤੇ ਪੇਚੀਦਗੀਆਂ ਨੂੰ ਪ੍ਰਕਾਸ਼ ਸਿੰਘ ਬਾਦਲ ਵਰਗੇ ਸਿਆਸੀ ਖਿਡਾਰੀਆਂ ਨੇ ਸਦਾ ਆਪਣੇ ਹੀ ਢੰਗ ਨਾਲ ਵਰਤਿਆ ਹੈ। ਚਾਹੀਦਾ ਤਾਂ ਇਹ ਸੀ ਕਿ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਮਾਮਲਿਆਂ ਨੂੰ ਆਪਸ ਵਿਚ ਰਲਗੱਡ ਨਾ ਕੀਤਾ ਜਾਂਦਾ। ਵਕਤ ਗਵਾਹ ਹੈ ਕਿ ਪੰਜਾਬ ਦੀਆਂ ਅੱਧਿਓਂ ਵੱਧ ਸਮੱਸਿਆਵਾਂ ਇਹ ਮਾਮਲੇ ਰਲਗੱਡ ਕਰਨ ਕਾਰਨ ਪੈਦਾ ਹੋਈਆਂ ਅਤੇ ਫਿਰ ਰਹਿੰਦੀ ਕਸਰ ਕੇਂਦਰੀ ਹਾਕਮਾਂ ਨੇ ਪੂਰੀ ਕਰ ਦਿੱਤੀ। ਹਾਕਮਾਂ ਨੇ ਤਾਂ ਆਪਣੀ ਫਿਤਰਤ ਮੁਤਾਬਕ ਇੰਜ ਹੀ ਕਰਨਾ ਸੀ, ਗੱਲ ਤਾਂ ਉਨ੍ਹਾਂ ਦੀ ਹੈ ਜਿਨ੍ਹਾਂ ਦੇ ਹੱਥਾਂ ਵੱਲ ਪੰਜਾਬ ਅਤੇ ਪੰਜਾਬੀ ਸਦਾ ਦੇਖਦੇ ਰਹੇ ਹਨ। ਸੌੜੇ ਸਿਆਸੀ ਹਿਤਾਂ ਲਈ ਜੇ ਪੰਜਾਬ ਅਤੇ ਪੰਥ ਨੂੰ ਦਾਅ 'ਤੇ ਲਾਇਆ ਜਾਂਦਾ ਹੈ ਤਾਂ ਇਸ ਦਾ ਖਾਮਿਆਜਾ ਫਿਰ ਕਿਸ ਨੇ ਭੁਗਤਣਾ ਹੈ? ਚੋਣਾਂ ਵਿਚ ਸਿਆਸੀ ਧਿਰਾਂ ਵਿਚੋਂ ਤਾਂ ਇਕ ਨੇ ਜਿੱਤਣਾ ਅਤੇ ਦੂਜੀ ਨੇ ਹਾਰਨਾ ਹੀ ਹੁੰਦਾ ਹੈ, ਪਰ ਜੇ ਅਜਿਹੇ ਮਾਮਲਿਆਂ ਦੀ ਮਾਰ ਆਵਾਮ ਨੂੰ ਭੁਗਤਣੀ ਪੈਂਦੀ ਹੈ ਤਾਂ ਪੰਜਾਬ ਅਤੇ ਪੰਥ ਦਰਦੀ ਧਿਰਾਂ ਨੂੰ ਇਸ ਬਾਰੇ ਪਹਿਲ ਦੇ ਆਧਾਰ 'ਤੇ ਸੋਚਣਾ ਚਾਹੀਦਾ ਹੈ। ਕੇਂਦਰੀ ਅਤੇ ਸੂਬਾਈ ਆਗੂਆਂ ਦੀਆਂ ਨਾਲਾਇਕੀਆਂ ਕਾਰਨ ਪੰਜਾਬ ਦੇ ਲੋਕਾਂ ਨੇ ਪਿਛਲੇ ਸਮਿਆਂ ਦੌਰਾਨ ਬਹੁਤ ਕਸ਼ਟ ਭੋਗੇ ਹਨ। ਸਿਆਸਤ ਗੋਟੀਆਂ ਨੇ ਪੰਜਾਬ ਨੂੰ ਸਦਾ ਬੇਵੱਸ ਕੀਤਾ ਹੈ। ਅਜਿਹਾ ਹਰ ਵਾਰ ਅਤੇ ਵਾਰ ਵਾਰ ਇਸ ਕਰਕੇ ਹੋਇਆ ਕਿਉਂਕਿ ਇਸ ਦੇ ਆਗੂ ਆਪਣੀ ਬਣਦੀ ਭੂਮਿਕਾ ਨਿਭਾਉਣ ਤੋਂ ਸਦਾ ਹੀ ਖੁੰਝਦੇ ਰਹੇ ਹਨ। ਸ਼ਾਇਦ ਇਸੇ ਕਰਕੇ ਹੀ ਮਣਾਂ ਮੂੰਹੀਂ ਲਹੂ ਡੁੱਲ੍ਹਣ ਤੋਂ ਬਾਅਦ ਵੀ ਸਿਆਸੀ ਪਿੜ ਦੇ ਖਿਡਾਰੀ ਚਿਰਾਂ ਤੋਂ ਉਹੀ ਹਨ। ਇਹੀ ਲੋਕ ਵਾਰ ਵਾਰ ਸਿਆਸੀ ਗੋਟੀਆਂ ਘੁੰਮਾ ਰਹੇ ਹਨ। ਸੰਜ਼ੀਦਾ ਧਿਰਾਂ ਬਹੁਤ ਜ਼ਿਆਦਾ ਪਛੜ ਕੇ ਮਹਿਜ਼ ਮੂਕ ਦਰਸ਼ਕ ਬਣੀਆਂ ਖਲੋਤੀਆਂ ਰਹਿ ਜਾਂਦੀਆਂ ਹਨ। ਇਹ ਸਿਲਸਿਲਾ ਹੁਣ ਹਰ ਹਾਲ ਟੁੱਟਣਾ ਚਾਹੀਦਾ ਹੈ। ਹੁਣ ਨੁਕਤਾ ਪੰਜਾਬ ਅਤੇ ਪੰਥ ਨਾਲ ਹੋ ਰਹੀਆਂ ਜ਼ਿਆਦਤੀਆਂ ਦਾ ਨਹੀਂ, ਸਗੋਂ ਆਪਣੇ ਦਮ-ਖਮ ਦਾ ਬਣਨਾ ਲੋੜੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੁਰਕੀਆਂ ਦੇ ਆਸਵੰਦ !*

ਚਿਹਨ-ਚੱਕਰ ਬਣਾਇ ਕੇ ਧਰਮੀਆਂ ਦਾ, ਫੋਕੀ ਲੋਕਾਂ ਵਿਚ ਭੱਲ ਬਣਾਈ ਜਾਂਦੇ।
ਦੇਖ ਦੇਖ ਕੇ ਦੱਬੀਆਂ, ਅਹੁਦਿਆਂ ਨੂੰ ਅਣਖਾਂ ਵੇਚ ਕੇ ਮੁੱਲ ਪੁਆਈ ਜਾਂਦੇ।
ਸ਼ਾਮੀ ਕਿਤੇ, ਸਵੇਰ ਨੂੰ ਕਿਤੇ ਹੁੰਦੇ, ਡੱਡੂ ਵਾਂਗ ਟਪੂਸੀਆਂ ਲਾਈ ਜਾਂਦੇ।
ਡਰਦੇ ਚੱਡਿਆਂ ਵਿਚ ਕਈ ਪੂਛ ਲੈ ਕੇ, ਜੈ ਜੈਕਾਰ ਹਕੂਮਤ ਦੀ ਗਾਈ ਜਾਂਦੇ।
ਸਿਦਕ-ਸਿਰੜ ਦੇ ਹੋਣ ਮੁਜੱਸਮੇ ਜੋ, ਨਹੀਂ ਪ੍ਰਵਾਹ ਕਰਦੇ ਸ਼ਾਹੀ ਘੁਰਕੀਆਂ ਦੀ।
ਉਨ੍ਹਾਂ ਕੌਮ ਦੇ ਕਾਜ ਸਵਾਰਨੇ ਕੀ, ਬੈਠੇ ਹੋਣ ਜੋ ਝਾਕ ਵਿਚ ਬੁਰਕੀਆਂ ਦੀ!

# ਸਹਿਜਧਾਰੀ ਸਿੱਖਾਂ ਦੇ ਮਸਲੇ ਦੀਆਂ ਜੜ੍ਹਾਂ

***1939 ਦੌਰਾਨ ਹੋਈਆਂ ਗੁਰਦੁਆਰਾ ਜਨਰਲ ਚੋਣਾਂ ਦੌਰਾਨ ਜ਼ਿਲ੍ਹਾ ਮੁਲਤਾਨ (ਹੁਣ ਪਾਕਿਸਤਾਨ) ਤੋਂ ਭਾਈ ਖੁਸ਼ੀ ਰਾਮ (ਕਮਿਸ਼ਨ ਏਜੰਟ, ਖਾਨੇਵਾਲ) ਸ਼੍ਰੋਮਣੀ ਕਮੇਟੀ ਲਈ ਮੈਂਬਰ ਚੁਣੇ ਗਏ ਸਨ। ਹੁਣ ਤੱਕ ਦੇ ਇਤਿਹਾਸ ਵਿਚ ਉਹ ਇਕੋ-ਇਕ ਸਹਿਜਧਾਰੀ ਸਿੱਖ ਹਨ ਜੋ ਇਸ ਧਾਰਮਿਕ ਸੰਸਥਾ ਦੇ ਮੈਂਬਰ ਚੁਣੇ ਗਏ ਸਨ। ਗੁਰਦੁਆਰਾ ਐਕਟ ਅਨੁਸਾਰ ਚੁਣੇ ਹੋਏ ਮੈਂਬਰ ਹੋਰ 15 ਮੈਂਬਰਾਂ ਨੂੰ ਨਾਮਜ਼ਦ ਕਰਦੇ ਹਨ ਤਾਂ ਜੋ ਸਿੱਖ ਵਿਦਵਾਨਾਂ, ਸੰਪਰਦਾਵਾਂ ਤੇ ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਯੋਗ ਨੁਮਾਇੰਦਗੀ ਦਿੱਤੀ ਜਾ ਸਕੇ ਪਰ ਸ਼੍ਰੋਮਣੀ ਕਮੇਟੀ ਦੇ ਹੁਣ ਤੱਕ ਦੇ ਇਤਿਹਾਸ ਵਿਚ ਕੋਈ ਵੀ ਸਹਿਜਧਾਰੀ ਸਿੱਖ ਕਦੇ ਨਾਮਜ਼ਦ ਨਹੀਂ ਕੀਤਾ ਗਿਆ।***

ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸਹਿਜਧਾਰੀ ਸਿੱਖਾਂ ਨੂੰ ਵੋਟ ਤੋਂ ਵਾਂਝਾ ਕਰਨ ਵਾਲਾ 2003 ਵਾਲਾ ਨੋਟੀਫਿਕੇਸ਼ਨ ਵਾਪਸ ਲੈ ਕੇ ਪੰਜਾਬ ਦੀ ਸਿਆਸਤ ਵਿਚ ਖਲਬਲੀ ਪੈਦਾ ਕਰ ਦਿੱਤੀ ਸੀ। ਇਸ ਦੇ ਫਲਸਰੂਪ ਇਕ ਵਾਰੀ ਤਾਂ 18 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਬਾਰੇ ਬੇਯਕੀਨੀ ਬਣ ਗਈ ਸੀ ਪਰ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਰਾਜ ਸਭਾ ਵਿਚ ਦਿੱਤੇ ਬਿਆਨ ਵਿਚ ਸਪਸ਼ਟ ਕੀਤਾ ਹੈ ਕਿ ਸਬੰਧਤ ਨੋਟੀਫਿਕੇਸ਼ਨ ਵਾਪਸ



■ ਹਰਬੀਰ ਸਿੰਘ ਭੰਵਰ

ਨਹੀਂ ਲਿਆ ਗਿਆ ਅਤੇ ਗੁਰਦੁਆਰਾ ਚੋਣਾਂ ਮਿਥੇ ਪ੍ਰੋਗਰਾਮ ਅਨੁਸਾਰ ਹੀ ਹੋਣਗੀਆਂ। ਇਸ ਦੇ ਬਾਵਜੂਦ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਅਧਿਕਾਰ ਦੇਣ ਬਾਰੇ ਭੰਬਲਭੂਸਾ ਪਿਆ ਹੋਇਆ ਹੈ। ਹੋਰ ਤਾਂ ਹੋਰ 'ਸਹਿਜਧਾਰੀ ਸਿੱਖ' ਦੀ ਪਰਿਭਾਸ਼ਾ ਬਾਰੇ ਵੀ ਕੋਈ ਕਾਨੂੰਨੀ ਜਾਂ ਸੰਵਿਧਾਨਕ ਸਪਸ਼ਟਤਾ ਨਹੀਂ ਹੈ।

ਜਾਪਦਾ ਹੈ ਕਿ ਗੁਰਦੁਆਰਾ ਐਕਟ-1925 ਅਨੁਸਾਰ ਸਿੱਖਾਂ ਅਤੇ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਸੀ। ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਨਾਮਵਰ ਵਿਦਵਾਨ ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਲਿਖੀ ਗਈ ਪੁਸਤਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ' ਮੁਤਾਬਕ ਸਾਲ 1939 ਦੌਰਾਨ ਹੋਈਆਂ ਗੁਰਦੁਆਰਾ ਜਨਰਲ ਚੋਣਾਂ ਦੌਰਾਨ ਜ਼ਿਲ੍ਹਾ ਮੁਲਤਾਨ (ਹੁਣ ਪਾਕਿਸਤਾਨ) ਤੋਂ ਭਾਈ ਖੁਸ਼ੀ ਰਾਮ (ਕਮਿਸ਼ਨ ਏਜੰਟ, ਖਾਨੇਵਾਲ) ਸ਼੍ਰੋਮਣੀ ਕਮੇਟੀ ਲਈ ਮੈਂਬਰ ਚੁਣੇ ਗਏ ਸਨ। ਹੁਣ ਤੱਕ ਦੇ ਇਤਿਹਾਸ ਵਿਚ ਉਹ ਇਕੋ-ਇਕ ਸਹਿਜਧਾਰੀ ਸਿੱਖ ਹਨ ਜੋ ਇਸ ਧਾਰਮਿਕ ਸੰਸਥਾ ਦੇ ਮੈਂਬਰ ਚੁਣੇ ਗਏ ਸਨ। ਗੁਰਦੁਆਰਾ ਐਕਟ ਅਨੁਸਾਰ ਚੁਣੇ ਹੋਏ ਮੈਂਬਰ ਹੋਰ 15 ਮੈਂਬਰਾਂ ਨੂੰ ਨਾਮਜ਼ਦ ਕਰਦੇ ਹਨ ਤਾਂ ਜੋ ਸਿੱਖ ਵਿਦਵਾਨਾਂ, ਸੰਪਰਦਾਵਾਂ ਤੇ ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਯੋਗ ਨੁਮਾਇੰਦਗੀ ਦਿੱਤੀ ਜਾ ਸਕੇ ਪਰ ਸ਼੍ਰੋਮਣੀ ਕਮੇਟੀ ਦੇ ਹੁਣ ਤੱਕ ਦੇ ਇਤਿਹਾਸ ਵਿਚ ਕੋਈ ਵੀ ਸਹਿਜਧਾਰੀ ਸਿੱਖ ਕਦੇ ਨਾਮਜ਼ਦ ਨਹੀਂ ਕੀਤਾ ਗਿਆ।

ਇਸ ਪੱਤਰਕਾਰ ਨੇ ਪੰਜ ਕੁ ਸਾਲ ਪਹਿਲਾਂ ਗੁਰਦੁਆਰਾ ਐਕਟ-1925 ਦਾ ਬਹੁਤ ਬਾਰੀਕੀ ਨਾਲ ਅਧਿਐਨ ਕੀਤਾ ਸੀ, ਜਿਥੋਂ ਤੱਕ ਮੈਨੂੰ ਯਾਦ ਹੈ, ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਗਈ ਸੀ:

"ਜੋ ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਰੱਖਦਾ ਹੈ, ਜੋ ਆਪਣੇ ਪਰਿਵਾਰ ਦੇ ਸਾਰੇ ਕਾਰਜ (ਜਨਮ ਤੋਂ ਮਰਨ ਤੱਕ) ਸਿੱਖ ਰਿਵਾਇਤਾਂ ਅਨੁਸਾਰ ਕਰਦਾ ਹੈ, ਜੋ ਕਿਸੇ ਵੀ ਰੂਪ ਵਿਚ ਤੰਬਾਕੂ ਦਾ ਸੇਵਨ ਨਹੀਂ ਕਰਦਾ, ਕੁੱਠਾ (ਹਲਾਲ ਮਾਸ) ਨਹੀਂ ਖਾਂਦਾ ਤੇ ਸ਼ਰਾਬ ਨਹੀਂ ਪੀਂਦਾ, ਜਿਸ ਨੂੰ ਮੂਲ-ਮੰਤਰ ਕੰਠ (ਜ਼ੁਬਾਨੀ) ਯਾਦ ਹੈ ਅਤੇ ਜਿਸ ਦਾ ਹੋਰ ਕੋਈ ਧਰਮ ਨਹੀਂ ਹੈ।"

ਗੁਰਦੁਆਰਾ ਸੁਧਾਰ ਲਹਿਰ 1920 ਵਿਚ ਸ਼ੁਰੂ ਹੋਈ। ਉਸ ਸਮੇਂ ਤੱਕ ਹਿੰਦੂ ਤੇ ਸਿੱਖ ਇਕੋ ਹੀ ਸਮਝੇ ਜਾਂਦੇ ਸਨ। ਹਿੰਦੂਆਂ ਨੂੰ ਸਿੱਖੀ (ਸਿੱਖ ਧਰਮ) ਦੀ ਪਨੀਰੀ ਸਮਝਿਆ ਜਾਂਦਾ ਸੀ। ਅਕਸਰ ਹਿੰਦੂ ਪਰਿਵਾਰ ਆਪਣੇ ਵੱਡੇ ਪੁੱਤਰ ਨੂੰ ਸਿੱਖ ਬਣਾ ਦਿੰਦੇ ਸਨ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਹਜ਼ਾਰਾਂ ਹੀ ਹਿੰਦੂ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ। ਅੰਮ੍ਰਿਤਸਰ ਦੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ (ਸ਼ਾਇਦ ਮਿਸਟਰ ਮੂਨ) ਨੇ ਪੰਜਾਬ ਸਰਕਾਰ ਨੂੰ ਭੇਜੀ ਆਪਣੀ ਇਕ ਰਿਪੋਰਟ ਵਿਚ ਲਿਖਿਆ ਸੀ, "ਮੈਂ ਜਦੋਂ ਆਪਣੇ ਕਿਸੇ ਦੌਰੇ ਤੋਂ ਵਾਪਸ ਆਉਂਦਾ ਹਾਂ ਤਾਂ ਦੇਖਦਾ ਹਾਂ ਕਿ ਰਾਮ ਲਾਲ, ਰਾਮ ਸਿੰਘ ਬਣ ਚੁੱਕਾ ਹੁੰਦਾ ਹੈ ਤੇ ਲਾਲ ਚੰਦ, ਲਾਲ ਸਿੰਘ ਬਣ ਕੇ ਬੈਠਾ ਹੁੰਦਾ ਹੈ।" ਇਹ ਵੀ ਹਕੀਕਤ ਹੈ ਕਿ ਗੁਰਦੁਆਰਾ ਐਕਟ ਦੇ ਪਾਸ ਹੋਣ ਤੋਂ ਪਹਿਲਾਂ ਬਹੁਤੇ ਗੁਰਦੁਆਰਿਆਂ ਦਾ ਪ੍ਰਬੰਧ ਹਿੰਦੂ ਮਹੰਤਾਂ ਤੇ ਪੁਜਾਰੀਆਂ ਦੇ ਹੱਥ ਹੁੰਦਾ ਸੀ।

ਸ਼੍ਰੋਮਣੀ ਅਕਾਲੀ ਦਲ ਦਾ ਜੋ ਸਭ ਤੋਂ ਪਹਿਲਾ ਸੰਵਿਧਾਨ ਹੈ (ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ 1996 ਵਿਚ ਬਹੁਤ ਸੋਧਾਂ ਕਰਕੇ ਇਸ ਦਾ ਸਾਰਾ ਰੂਪ ਬਦਲ ਦਿੱਤਾ ਹੈ) ਅਨੁਸਾਰ ਇਸ ਦੀ ਮੈਂਬਰਸ਼ਿਪ ਲਈ ਕਿਸੇ ਵੀ ਵਿਅਕਤੀ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੁੰਦਾ ਸੀ। ਵੈਸੇ ਜੂਨ 1984 ਤੱਕ ਇਸ ਦਾ "ਸਹਿਜਧਾਰੀ ਸਿੱਖ ਵਿੰਗ" ਹੁੰਦਾ ਸੀ ਜਿਸ ਦੇ ਆਖਰੀ ਪ੍ਰਧਾਨ ਡਾ. ਮੋਹਨ ਲਾਲ ਸਾਂਡਲ ਹੁੰਦੇ ਸਨ ਜਿਨ੍ਹਾਂ ਨੇ ਭਾਵੇਂ ਦਾੜ੍ਹੀ ਕੇਸ ਨਹੀਂ ਰੱਖੇ ਸਨ ਪਰ ਸਿਰ 'ਤੇ ਹਰ ਸਮੇਂ ਦਸਤਾਰ ਸਜਾ ਕੇ ਰੱਖਦੇ ਸਨ। ਉਨ੍ਹਾਂ ਦਾ ਕਲੀਨਕ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਨੇੜੇ ਹੀ ਸੀ। ਉਹ ਆਪਣੇ ਸਾਰੇ ਪਰਿਵਾਰਕ ਕਾਰਜ ਸਿੱਖ ਰਿਵਾਇਤਾਂ (ਰੀਤੀ ਰਿਵਾਜ) ਅਨੁਸਾਰ ਕਰਦੇ ਸਨ। ਸਾਕਾ ਨੀਲਾ ਤਾਰਾ ਪਿੱਛੋਂ ਅਕਾਲੀ ਦਲ ਨੇ ਸਹਿਜਧਾਰੀ ਵਿੰਗ ਸੁਰਜੀਤ ਨਹੀਂ ਕੀਤਾ।

ਸਾਲ 1996 ਦੀਆਂ ਗੁਰਦੁਆਰਾ ਚੋਣਾਂ ਸਮੇਂ ਜੋ ਵੋਟਰ ਬਣ ਜਾਣ ਲਈ ਫਾਰਮ ਸੀ, ਉਹ ਇਸ ਤਰ੍ਹਾਂ ਸੀ:

ਫਾਰਮ-1 (ਸਹਿਜਧਾਰੀ ਸਿੱਖਾਂ ਲਈ)

ਮੈਂ... ... ...ਪੁੱਤਰ/ਪਤਨੀ/ਪੁੱਤਰੀ... ... ...ਉਮਰ... ... ...ਦਾ ਨਿਵਾਸੀ ਇਹ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਕ ਸਹਿਜਧਾਰੀ ਸਿੱਖ ਹਾਂ ਅਤੇ ਮੈਂ-

(ੳ) ਸਿੱਖ ਰਵਾਇਤਾਂ ਦੀ ਪਾਲਣਾ ਕਰਦਾ/ਕਰਦੀ ਹਾਂ।

(ਅ) ਕਿਸੇ ਵੀ ਰੂਪ ਵਿਚ ਧੂਮਰਪਾਨ ਨਹੀਂ ਕਰਦਾ/ਕਰਦੀ ਹਾਂ ਅਤੇ ਨਾ ਹੀ ਕੁੱਠਾ (ਹਲਾਲ ਮਾਸ) ਦਾ ਪ੍ਰਯੋਗ ਕਰਦਾ/ਕਰਦੀ ਹਾਂ।

(ੲ) ਸ਼ਰਾਬ ਨਹੀਂ ਪੀਂਦਾ/ਪੀਦੀ ਹਾਂ।

(ਸ)ਪਤਿਤ ਨਹੀਂ ਹਾਂ।

(ਹ) ਮੂਲ ਮੰਤਰ ਦਾ ਪਾਠ ਕਰ ਸਕਦਾ ਹਾਂ/ਸਕਦੀ ਹਾਂ।

ਹਸਤਾਖਰ/ਨਿਸ਼ਾਨ ਅੰਗੂਠਾ

ਪਤਿਤ ਦਾ ਅਰਥ ਅਜਿਹਾ ਵਿਅਕਤੀ ਹੈ ਜਿਹੜਾ ਕੇਸਧਾਰੀ ਸਿੱਖ ਹੁੰਦੇ ਹੋਏ ਆਪਣੀ ਦਾੜ੍ਹੀ ਬਣਾਉਂਦਾ ਹੈ ਜਾਂ ਕੇਸ ਕਤਰਦਾ/ਕਤਰਦੀ ਹੈ, ਜਾਂ ਜਿਹੜਾ ਅੰਮ੍ਰਿਤ ਛਕਣ ਮਗਰੋਂ ਚਹੁ ਕੁਰਿਹਤਾਂ ਵਿਚੋਂ ਇਕ ਜਾਂ ਵਧੀਕ ਕੁਰਹਿਤ ਕਰਦਾ/ਕਰਦੀ ਹੈ।

**ਗੁਰਦੁਆਰਾ ਸੁਧਾਰ ਲਹਿਰ 1920 ਵਿਚ ਸ਼ੁਰੂ ਹੋਈ। ਉਸ ਸਮੇਂ ਤੱਕ ਹਿੰਦੂ ਤੇ ਸਿੱਖ ਇਕੋ ਹੀ ਸਮਝੇ ਜਾਂਦੇ ਸਨ। ਹਿੰਦੂਆਂ ਨੂੰ ਸਿੱਖੀ (ਸਿੱਖ ਧਰਮ) ਦੀ ਪਨੀਰੀ ਸਮਝਿਆ ਜਾਂਦਾ ਸੀ। ਅਕਸਰ ਹਿੰਦੂ ਪਰਿਵਾਰ ਆਪਣੇ ਵੱਡੇ ਪੁੱਤਰ ਨੂੰ ਸਿੱਖ ਬਣਾ ਦਿੰਦੇ ਸਨ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਹਜ਼ਾਰਾਂ ਹੀ ਹਿੰਦੂ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ। ਅੰਮ੍ਰਿਤਸਰ ਦੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ (ਸ਼ਾਇਦ ਮਿਸਟਰ ਮੂਨ) ਨੇ ਪੰਜਾਬ ਸਰਕਾਰ ਨੂੰ ਭੇਜੀ ਆਪਣੀ ਇਕ ਰਿਪੋਰਟ ਵਿਚ ਲਿਖਿਆ ਸੀ, "ਮੈਂ ਜਦੋਂ ਆਪਣੇ ਕਿਸੇ ਦੌਰੇ ਤੋਂ ਵਾਪਸ ਆਉਂਦਾ ਹਾਂ ਤਾਂ ਦੇਖਦਾ ਹਾਂ ਕਿ ਰਾਮ ਲਾਲ, ਰਾਮ ਸਿੰਘ ਬਣ ਚੁੱਕਾ ਹੁੰਦਾ ਹੈ ਤੇ ਲਾਲ ਚੰਦ, ਲਾਲ ਸਿੰਘ ਬਣ ਕੇ ਬੈਠਾ ਹੁੰਦਾ ਹੈ।"**

ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਲਈ ਜੇ ਕੋਈ ਸਹਿਜਧਾਰੀ ਸਿੱਖ ਵੀਜ਼ਾ ਲੈਣ ਲਈ ਅਪਲਾਈ ਕਰਦਾ ਹੈ, ਉਸ ਨੂੰ ਵੀ ਅਜਿਹਾ ਹੀ ਹਲਫ਼ੀਆ ਬਿਆਨ ਨਾਲ ਲਗਾਉਣਾ ਪੈਂਦਾ ਹੈ।

ਉਪਰੋਕਤ ਤੱਥਾਂ ਤੋਂ 'ਸਹਿਜਧਾਰੀ ਸਿੱਖ' ਦੀ ਪਰਿਭਾਸ਼ਾ ਬਹੁਤੀ ਸਪਸ਼ਟ ਤਾਂ ਨਹੀਂ ਹੈ ਪਰ ਇਕ ਗੱਲ ਸਪਸ਼ਟ ਹੈ ਕਿ ਕੋਈ ਹਿੰਦੂ ਜਾਂ ਹੋਰ ਕੋਈ ਗੈਰ-ਸਿੱਖ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਨਹੀਂ ਅਖਵਾ ਸਕਦਾ।

ਸ਼੍ਰੋਮਣੀ ਕਮੇਟੀ ਚੋਣਾਂ ਦਾ ਪਿਛੋਕੜ: ਸ਼੍ਰੋਮਣੀ ਕਮੇਟੀ ਜਮਹੂਰੀ ਢੰਗ ਨਾਲ ਚੁਣੀ ਅਜਿਹੀ ਪਹਿਲੀ ਧਾਰਮਿਕ ਸੰਸਥਾ ਹੈ ਜੋ ਇਤਿਹਾਸਕ ਗੁਰਦੁਆਰਿਆਂ ਦਾ ਗੁਰਮਤਿ ਮਰਯਾਦਾ ਅਨੁਸਾਰ ਪ੍ਰਬੰਧ ਦੇਖ ਰਹੀ ਹੈ। ਵੀਹਵੀਂ ਸਦੀ ਵਿਚ ਸਿੱਖਾਂ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਹੈ। ਸਿੱਖ ਪੰਥ ਨੂੰ ਇਸ ਪ੍ਰਾਪਤੀ ਲਈ ਸ਼ਾਤਮਈ ਢੰਗ ਨਾਲ ਬੜਾ ਲੰਬਾ ਸੰਘਰਸ਼ ਕਰਨਾ ਪਿਆ। ਮੋਰਚੇ ਲਗਾਏ, ਜੇਲ੍ਹਾਂ ਭਰੀਆਂ, ਅੰਗਰੇਜ਼ ਸਰਕਾਰ ਹੱਥੋਂ ਅਕਹਿ ਤੇ ਅਸਹਿ ਤਸ਼ੱਦਦ ਬਰਦਾਸ਼ਤ ਕੀਤਾ।

ਸਿੱਖ ਮਿਸਲਾਂ, ਰਾਜਿਆਂ ਮਹਾਰਾਜਿਆਂ ਵਿਸ਼ੇਸ਼ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਗੁਰਦੁਆਰਾ ਸਾਹਿਬਾਨ ਦੇ ਨਾਂ ਜਾਗੀਰਾਂ ਅਤੇ ਜ਼ਮੀਨਾਂ-ਜਾਇਦਾਦਾਂ ਲਗਵਾਈਆਂ। ਮਹਾਰਾਜਾ ਦੀ ਮੌਤ ਤੋਂ ਲਗਪਗ ਦਸ ਸਾਲ ਬਾਅਦ ਪੰਜਾਬ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਗਿਆ। ਮਹੰਤ ਤੇ ਪੁਜਾਰੀ ਜੋ ਇਨ੍ਹਾਂ ਗੁਰਦੁਆਰਿਆਂ ਦੀ ਦੇਖ ਭਾਲ ਕਰ ਰਹੇ ਸਨ, ਨੂੰ ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਮਿਲ ਗਈ। ਉਨ੍ਹਾਂ ਨੇ ਗੁਰਦੁਆਰਿਆਂ ਦੀ ਆਮਦਨੀ ਦੀ ਦੁਰਵਰਤੋਂ ਸ਼ੁਰੂ ਕਰ ਦਿੱਤੀ। ਗੁਰਧਾਮਾਂ ਵਿਚ ਗੁਰਮਤਿ ਮਰਯਾਦਾ ਦਾ ਖਿਲਵਾੜ ਹੋਣ ਲੱਗਿਆ। ਪੰਥ ਦਰਦੀ ਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕੀਤੀ ਜਿਸ ਨੂੰ ਆਮ ਸਿੱਖਾਂ ਦਾ ਭਰਵਾਂ ਹੁੰਗਾਰਾ ਮਿਲਿਆ। ਕਈ ਮੋਰਚੇ ਲੱਗੇ, ਸਾਕੇ ਵਰਤੇ ਅਤੇ ਸ਼ਹੀਦੀਆਂ ਹੋਈਆਂ। ਉਨ੍ਹਾਂ ਭਲੇ ਜ਼ਮਾਨਿਆਂ ਵਿਚ ਜਦੋਂ ਇਕ ਰੁਪਏ ਕਿਲੋ ਦੇਸੀ ਘਿਓ ਮਿਲ ਜਾਂਦਾ ਸੀ, 15 ਲੱਖ ਰੁਪਏ ਦੇ ਜੁਰਮਾਨੇ ਭਰੇ ਅਤੇ ਹਜ਼ਾਰਾਂ ਸਿੱਖਾਂ ਨੂੰ ਸਰਕਾਰੀ ਅਹੁਦਿਆਂ ਤੋਂ ਪ੍ਰਾਪਤ ਪੈਨਸ਼ਨਾਂ ਤੋਂ ਹੱਥ ਧੋਣੇ ਪਏ। ਇਸ ਸੰਘਰਸ਼ ਦੌਰਾਨ 12 ਅਕਤੂਬਰ 1920 ਨੂੰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਪੁਜਾਰੀਆਂ ਤੋਂ ਆਜ਼ਾਦ ਕਰਵਾਏ। ਸੰਗਤਾਂ ਨੇ ਭਾਈ ਤੇਜਾ ਸਿੰਘ ਭੁਚਰ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪ ਦਿੱਤਾ। ਜਥੇਦਾਰ ਨੇ ਹੁਕਮਨਾਮਾ ਜਾਰੀ ਕਰਕੇ 15 ਨਵੰਬਰ 1920 ਨੂੰ ਪੰਥਕ ਇਕੱਠ ਬੁਲਾ ਲਿਆ।

ਮਿਥੇ ਦਿਨ ਪੰਥਕ ਇਕੱਠ ਨੇ ਅਕਾਲ ਤਖ਼ਤ ਵਿਖੇ ਆਜ਼ਾਦ ਕਰਵਾਏ ਗਏ ਗੁਰਧਾਮਾਂ ਦਾ ਪ੍ਰਬੰਧ ਚਲਾਉਣ ਵਾਸਤੇ 175 ਅੰਮ੍ਰਿਤਧਾਰੀ ਰਹਿਤਵਾਨ ਸਿੰਘਾਂ ਦੀ ਚੋਣ ਕੀਤੀ ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਦਿੱਤਾ ਗਿਆ। ਸ. ਸੁੰਦਰ ਸਿੰਘ ਮਜੀਠੀਆ ਇਸ ਦੇ ਪਹਿਲੇ ਪ੍ਰਧਾਨ ਥਾਪੇ ਗਏ। ਸੰਘਰਸ਼ ਜਾਰੀ ਰੱਖਣ ਲਈ ਜਥੇਬੰਦੀ ਦੀ ਲੋੜ ਨੂੰ ਅਨੁਭਵ ਕਰਦਿਆਂ ਇਕ ਹੋਰ ਹੁਕਮਨਾਮੇ ਰਾਹੀਂ 14 ਦਸੰਬਰ ਨੂੰ ਅਕਾਲ ਤਖ਼ਤ ਵਿਖੇ ਇਕ ਹੋਰ ਪੰਥਕ ਇਕੱਠ ਬੁਲਾਇਆ ਗਿਆ। ਇਸ ਦਿਨ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਸ. ਸਰਮੁਖ ਸਿੰਘ ਝਬਾਲ ਨੂੰ ਇਸ ਦੇ ਪਹਿਲੇ ਪ੍ਰਧਾਨ ਹੋਣ ਦਾ ਮਾਣ ਮਿਲਿਆ।

ਆਖ਼ਰ ਸਿੱਖਾਂ ਦਾ ਸਿਦਕ ਰੰਗ ਲਿਆਇਆ। ਅੰਗਰੇਜ਼ ਸਰਕਾਰ ਨੂੰ ਹਰ ਮੋਰਚੇ ਦੌਰਾਨ ਝੁਕਣਾ ਪਿਆ ਅਤੇ 21 ਫਰਵਰੀ 1925 ਨੂੰ ਸਰਕਾਰ ਨੇ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਿਤ ਕਰਕੇ ਤਸਲੀਮ ਕੀਤਾ ਕਿ ਪੰਜਾਬ ਦੇ ਇਤਿਹਾਸਕ

***(ਬਾਕੀ ਸਫਾ 36 'ਤੇ)***

# ਮੌਤ ਦੀ ਸਜ਼ਾ ਤੇ ਤਸ਼ੱਦਦਖਾਨੇ ਬਨਾਮ ਆਲਮੀ ਦਰਦਮੰਦੀ

ਸਵਾਲ ਸੰਵਾਦ
ਦਲਜੀਤ ਅਮੀ
ਫੋਨ:+91-97811-21873

'ਮੌਤ ਦੀ ਸਜ਼ਾ' ਬਾਬਤ ਲਗਾਤਾਰ ਚੱਲ ਰਹੀ ਬਹਿਸ ਪਿਛਲੇ ਦਿਨਾਂ ਵਿਚ ਮੁੜ ਕੇ ਭਖ ਗਈ ਹੈ। ਦਵਿੰਦਰਪਾਲ ਸਿੰਘ ਭੁੱਲਰ ਦੇ ਹਵਾਲੇ ਨਾਲ ਚੱਲ ਰਹੀ ਬਹਿਸ ਵਿਚ ਮੁਰੂਗਨ, ਸੰਥਨ ਅਤੇ ਪਿਰਾਰੀਵਿਲਨ ਦੇ ਮਾਮਲੇ ਸ਼ਾਮਿਲ ਹੋ ਗਏ ਹਨ। ਇਨ੍ਹਾਂ ਤਿੰਨਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਰੀਕ ਹੋਣ ਦੇ ਦੋਸ਼ ਤਹਿਤ ਇਹ ਸਜ਼ਾ ਸੁਣਾਈ ਗਈ ਹੈ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਇਨ੍ਹਾਂ ਸਾਰਿਆਂ ਦੀ ਰਹਿਮ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਇਸ ਤਰ੍ਹਾਂ ਭਾਰਤੀ ਨਿਆਂ ਪ੍ਰਕਿਰਿਆ ਦਾ ਚੱਕਰ ਪੂਰਾ ਹੋ ਗਿਆ ਹੈ। ਹੁਣ ਰਾਸ਼ਟਰਪਤੀ ਨੂੰ ਇਸ ਫ਼ੈਸਲੇ ਉੱਤੇ ਨਜ਼ਰਸਾਨੀ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਇਸ ਬਹਿਸ ਦਾ ਧੁਰਾ ਇਨ੍ਹਾਂ ਕਾਨੂੰਨੀ ਜਾਂ ਤਕਨੀਕੀ ਨੁਕਤਿਆਂ ਉੱਤੇ ਨਹੀਂ ਟਿਕਦਾ ਸਗੋਂ ਇਸ ਨਾਲ ਵਡੇਰੇ ਮਨੁੱਖੀ ਅਤੇ ਜਮਹੂਰੀ ਮਸਲੇ ਜੁੜੇ ਹੋਏ ਹਨ।

ਤਾਮਿਲਨਾਡੂ ਦੀ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਅਦਾਲਤੀ ਫ਼ੈਸਲੇ ਉੱਤੇ ਨਜ਼ਰਸਨੀ ਦੀ ਮੰਗੀ ਕੀਤੀ ਹੈ। ਮੁੱਖ ਮੰਤਰੀ ਜੈਲਲਿਤਾ ਵੱਲੋਂ ਪੇਸ਼ ਕੀਤੇ ਮਤੇ ਦੇ ਨਤੀਜੇ ਵਜੋਂ ਮਦਰਾਸ ਹਾਈ ਕੋਰਟ ਨੇ ਫ਼ੈਸਲਾ ਲਾਗੂ ਕਰਨ ਉੱਤੇ ਅੱਠ ਹਫ਼ਤੇ ਦੀ ਪਾਬੰਦੀ ਲਗਾ ਦਿੱਤੀ ਹੈ। ਇਸੇ ਤਰ੍ਹਾਂ ਦਾ ਮਤਾ ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਵਿਚ ਅਫ਼ਜ਼ਲ ਗੁਰੂ ਬਾਬਤ ਪੇਸ਼ ਹੋ ਚੁੱਕਿਆ ਹੈ। ਆਜ਼ਾਦ ਵਿਧਾਇਕ ਐਸ.ਏ.ਰਾਸ਼ੀਦ ਵੱਲੋਂ ਪੇਸ਼ ਮਤੇ ਉੱਤੇ 29 ਸਤੰਬਰ ਨੂੰ ਵਿਧਾਨ ਸਭਾ ਵਿਚ ਵਿਚਾਰ ਕੀਤਾ ਜਾਵੇਗਾ। ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਪੀਪਲਜ਼ ਡੈਮੋਕਰੈਟਿਕ ਪਾਰਟੀ ਨੇ ਇਸ ਮਤੇ ਦੀ ਹਮਾਇਤ ਦਾ ਐਲਾਨ ਕੀਤਾ ਹੈ। ਕਾਂਗਰਸ ਅਤੇ ਨੈਸ਼ਨਲ ਕਾਨਫਰਾਂਸ ਦੀ ਦੋਚਿੱਤੀ ਨਾਲ ਇਸ ਮਤੇ ਦੀ ਫੌਰੀ ਹੋਣੀ ਤੈਅ ਹੋਣੀ ਹੈ ਪਰ ਮਸਲੇ ਦੀ ਅਹਿਮੀਅਤ ਉਮਰ ਫਾਰੂਕ ਦੇ ਬਿਆਨ ਨਾਲ ਉੱਘੜ ਆਈ ਹੈ। ਉਨ੍ਹਾਂ ਕਿਹਾ ਹੈ ਕਿ ਜੇ ਤਾਮਿਲਨਾਡੂ ਵਿਧਾਨ ਸਭਾ ਦੀ ਤਰਜ਼ ਉੱਤੇ ਅਫ਼ਜ਼ਲ ਗੁਰੂ ਦੀ ਸਜ਼ਾ ਘੱਟ ਕਰਨ ਦੇ ਪੱਖ ਵਿਚ ਜੰਮੂ-ਕਸ਼ਮੀਰ ਵਿਧਾਨ ਸਭਾ ਨੇ ਮਤਾ ਪਾਸ ਕਰ ਦਿੱਤਾ ਤਾਂ ਮੁਲਕ ਵਿਚ 'ਹੁੰਗਾਰਾ ਇੰਨਾ ਸਹਿਜ ਨਹੀਂ' ਹੋਵੇਗਾ। ਸਿਆਸੀ ਤਬਕਿਆਂ ਵਿਚ ਚਰਚਾ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਵੀ ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਘੱਟ ਕਰਵਾਉਣ ਲਈ ਮਤਾ ਪੇਸ਼ ਹੋਣਾ ਚਾਹੀਦਾ ਹੈ। ਪੰਜਾਬ ਸਰਕਾਰ ਦੇ ਖ਼ਾਸੇ ਅਤੇ ਹੁਕਮਰਾਨ ਗੱਠਜੋੜ ਦੀ ਹਾਲਤ ਵਿਚ ਕਿਸੇ ਦੋਚਿੱਤੀ ਦੀ ਸੰਭਾਵਨਾ ਨਹੀਂ ਹੈ। ਸੂਬੇ ਦੇ ਵਿਕਾਸ ਨੂੰ ਪੰਜ ਸਾਲਾਂ ਤੱਕ ਮਹਿਦੂਦ ਕਰ ਕੇ ਦੇਖਣ ਵਾਲੀ ਸਰਕਾਰ ਤੋਂ ਅਜਿਹੀ ਪਹਿਲਕਦਮੀ ਦੀ ਤਵੱਕੋ ਕਰਨੀ ਔਖੀ ਹੈ।

ਰਾਸ਼ਟਰਪਤੀ ਭਵਨ ਵੱਲੋਂ 2004 ਤੋਂ ਬਾਅਦ ਪਹਿਲੀ ਵਾਰ ਮੌਤ ਦੀ ਸਜ਼ਾ ਕਾਇਮ ਰੱਖੀ ਹੈ ਅਤੇ ਫਾਂਸੀ ਲਈ ਰਾਹ ਪੱਧਰਾ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਅਬਦੁਲ ਕਲਾਮ ਨੇ 2004 ਵਿਚ ਰਹਿਮ ਦੀ ਦਰਖ਼ਾਸਤ ਰੱਦ ਕਰਕੇ ਧਨੰਜੈ ਚੈਟਰਜੀ ਦੀ ਫਾਂਸੀ ਦੀ ਸਜ਼ਾ ਉੱਤੇ ਸਹੀ ਪਾਈ ਸੀ। ਉਸ ਤੋਂ ਪਹਿਲਾਂ ਭਾਰਤ ਦੀ ਮੌਤ ਦੀ ਸਜ਼ਾ 1995 ਵਿਚ ਦਿੱਤੀ ਗਈ ਸੀ। ਦਵਿੰਦਰਪਾਲ ਸਿੰਘ ਭੁੱਲਰ, ਮੁਰੂਗਨ, ਸੰਥਨ, ਪਿਰਾਰੀਵਿਲਨ ਅਤੇ ਅਫ਼ਜ਼ਲ ਗੁਰੂ ਦੇ ਮਾਮਲਿਆਂ ਦੀਆਂ ਤੰਦਾਂ ਸਰਕਾਰ ਵਿਰੋਧੀ ਲਹਿਰਾਂ ਨਾਲ ਜੁੜੀਆਂ ਹੋਈਆਂ ਹਨ। ਇਸ ਕਾਰਨ ਇਨ੍ਹਾਂ ਖ਼ਿਲਾਫ਼ ਵੱਖ-ਵੱਖ ਰੂਪ ਵਿਚ ਕੋਈ ਨਾ ਕੋਈ ਤਬਕਾ ਸਰਗਰਮ ਹੈ। ਭਾਜਪਾ ਲਗਾਤਾਰ ਅਫ਼ਜ਼ਲ ਗੁਰੂ ਨੂੰ ਫਾਂਸੀ ਲਗਾਉਣ ਦੀ ਮੰਗ ਲਗਾਤਾਰ ਕਰਦੀ ਹੈ।


ਇਸ ਦੌਰਾਨ ਪੂਰੀ ਦੁਨੀਆਂ ਵਿਚ ਮੌਤ ਦੀ ਸਜ਼ਾ ਖ਼ਿਲਾਫ਼ ਮੁਹਿੰਮ ਚੱਲ ਰਹੀ ਹੈ। ਮਨੁੱਖੀ ਹਕੂਕ ਦੇ ਪੈਂਤੜੇ ਤੋਂ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ 'ਮੌਤ ਦੀ ਸਜ਼ਾ' ਲਈ ਮੌਜੂਦਾ ਸਮਾਜ ਵਿਚ ਕੋਈ ਥਾਂ ਨਹੀਂ ਹੈ। ਇਸ ਮੁਹਿੰਮ ਦੀ ਦਲੀਲ ਦੀਆਂ ਦੋ ਪਰਤਾਂ ਹਨ। 'ਮੌਤ ਦੀ ਸਜ਼ਾ' ਨੂੰ ਲਾਗੂ ਕਰਨ ਤੋਂ ਬਾਅਦ ਇਹ ਫ਼ੈਸਲਾ ਪਲਟਾਇਆ ਨਹੀਂ ਜਾ ਸਕਦਾ। ਇਸ ਤਰ੍ਹਾਂ ਜੇ ਫ਼ੈਸਲੇ ਵੇਲੇ ਕੋਈ ਉਕਾਈ ਜਾਂ ਗ਼ਲਤੀ ਹੋ ਜਾਵੇ ਤਾਂ ਇਸ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਅਜਿਹੀ ਗ਼ਲਤੀ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦੂਜਾ ਪੱਖ ਇਹ ਹੈ ਕਿ 'ਮੌਤ ਦੀ ਸਜ਼ਾ' ਮਨੁੱਖ ਦੀ ਬਹਾਲੀ ਦੀ ਹਰ ਸੰਭਾਵਨਾ ਨੂੰ ਰੱਦ ਕਰ ਦਿੰਦੀ ਹੈ। ਜਦੋਂ ਮਨੁੱਖ ਜ਼ਿੰਦਗੀ ਦੇ ਨਹੀਂ ਸਕਦਾ ਤਾਂ ਉਸ ਨੂੰ 'ਮੌਤ ਦੀ ਸਜ਼ਾ' ਦੇਣ ਦਾ ਕੀ ਹੱਕ ਹੈ? ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਵਿਚ ਫਾਂਸੀ ਦਿੱਤੇ ਗਏ ਕਿਹਰ ਸਿੰਘ ਦੇ ਹਵਾਲੇ ਨਾਲ ਇਹ ਮਸਲਾ ਲਗਾਤਾਰ ਵਿਚਾਰਿਆ ਜਾਂਦਾ ਹੈ। ਜਦੋਂ ਸਜ਼ਾ ਦੇਣ ਵੇਲੇ ਤੱਕ ਮੁਲਜ਼ਮ ਦੀ ਜੁਰਮ ਵਿਚ ਹਿੱਸੇਦਾਰੀ ਸ਼ੱਕ ਦੇ ਘੇਰੇ ਵਿਚ ਹੈ ਤਾਂ ਮੌਤ ਵਰਗੀ ਸਜ਼ਾ ਦੇਣਾ ਤਾਂ ਬੇਇਨਸਾਫ਼ੀ ਨੂੰ ਪੱਕੇ ਪੈਰੀਂ ਕਰ ਦੇਣਾ ਹੈ। ਇਸ ਹਾਲਤ ਵਿਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ 'ਮੌਤ ਦੀ ਸਜ਼ਾ' ਸਿਰਫ਼ ਜੱਜਾਂ ਦੀ ਸਰਬਸੰਮਤੀ ਨਾਲ ਹੀ ਜਾਇਜ਼ ਕਰਾਰ ਦਿੱਤੀ ਜਾ ਸਕਦੀ ਹੈ। ਸਬੂਤਾਂ, ਗਵਾਹਾਂ ਅਤੇ ਅਦਾਲਤੀ ਦਲੀਲ ਦੀ ਪੜਚੋਲ ਨਾਲ 'ਮੌਤ ਦੀ ਸਜ਼ਾ' ਉੱਤੇ ਸਵਾਲ ਕਰਨਾ ਬਹੁਤ ਅਹਿਮ ਹੈ। ਕਿਹਰ ਸਿੰਘ, ਦਵਿੰਦਰਪਾਲ ਸਿੰਘ ਭੁੱਲਰ, ਮੁਰੂਗਨ, ਸੰਥਨ, ਪਿਰਾਰੀਵਿਲਨ ਅਤੇ ਅਫ਼ਜ਼ਲ ਗੁਰੂ ਦੇ ਮਾਮਲਿਆਂ ਵਿਚ ਅਦਾਲਤੀ ਦਲੀਲ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਹੈ। ਕੌਮਾਂਤਰੀ ਕਾਨੂੰਨ, ਅਦਾਲਤੀ ਦਲੀਲ ਦੀ ਨਿਰਪੱਖਤਾ, ਮਨੁੱਖੀ ਅਤੇ ਜਮਹੂਰੀ ਹਕੂਕ ਦੇ ਪੈਂਤੜਿਆਂ ਤੋਂ ਇਹ ਫ਼ੈਸਲੇ ਸੰਜੀਦਾ ਨਜ਼ਰਸਾਨੀ ਦੀ ਮੰਗ ਕਰਦੇ ਹਨ।

ਮੁਕਾਮੀ ਅਦਾਲਤਾਂ ਤੋਂ ਰਾਸ਼ਟਰਪਤੀ ਤੱਕ ਹੋਈ ਅਦਾਲਤੀ ਕਾਰਵਾਈ ਵਿਚ ਮੁਲਜ਼ਮਾਂ ਦਾ ਨਿਰਪੱਖ ਪੈਰਵੀ ਦਾ ਹੱਕ ਅਹਿਮ ਹੈ। ਇਨ੍ਹਾਂ ਸਾਰੇ ਮਾਮਲਿਆਂ ਵਿਚ ਸੈਸ਼ਨ ਅਦਾਲਤ ਵਿਚ ਮੁਲਜ਼ਮਾਂ ਦੀ ਠੋਸ ਪੈਰਵੀ ਨਹੀਂ ਹੋ ਸਕੀ। ਸੈਸ਼ਨ ਅਦਾਲਤ ਦੇ ਫ਼ੈਸਲੇ ਹੀ ਅੰਤਿਮ ਫ਼ੈਸਲੇ ਵੇਲੇ ਫ਼ੈਸਲਾਕੁਨ ਸਾਬਤ ਹੁੰਦੇ ਹਨ। ਇਨ੍ਹਾਂ ਸਾਰੇ ਮਾਮਲਿਆਂ ਵਿਚ ਸੈਸ਼ਨ ਅਦਾਲਤ ਦੇ ਫ਼ੈਸਲਿਆਂ ਉੱਤੇ ਨਿਰਪੱਖਤਾ ਪੱਖੋਂ ਸਵਾਲ ਹੋਏ ਹਨ। ਇਸੇ ਕਾਰਨ ਇਨ੍ਹਾਂ ਫ਼ੈਸਲਿਆਂ ਤਹਿਤ ਦੋਸ਼ੀ ਕਰਾਰ ਦਿੱਤੇ ਗਏ ਮੁਲਜ਼ਮਾਂ ਦੀਆਂ ਉਪਰਲੀਆਂ ਅਦਾਲਤਾਂ ਵਿਚ ਸਜ਼ਾਵਾਂ ਘੱਟ ਹੀ ਨਹੀਂ ਹੋਈਆਂ ਸਗੋਂ ਬਹੁਤ ਜ਼ਿਆਦਾ ਬੰਦੇ ਬਰੀ ਕੀਤੇ ਗਏ। ਰਾਜੀਵ ਗਾਂਧੀ ਕਤਲ ਕਾਂਡ ਵਿਚ ਸੈਸ਼ਨ ਅਦਾਲਤ ਨੇ 26 ਬੰਦਿਆਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਸ ਵੇਲੇ ਇਸ ਫ਼ੈਸਲੇ ਨੂੰ ਸਿਆਸੀ ਦਬਾਅ ਦਾ ਨਤੀਜਾ ਮੰਨਿਆ ਗਿਆ ਸੀ ਜੋ ਉਪਰਲੀਆਂ ਅਦਾਲਤਾਂ ਵਿਚ ਸਾਬਤ ਵੀ ਹੋਇਆ। ਸੰਸਦ ਉੱਤੇ ਹਮਲੇ ਦੇ ਮਾਮਲੇ ਵਿਚ ਸੈਸ਼ਨ ਅਦਾਲਤ ਨੇ ਚਾਰ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਫਾਂਸੀ ਦੀ ਸਜ਼ਾ ਸੁਣਾਈ। ਉਪਰਲੀਆਂ ਅਦਾਲਤਾਂ ਵਿਚ ਇਕ ਜਣੇ ਨੂੰ ਬਰੀ ਕਰ ਦਿੱਤਾ ਗਿਆ ਅਤੇ ਦੋ ਦੀ ਸਜ਼ਾ ਘਟਾ ਦਿੱਤੀ ਗਈ। ਅਫ਼ਜ਼ਲ ਦੀ ਫਾਂਸੀ ਕਾਇਮ ਰੱਖਣ ਲਈ ਦਲੀਲ ਇਹ ਦਿੱਤੀ ਗਈ ਕਿ 'ਮੁਲਕ ਦੀ ਸਮੂਹਿਕ ਚੇਤਨਾ ਦੀ ਤਸੱਲੀ' ਲਈ ਉਸ ਨੂੰ ਫਾਂਸੀ ਦੇਣਾ ਜਾਇਜ਼ ਹੈ। ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਵਿਚ ਜਰਮਨ ਨਾਲ ਹੋਏ ਹਵਾਲਗੀ ਸਮਝੌਤੇ ਤਹਿਤ ਫਾਂਸੀ ਨਹੀਂ ਦਿੱਤੀ ਜਾ ਸਕਦੀ। ਜਦੋਂ ਇਨ੍ਹਾਂ ਤਕਨੀਕੀ ਨੁਕਤਿਆਂ ਰਾਹੀਂ 'ਮੌਤ ਦੀ ਸਜ਼ਾ' ਉੱਤੇ ਸਵਾਲ ਕੀਤਾ ਜਾਂਦਾ ਹੈ ਤਾਂ ਮਾਮਲਾ ਉਸੇ ਮਸਲੇ ਤੱਕ ਮਹਿਦੂਦ ਹੋ ਜਾਂਦਾ ਹੈ। ਮਨੁੱਖਾ ਜ਼ਿੰਦਗੀ ਨੂੰ ਬਚਾਉਣ ਲਈ ਇਹ ਉਪਰਾਲਾ ਲਾਜ਼ਮੀ ਹੈ ਪਰ ਸਵਾਲ 'ਮੌਤ ਦੀ ਸਜ਼ਾ' ਦੀ ਧਾਰਨਾ ਉੱਤੇ ਵੀ ਹੋਣਾ ਚਾਹੀਦਾ ਹੈ।

ਸਿਧਾਂਤਕ ਬਹਿਸ ਜਦੋਂ ਠੋਸ ਮਿਸਾਲਾਂ ਦੇ ਹਵਾਲੇ ਨਾਲ ਤੋਰੀ ਜਾਂਦੀ ਹੈ ਤਾਂ ਇਸ ਵਿਚ ਹੋਰ ਤੱਤ ਜੁੜ ਜਾਂਦੇ ਹਨ। 'ਮੌਤ ਦੀ ਸਜ਼ਾ' ਖ਼ਿਲਾਫ਼ ਸਿਧਾਂਤਕ ਦਲੀਲ ਸਭ ਨੂੰ ਔਖੀ-ਸੌਖੀ ਪੁੱਗ ਜਾਂਦੀ ਹੈ ਕਿ ਮਨੁੱਖਾ ਜਨਮ ਦੁਰਲੱਭ ਹੈ ਇਸ ਲਈ 'ਮੌਤ ਦੀ ਸਜ਼ਾ' ਬੰਦ ਹੋਣੀ ਚਾਹੀਦੀ ਹੈ। ਜਦੋਂ ਇਹ ਦਲੀਲ ਕਿਸੇ ਦੂਜੇ ਮੁਲਕ ਦੇ ਜੰਗੀ ਕੈਦੀ, ਸਿਆਸੀ ਕੈਦੀ, ਅਤਿਵਾਦ ਸਰਗਰਮੀ ਵਿਚ ਸ਼ੁਮਾਰ ਜਾਂ ਮਨੁੱਖਤਾ ਖ਼ਿਲਾਫ਼ ਜੁਰਮ ਵਿਚ ਮੁਲਜ਼ਮ ਜਾਂ ਮੁਰਜਮ ਕਰਾਰ ਦਿੱਤੇ ਗਏ ਬੰਦੇ ਦੇ ਹਵਾਲੇ ਨਾਲ ਵਿਚਾਰੀ ਜਾਂਦੀ ਹੈ ਤਾਂ ਬਹਿਸ ਬਹੁਤ ਤਿੱਖੀ ਹੋ ਜਾਂਦੀ ਹੈ। 'ਮੌਤ ਦੀ ਸਜ਼ਾ' ਖ਼ਿਲਾਫ਼ ਲਾਮਬੰਦੀ ਕਰ ਰਹੀ ਧਿਰ ਨੂੰ ਦੇਸ਼ਧ੍ਰੋਹੀ, ਅਤਿਵਾਦੀ ਜਾਂ ਮਨੁੱਖ ਵਿਰੋਧੀ ਕਰਾਰ ਦਿੱਤਾ ਜਾਂਦਾ ਹੈ। ਜਦੋਂ 'ਮੌਤ ਦੀ ਸਜ਼ਾ' ਕਿਸੇ ਅਜਿਹੇ ਮੁਜਰਮ ਨੂੰ ਸੁਣਾਈ ਜਾਂਦੀ ਹੈ ਜਿਸ ਨੂੰ ਪਹਿਲਾਂ ਹੀ ਨਫ਼ਰਤ ਦਾ ਪਾਤਰ ਸਿੱਧ ਕੀਤਾ ਜਾ ਚੁੱਕਿਆ ਹੋਵੇ ਤਾਂ ਮਸਲਾ ਜ਼ਿਆਦਾ ਪੇਚੀਦਾ ਹੋ ਜਾਂਦਾ ਹੈ। ਦੂਜੀ ਧਿਰ ਅਦਾਲਤੀ ਫ਼ੈਸਲੇ ਦੀ ਪੜਚੋਲ ਆਪਣੀ ਸਿਆਸਤ, ਨਸਲ, ਧਰਮ, ਖਿੱਤੇ ਜਾਂ ਸਰਕਾਰ ਦੇ ਖ਼ਾਸੇ ਨਾਲ ਜੋੜ ਕੇ ਕਰਦੀ ਹੈ। ਭਾਰਤ ਵਿਚ 'ਮੌਤ ਦੀ ਸਜ਼ਾ' ਖ਼ਿਲਾਫ਼ ਮੁਹਿੰਮ ਦਾ ਅਸਲ ਇਮਤਿਹਾਨ ਮੁਰੂਗਨ, ਸੰਥਨ ਅਤੇ ਪਿਰਾਰੀਵਿਲਨ ਦੇ ਨਾਲ ਦਵਿੰਦਰਪਾਲ ਸਿੰਘ ਭੁੱਲਰ, ਅਫ਼ਜ਼ਲ ਗੁਰੂ ਅਤੇ ਕਸਾਬ ਦੇ ਹਵਾਲੇ ਨਾਲ ਹੀ ਹੁੰਦਾ ਹੈ। ਕੌਮਾਂਤਰੀ ਪੱਧਰ ਉੱਤੇ ਇਹ ਮਾਮਲਾ ਸਦਾਮ ਹੁਸੈਨ ਦੇ ਹਵਾਲੇ ਨਾਲ ਵਿਚਾਰਿਆ ਜਾ ਸਕਦਾ ਹੈ। ਇਸ ਥਾਂ ਉੱਤੇ ਹੀ 'ਸਮੂਹਿਕ ਚੇਤਨਾ ਦੀ ਤਸੱਲੀ' ਦਾ ਨੁਕਤਾ ਅਦਾਲਤੀ ਨਿਰਪੱਖਤਾ ਨੂੰ ਸਵਾਲ ਦੇ ਘੇਰੇ ਵਿਚ ਲਿਆਉਂਦਾ ਹੈ ਅਤੇ 'ਮੌਤ ਦੀ ਸਜ਼ਾ' ਨੂੰ ਜਾਇਜ਼ ਕਰਾਰ ਦੇਣ ਦਾ ਪੜੁੱਲ ਬੰਨ੍ਹ ਦਿੰਦਾ ਹੈ। ਇਸ ਵੇਲੇ ਉੱਤਰੀ ਅਮਰੀਕਾ ਅਤੇ ਯੂਰਪ ਵਿਚ ਲੀਬੀਆ ਦੇ ਸਾਬਕਾ ਹਾਕਮ ਕਰਨਲ ਗੱਦਾਫ਼ੀ ਦੀ ਹੋਣੀ ਅਤੇ ਪੀੜਤ ਅਵਾਮ ਦੀ ਤਸੱਲੀ ਨੂੰ ਜੋੜ ਕੇ ਇਹੋ ਦਲੀਲ ਉਸਾਰੀ ਜਾ ਰਹੀ ਹੈ। ਇਨ੍ਹਾਂ ਮਾਮਲਿਆਂ ਵਿਚ 'ਮੌਤ ਦੀ ਸਜ਼ਾ' ਦੇ ਪੱਖ ਵਿਚ ਸਾਮਰਾਜ ਅਤੇ ਬੁਨਿਆਦਪ੍ਰਸਤਾਂ ਦੀ ਸਹਿਮਤੀ ਨਾਲ ਉਸਰਦੀ ਸਹਿਮਤੀ ਦੀ ਸਮੁੱਚੀ ਤਰਤੀਬ ਉੱਘੜ ਆਉਂਦੀ ਹੈ।

ਐਮਨੈਸਟੀ ਇੰਟਰਨੈਸ਼ਨਲ 'ਮੌਤ ਦੀ ਸਜ਼ਾ' ਨੂੰ ਸਰਕਾਰ ਵੱਲੋਂ ਇਨਸਾਫ਼ ਦੇ ਨਾਮ ਉੱਤੇ ਬੇਰਹਿਮੀ ਨਾਲ ਕੀਤਾ ਕਤਲ ਕਰਾਰ ਦਿੰਦੀ ਹੈ। ਪੂਰੀ ਦੁਨੀਆਂ ਦੇ ਦੋ ਤਿਹਾਈ ਤੋਂ ਵੱਧ ਮੁਲਕਾਂ ਵਿਚ 'ਮੌਤ ਦੀ ਸਜ਼ਾ' ਉੱਤੇ ਪਾਬੰਦੀ ਲੱਗੀ ਹੋਈ ਹੈ। ਇਸ ਵੇਲੇ 96 ਮੁਲਕਾਂ ਨੇ 'ਮੌਤ ਦੀ ਸਜ਼ਾ' ਉੱਤੇ ਪੂਰਨ ਪਾਬੰਦੀ ਲਗਾਈ ਹੋਈ ਹੈ। ਇਸ ਤੋਂ ਇਲਾਵਾ 34 ਮੁਲਕਾਂ ਨੇ ਕਾਨੂੰਨੀ ਪਾਬੰਦੀ ਦਾ ਐਲਾਨ ਕਰਨ ਤੋਂ ਬਿਨਾਂ ਹੀ ਅਮਲ ਉੱਤੇ ਰੋਕ ਲਗਾਈ ਹੋਈ ਹੈ। ਨੌਂ ਮੁਲਕਾਂ ਨੇ ਆਮ ਅਪਰਾਧ ਲਈ 'ਮੌਤ ਦੀ ਸਜ਼ਾ' ਬੰਦ ਕਰ ਦਿੱਤੀ ਹੈ। ਇਸ ਤਰ੍ਹਾਂ 139 ਮੁਲਕਾਂ ਵਿਚ ਤਕਰੀਬਨ ਪਾਬੰਦੀ ਹੈ। ਬਾਕੀ ਮੁਲਕਾਂ ਵਿਚ ਇਸ ਮੁਹਿੰਮ ਦਾ ਚੋਖਾ ਅਸਰ ਹੈ। ਇਸ ਦੇ ਨਤੀਜੇ ਵਜੋਂ ਜ਼ਿਆਦਾਤਰ ਮੁਲਕ 'ਮੌਤ ਦੀ ਸਜ਼ਾ' ਤੋਂ ਗੁਰੇਜ਼ ਕਰ ਰਹੇ ਹਨ। ਸਖ਼ਤ ਕਾਨੂੰਨਾਂ ਅਤੇ ਪੁਲਿਸ ਰਾਜ ਦੀ ਵਕਾਲਤ ਕਰਨ ਵਾਲੀਆਂ ਸਿਆਸੀ ਧਿਰਾਂ ਅਜਿਹੇ ਮਸਲਿਆਂ ਨੂੰ ਦਲੀਲ ਦੀ ਥਾਂ ਉਲਾਰ ਮਾਹੌਲ ਸਿਰਜ ਕੇ ਨਜਿੱਠਣ ਦਾ ਉਪਰਾਲਾ ਕਰਦੀਆਂ ਹਨ। ਮੁਰੂਗਨ, ਸੰਥਨ ਅਤੇ ਪਿਰਾਰੀਵਿਲਨ ਦੇ ਨਾਲ ਦਵਿੰਦਰਪਾਲ ਸਿੰਘ ਭੁੱਲਰ, ਅਫ਼ਜ਼ਲ ਗੁਰੂ ਅਤੇ ਕਸਾਬ ਦੇ ਮਾਮਲੇ ਇਸੇ ਖ਼ਾਤੇ ਵਿਚ ਪੈਂਦੇ ਹਨ। ਇਨ੍ਹਾਂ ਦੇ ਪੱਖ ਵਿਚ ਸਿਆਸੀ, ਨਸਲੀ, ਧਾਰਮਿਕ ਅਤੇ ਖ਼ਿੱਤੇ ਦੇ ਪੈਂਤੜੇ ਤੋਂ ਦਲੀਲ ਉਸਾਰ ਰਹੀਆਂ ਧਿਰਾਂ ਆਪਣੇ ਧਰਨੇ-ਮੁਜ਼ਾਹਰਿਆਂ ਵਿਚ '...ਦੇ ਕਾਤਲਾਂ ਨੂੰ ਫਾਹੇ ਲਾਓ', '...ਕਾਂਡ ਦੇ ਦੋਸ਼ੀਆਂ ਨੂੰ ਫਾਹੇ ਲਾਓ' ਦੇ ਨਾਹਰੇ ਲਗਾਉਂਦੀਆਂ ਹਨ।

ਇਨ੍ਹਾਂ ਹਾਲਾਤ ਵਿਚ 'ਮੌਤ ਦੀ ਸਜ਼ਾ' ਖ਼ਿਲਾਫ਼ ਬਹਿਸ ਨੂੰ ਤਕਨੀਕੀ ਤੇ ਮੁਕਾਮੀ ਨੁਕਤਿਆਂ ਦੇ ਨਾਲ-ਨਾਲ ਪੂਰਨਤਾ ਵਿਚ ਸਮਝਣ ਦੀ ਲੋੜ ਹੈ। ਇਸ ਨਾਲ ਨਸਲੀ, ਧਾਰਮਿਕ, ਸਿਆਸੀ ਅਤੇ ਇਲਾਕਾਈ ਵੰਡੀਆਂ ਤੋਂ ਉਪਰ ਉੱਠ ਕੇ ਪੀੜਤਾਂ ਦੇ ਦਰਦਮੰਦਾਂ ਦੀ ਸਾਂਝ ਮਜ਼ਬੂਤ ਹੁੰਦੀ ਹੈ। ਦਰਦਮੰਦ ਆਲਮੀ ਸੰਗਤ 'ਮੌਤ ਦੀ ਸਜ਼ਾ' ਨੂੰ ਬੇਕਿਰਕ ਸਰਕਾਰੀ ਕਤਲ ਕਰਾਰ ਦਿੰਦੀ ਹੈ। ਜਦੋਂ ਦਲੀਲ 'ਮੌਤ ਦੀ ਸਜ਼ਾ' ਤੱਕ ਮਹਿਦੂਦ ਹੋ ਜਾਂਦੀ ਹੈ ਤਾਂ ਸਰਕਾਰ ਦੇ ਬੇਕਿਰਕ ਕਤਲਾਂ ਦੇ ਗੁੱਝੇ ਅਤੇ ਹੋਰ ਕੋਹਜ਼ੇ ਰੂਪਾਂ ਉੱਤੇ ਪਰਦਾ ਪੈ ਜਾਂਦਾ ਹੈ। ਝੂਠੇ ਪੁਲੀਸ ਮੁਕਾਬਲੇ, ਹਿਰਾਸਤੀ ਮੌਤਾਂ, ਲਾਪਤਾ ਸਿਆਸੀ ਕਾਰਕੁਨ, ਤਸ਼ਦੱਦਖ਼ਾਨਿਆਂ ਵਿਚ ਸੁਰਤ ਗੁਆ ਆਏ ਜੀਅ, ਬਿਨਾਂ ਮੁਕੱਦਮਿਆਂ ਤੋਂ ਜੇਲ੍ਹਾਂ ਵਿਚ ਸੜ ਰਹੇ ਬੰਦੇ, ਸਜ਼ਾਵਾਂ ਭੁਗਤਣ ਤੋਂ ਬਾਅਦ ਰਿਹਾਈ ਦੀ ਰਸਮੀ ਕਾਰਵਾਈ ਲਈ ਸਾਲਾਂਬੱਧੀ ਉਡੀਕ ਕਰਦੇ ਮਨੁੱਖ ਅਤੇ ਬੇਬੁਨਿਆਦ ਮੁਕੱਦਮਿਆਂ ਵਿਚ ਉਲਝਾਏ ਗਏ ਲੋਕ ਸਰਕਾਰੀ ਬੇਕਿਰਕੀ ਦੀਆਂ ਤੰਦਾਂ ਉਘਾੜਦੇ ਹਨ। ਜੇਲ੍ਹਾਂ ਵਿਚ ਇਕੱਲਤਾ ਦਾ ਤਸ਼ੱਦਦ ਭੁਗਤ ਰਹੇ ਸਿਆਸੀ ਕੈਦੀ ਸਰਕਾਰੀ ਕਰੂਰਤਾ ਦੀ ਨੁਮਾਇੰਦਗੀ ਕਰਦੇ ਹਨ। ਇਹ ਸਵਾਲ 'ਮੌਤ ਦੀ ਸਜ਼ਾ' ਖ਼ਿਲਾਫ਼ ਮੁਹਿੰਮ ਦੇ ਸਾਹਮਣੇ ਹਨ ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਬਹੁਤਾਤ ਦੇ ਦੌਰ ਵਿਚ ਥੁੜਾਂ ਨਾਲ ਮਰ ਰਹੇ ਮਨੁੱਖ ਨੂੰ ਸਰਕਾਰੀ ਕਤਲ ਦੇ ਘੇਰੇ ਵਿਚੋਂ ਕਿਵੇਂ ਬਾਹਰ ਰੱਖਿਆ ਜਾਵੇ? ਗ਼ੁਰਬਤ ਕਾਰਨ ਇਲਾਜਯੋਗ ਬੀਮਾਰੀਆਂ ਨਾਲ ਮਰ ਰਹੇ ਮਰੀਜ਼ਾਂ ਦੀ ਹੋਣੀ ਨੂੰ ਸਰਕਾਰੀ ਤਸ਼ੱਦਦ ਤੋਂ ਵੱਖ ਕਿਵੇਂ ਕੀਤਾ ਜਾਵੇ? ਇਸ ਹਾਲਤ ਵਿਚ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਅਤੇ ਖ਼ੁਦਕੁਸ਼ੀ ਕਰ ਰਹੇ ਕਿਸਾਨਾਂ-ਮਜ਼ਦੂਰਾਂ ਵਿਚ ਸਾਂਝੀ ਤੰਦ ਕਿਹੜੀ ਹੈ? 'ਮੌਤ ਦੀ ਸਜ਼ਾ' ਖ਼ਿਲਾਫ਼ ਮੁਹਿੰਮ ਇਨ੍ਹਾਂ ਤੰਦਾਂ ਨੂੰ ਉਘਾੜ ਕੇ ਮਨੁੱਖਾ ਜਨਮ ਅਤੇ ਸਮੁੱਚੇ ਜੀਵਨ ਦੀ ਕਦਰ ਵਧਾਉਣ ਵਿਚ ਠੋਸ ਹਿੱਸਾ ਪਾ ਸਕਦੀ ਹੈ ਜੋ ਜੇਲ੍ਹਾਂ ਦੇ ਦੋਵਾਂ ਪਾਸਿਆਂ ਦੀ ਪੀੜਤ ਲੋਕਾਈ ਲਈ ਰਾਹਤ ਦਾ ਸਬੱਬ ਬਣ ਸਕਦੀ ਹੈ।




ਤਸ਼ੱਦਦ ਦੇ ਨਕਸ਼


ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ

**ਝੂਠੇ ਪੁਲੀਸ ਮੁਕਾਬਲੇ, ਹਿਰਾਸਤੀ ਮੌਤਾਂ, ਲਾਪਤਾ ਸਿਆਸੀ ਕਾਰਕੁਨ, ਤਸ਼ਦੱਦਖ਼ਾਨਿਆਂ ਵਿਚ ਸੁਰਤ ਗੁਆ ਆਏ ਜੀਅ, ਬਿਨਾਂ ਮੁਕੱਦਮਿਆਂ ਤੋਂ ਜੇਲ੍ਹਾਂ ਵਿਚ ਸੜ ਰਹੇ ਬੰਦੇ, ਸਜ਼ਾਵਾਂ ਭੁਗਤਣ ਤੋਂ ਬਾਅਦ ਰਿਹਾਈ ਦੀ ਰਸਮੀ ਕਾਰਵਾਈ ਲਈ ਸਾਲਾਂਬੱਧੀ ਉਡੀਕ ਕਰਦੇ ਮਨੁੱਖ ਅਤੇ ਬੇਬੁਨਿਆਦ ਮੁਕੱਦਮਿਆਂ ਵਿਚ ਉਲਝਾਏ ਗਏ ਲੋਕ ਸਰਕਾਰੀ ਬੇਕਿਰਕੀ ਦੀਆਂ ਤੰਦਾਂ ਉਘਾੜਦੇ ਹਨ। ਇਸ ਹਾਲਤ ਵਿਚ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਅਤੇ ਖ਼ੁਦਕੁਸ਼ੀ ਕਰ ਰਹੇ ਕਿਸਾਨਾਂ-ਮਜ਼ਦੂਰਾਂ ਵਿਚ ਸਾਂਝੀ ਤੰਦ ਕਿਹੜੀ ਹੈ?**


ਅਫ਼ਜ਼ਲ ਗੁਰੂ

ਮੁਰੂਗਨ, ਸੰਥਨ, ਪਿਰਾਰੀਵਿਲਨ

# ਹਾਕਮ ਦਾ ਹੁਕਮ ਤੇ ਹੁਕਮ-ਖੁਦਾਈ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਆਸਤਿਕ ਲੋਕਾਂ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਰੱਬ ਦੀ ਲਾਠੀ ਬੇ-ਆਵਾਜ਼ ਹੁੰਦੀ ਹੈ। ਸ਼ਾਇਦ ਇਹੀ ਵਜ੍ਹਾ ਰਹੀ ਹੋਵੇ ਕਿ ਰੱਬੀ ਲਾਠੀ ਦਾ ਵਾਰ ਸਹਿਣ ਵਾਲਾ ਇਹ ਸਮਝਦਾ ਹੈ ਕਿ ਕਿਹੜਾ ਕਿਸੇ ਨੂੰ ਕੋਈ ਖੜਕਾ ਸੁਣਿਆ ਹੈ? ਉਹ 'ਲਾਠੀਚਾਰਜ' ਨਾਲ ਟੁੱਟੇ ਹੋਏ ਲੱਕ ਨੂੰ ਵੀ ਆਨੇ-ਬਹਾਨੇ ਲੁਕਾਉਣ ਦਾ ਯਤਨ ਕਰਦਾ ਹੈ ਤਾਂ ਕਿ ਉਸ ਨੂੰ ਕੋਈ ਇਹੋ ਜਿਹਾ ਮਿਹਣਾ ਨਾ ਮਾਰ ਦੇਵੇ ਕਿ ਭੱਦਰਪੁਰਸ਼ਾ! ਹੁਣ ਅਗਾਂਹ ਨੂੰ ਜ਼ਰਾ ਹੋਸ਼ ਕਰੀਂ!

ਸਾਰੇ ਧਾਰਮਿਕ ਰਹਿਬਰਾਂ ਨੇ ਰੱਬ ਨੂੰ 'ਮਿੱਠ-ਬੋਲੜਾ' ਜਾਂ 'ਰਹਿਮ ਦਿਲ' ਸੁਭਾਅ ਵਾਲਾ ਤਸਲੀਮ ਕੀਤਾ ਹੈ। ਬੜੀ ਵਚਿੱਤਰ ਗੱਲ ਹੈ ਕਿ ਮਹਾਨ ਦਿਆਲੂ-ਕ੍ਰਿਪਾਲੂ ਹੋਣ ਦੇ ਬਾਵਜੂਦ ਉਹ ਲਾਠੀ ਮਾਰਨ ਵਰਗਾ ਸਖਤ ਫੈਸਲਾ ਕਿਵੇਂ ਕਰਦਾ ਹੋਵੇਗਾ? ਅੰਦਾਜ਼ਨ ਇਸ ਸਵਾਲ ਦਾ ਉਤਰ ਇਹੀ ਹੋ ਸਕਦੈ ਕਿ ਸ਼ਾਇਦ ਉਹਦੇ ਕੋਲ ਹੋਰ ਕੋਈ ਚਾਰਾ ਈ ਨਾ ਰਹਿ ਜਾਂਦਾ ਹੋਵੇ-ਸਿਵਾਏ ਲਾਠੀ ਹੱਥ ਫੜਨ ਦੇ!

ਇਤਿਹਾਸ-ਮਿਥਿਹਾਸ ਤੋਂ ਇਲਾਵਾ ਸਾਡੀ ਆਮ ਜਾਣਕਾਰੀ 'ਚ ਆਉਂਦੇ ਉਨ੍ਹਾਂ ਹੈਂਕੜਬਾਜ਼ਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿਹੜੇ ਆਪਣੀਆਂ ਕਰਤੂਤਾਂ ਸਦਕਾ, ਖ਼ੁਦਾ ਦੀ ਲਾਠੀ ਦਾ ਸ਼ਿਕਾਰ ਹੋ ਕੇ ਕਬਰਾਂ ਦੀ ਖਾਕ ਬਣੇ ਪਏ ਹਨ। ਧੁਰੋਂ ਚਲੇ ਆਉਂਦੇ ਇਸ ਸਿਲਸਿਲੇ ਦੀ ਇਹ ਇਤਹਾ ਹੀ ਕਹੀ ਜਾ ਸਕਦੀ ਹੈ ਕਿ ਸ਼ਿਵ ਕੁਮਾਰ ਬਟਾਲਵੀ ਦੇ ਗੀਤ 'ਨਾ ਭੈੜੀ ਰਾਤ ਮੁੱਕਦੀ ਏ, ਨਾ ਮੇਰੇ ਗੀਤ ਮੁੱਕਦੇ ਨੇ' ਵਾਂਗ ਜੇ ਅੱਜ ਤੱਕ ਖ਼ੁਦਾ ਵੀ ਲਾਠੀ ਵਾਹੁੰਦਾ ਨਹੀਂ ਥੱਕਿਆ, ਤਾਂ ਇੱਧਰ ਉਹਦਾ ਖ਼ੌਫ ਭੁਲਾ ਕੇ ਅਤਿ ਚੁੱਕਣ ਵਾਲੇ ਵੀ ਨਹੀਂ ਹੰਭੇ-ਹਾਰੇ। ਉਹ ਵੀ ਕਿਸੇ ਮਿੱਠੇ ਪਿਆਰੇ ਤੇ ਸੁਰੀਲੇ ਲੋਕ-ਗੀਤ ਵਾਂਗ ਇਹ ਸਤਰਾਂ ਗਾਈ ਜਾਂਦੇ ਹਨ-

ਦੋ ਪਈਆਂ ਵਿੱਸਰ ਗਈਆਂ
ਸਦਕੇ ਸਾਡੀ ਢੂਹੀ ਦੇ!

ਇਸੇ ਵਿਸ਼ਵਾਸ ਨਾਲ ਮਿਲਦੀ-ਜੁਲਦੀ ਸਿੱਖ ਧਰਮ ਦੇ ਪੈਰੋਕਾਰਾਂ ਦੀ ਇਕ ਮਨੌਤ ਹੈ ਕਿ ਗੁਰੂ ਨਾਨਕ ਦੀ ਚੱਕੀ ਚੱਲਦੀ ਬੇਸ਼ੱਕ ਧੀਰੇ ਹੈ ਪਰ ਉਹ ਪੀਂਹਦੀ ਬਹੁਤ ਬਰੀਕ ਹੈ। ਗੁਰੂ ਬਾਬੇ ਦੀ ਚੱਕੀ ਦੇ ਪੀਠੇ ਹੋਏ ਨੂੰ ਕਿਸੇ ਛਾਨਣੀ ਦੀ ਲੋੜ ਨਹੀਂ ਪੈਂਦੀ।

ਐ ਜ਼ਾਲਿਮ ਗਰੀਬ ਕੋ ਮੱਤ ਸਤਾ,
ਵੋਹ ਰੋ ਦੇਗਾ।
ਜਬ ਉਸਕੀ ਸੁਨੀ ਪੁਕਾਰ
ਉਸਕੇ ਮਾਲਕ ਨੇ,
ਵੋਹ ਜੜ੍ਹ ਸੇ ਖੋ ਦੇਗਾ

ਅੰਮ੍ਰਿਤ ਵੇਲੇ ਦੀ ਗਾਈ ਜਾਂਦੀ ਪਾਵਨ ਬਾਣੀ 'ਆਸਾ ਦੀ ਵਾਰ' ਦੀ ਜਦੋਂ ਸਮਾਪਤੀ ਹੁੰਦੀ ਹੈ ਤਾਂ ਰਾਗੀ ਬੜੇ ਜੋਸ਼ੀਲੇ ਅੰਦਾਜ਼ ਨਾਲ ਆਖਰੀ 'ਛੱਕਾ' ਪੜ੍ਹਦੇ ਹਨ-

ਹਰਿ ਜੁਗ ਜੁਗ ਭਗਤਿ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ॥
ਹਰਿਣਾਕਸ ਦੁਸਟ ਹਰਿ ਮਾਰਿਆ
ਪ੍ਰਹਿਲਾਦ ਤਰਾਇਆ॥

ਜਿਸ ਪੌਰਾਣਿਕ ਕਥਾ ਦਾ ਹਵਾਲਾ ਇਸ 'ਛੱਕੇ' ਵਿੱਚ ਦਿੱਤਾ ਗਿਆ ਹੈ, ਉਹਦੇ ਅਨੁਸਾਰ ਆਪਣੇ ਆਪ ਨੂੰ ਖੁਦਾ ਸਮਝਣ ਵਾਲੇ ਹਰਨਾਕਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਦਾ ਰੱਬ ਪਰਖਣ ਲਈ ਅੱਗ ਨਾਲ ਥੰਮ੍ਹ ਤਪਾਇਆ। ਸੇਕ ਨਾਲ ਲਾਲ ਸੂਹੇ ਥੰਮ ਨੂੰ ਜੱਫੀ ਪਾਉਣ ਲਈ ਪ੍ਰਹਿਲਾਦ ਨੂੰ ਹੁਕਮ ਦਿੱਤਾ ਗਿਆ। ਇਹ ਸਾਰਾ ਕਹਿਰ ਭਰਿਆ ਤਰੱਦਦ ਕਰ ਰਹੇ ਹਰਣਾਕਸ਼ ਦੈਂਤ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਸੀ ਕਿ ਜਿਹੜਾ ਥੰਮ ਉਹ ਆਪਣੇ ਪੁੱਤ ਨੂੰ ਸਾੜਨ ਲਈ ਗਰਮ ਕਰਵਾ ਰਿਹਾ ਹੈ, ਇਹਦੇ ਵਿਚੋਂ ਹੀ ਉਹਦੀ ਛਾਤੀ ਨੌਂਹਾਂ ਨਾਲ ਪਾੜ ਪਾੜ ਕੇ ਉਹਦਾ ਅੰਤ ਕਰਨ ਵਾਲਾ ਨਿਕਲ ਆਵੇਗਾ।



ਡਾ. ਜਸਬੀਰ ਸਿੰਘ ਆਹਲੂਵਾਲੀਆ

ਮਜ਼ੇਦਾਰ ਹਕੀਕਤ ਹੈ ਕਿ ਉਸ ਧਾਰਮਿਕ ਵਿਅਕਤੀ ਨੂੰ ਵੀ ਰੱਬ ਵਿਸਰਿਆ ਹੋਇਆ ਜਾਣੋ ਜਿਹਨੂੰ ਆਪਣੇ ਧਰਮੀ ਹੋਣ 'ਤੇ ਹੀ ਹੰਕਾਰ ਹੋ ਜਾਵੇ ਪਰ ਰਾਜ-ਸੱਤਾ ਦੇ ਸਿੰਘਾਸਣ 'ਤੇ ਬਹਿਣ ਵਾਲੇ ਬਹੁਤ ਜਲਦੀ ਇਸ ਭੁਲੇਖੇ ਦਾ ਸ਼ਿਕਾਰ ਹੋ ਜਾਂਦੇ ਨੇ ਕਿ ਉਨ੍ਹਾਂ ਤੋਂ ਵੱਡਾ ਹੋਰ ਕੋਈ ਸਰਬਸ਼ਕਤੀਮਾਨ ਨਹੀਂ। ਜਦ ਕਿਤੇ ਇਹੋ ਜਿਹੇ ਹੰਕਾਰੀ ਹਾਕਮਾਂ ਨੂੰ ਰੱਬ ਦੀ ਲਾਠੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਕਣਕ ਨਾਲ ਘੁਣ ਪਿਸਣ ਵਾਂਗ ਹੋਰ ਕਈਆਂ ਦੀ ਜਾਨ ਦਾ ਖੌ ਹੋ ਜਾਂਦਾ ਹੈ।

ਆਪਣੇ ਪੰਜਾਬ ਦੀ ਹੀ ਤਾਜ਼ੀ ਘਟਨਾ ਲੈ ਲਉ। ਛੋਟੇ ਸਾਹਿਬਜ਼ਾਦਿਆਂ ਦੇ ਇਤਿਹਾਸਕ ਸ਼ਹੀਦੀ ਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਯੂਨੀਵਰਸਿਟੀ ਬਣਾਉਣ ਦਾ ਐਲਾਨ ਹੋਇਆ। ਇਸ ਯੂਨੀਵਰਸਿਟੀ ਨੂੰ ਤਾਮੀਰ ਕਰਵਾਉਣ ਵਾਲੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਾਲੇ ਇਹ ਐਲਾਨ ਕੀਤਾ ਈ ਸੀ ਕਿ ਪੰਜਾਬ ਦੇ ਵਰਤਮਾਨ ਹਾਕਮ ਦੇ ਹੁਕਮ ਅਨੁਸਾਰ ਇਸ ਯੂਨੀਵਰਸਿਟੀ ਦੇ ਨਾਂ ਵਿਚੋਂ 'ਸਿੱਖ' ਸ਼ਬਦ ਕੱਢ ਦਿੱਤਾ ਗਿਆ। ਸਿੱਖਾਂ ਵਿਚ ਰੋਸ ਜਾਗਣਾ ਹੀ ਸੀ। ਦੇਸ਼ ਵਿਦੇਸ਼ ਦੀਆਂ ਤਮਾਮ ਸਿੱਖ ਜਥੇਬੰਦੀਆਂ ਨੇ ਇਸ ਧੱਕੇਸ਼ਾਹੀ ਵਿਰੁਧ ਬੜਾ ਰੌਲਾ ਪਾਇਆ ਲੇਕਿਨ ਨਾ ਹਾਕਮ ਮੰਨਿਆ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਕਿਸੇ ਦੀ ਸੁਣੀ।

ਇਹ ਰੌਲਾ ਰੱਪਾ ਪੈਂਦੇ ਹੀ ਯੂਨੀਵਰਸਿਟੀ ਦਾ ਉਦਘਾਟਨ ਹੋ ਗਿਆ। ਇਮਾਰਤ ਦਾ ਮੂੰਹ-ਮੱਥਾ ਬਣਦਿਆਂ ਹੀ 'ਸਿੱਖ ਵਿਦਵਾਨ' ਡਾ. ਜਸਵੀਰ ਸਿੰਘ ਆਹਲੂਵਾਲੀਆ ਨੂੰ ਇਸ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਥਾਪ ਦਿੱਤਾ ਗਿਆ। ਇਸ ਫੈਸਲੇ ਵਿਰੁਧ ਫਿਰ ਸਿੱਖਾਂ ਨੇ ਭਰਵੀਂ ਆਵਾਜ਼ ਉਠਾਈ। ਵਿਰੋਧ ਕਰਨ ਵਾਲੇ ਉਨ੍ਹਾਂ 'ਤੇ ਦੋ ਦੋਸ਼ ਲਾ ਰਹੇ ਸਨ। ਪਹਿਲਾ ਇਹ ਕਿ ਉਹ ਜਵਾਨ ਦਿਸਣ ਲਈ ਆਪਣੀ ਦਾੜ੍ਹੀ ਕਾਲੀ ਕਰਦੇ ਹਨ ਜੋ ਸਿੱਖ ਰਹੁ-ਰੀਤਾਂ ਦੀ ਸਿੱਧੀ ਉਲੰਘਣਾ ਹੈ। ਦੂਸਰਾ, ਉਨ੍ਹਾਂ ਦੀ ਵਿਦਿਆਰਥਣ ਰਹੀ ਬੀਬੀ ਸਾਰੂ ਰਾਣਾ ਤੇ ਉਸ ਦੀਆਂ ਕਈ ਸਹੇਲੀਆਂ ਨੇ ਕਿਸੇ ਸਮੇਂ ਸ੍ਰੀ ਆਹਲੂਵਾਲੀਆਂ 'ਤੇ ਇਖਲਾਕੀ ਦੋਸ਼ ਲਾਏ ਸਨ।

ਸੋ, ਕਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਬਾਰਕ ਨਾਮ 'ਤੇ ਬਣੀ ਯੂਨੀਵਰਸਿਟੀ, ਤੇ ਕਿੱਥੇ ਡਾ. ਆਹਲੂਵਾਲੀਆ ਦੀ ਵਿਵਾਦਿਤ ਸ਼ਖਸੀਅਤ? ਸਾਰਾ ਸਿੱਖ ਜਗਤ ਪਿੱਟ ਉਠਿਆ ਕਿ ਇਹ ਬੰਦਾ ਇਸ ਯੂਨੀਵਰਸਿਟੀ ਦਾ ਮੁਖੀ ਬਣਨ ਦੇ ਕਾਬਲ ਨਹੀਂ। ਇਨ੍ਹਾਂ ਦੀ ਜਗ੍ਹਾ ਕਿਸੇ ਹੋਰ ਸਿੱਖ ਵਿਦਵਾਨ ਨੂੰ ਇਹ ਅਹੁਦਾ ਦਿੱਤਾ ਜਾਵੇ। ਕੁਝ ਧਾਰਮਿਕ ਜਥੇਬੰਦੀਆਂ ਵਲੋਂ ਨਿਰਵਿਵਾਦ ਮੰਨੇ ਜਾਂਦੇ ਕਈ ਸਿੱਖ ਸਕਾਲਰਾਂ ਦੇ ਨਾਂ ਸੁਝਾਏ ਗਏ ਪਰ ਉਹ ਹਾਕਮ ਹੀ ਕਾਹਦਾ ਜੋ ਆਪਣੀ ਰਿਆਇਆ ਦਾ ਹੁਕਮ ਮੰਨ ਲਏ? ਹਾਕਮ ਤਾਂ ਮਨ-ਭਾਉਂਦੇ ਹੁਕਮ 'ਚਾੜ੍ਹਨ' ਲਈ ਹੁੰਦੇ ਨੇ, ਨਾ ਕਿ ਮੰਨਣ ਲਈ। ਮੰਨੀਆਂ-ਪ੍ਰਮੰਨੀਆਂ ਸਿੱਖ ਹਸਤੀਆਂ ਅਤੇ ਸਿੱਖ ਆਵਾਮ ਦੀ ਪੁਕਾਰ ਦਰਕਿਨਾਰ ਕਰਕੇ ਡਾ. ਆਹਲੂਵਾਲੀਆ ਨੂੰ ਵਾਈਸ-ਚਾਂਸਲਰ ਬਣਾ ਕੇ ਹਾਕਮ ਨੇ ਆਪਣੀ ਹਿੰਡ ਪੁਗਾ ਲਈ।

ਕੋਈ ਨਹੀਂ ਸੀ ਜਾਣਦਾ ਕਿ ਉਪਰ ਵਾਲਾ 'ਬੈਠਾ ਵੇਖੈ ਵੱਖ ਅਕੇਲਾ' ਜੋਸ਼ ਵਿਚ ਆ ਕੇ ਕੋਈ ਹੋਰ ਹੀ 'ਬਣਤ' ਬਣਾਉਣ ਜਾ ਰਿਹਾ ਐ! ਕੀ ਹੋਇਆ ਜੇ ਹਾਕਮ ਨੇ ਨਹੀਂ ਸੁਣੀ, ਪਰ-

'ਜ਼ਬਾਨੇ-ਖਲਕ ਕੋ
ਨੱਕਾਰਾ (ਨਗਾਰਾ)-ਏ-ਖੁਦਾ ਸਮਝੋ!'

ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦੀ ਕੁਰਸੀ 'ਤੇ ਜਾ ਬੈਠੇ ਦੁੱਧ-ਚਿੱਟੀ ਦਾੜ੍ਹੀ ਅਤੇ ਕਾਲੀ ਦਸਤਾਰ ਵਾਲੇ ਡਾ. ਗੁਰਨੇਕ ਸਿੰਘ ਪਰ ਹਾਕਮ ਦੇ ਥਾਪੇ ਹੋਏ ਡਾ. ਆਹਲੂਵਾਲੀਆ ਐਧਾ ਜਬਾੜ੍ਹਾ ਤੇ ਇਕ ਅੱਖ ਗੁਆ ਕੇ 'ਵਿਚਾਰੇ' ਹਸਪਤਾਲ ਵਿਚ ਪਏ ਨੇ। ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ!!

ਮੁਦੱਈ ਲਾਖ ਬੁਰਾ ਚਾਹੇ
ਤੋ ਕਯਾ ਹੋਤਾ ਹੈ?
ਵਹੀ ਹੋਤਾ ਹੈ ਜੋ ਮੰਜ਼ੂਰੇ-ਖੁਦਾ ਹੋਤਾ ਹੈ!

# ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਗਾਰੰਟੀ ਲਈ ਉਪਰਾਲੇ

ਤੁਹਾਡੀ ਰਾਏ

ਹਾਲ ਹੀ ਦੇ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਿਰਾਦਰ ਦੀਆਂ ਘਟਨਾਵਾਂ ਨੂੰ ਮੁੱਖ ਰੱਖ ਕੇ ਅਸੀਂ ਕੁਝ ਸੁਝਾਅ ਦੇਣਾ ਚਾਹੁੰਦੇ ਹਾਂ।

ਸਾਰੀ ਦੁਨੀਆਂ ਵਿਚ ਮੌਜੂਦ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਸਰੂਪਾਂ ਨੂੰ ਸੀਰੀਅਲ ਨੰਬਰ ਦਿੱਤਾ ਜਾਵੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਬਰਾਂਚ ਵਿਚ ਇਸ ਦਾ ਰਿਕਾਰਡ ਰੱਖਿਆ ਜਾਵੇ ਕਿ ਇਸ ਨੰਬਰ ਦਾ ਸਰੂਪ ਇਸ ਥਾਂ ਮੌਜੂਦ ਹੈ। ਮੌਜੂਦਾ ਸਰੂਪਾਂ ਦੇ ਵੇਰਵੇ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਰਾਹੀਂ ਇਕੱਤਰ ਕੀਤਾ ਜਾ ਸਕਦਾ ਹੈ।

ਹਰ ਸਰੂਪ ਦੀ ਸੇਵਾ-ਸੰਭਾਲ ਅਤੇ ਦੇਖ-ਰੇਖ ਦੀ ਜ਼ਿੰਮੇਵਾਰੀ ਪੰਜ (ਘੱਟੋ ਘੱਟ ਤਿੰਨ) ਅੰਮ੍ਰਿਤਧਾਰੀ ਸਿੰਘ/ਸਿੰਘਣੀਆਂ ਦੀ ਲਿਖਤੀ ਤੌਰ 'ਤੇ ਨਿਰਧਾਰਤ ਕੀਤੀ ਜਾਵੇ। ਅਗਰ ਕਿਸੇ ਸਰੂਪ ਦਾ ਅਪਮਾਨ ਹੁੰਦਾ ਹੈ ਤਾਂ ਉਸ ਲਈ ਨਿਰਧਾਰਤ ਸੇਵਾਦਾਰ ਜ਼ਿੰਮੇਵਾਰ ਮਿਥੇ ਜਾਣ ਅਤੇ ਉਨ੍ਹਾਂ ਖਿਲਾਫ਼ ਧਾਰਮਿਕ ਕਾਰਵਾਈ ਹੋਵੇ।

ਇਹ ਤੈਅ ਕੀਤਾ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਰੱਖਣ ਦਾ ਕੌਣ ਕੌਣ ਅਧਿਕਾਰੀ ਹੈ? ਹਰ ਸਰੂਪ ਲੈਣ ਜਾਂ ਰੱਖਣ ਵਾਲੇ ਨੂੰ ਸ਼੍ਰੋਮਣੀ ਕਮੇਟੀ ਨੂੰ ਇੱਕ ਜ਼ਿੰਮੇਵਾਰੀ ਫਾਰਮ ਭਰ ਕੇ ਅਰਜੀ ਦੇਣੀ ਪਵੇ ਅਤੇ ਸਰੂਪ ਦੀ ਗੁਰ ਮਰਿਆਦਾ ਅਨੁਸਾਰ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਲੈਣੀ ਪਵੇ। ਸਰੂਪ ਲੈਣ ਵੇਲੇ ਜ਼ਿੰਮੇਵਾਰ ਸਿੰਘ/ਸਿੰਘਣੀਆਂ ਨੂੰ ਇੱਕ ਜਾਂ ਦੋ ਦਿਨ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਦੀ ਸਿੱਖਿਆ ਦਿੱਤੀ ਜਾਵੇ। ਇਸ ਖਾਤਰ ਇੱਕ ਡੀ.ਵੀ.ਡੀ. ਤਿਆਰ ਕੀਤੀ ਜਾਵੇ ਜੋ ਸੇਧ ਲੈਣ ਲਈ ਅਭਿਲਾਖੀਆਂ ਨੂੰ ਦਿੱਤੀ ਜਾਵੇ।

ਹਰ ਸਰੂਪ ਜਿਥੇ ਵੀ ਹੈ ਉਸ ਦੇ ਦਰਸ਼ਨ ਖਾਲਸਾ ਸਾਧ ਸੰਗਤ ਜ਼ਿੰਮੇਵਾਰ ਸੇਵਾਦਾਰਾਂ ਨੂੰ ਦੱਸ ਕੇ ਕਦੇ ਵੀ ਕਰ ਸਕਦੀ ਹੋਵੇ।

ਜੋ ਵੀਰ-ਭੈਣ ਗੁਰ ਮਰਿਆਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਨਹੀਂ ਕਰ ਸਕਦੇ ਜਾਂ ਕੋਈ ਹੋਰ ਔਕੜ ਹੋਵੇ ਤਾਂ ਉਹ ਨੇੜੇ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਿਲ ਕੇ ਆਪਣੀ ਮਜਬੂਰੀ ਦੱਸੇ। ਅਗਰ ਕੋਈ ਹੱਲ ਨਹੀਂ ਨਿਕਲਦਾ ਤਾਂ ਉਹ ਸਰੂਪ ਸਤਿਕਾਰ ਨਾਲ ਨੇੜੇ ਦੇ ਗੁਰਦੁਆਰਾ ਸਾਹਿਬ ਪਹੁੰਚਦਾ ਕਰ ਦਿੱਤਾ ਜਾਵੇ।

ਸਮੂਹ ਪੰਥਕ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਬੇਨਤੀ ਹੈ ਕਿ ਇਨ੍ਹਾਂ ਸੁਝਾਵਾਂ 'ਤੇ ਵਿਚਾਰ ਕੀਤੀ ਜਾਵੇ। ਅਗਰ ਕਿਸੇ ਵਾਧੇ ਘਾਟੇ ਦੀ ਲੋੜ ਹੈ ਤਾਂ ਕਰ ਲਈ ਜਾਵੇ। ਅਖੀਰ ਤੈਅ ਕੀਤੇ ਸੁਝਾਅ ਅਕਾਲ ਤਖਤ ਸਾਹਿਬ ਨੂੰ ਅਗਲੀ ਕਾਰਵਾਈ ਲਈ ਭੇਜੇ ਜਾਣ। ਉਨ੍ਹਾਂ ਨੂੰ ਇੱਕ ਮਹੀਨੇ ਦਾ ਸਮਾਂ ਵਿਚਾਰ ਕਰਨ ਅਤੇ ਅਗਲੀ ਕਾਰਵਾਈ ਲਈ ਦਿੱਤਾ ਜਾਵੇ। ਇਹ ਬੇਨਤੀ ਕੀਤੀ ਜਾਵੇ ਕਿ ਅਗਰ ਤੁਹਾਡੇ ਵੱਲੋਂ ਇੱਕ ਮਹੀਨੇ ਤੱਕ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਅਸੀਂ ਅਮਰੀਕਾ ਪੱਧਰ 'ਤੇ ਸਰੂਪਾਂ ਦਾ ਵੇਰਵਾ ਇਕੱਠਾ ਕਰਨ ਅਤੇ ਸਹੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਸਾਰੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਕਾਰਵਾਈ ਸ਼ੁਰੂ ਕਰ ਦੇਵਾਂਗੇ ਤਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਹੋ ਰਹੀ ਬੇਕਦਰੀ ਨੂੰ ਰੋਕਿਆ ਜਾਵੇ ਅਤੇ ਪੂਰਾ ਪੂਰਾ ਸਤਿਕਾਰ ਕੀਤਾ ਜਾਵੇ।

*-ਗੁਰਮਤਿ ਚੇਤਨਾ ਸੇਵਾ ਲਹਿਰ, ਅਮਰੀਕਾ।*

# ਹੱਕ ਅਤੇ ਸੱਚ ਦੀ ਆਵਾਜ਼

'ਪੰਜਾਬ ਟਾਈਮਜ਼' ਦੇ 3 ਸਤੰਬਰ ਦੇ ਅੰਕ ਵਿਚ ਬੀਬੀ ਸੁਰਜੀਤ ਕੌਰ ਦਾ ਲਿਖਿਆ ਲੇਖ 'ਸ਼੍ਰੋਮਣੀ ਕਮੇਟੀ ਦੇ ਉਮੀਦਵਾਰਾਂ ਦੀਆਂ ਸੇਲਾਂ ਲੱਗੀਆਂ' ਦਾਸ ਨੇ ਦੋ ਵਾਰ ਪੜ੍ਹਿਆ। ਪੜ੍ਹ ਕੇ ਮਨ ਕਾਫੀ ਜਾਗ੍ਰਿਤ ਹੋਇਆ। ਬੀਬੀ ਜੀ ਨੇ ਪ੍ਰਤੱਖ ਸੱਚਾਈ ਪੇਸ਼ ਕੀਤੀ ਹੈ। ਸਮੇਂ ਦੀ ਸਿਆਸਤ ਜੋ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਤਮਾਸ਼ਾ ਕਰ ਰਹੀ ਹੈ, ਉਸ ਦਾ ਜ਼ਿਕਰ ਕੀਤਾ ਹੈ ਕਿ ਇਹ ਸਿਆਸੀ ਲੋਕ ਕਿਸ ਤਰ੍ਹਾਂ ਮਾਇਆ ਦੇ ਜ਼ੋਰ ਨਾਲ ਉਮੀਦਵਾਰ ਖਰੀਦ ਕੇ ਸੱਚ ਨੂੰ ਝੂਠ ਦੇ ਵਿਚ ਤਬਦੀਲ ਕਰ ਰਹੇ ਹਨ?

ਸਿੱਖ ਸਭ ਕੁਝ ਜਾਣਦੇ ਹੋਏ ਵੀ ਗਫਲਤ ਦੀ ਨੀਂਦ ਸੁੱਤੇ ਪਏ ਹਨ। ਕੁਝ ਸਿੱਖ, ਸੱਚ ਨੂੰ ਮਾਇਆ ਪਿੱਛੇ ਵੇਚ ਦਿੰਦੇ ਹਨ। ਸੱਚਾ, ਗਰੀਬ ਖਾਮੋਸ਼ ਹੋ ਕੇ ਪਿੱਛੇ ਬੈਠ ਜਾਂਦਾ ਹੈ ਅਤੇ ਝੂਠਾ ਸੱਚਾਈ ਦਾ ਬਿੱਲਾ ਲਾ ਕੇ ਹਰ ਜਗ੍ਹਾ ਪ੍ਰਧਾਨ ਬਣ ਜਾਂਦਾ ਹੈ। ਇਹ ਸਿਆਸੀ ਲੋਕ ਹਰ ਧਾਰਮਿਕ ਅਦਾਰੇ ਅਤੇ ਤਖਤਾਂ 'ਤੇ ਆਪਣੀ ਸਿਆਸੀ ਸੋਚ ਵਾਲੇ ਮਹੰਤ ਹੀ ਬਿਠਾਉਂਦੇ ਹਨ ਤਾਂ ਕਿ ਧਾਰਮਿਕ ਅਦਾਰਿਆਂ, ਗੁਰਦੁਆਰਿਆਂ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਪਣੀ ਸਿਆਸੀ ਕੁਰਸੀ ਕਾਇਮ ਰੱਖਣ ਵਾਸਤੇ ਵਰਤਿਆ ਜਾ ਸਕੇ। ਬੀਬੀ ਜੀ ਨੇ ਧਾਰਮਿਕ ਅਦਾਰਿਆਂ, ਗੁਰਦੁਆਰਿਆਂ ਅਤੇ ਤਖਤਾਂ ਨੂੰ ਮਹੰਤਾਂ ਤੋਂ ਆਜ਼ਾਦ ਕਰਾਉਣ ਦੀ ਗੱਲ ਵੀ ਆਖੀ ਹੈ। ਉਨ੍ਹਾਂ ਨੇ ਪੰਥ ਵਿਚ ਹੋ ਰਹੀਆਂ ਸਮਾਜਿਕ ਕੁਰੀਤੀਆਂ ਦਾ ਦੋਸ਼ੀ ਬਾਦਲ ਪਰਿਵਾਰ ਨੂੰ ਹੀ ਮੰਨਿਆ ਹੈ। ਬੀਬੀ ਸੁਰਜੀਤ ਕੌਰ ਉਚੀ ਅਤੇ ਸੁੱਚੀ ਸੋਚ ਵਾਲੇ, ਪੰਥ ਦਰਦੀ ਅਤੇ ਕੌਮ ਨੂੰ ਜਾਗ੍ਰਿਤ ਕਰਨ ਵਾਲੇ ਸ਼ਖਸ ਹਨ, ਅਸੀਂ ਸਾਰੇ ਉਨ੍ਹਾਂ ਦੀ ਉਚੀ ਅਤੇ ਸੁੱਚੀ ਸੋਚ ਨਾਲ ਖੜ੍ਹੇ ਹਾਂ।

ਅਸੀਂ ਗੁਰਚਰਨ ਸਿੰਘ ਜੀਉਣਵਾਲਾ, ਡਾ. ਗੁਰਮੀਤ ਸਿੰਘ ਬਰਸਾਲ, ਇੰਦਰਜੀਤ ਸਿੰਘ ਉਮਰਪੁਰੀ (ਸਾਕਾ ਜਥੇਬੰਦੀ), ਰਜਿੰਦਰ ਸਿੰਘ ਤੇ ਟਹਿਲ ਸਿੰਘ (ਬਾਬਾ ਬੰਦਾ ਸਿੰਘ ਬਹਾਦਰ ਜਥੇਬੰਦੀ), ਸੁੱਖ ਸਿੰਘ ਨਿਊ ਯਾਰਕ, ਜਤਿੰਦਰ ਸਿੰਘ ਨਿਊ ਜਰਸੀ, ਗੁਦਾਵਰ ਸਿੰਘ ਨਿਊ ਜਰਸੀ ਅਤੇ ਹੋਰ ਪੰਥ ਦਰਦੀ ਮਾਈ ਭਾਈ ਬੀਬੀ ਸੁਰਜੀਤ ਕੌਰ ਦੇ ਨਾਲ ਖੜ੍ਹੇ ਹਾਂ। ਪਰਮਾਤਮਾ ਉਨ੍ਹਾਂ ਨੂੰ ਲੰਮੀਆਂ ਉਮਰਾਂ ਅਤੇ ਉਨ੍ਹਾਂ ਦੀ ਕਲਮ ਨੂੰ ਹਮੇਸ਼ਾ ਚੜ੍ਹਦੀ ਕਲਾ ਬਖਸ਼ੇ।

*-ਜਸਮਿਤਰ ਸਿੰਘ ਮੁਜੱਫਰਪੁਰ*
*ਫੋਨ:908-472-5367*

# ਮਿਹਰਵਾਨੁ ਸਾਹਿਬੁ ਮਿਹਰਵਾਨੁ॥

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਤਿਲੰਗ ਮਹਲਾ ੫ ਘਰੁ ੩
ਮਿਹਰਵਾਨੁ ਸਾਹਿਬੁ ਮਿਹਰਵਾਨੁ॥
ਸਾਹਿਬੁ ਮੇਰਾ ਮਿਹਰਵਾਨੁ॥
ਜੀਅ ਸਗਲ ਕਉ ਦੇਇ ਦਾਨੁ॥ਰਹਾਉ॥
ਤੂ ਕਾਹੇ ਡੋਲਹਿ ਪ੍ਰਾਣੀਆ
ਤੁਧੁ ਰਾਖੈਗਾ ਸਿਰਜਣਹਾਰੁ॥
ਜਿਨਿ ਪੈਦਾਇਸਿ ਤੂ ਕੀਆ
ਸੋਈ ਦੇਇ ਆਧਾਰੁ॥
ਜਿਨਿ ਉਪਾਈ ਮੇਦਨੀ
ਸੋਈ ਕਰਦਾ ਸਾਰੁ॥
ਘਟਿ ਘਟਿ ਮਾਲਕੁ ਦਿਲਾ ਕਾ
ਸਚਾ ਪਰਵਦਗਾਰੁ॥
ਕੁਦਰਤਿ ਕੀਮ ਨ ਜਾਣੀਐ
ਵਡਾ ਵੇਪਰਵਾਹੁ॥
ਕਰ ਬੰਦੇ ਤੂ ਬੰਦਗੀ
ਜਿਚਰੁ ਘਟਿ ਮਹਿ ਸਾਹੁ॥
ਤੂ ਸਮਰਥੁ ਅਕਥੁ ਅਗੋਚਰੁ
ਜੀਉ ਪਿੰਡੁ ਤੇਰੀ ਰਾਸਿ॥
ਰਹਮ ਤੇਰੀ ਸੁਖੁ ਪਾਇਆ
ਸਦਾ ਨਾਨਕ ਕੀ ਅਰਦਾਸਿ॥

ਪੰਜਵੀਂ ਪਾਤਸ਼ਾਹੀ ਗੁਰਦੇਵ ਪਿਤਾ ਇਸ ਸੋਹਣੇ ਅਤੇ ਪਾਵਨ ਸ਼ਬਦ ਰਾਹੀਂ ਸੰਸਾਰ ਨੂੰ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਉਹ ਪ੍ਰਮੇਸ਼ਰ ਪਿਤਾ ਤਾਂ ਸਦਾ ਹੀ ਮਿਹਰਵਾਨ ਹੈ, ਦਇਆ ਦਾ ਸਾਗਰ ਹੈ ਅਤੇ ਜੀਵਾਂ ਨੂੰ ਸਾਰੇ ਪਦਾਰਥਾਂ ਦਾ ਦਾਨ ਭੀ ਉਹ ਦਿੰਦਾ ਹੈ।

ਹੇ ਪ੍ਰਾਣੀ! ਤੂੰ ਡੋਲਦਾ ਕਿਉਂ ਹੈਂ? ਭਾਵ ਤੂੰ ਫਿਕਰ ਕਿਉਂ ਕਰਦਾ ਹੈਂ? ਉਹ ਸੰਸਾਰ ਦਾ ਮਾਲਕ ਪ੍ਰਭੂ ਆਪ ਹੀ ਤੇਰੀ ਰੱਖਿਆ ਕਰੇਗਾ ਅਤੇ ਫਿਰ ਹੇ ਭਾਈ! ਜਿਸ ਪ੍ਰਭੂ ਪਿਤਾ ਨੇ ਤੈਨੂੰ ਇਹ ਅਤੀ ਸੋਹਣਾ ਜੀਵਨ ਦਿੱਤਾ ਹੈ, ਉਹ ਮਿਹਰਵਾਨ ਅਤੇ ਦਇਆ ਦਾ ਸਮੁੰਦਰ ਪ੍ਰਭੂ ਆਪ ਹੀ ਤੇਰਾ ਆਧਾਰ, ਭਾਵ ਤੇਰਾ ਸਹਾਰਾ ਭੀ ਬਣੇਗਾ। ਬੱਸ, ਹੇ ਜੀਵ! ਤੂੰ ਉਸ ਪ੍ਰਭੂ ਦਾ ਹਰ ਵੇਲੇ ਹੀ ਸਿਮਰਨ ਕਰੀ ਜਾਹ।

ਜਿਨਿ ਉਪਾਈ ਮੇਦਨੀ
ਸੋਈ ਕਰਦਾ ਸਾਰੁ॥
ਘਟਿ ਘਟਿ ਮਾਲਕੁ ਦਿਲਾ ਕਾ
ਸਚਾ ਪਰਵਦਗਾਰੁ॥

ਹੇ ਭਾਈ! ਜਿਸ ਅਕਾਲ ਪੁਰਖ ਪਿਤਾ ਨੇ ਇਹ ਸ੍ਰਿਸ਼ਟੀ, ਭਾਵ ਜਗਤ ਦੀ ਰਚਨਾ ਕੀਤੀ ਹੈ, ਉਹ ਇਸ ਦੀ ਸਾਂਭ-ਸੰਭਾਲ ਭੀ ਆਪ ਹੀ ਕਰਦਾ ਹੈ ਅਤੇ ਉਹ ਘਟਿ ਘਟਿ ਭਾਵ ਹਰ ਸਰੀਰ ਦੇ ਅੰਦਰ ਵਸਣ ਵਾਲਾ ਪਰਵਦਗਾਰ ਪ੍ਰਭੂ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੀ ਪ੍ਰਤਿਪਾਲਨਾ ਭੀ ਆਪ ਹੀ ਕਰਦਾ ਹੈ। ਉਹ ਪਰਮੇਸ਼ਵਰ ਤਾਂ ਸਦਾ ਹੀ ਰਹਿਣ ਵਾਲਾ ਹੈ ਅਤੇ ਸਭ ਜੀਵਾਂ ਦਾ ਰਖਵਾਲਾ ਭੀ ਹੈ।

ਕੁਦਰਤਿ ਕੀਮ ਨ ਜਾਣੀਐ
ਵਡਾ ਵੇਪਰਵਾਹੁ॥
ਕਰ ਬੰਦੇ ਤੂ ਬੰਦਗੀ
ਜਿਚਰੁ ਘਟਿ ਮਹਿ ਸਾਹੁ॥

ਹੇ ਭਾਈ! ਉਸ ਪਰਮ ਪਿਤਾ ਪ੍ਰਭੂ ਦੀ ਕੁਦਰਤ ਦਾ ਮੁੱਲ ਤਾਂ ਕੋਈ ਜਾਣ ਹੀ ਨਹੀਂ ਸਕਦਾ ਕਿਉਂਕਿ ਉਹ ਸਭ ਤੋਂ ਵੱਡਾ ਹੈ ਅਤੇ ਸਦਾ ਹੀ ਰਹਿਣ ਵਾਲਾ ਹੈ ਅਤੇ ਫਿਰ ਉਹ ਬੇਪ੍ਰਵਾਹ ਭੀ ਹੈ। ਉਸ ਨੂੰ ਕਦੀ ਕਿਸੇ ਦੀ ਮੁਥਾਜੀ ਵੀ ਨਹੀਂ ਹੋ ਸਕਦੀ। ਉਹ ਆਪਣੇ ਜੈਸਾ ਬੱਸ ਆਪ ਹੀ ਹੈ। ਸੋ, ਹੇ ਬੰਦੇ! ਜਿੰਨਾ ਚਿਰ ਤੇਰੇ ਸਰੀਰ ਵਿਚ ਸਵਾਸ ਚੱਲ ਰਹੇ ਹਨ, ਤੂੰ ਸਵਾਸ ਸਵਾਸ ਉਸ ਪ੍ਰਭੂ ਦਾ ਸਿਮਰਨ ਕਰਦਾ ਰਹਿ।

ਤੂ ਸਮਰਥੁ ਅਕਥੁ ਅਗੋਚਰੁ
ਜੀਉ ਪਿੰਡੁ ਤੇਰੀ ਰਾਸਿ॥
ਰਹਮ ਤੇਰੀ ਸੁਖੁ ਪਾਇਆ
ਸਦਾ ਨਾਨਕ ਕੀ ਅਰਦਾਸਿ॥

ਹੇ ਮੇਰੇ ਪ੍ਰਭੂ ਜੀਉ! ਤੂੰ ਸਮਰੱਥ ਹੈਂ, ਸਭ ਸ਼ਕਤੀਆਂ ਦਾ ਮਾਲਕ ਹੈਂ, ਤੂੰ ਅਕੱਥ ਹੈਂ, ਭਾਵ ਤੇਰੀ ਸਿਫਤ ਤਾਂ ਕੀਤੀ ਹੀ ਨਹੀਂ ਜਾ ਸਕਦੀ, ਅਗੋਚਰ ਹੈਂ ਕਿਉਂਕਿ ਦੁਨਿਆਵੀ ਗਿਆਨ ਨਾਲ ਤੇਰੇ ਤੱਕ ਪਹੁੰਚ ਭੀ ਨਹੀਂ ਹੋ ਸਕਦੀ। ਇਹ ਸਾਡੀ ਜਾਨ ਅਤੇ ਸਰੀਰ ਦੀ ਪੂੰਜੀ ਭੀ ਤੇਰੀ ਹੀ ਦਿੱਤੀ ਹੋਈ ਹੈ ਅਤੇ ਇਹ ਨਾਨਕ ਭੀ ਅਰਦਾਸ ਕਰਦਾ ਹੈ ਕਿ ਤੇਰੀ ਰਹਿਮਤ, ਤੇਰੀ ਮਿਹਰ ਸਦਕਾ ਮੈਨੂੰ ਭੀ ਸਿਮਰਨ ਦਾ ਸੁੱਖ ਪ੍ਰਾਪਤ ਹੋਵੇ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*
*ਫੋਨ:916-687-3536*

# ਆਪ ਮੁਹਾਰੇ ਫਿਰਦੇ ਨੇ ਡਾ. ਮਨਮੋਹਨ ਸਿੰਘ ਸਰਕਾਰ ਦੇ ਘੋੜੇ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ

**ਵੱਡਾ ਸਵਾਲ ਇਹ ਨਹੀਂ ਕਿ ਹਰਭਗਵਾਨ ਸਿੰਘ ਦੀ ਭੂਮਿਕਾ ਬਾਰੇ ਕਿੰਨੇ ਅਤੇ ਕਿਹੋ ਜਿਹੇ ਸਵਾਲ ਉਠ ਰਹੇ ਹਨ, ਸਗੋਂ ਇਹ ਹੈ ਕਿ ਇਹ ਬਿਆਨ ਦਿੱਤੇ ਜਾਣ ਤੋਂ ਬਾਅਦ ਜਦੋਂ ਸਾਰੇ ਪੰਜਾਬ ਵਿਚ ਧਮੱਚੜ ਪੈ ਗਿਆ ਸੀ, ਟੀ ਵੀ ਚੈਨਲ ਵੀ ਕੂਕ ਰਹੇ ਸਨ, ਉਦੋਂ ਕੇਂਦਰ ਦਾ ਗ੍ਰਹਿ ਮੰਤਰਾਲਾ ਚੁੱਪ ਵੱਟ ਕੇ ਕਿਉਂ ਬੈਠਾ ਰਿਹਾ? ਉਸ ਨੇ ਖੜੇ ਪੈਰ ਇਸ ਦਾ ਖੰਡਨ ਕਿਉਂ ਨਾ ਕੀਤਾ? ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕੇਂਦਰ ਸਰਕਾਰ ਦਾ ਪੱਕਾ ਵਕੀਲ ਵੀ ਹੁੰਦਾ ਹੈ, ਕੇਂਦਰ ਸਰਕਾਰ ਨੇ ਉਸ ਨਾਲ ਤਾਲਮੇਲ ਕਿਉਂ ਨਾ ਕੀਤਾ ਜਾਂ ਉਸ ਨੇ ਕੇਂਦਰ ਨੂੰ ਇਸ ਘਟਨਾ ਬਾਰੇ ਸੂਚਿਤ ਕਿਉਂ ਨਾ ਕੀਤਾ? ਸਾਰੇ ਪਾਸੇ ਜਲੂਸ ਕੱਢਵਾ ਲੈਣ ਪਿੱਛੋਂ ਹੁਣ ਸਫਾਈਆਂ ਦੇਣ ਦਾ ਕੀ ਲਾਭ ਹੋਵੇਗਾ?**

ਅਠਾਰਾਂ ਸਤੰਬਰ ਨੂੰ ਹੋਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਸਰਗਰਮੀ ਬੀਤੀ ਇੱਕ ਸਤੰਬਰ ਦੇ ਦਿਨ ਸਵਾਲੀਆ ਨਿਸ਼ਾਨਾਂ ਵਿਚ ਘਿਰ ਗਈ ਸੀ। ਕੋਈ ਵੀ ਇਹ ਗੱਲ ਦੱਸ ਸਕਣ ਵਾਲਾ ਨਹੀਂ ਸੀ ਲੱਭ ਰਿਹਾ ਕਿ ਹੁਣ ਇਹ ਚੋਣਾਂ ਹੋਣਗੀਆਂ ਜਾਂ ਅੱਗੇ ਪੈ ਜਾਣਗੀਆਂ? ਇਥੋਂ ਤੱਕ ਕਿ ਗੁਰਦੁਆਰਾ ਚੋਣ ਕਮਿਸ਼ਨ ਦੇ ਮੁਖੀ ਨੂੰ ਵੀ ਇਸ ਦਾ ਪਤਾ ਨਹੀਂ ਸੀ। ਉਸ ਦਾ ਸਿਰਫ ਏਨਾ ਬਿਆਨ ਆਇਆ ਕਿ ਕੇਂਦਰ ਦੇ ਗ੍ਰਹਿ ਮੰਤਰਾਲੇ ਨਾਲ ਸਲਾਹ ਕਰ ਕੇ ਹੀ ਕੁਝ ਕਿਹਾ ਜਾ ਸਕੇਗਾ। ਅਕਾਲੀ ਲੀਡਰਾਂ ਨੇ ਅੱਗੜ-ਪਿੱਛੜ ਬਿਆਨ ਦਾਗ ਕੇ ਇਹੋ ਜਿਹਾ ਮਾਹੌਲ ਬਣਾ ਦਿੱਤਾ, ਜਿਵੇਂ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ 'ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ' ਵਾਲੀ ਸਥਿਤੀ ਬਣ ਗਈ ਹੋਵੇ। ਧੁੰਦ ਸਾਫ ਹੁੰਦਿਆਂ ਚੌਵੀ ਘੰਟੇ ਲੱਗ ਗਏ ਤੇ ਉਦੋਂ ਤੱਕ ਕੇਂਦਰ ਸਰਕਾਰ ਦੀ ਮਿੱਟੀ ਚੋਖੀ ਪਲੀਤ ਹੋ ਗਈ। ਪਿੱਛੋਂ ਨਿਕਲਿਆ ਇਹ ਕਿ ਸਾਰਾ ਕੁਝ ਇੱਕ ਝੂਠੀ ਫੋਨ ਕਾਲ ਦਾ ਨਤੀਜਾ ਸੀ, ਜਿਸ ਨੂੰ ਕਿਸੇ ਨੇ ਵੀ ਚੈਕ ਕਰਨ ਦੀ ਲੋੜ ਨਹੀਂ ਸੀ ਸਮਝੀ।

ਹਾਈ ਕੋਰਟ ਵਿਚ ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ ਕੀਤੇ ਗਏ ਕੇਸ ਦੀ ਸੁਣਵਾਈ ਹੋ ਰਹੀ ਸੀ, ਜਿਸ ਵਿਚ ਫੈਡਰੇਸ਼ਨ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਦਾ ਵੋਟ ਦਾ ਹੱਕ ਖੋਹਣ ਵਾਲੇ ਵਾਜਪਾਈ ਸਰਕਾਰ ਵੇਲੇ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੱਤੀ ਹੋਈ ਸੀ। ਸੀਨੀਅਰ ਵਕੀਲ ਹਰਭਗਵਾਨ ਸਿੰਘ ਅਦਾਲਤ ਵਿਚ ਪਹੁੰਚੇ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਕੇਂਦਰ ਸਰਕਾਰ ਦੇ ਵਕੀਲ ਵਜੋਂ ਪੇਸ਼ ਕਰ ਕੇ ਇਹ ਕਹਿ ਦਿੱਤਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਨੇ ਉਹ ਨੋਟੀਫਿਕੇਸ਼ਨ ਵਾਪਸ ਲੈ ਲਿਆ ਹੈ। ਕਿਉਂਕਿ ਕੇਸ ਇਸ ਨੋਟੀਫਿਕੇਸ਼ਨ ਦੇ ਖਿਲਾਫ ਹੋਇਆ ਸੀ, ਨੋਟੀਫਿਕੇਸ਼ਨ ਰੱਦ ਹੋਣ ਦੀ ਗੱਲ ਸੁਣ ਕੇ ਅਦਾਲਤ ਨੇ ਕੇਸ ਖਾਰਜ ਕਰ ਦਿੱਤਾ, ਜਿਸ ਦਾ ਭਾਵ ਇਹ ਸੀ ਕਿ ਸਹਿਜਧਾਰੀ ਸਿੱਖਾਂ ਨੂੰ ਹੁਣ ਵੋਟ ਦਾ ਹੱਕ ਮਿਲ ਗਿਆ ਹੈ। ਜੇ ਉਨ੍ਹਾਂ ਨੂੰ ਵੋਟ ਦਾ ਹੱਕ ਦੇਣਾ ਹੈ ਤਾਂ ਵੋਟਾਂ ਬਣਵਾਉਣ ਦਾ ਵਕਤ ਵੀ ਦੇਣਾ ਪਵੇਗਾ, ਇਸ ਲਈ ਇਸ ਕੇਸ ਦੇ ਖਾਰਜ ਹੋਣ ਦਾ ਅਰਥ ਇਹ ਨਿਕਲਦਾ ਸੀ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੁਣ ਮਿਥੀ ਹੋਈ ਅਠਾਰਾਂ ਸਤੰਬਰ ਨੂੰ ਨਹੀਂ ਹੋ ਸਕਦੀਆਂ।

ਏਨੀ ਗੱਲ ਨਾਲ ਸਾਰੇ ਪੰਜਾਬ, ਤੇ ਹਰਿਆਣੇ ਵਿਚ ਵੀ, ਰਾਜਸੀ ਪੱਖ ਤੋਂ ਹੰਗਾਮਾ ਸ਼ੁਰੂ ਹੋ ਗਿਆ। ਹੋਰ ਤਾਂ ਹੋਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਵੀ ਸਿੰਘ ਸਾਹਿਬਾਨ ਦੀ ਇੱਕ ਹੰਗਾਮੀ ਮੀਟਿੰਗ ਅਗਲੀ ਸਵੇਰ ਹੀ ਸੱਦ ਲਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੇਂਦਰ ਦੀ ਸਰਕਾਰ ਉਤੇ ਚਾਂਦਮਾਰੀ ਦਾ ਬਿਆਨ ਜਾਰੀ ਕਰਨ ਮਗਰੋਂ ਝਟਪਟ ਦਿੱਲੀ ਨੂੰ ਦੌੜ ਪਏ। ਚੋਣ ਲੜ ਰਹੀਆਂ ਬਾਕੀ ਧਿਰਾਂ ਵਿਚੋਂ ਵੀ ਕਿਸੇ ਨੇ ਮੌਕਾ ਨਾ ਖੁੰਝਾਇਆ ਅਤੇ ਆਪੋ ਆਪਣੇ ਬਿਆਨ ਜਾਰੀ ਕਰ ਦਿੱਤੇ। ਕਿਸੇ ਨੇ ਇਸ ਨੂੰ ਕੇਂਦਰ ਸਰਕਾਰ ਦੀ ਸਿੱਖਾਂ ਵਿਰੁਧ ਸਾਜ਼ਿਸ਼ ਦੱਸਿਆ ਅਤੇ ਕਿਸੇ ਹੋਰ ਨੇ ਇਸ ਦੇ ਪਿੱਛੇ ਆਰ ਐਸ ਐਸ ਦੀ ਸਾਜ਼ਿਸ਼ ਸੁੰਘ ਲਈ।

ਦੂਜਾ ਦਿਨ ਸ਼ੁਰੂ ਹੁੰਦੇ ਸਾਰ ਕਹਾਣੀ ਹੀ ਹੋਰ ਨਿਕਲ ਆਈ। ਪਾਰਲੀਮੈਂਟ ਵਿਚ ਗ੍ਰਹਿ ਮੰਤਰੀ ਨੇ ਕਹਿ ਦਿੱਤਾ ਕਿ ਨਾ ਨੋਟੀਫਿਕੇਸ਼ਨ ਰੱਦ ਹੋਇਆ ਹੈ ਤੇ ਨਾ ਕੇਂਦਰ ਸਰਕਾਰ ਨੇ ਕਿਸੇ ਵਕੀਲ ਨੂੰ ਇਹ ਕਹਿਣ ਲਈ ਕਿਹਾ ਸੀ। ਗ੍ਰਹਿ ਮੰਤਰੀ ਤੇ ਕਾਨੂੰਨ ਮੰਤਰੀ ਦੋਵਾਂ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਵਕੀਲ ਨੂੰ ਹਾਈ ਕੋਰਟ ਵਿਚ ਪੇਸ਼ ਹੋਣ ਲਈ ਮੁਖਤਾਰਨਾਮਾ ਹੀ ਨਹੀਂ ਦਿੱਤਾ। ਇਸ ਸਪੱਸ਼ਟੀਕਰਨ ਨੇ ਸਥਿਤੀ ਹੋਰ ਵੀ ਉਲਝਾ ਦਿੱਤੀ।

ਇਧਰ ਚੰਡੀਗੜ੍ਹ ਵਿਚ ਸੀਨੀਅਰ ਵਕੀਲ ਹਰਭਗਵਾਨ ਸਿੰਘ, ਜਿਹੜਾ ਪੰਜਾਬ ਦੀ ਕਾਂਗਰਸੀ ਸਰਕਾਰ ਵੇਲੇ ਇਸ ਰਾਜ ਦਾ ਐਡਵੋਕੇਟ ਜਨਰਲ ਰਹਿ ਚੁੱਕਾ ਹੈ, ਇਹ ਕਹਿਣ ਲੱਗ ਪਿਆ ਕਿ ਉਸ ਨੂੰ ਅਦਾਲਤ ਵਿਚੋਂ ਕਿਸੇ ਨੇ ਬਾਹਰ ਬੁਲਾ ਕੇ ਦਿੱਲੀ ਵਿਚ ਕਿਸੇ ਅਧਿਕਾਰੀ ਨਾਲ ਗੱਲ ਕਰਵਾਈ ਸੀ, ਜਿਸ ਨੇ ਕਿਹਾ ਸੀ ਕਿ ਨੋਟੀਫਿਕੇਸ਼ਨ ਰੱਦ ਹੋ ਗਿਆ ਹੈ। ਬਾਹਰ ਬੁਲਾ ਕੇ ਇਹ ਗੱਲ ਦਿੱਲੀ ਵਿਚ ਕਿਸ ਅਧਿਕਾਰੀ ਨਾਲ ਕਰਵਾਈ ਗਈ, ਹਰਭਗਵਾਨ ਸਿੰਘ ਨੂੰ ਇਹ ਵੀ ਨਹੀਂ ਪਤਾ ਤੇ ਇਹ ਵੀ ਚੇਤਾ ਨਹੀਂ ਕਿ ਸੱਦ ਕੇ ਬਾਹਰ ਕੌਣ ਲਿਆਇਆ ਸੀ? ਉਹ ਐਡਵੋਕੇਟ ਜਨਰਲ ਰਹਿ ਚੁੱਕਾ ਵਕੀਲ ਏਨਾ ਭੋਲਾ ਨਹੀਂ ਹੋ ਸਕਦਾ ਕਿ ਇਹ ਵੀ ਪਤਾ ਨਾ ਕਰੇ ਕਿ ਹਦਾਇਤ ਕਿਹੜਾ ਬੰਦਾ ਦੇ ਰਿਹਾ ਹੈ ਅਤੇ ਬਿਨਾਂ ਤਸਦੀਕ ਕੀਤੇ ਤੋਂ ਏਡਾ ਵੱਡਾ ਸਿਆਸੀ ਧਮਾਕਾ ਕਰਨ ਵਾਲੀ ਗੱਲ ਅਦਾਲਤ ਵਿਚ ਜਾ ਕੇ ਕਹਿ ਦੇਵੇ। ਇਸ ਤੋਂ ਵੀ ਕਮਾਲ ਦੀ ਗੱਲ ਉਹ ਇਹ ਕਹਿ ਰਿਹਾ ਹੈ ਕਿ ਉਸ ਨੂੰ ਕੇਂਦਰ ਸਰਕਾਰ ਨੇ ਵਕੀਲ ਕੀਤਾ ਹੈ, ਜਦ ਕਿ ਕੇਂਦਰ ਦਾ ਗ੍ਰਹਿ ਮੰਤਰੀ ਤੇ ਕਾਨੂੰਨ ਮੰਤਰੀ ਦੋਵੇਂ ਕਹਿੰਦੇ ਹਨ ਕਿ ਉਨ੍ਹਾਂ ਨੇ ਮੁਖਤਾਰਨਾਮਾ ਹੀ ਨਹੀਂ ਦਿੱਤਾ। ਹਰਭਗਵਾਨ ਸਿੰਘ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਸ ਨੂੰ ਗ੍ਰਹਿ ਮੰਤਰਾਲੇ ਤੋਂ ਫੈਕਸ ਕਰ ਕੇ ਕਿਹਾ ਗਿਆ ਸੀ ਕਿ ਤੁਸੀਂ ਵਕੀਲ ਦੇ ਤੌਰ 'ਤੇ ਪੇਸ਼ ਹੋਵੋ, ਪਰ ਉਹ ਕੋਈ ਫੈਕਸ ਚਿੱਠੀ ਵਿਖਾਉਣ ਦੀ ਥਾਂ ਇਹ ਕਹਿਣ ਲੱਗ ਪਿਆ ਕਿ ਤੁਸੀਂ ਮੇਰੇ ਨਾਲ ਜਿਰਹਾ ਨਹੀਂ ਕਰ ਸਕਦੇ। ਇਸ ਤੋਂ ਹਰਭਗਵਾਨ ਸਿੰਘ ਦੀ ਸਾਰੀ ਭੂਮਿਕਾ ਸ਼ੱਕੀ ਹੋ ਜਾਂਦੀ ਹੈ।

ਵੱਡਾ ਸਵਾਲ ਇਹ ਨਹੀਂ ਕਿ ਹਰਭਗਵਾਨ ਸਿੰਘ ਦੀ ਭੂਮਿਕਾ ਬਾਰੇ ਕਿੰਨੇ ਅਤੇ ਕਿਹੋ ਜਿਹੇ ਸਵਾਲ ਉਠ ਰਹੇ ਹਨ, ਸਗੋਂ ਇਹ ਹੈ ਕਿ ਇਹ ਬਿਆਨ ਦਿੱਤੇ ਜਾਣ ਤੋਂ ਬਾਅਦ ਜਦੋਂ ਸਾਰੇ ਪੰਜਾਬ ਵਿਚ ਧਮੱਚੜ ਪੈ ਗਿਆ ਸੀ, ਟੀ ਵੀ ਚੈਨਲ ਵੀ ਕੂਕ ਰਹੇ ਸਨ, ਉਦੋਂ ਕੇਂਦਰ ਦਾ ਗ੍ਰਹਿ ਮੰਤਰਾਲਾ ਚੁੱਪ ਵੱਟ ਕੇ ਕਿਉਂ ਬੈਠਾ ਰਿਹਾ? ਉਸ ਨੇ ਖੜੇ ਪੈਰ ਇਸ ਦਾ ਖੰਡਨ ਕਿਉਂ ਨਾ ਕੀਤਾ? ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕੇਂਦਰ ਸਰਕਾਰ ਦਾ ਪੱਕਾ ਵਕੀਲ ਵੀ ਹੁੰਦਾ ਹੈ, ਕੇਂਦਰ ਸਰਕਾਰ ਨੇ ਉਸ ਨਾਲ ਤਾਲਮੇਲ ਕਿਉਂ ਨਾ ਕੀਤਾ ਜਾਂ ਉਸ ਨੇ ਕੇਂਦਰ ਨੂੰ ਇਸ ਘਟਨਾ ਬਾਰੇ ਸੂਚਿਤ ਕਿਉਂ ਨਾ ਕੀਤਾ? ਸਾਰੇ ਪਾਸੇ ਜਲੂਸ ਕੱਢਵਾ ਲੈਣ ਪਿੱਛੋਂ ਹੁਣ ਸਫਾਈਆਂ ਦੇਣ ਦਾ ਕੀ ਲਾਭ ਹੋਵੇਗਾ?

ਇਹ ਮਾਮਲਾ ਅਹਿਮ ਤਾਂ ਹੈ, ਪਰ ਇੱਕੋ ਇੱਕ ਮਾਮਲਾ ਨਹੀਂ ਜਿਸ ਵਿਚ ਕੇਂਦਰ ਦਾ ਏਦਾਂ ਦਾ ਪ੍ਰਭਾਵ ਬਣਿਆ ਹੋਵੇ। ਪਿਛਲੇ ਕਈ ਮਹੀਨਿਆਂ ਤੋਂ ਕੇਂਦਰ ਸਰਕਾਰ ਦੇ ਪੁਰਜ਼ੇ ਇੰਜ ਹੀ ਬਿਨਾਂ ਤਾਲਮੇਲ ਤੋਂ ਘੁੰਮ ਰਹੇ ਨਜ਼ਰ ਆਉਂਦੇ ਹਨ।

ਕੁਝ ਮਹੀਨੇ ਪਹਿਲਾਂ ਜਦੋਂ ਅੰਨਾ ਹਜ਼ਾਰੇ ਨੇ ਦਿੱਲੀ ਵਿਚ ਪਹਿਲਾ ਵਰਤ ਰੱਖਣ ਆਉਣਾ ਸੀ ਤਾਂ ਉਸ ਵਕਤ ਸਰਕਾਰ ਦੇ ਕੁਝ ਕਾਰਕੁਨਾਂ ਨੇ ਬੜੀ ਭੜਕਾਊ ਬਿਆਨਬਾਜ਼ੀ ਕੀਤੀ ਸੀ। ਅਗਲੇ ਦਿਨ ਉਹੋ ਮੰਤਰੀ ਗੱਲਬਾਤ ਦਾ ਸੱਦਾ ਵੀ ਦੇਣ ਲੱਗ ਪਏ। ਫਿਰ ਗੱਲਬਾਤ ਚੱਲੀ ਅਤੇ ਦੋਵਾਂ ਧਿਰਾਂ ਦੇ ਪੰਜ-ਪੰਜ ਬੰਦੇ ਲੈ ਕੇ ਸਾਂਝੀ ਖਰੜਾ ਕਮੇਟੀ ਬਣ ਗਈ ਤਾਂ ਸਵਾਮੀ ਰਾਮਦੇਵ ਵੀ ਦਿੱਲੀ ਵਿਚ ਅੰਨਾ ਹਜ਼ਾਰੇ ਵਰਗਾ ਵਰਤ ਰੱਖਣ ਤੁਰ ਪਿਆ। ਅੰਨਾ ਹਜ਼ਾਰੇ ਦੇ ਵਿਰੁਧ ਬਿਆਨ ਦੇਣ ਵਾਲੇ ਮੰਤਰੀਆਂ ਨੇ ਰਾਮਦੇਵ ਨੂੰ ਜਿੰਨਾ ਵਜ਼ਨ ਦਿੱਤਾ, ਉਸ ਤੋਂ ਹਰ ਕੋਈ ਹੈਰਾਨ ਰਹਿ ਗਿਆ। ਉਸ ਦੇ ਸਵਾਗਤ ਲਈ ਸਰਕਾਰ ਦੇ ਪੰਜ ਅਹਿਮ ਮੰਤਰੀ ਹਵਾਈ ਅੱਡੇ ਤੱਕ ਜਾ ਪਹੁੰਚੇ ਤੇ ਉਥੇ ਵੀ ਆਈ ਪੀ ਕਮਰੇ ਵਿਚ ਬੈਠ ਕੇ ਉਸ ਨਾਲ ਸਲਾਹਾਂ ਕਰਦੇ ਰਹੇ। ਲੋਕ ਇਹ ਸਮਝਣ ਲੱਗ ਪਏ ਕਿ ਇਹ ਵਰਤ ਅੰਨਾ ਹਜ਼ਾਰੇ ਦੇ ਬਦਲ ਵਜੋਂ ਸਰਕਾਰੀ ਸਰਪ੍ਰਸਤੀ ਨਾਲ ਕਰਵਾਇਆ ਜਾ ਰਿਹਾ ਹੈ। ਤੀਜੇ ਦਿਨ ਵਰਤ ਤੋੜਨ ਤੋਂ ਜਦੋਂ ਰਾਮਦੇਵ ਨੇ ਇਨਕਾਰ ਕਰ ਦਿੱਤਾ ਤਾਂ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਬੱਚਿਆਂ ਵਾਲੀ ਕਾਪੀ ਦਾ ਇੱਕ ਕਾਗਜ਼ ਪੇਸ਼ ਕਰ ਦਿੱਤਾ, ਜਿਸ ਉਤੇ ਸਵਾਮੀ ਰਾਮਦੇਵ ਦੇ ਪਲੇਠੇ ਚੇਲੇ ਬਾਲ ਕ੍ਰਿਸ਼ਨ ਨੇ ਅਗਾਊਂ ਲਿਖ ਕੇ ਦਿੱਤਾ ਹੋਇਆ ਸੀ ਕਿ ਐਨੇ ਵਜੇ ਵਰਤ ਛੱਡ ਦਿਆਂਗੇ। ਇਸ ਤੋਂ ਬਾਬਾ ਰਾਮਦੇਵ ਦੇ ਬੇਪਰਦ ਹੋਣ ਦੇ ਨਾਲ-ਨਾਲ ਸਰਕਾਰ ਦਾ ਜਲੂਸ ਵੀ ਨਿਕਲ ਗਿਆ ਕਿ ਉਹ ਮੈਚ-ਫਿਕਸਿੰਗ ਵਰਗੀ ਵਰਤ-ਫਿਕਸਿੰਗ ਦੀ ਖੇਡ ਵੀ ਖੇਡ ਲੈਂਦੀ ਹੈ। ਨਤੀਜੇ ਵਜੋਂ ਅੱਧੀ ਰਾਤ ਨੂੰ ਰਾਮ-ਲੀਲਾ ਪੰਡਾਲ ਵਿਚ ਉਹ ਪੁਲਸੀਆ ਕਾਰਵਾਈ ਕਰਨੀ ਪਈ, ਜਿਸ ਦਾ ਜਵਾਬ ਸੁਪਰੀਮ ਕੋਰਟ ਵਿਚ ਦੇਣ ਲਈ ਹੁਣ ਤੱਕ ਸਰਕਾਰ ਨੂੰ ਦਲੀਲ ਨਹੀਂ ਸੁੱਝ ਰਹੀ।

ਫਿਰ ਜਦੋਂ ਅੰਨਾ ਹਜ਼ਾਰੇ ਨੇ ਸੋਲਾਂ ਅਗਸਤ ਨੂੰ ਅਗਲਾ ਵਰਤ ਰੱਖਣਾ ਸੀ ਤਾਂ ਉਸ ਦੇ ਖਿਲਾਫ ਬੇਹੂਦਗੀ ਭਰੀਆਂ ਕੁਝ ਉਹ ਟਿਪਣੀਆਂ ਕਰਵਾ ਦਿੱਤੀਆਂ ਗਈਆਂ ਜਿਹੜੀਆਂ ਕਿਸੇ ਹਾਲ ਨਹੀਂ ਸਨ ਹੋਣੀਆਂ ਚਾਹੀਦੀਆਂ। ਕਿਹਾ ਜਾਂਦਾ ਹੈ ਕਿ ਉਹ ਟਿਪਣੀਆਂ ਵੀ ਸਰਕਾਰ ਦੇ ਅੰਦਰਲੇ ਕੁਝ ਬੰਦਿਆਂ ਨੇ ਆਪ ਕਰਵਾਈਆਂ ਸਨ ਤਾਂ ਕਿ ਸਰਕਾਰ ਦੇ ਮੁਖੀ ਦਾ ਅਕਸ ਖਰਾਬ ਕਰ ਕੇ ਉਸ ਨੂੰ ਉਲਝਾਇਆ ਜਾ ਸਕੇ। ਇਹੋ ਨਹੀਂ, ਅੰਨਾ ਦੇ ਵਰਤ ਵਾਲੇ ਦਿਨ ਉਸ ਨੂੰ ਫੜ ਕੇ ਜੇਲ੍ਹ ਪੁਚਾਉਣ ਅਤੇ ਦਸ ਘੰਟਿਆਂ ਦੇ ਅੰਦਰ ਰਿਹਾਈ ਦੇ ਹੁਕਮ ਜਾਰੀ ਕਰਨ ਦੀ ਕਾਰਵਾਈ ਪਿੱਛੋਂ ਜਦੋਂ ਉਹ ਜੇਲ੍ਹ ਨਾ ਛੱਡਣ ਲਈ ਅੜ ਗਿਆ ਤਾਂ ਉਸ ਦੀ ਸ਼ਰਤ ਮੰਨ ਕੇ ਰਾਮ-ਲੀਲਾ ਮੈਦਾਨ ਵੀ ਸਰਕਾਰੀ ਖਰਚੇ ਉਤੇ ਤਿਆਰ ਕਰਨਾ ਪਿਆ ਅਤੇ ਸੌ ਗੰਢੇ ਖਾਣ ਤੋਂ ਲੈ ਕੇ ਹਰ ਹੱਦ ਤੱਕ ਨਮੋਸ਼ੀ ਵੀ ਝੱਲਣੀ ਪਈ।

ਉਸ ਦੇ ਪਿੱਛੋਂ ਵੀ ਅਕਲ ਨਹੀਂ ਕੀਤੀ। ਅੰਨਾ ਦੀ ਟੀਮ ਨਾਲ ਇੱਕ ਦਿਨ ਗੱਲ ਲਗਭਗ ਮੁਕਾ ਕੇ ਦੂਜੇ ਦਿਨ ਤੋੜ ਦੇਣ ਦੇ ਚੱਕਰ ਵਿਚ ਇੱਕ ਪਿੱਛੋਂ ਦੂਜੇ ਬੰਦੇ ਦੀ ਭਰੋਸੇਯੋਗਤਾ ਉਤੇ ਕਾਟਾ ਮਰਵਾਉਣ ਦੀ ਖੇਡ ਚੱਲਦੀ ਰਹੀ। ਹੌਲੀ-ਹੌਲੀ ਉਹ ਬੰਦੇ ਪਾਸੇ ਹਟਦੇ ਗਏ, ਜਿਹੜੇ ਸੁਥਰੇ ਅਕਸ ਵਾਲੇ ਸਮਝੇ ਜਾਂਦੇ ਸਨ ਤੇ ਉਹ ਲੋਕ ਅੱਗੇ ਆਉਂਦੇ ਗਏ, ਜਿਨ੍ਹਾਂ ਦੇ ਚਿਹਰੇ ਧੁਆਂਖੇ ਹੋਏ ਸਨ। ਇਹ ਛੋਟੀ ਗੱਲ ਨਹੀਂ ਕਿ ਪਾਰਲੀਮੈਂਟ ਵਿਚ ਸਰਬਸੰਮਤੀ ਨਾਲ ਮਤਾ ਪਾਸ ਹੋਣ ਮਗਰੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਚਿੱਠੀ ਲੈ ਕੇ ਅੰਨਾ ਹਜ਼ਾਰੇ ਕੋਲ ਕੇਂਦਰੀ ਮੰਤਰੀ ਵਿਲਾਸ ਰਾਓ ਦੇਸ਼ਮੁਖ ਪਹੁੰਚਿਆ, ਜਿਹੜਾ ਮੁੰਬਈ ਵਿਚ ਕਾਰਗਿੱਲ ਦੇ ਸ਼ਹੀਦਾਂ ਦੇ ਨਾਂ ਉਤੇ ਬਣੀ ਆਦਰਸ਼ ਸੋਸਾਇਟੀ ਦੇ ਭ੍ਰਿਸ਼ਟਾਚਾਰੀ ਮਾਮਲੇ ਵਿਚ ਦਾਗੀ ਹੈ। ਪ੍ਰਧਾਨ ਮੰਤਰੀ ਦੀ ਚਿੱਠੀ ਉਹ ਇੰਜ ਫੜ੍ਹ ਰਿਹਾ ਸੀ, ਜਿਵੇਂ ਸਾਰੀ ਕਾਮਯਾਬੀ ਦਾ ਸੂਤਰਧਾਰ ਉਹੋ ਹੋਵੇ। ਖਜ਼ਾਨਾ ਮੰਤਰੀ ਪ੍ਰਣਬ ਮੁਕਰਜੀ ਉਤੇ ਕਦੇ ਭ੍ਰਿਸ਼ਟਾਚਾਰ ਦਾ ਦੋਸ਼ ਨਹੀਂ ਲੱਗਾ, ਉਹ ਖੂੰਜੇ ਲੱਗ ਗਿਆ ਸੀ ਤੇ ਇੰਜ ਹੀ ਮਹਾਰਾਸ਼ਟਰ ਤੋਂ ਆਏ ਇੱਕ ਸੀਨੀਅਰ ਆਈ ਏ ਐਸ ਅਫਸਰ ਉਮੇਸ਼ ਚੰਦਰ ਸਾਰੰਗੀ ਨਾਲ ਵਾਪਰਿਆ ਸੀ। ਜਿਹੜਾ ਸੁਥਰਾ ਅਕਸ ਪੰਜਾਬ ਦੇ ਲੋਕਾਂ ਵਿਚ ਆਈ ਏ ਐਸ ਅਫਸਰ ਕ੍ਰਿਸ਼ਨ ਕੁਮਾਰ ਦਾ ਹੈ, ਇਹੋ ਜਿਹਾ ਅਕਸ ਮਹਾਰਾਸ਼ਟਰ ਵਿਚ ਉਮੇਸ਼ ਚੰਦਰ ਸਾਰੰਗੀ ਦਾ ਮੰਨਿਆ ਜਾਂਦਾ ਹੈ। ਉਸ ਨੂੰ ਪਹਿਲਾਂ ਬਾਬਾ ਅੰਨਾ ਹਜ਼ਾਰੇ ਨਾਲ ਗੱਲ ਕਰਨ ਲਈ ਲਿਆਂਦਾ ਗਿਆ ਅਤੇ ਗੱਲ ਲਗਭਗ ਸਿਰੇ ਵੀ ਚੜ੍ਹ ਗਈ ਪਰ ਇਸ ਦਾ ਸਿਹਰਾ ਸਾਰੰਗੀ ਵਰਗਾ ਸੁਥਰਾ ਬੰਦਾ ਨਾ ਲੈ ਜਾਵੇ, ਇਸ ਲਈ ਪਾਸੇ ਤੋਂ ਪਈਆਂ ਰਾਜਸੀ ਗਿਰਝਾਂ ਨੇ ਇਹੋ ਜਿਹਾ ਝਪੱਟਾ ਮਾਰਿਆ ਕਿ ਉਸ ਨੂੰ ਮੁੰਬਈ ਵਿਚ ਪੁਚਾ ਕੇ ਆਪਣੇ ਗਲ ਹਾਰ ਪਵਾ ਲਏ। ਅੱਗੇ ਤੋਂ ਕਿਸੇ ਵੀ ਮੁਸ਼ਕਲ ਵੇਲੇ ਸਰਕਾਰ ਵਿਲਾਸ ਰਾਓ ਦੇਸ਼ਮੁਖ ਵਰਗੇ ਦਾਗੀਆਂ ਵੱਲ ਵੇਖਿਆ ਕਰੇਗੀ, ਸ਼ਰੀਫ ਆਦਮੀ ਮੁੜ-ਮੁੜ ਬੇਇੱਜ਼ਤੀ ਕਰਵਾਉਣ ਦੀ ਥਾਂ ਘਰ ਬੈਠਣਾ ਪਸੰਦ ਕਰਿਆ ਕਰੇਗਾ।

ਹਾਲੇ ਥੋੜ੍ਹੇ ਦਿਨ ਪਹਿਲਾਂ ਭਾਰਤ ਦੇ ਖੇਡ ਮੰਤਰੀ ਅਜੇ ਮਾਕਨ ਨੇ ਖੇਡ ਫੈਡਰੇਸ਼ਨਾਂ ਦੀ ਨਕੇਲ ਕੱਸਣ ਲਈ ਇੱਕ ਬਿੱਲ ਦਾ ਖਰੜਾ ਪੇਸ਼ ਕੀਤਾ ਸੀ। ਪਹਿਲਾਂ ਇਹੋ ਕੰਮ ਕਰਨ ਲਈ ਪਿਛਲੇ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਨੂੰ ਕਿਹਾ ਗਿਆ ਸੀ ਪਰ ਆਪਣੇ ਬੰਦਿਆਂ ਦਾ ਵਿਰੋਧ ਵੇਖ ਕੇ ਉਸ ਨੂੰ ਚੁੱਪ ਕਰਵਾ ਦਿੱਤਾ ਗਿਆ ਸੀ। ਹੁਣ ਅਜੇ ਮਾਕਨ ਨੇ ਜਦੋਂ ਖਰੜਾ ਪੇਸ਼ ਕਰ ਦਿੱਤਾ, ਮੰਤਰੀ ਮੰਡਲ ਦੀ ਮੀਟਿੰਗ ਵਿਚ ਬੈਠੇ ਖੇਡਾਂ ਦੇ ਪਰਦੇ ਹੇਠ ਖੇਡਾਂ ਖੇਡਣ ਵਾਲੇ ਮੰਤਰੀਆਂ ਨੇ ਉਸ ਨੂੰ ਝਾੜ ਕੇ ਬਿਠਾ ਦਿੱਤਾ ਤੇ ਪ੍ਰਧਾਨ ਮੰਤਰੀ ਉਨ੍ਹਾਂ ਦੇ ਦਬਾਅ ਹੇਠ ਆ ਗਏ। ਇਹੋ ਨਹੀਂ, ਮੀਟਿੰਗ ਤੋਂ ਬਾਅਦ ਉਹ ਮੰਤਰੀ ਸਾਂਝੀ ਜ਼ਿੰਮੇਵਾਰੀ ਦਾ ਅਸੂਲ ਚੇਤੇ ਰੱਖੇ ਬਿਨਾਂ ਆਪਣੇ ਮੰਤਰੀ ਸਾਥੀ ਅਜੇ ਮਾਕਨ ਬਾਰੇ ਊਲ-ਜਲੂਲ ਬੋਲਣ ਲੱਗੇ ਰਹੇ, ਕਿਸੇ ਨੇ ਨਹੀਂ ਸੀ ਰੋਕਿਆ। ਕਾਮਨਵੈਲਥ ਵਰਗੇ ਵੱਡੇ ਘੋਟਾਲੇ ਹੋਣ ਤੋਂ ਰੋਕਣ ਦਾ ਇੱਕ ਰਾਹ ਨਿਕਲਣ ਦੀ ਤਜਵੀਜ਼ ਆਈ ਸੀ, ਜਿਹੜੀ ਜ਼ੋਰਾਵਰਾਂ ਦੀ ਧੌਂਸ ਦੇ ਮੂਹਰੇ ਟਿਕ ਨਹੀਂ ਸਕੀ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੰਨਾ ਹਜ਼ਾਰੇ ਬਾਰੇ ਬਹਿਸ ਮੌਕੇ ਵਿਰੋਧੀ ਧਿਰ ਦੇ ਹਮਲਿਆਂ ਤੋਂ ਦੁਖੀ ਹੋ ਕੇ ਬਹੁਤ ਨਿਮਾਣੇ ਬਣ ਕੇ ਆਪਣੀ ਸਫਾਈ ਦਿੱਤੀ ਸੀ ਕਿ ਮੇਰੇ ਤੋਂ ਗਲਤੀਆਂ ਤਾਂ ਹੋ ਸਕਦੀਆਂ ਹਨ, ਪਰ ਮੈਂ ਭ੍ਰਿਸ਼ਟਾਚਾਰ ਨਹੀਂ ਕਰ ਸਕਦਾ। ਇਹ ਗੱਲ ਕਹਿਣ ਦੀ ਲੋੜ ਨਹੀਂ, ਉਂਜ ਵੀ ਸਾਰੇ ਲੋਕ ਜਾਣਦੇ ਹਨ ਪਰ ਲੋਕ ਇਹ ਵੀ ਜਾਣਦੇ ਹਨ ਕਿ ਉਹ ਭ੍ਰਿਸ਼ਟਾਚਾਰ ਕਰਦਿਆਂ ਨੂੰ ਰੋਕਦੇ ਵੀ ਨਹੀਂ। ਜਿਹੜੀਆਂ ਗਲਤੀਆਂ ਉਹ ਮੰਨਦੇ ਹਨ, ਉਹ ਵੀ ਛੋਟੀਆਂ ਤਾਂ ਨਹੀਂ। ਸਾਬਕਾ ਮੰਤਰੀ ਏ. ਰਾਜਾ ਕਹਿ ਰਿਹਾ ਹੈ ਕਿ ਜਦੋਂ ਦਾ ਉਸ ਦਾ ਕੀਤਾ ਗਲਤ ਕਿਹਾ ਜਾ ਰਿਹਾ ਹੈ, ਉਦੋਂ ਪ੍ਰਧਾਨ ਮੰਤਰੀ ਨੇ ਉਸ ਨੂੰ ਪਾਰਲੀਮੈਂਟ ਵਿਚ ਠੀਕ ਠਹਿਰਾਇਆ ਅਤੇ ਕਿਹਾ ਸੀ ਕਿ ਮੈਨੂੰ ਸਾਰਾ ਕੁਝ ਪਤਾ ਹੈ। ਇੰਜ ਉਸ ਨੇ ਆਪਣੇ ਨਾਲ ਮਨਮੋਹਨ ਸਿੰਘ ਨੂੰ ਕਦੇ ਵੀ ਵਲ੍ਹੇਟ ਨਹੀਂ ਸੀ ਸਕਣਾ, ਜੇ ਉਹ ਉਦੋਂ ਏ. ਰਾਜਾ ਦੀ ਢਾਲ ਬਣਨ ਦੀ ਗਲਤੀ ਨਾ ਕਰਦੇ। ਫਿਰ ਏ. ਰਾਜਾ ਦੀ ਥਾਂ ਟੈਲੀਕਾਮ ਮੰਤਰੀ ਬਣਾਏ ਗਏ ਕਪਿਲ ਸਿੱਬਲ ਨੇ ਇਹ ਕਹਿ ਦਿੱਤਾ ਸੀ ਕਿ ਇੱਕ ਪੈਸੇ ਦਾ ਵੀ ਘੋਟਾਲਾ ਨਹੀਂ ਹੋਇਆ ਤੇ ਕੰਪਟਰੋਲਰ ਐਂਡ ਆਡੀਟਰ ਜਨਰਲ ਦੀ ਰਿਪੋਰਟ ਹੀ ਗਲਤ ਹੈ। ਉਦੋਂ ਵੀ ਮਨਮੋਹਨ ਸਿੰਘ ਨਹੀਂ ਸਨ ਬੋਲੇ।

ਇਸ ਵਿਹਾਰ ਪਿੱਛੇ ਦੋ ਗੱਲਾਂ ਹੋ ਸਕਦੀਆਂ ਹਨ, ਜਾਂ ਤਾਂ ਮਨਮੋਹਨ ਸਿੰਘ ਹੁਰੀਂ ਏਨੇ ਨਿਤਾਣੇ ਹਨ ਕਿ ਉਹ ਕਿਸੇ ਦੀ ਅੱਖ ਵਿਚ ਅੱਖ ਪਾ ਕੇ ਗੱਲ ਹੀ ਨਹੀਂ ਕਰ ਸਕਦੇ ਤੇ ਜਾਂ ਏਦਾਂ ਦੇ ਪ੍ਰਧਾਨ ਮੰਤਰੀ ਹਨ ਕਿ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਦੀ ਸਰਕਾਰ ਦਾ ਕਿਹੜਾ ਮੰਤਰੀ ਕੀ ਕਰਦਾ ਫਿਰਦਾ ਹੈ? ਲੋਕਾਂ ਦੀ ਇਸ ਗੱਲ ਨਾਲ ਤਸੱਲੀ ਨਹੀਂ ਹੋ ਜਾਣੀ ਕਿ ਪ੍ਰਧਾਨ ਮੰਤਰੀ ਦੇ ਆਪਣੇ ਅਕਸ ਉਤੇ ਕੋਈ ਦਾਗ ਨਹੀਂ, ਉਹ ਇਹ ਵੀ ਵੇਖਣਗੇ ਕਿ ਸਰਕਾਰ ਨੂੰ ਪ੍ਰਧਾਨ ਮੰਤਰੀ ਸਾਹਿਬ ਚਲਾ ਰਹੇ ਹਨ ਜਾਂ ਪ੍ਰਧਾਨ ਮੰਤਰੀ ਨੂੰ ਸਰਕਾਰ ਚਲਾ ਰਹੀ ਹੈ? ਪਿਛਲੇ ਦਿਨਾਂ ਦੀਆਂ ਘਟਨਾਵਾਂ ਨੇ ਮੁੜ-ਮੁੜ ਸਾਬਤ ਕੀਤਾ ਹੈ ਕਿ ਸਰਕਾਰ ਕਿਸੇ ਦੀ ਚਲਾਈ ਨਾਲੋਂ 'ਰੱਬ ਆਸਰੇ' ਚੱਲਦੀ ਵੱਧ ਜਾਪਦੀ ਹੈ। ਏਦਾਂ ਦੇ ਹਾਲਾਤ ਵਿਚ ਪ੍ਰਧਾਨ ਮੰਤਰੀ ਤਾਂ ਤਸੱਲੀ ਰੱਖ ਸਕਦੇ ਹਨ, ਲੋਕਾਂ ਦੀ ਤਸੱਲੀ ਨਹੀਂ ਕਰਵਾਈ ਜਾ ਸਕਣੀ।



**ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੰਨਾ ਹਜ਼ਾਰੇ ਬਾਰੇ ਬਹਿਸ ਮੌਕੇ ਵਿਰੋਧੀ ਧਿਰ ਦੇ ਹਮਲਿਆਂ ਤੋਂ ਦੁਖੀ ਹੋ ਕੇ ਬਹੁਤ ਨਿਮਾਣੇ ਬਣ ਕੇ ਆਪਣੀ ਸਫਾਈ ਦਿੱਤੀ ਸੀ ਕਿ ਮੇਰੇ ਤੋਂ ਗਲਤੀਆਂ ਤਾਂ ਹੋ ਸਕਦੀਆਂ ਹਨ, ਪਰ ਮੈਂ ਭ੍ਰਿਸ਼ਟਾਚਾਰ ਨਹੀਂ ਕਰ ਸਕਦਾ। ਇਹ ਗੱਲ ਕਹਿਣ ਦੀ ਲੋੜ ਨਹੀਂ, ਉਂਜ ਵੀ ਸਾਰੇ ਲੋਕ ਜਾਣਦੇ ਹਨ ਪਰ ਲੋਕ ਇਹ ਵੀ ਜਾਣਦੇ ਹਨ ਕਿ ਉਹ ਭ੍ਰਿਸ਼ਟਾਚਾਰ ਕਰਦਿਆਂ ਨੂੰ ਰੋਕਦੇ ਵੀ ਨਹੀਂ।**


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 8 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਦੇ ਮੇਲੇ ਕਰਵਾਉਣ ਦੀ ਪਿਰਤ ਪਾਉਣ ਵਾਲੀ ਜਥੇਬੰਦੀ ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਇਸ ਵਾਰ ਆਉਂਦੀ 8 ਅਕਤੂਬਰ ਸਨਿਚਰਵਾਰ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਇਥੇ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਜਗਜੀਤ ਸਿੰਘ ਗਿੱਲ ਦੇ ਘਰ ਹੋਈ ਮੀਟਿੰਗ ਵਿਚ ਲਿਆ ਗਿਆ।

ਜਥੇਬੰਦੀ ਵਲੋਂ ਸੁਰਿੰਦਰ ਸਿੰਘ ਬਿੰਦਰਾ ਅਤੇ ਜਨਰਲ ਸਕੱਤਰ ਬਲਜਿੰਦਰ ਸਿੰਘ ਭੱਟੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਵਾਰ ਦਾ ਮੇਲਾ ਗਦਰੀ ਬਾਬਾ ਦੂੱਲਾ ਸਿੰਘ ਜਲਾਲਦੀਵਾਲਾ ਅਤੇ ਗਦਰ ਪਾਰਟੀ ਦੇ ਮੋਢੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਸਮਰਪਿਤ ਹੋਵੇਗਾ। ਜ਼ਿਕਰਯੋਗ ਹੈ ਕਿ ਬਾਬਾ ਦੂੱਲਾ ਸਿੰਘ ਜਲਾਲਦੀਵਾਲਾ ਪਨਾਮਾ ਦੀ ਗਦਰ ਪਾਰਟੀ ਦੇ ਪ੍ਰਧਾਨ ਰਹੇ ਹਨ। ਦੇਸ਼ ਪਰਤਣ ਉਤੇ ਅੰਗਰੇਜ਼ ਸਰਕਾਰ ਨੇ ਉਨ੍ਹਾਂ ਉਪਰ ਬਹੁਤ ਜ਼ਬਰ ਢਾਹਿਆ ਸੀ। ਉਨ੍ਹਾਂ ਉਤੇ ਨੂਰਮਹਿਲ ਚੀਮਿਆਂ ਦੀ ਗ੍ਰਿਫਤਾਰੀ ਤੋਂ ਬਾਅਦ ਲਾਹੌਰ ਦੇ ਸ਼ਾਹੀ ਕਿਲੇ ਵਿਚ ਤਿੰਨ ਮਹੀਨੇ ਅੰਨਾ ਤਸ਼ੱਦਦ ਢਾਹਿਆ ਗਿਆ ਪਰ ਫਿਰ ਵੀ ਕਿਲੇ ਦੇ ਨਾਮੀ ਅਫਸਰ ਉਨ੍ਹਾਂ ਤੋਂ ਕੋਈ ਭੇਦ ਨਾ ਕੱਢ ਸਕੇ। ਉਨ੍ਹਾਂ ਦੇ ਪੁੱਤਰਾਂ ਉਪਰ ਵੀ ਬੇਹਦ ਤਸ਼ੱਦਦ ਕੀਤਾ ਗਿਆ ਪਰ ਕੋਈ ਭੇਦ ਨਾ ਲੈ ਸਕੇ।

ਦੂਜੇ ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ ਗਦਰ ਲਹਿਰ ਦੌਰਾਨ ਬੰਬ ਬਣਾਉਂਦਿਆਂ ਹੱਥ ਉਡ ਗਿਆ ਸੀ। ਅੱਜ ਵੀ ਉਨ੍ਹਾਂ ਦਾ ਨਕਲੀ ਹੱਥ ਗਦਰ ਦੀ ਕਹਾਣੀ ਦੱਸਦਾ ਹੈ ਜੋ ਕਿ ਗਦਰ ਮੈਮੋਰੀਅਲ ਸੈਨ ਫਰਾਂਸਿਸਕੋ ਵਿਚ ਸਾਂਭਿਆ ਪਿਆ ਹੈ। ਬਾਬਾ ਹਰਨਾਮ ਸਿੰਘ ਟੁੰਡੀਲਾਟ ਲਾਲਾ ਹਰਦਿਆਲ ਦੇ ਬਾਡੀਗਾਰਡ ਵੀ ਰਹੇ। ਬਾਬਾ ਟੁੰਡੀਲਾਟ ਨੇ ਲਾਲ ਹਰਦਿਆਲ ਦੀ ਸੂਝ ਬੂਝ ਅਤੇ ਗਦਰ ਪਾਰਟੀ ਨੂੰ ਇਨਕਲਾਬੀ ਲੀਹਾਂ 'ਤੇ ਤੋਰਨ ਦੇ ਉਨ੍ਹਾਂ ਦੇ ਉਪਰਾਲੇ ਦੀ ਬਹੁਤ ਸਿਫਤ ਕੀਤੀ ਹੈ।

ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਸਮੇਂ ਜਦੋਂ ਭਾਰਤੀ ਕੌਮ ਗਦਰ ਲਹਿਰ ਦੀ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਕਰ ਰਹੀ ਹੈ ਤਾਂ ਗਦਰ ਲਹਿਰ ਦੇ ਕੁਝ ਕੁ ਦੋਖੀ ਲੋਕ ਉਨ੍ਹਾਂ ਮਹਾਨ ਸੂਰਮਿਆਂ ਦੀਆਂ ਕੁਰਬਾਨੀਆਂ ਉਤੇ ਚਿੱਕੜ ਉਛਾਲਣ ਦੀ ਕੋਸ਼ਿਸ਼ ਕਰ ਰਹੇ ਹਨ। ਇੰਜ ਜਾਪਦਾ ਹੈ ਕਿ ਇਹ ਲੋਕ ਅੰਗਰੇਜ਼ਾਂ ਦੇ ਦਲਾਲਾਂ ਦੇ ਦਲਾਲਾਂ ਦੀ ਹੀ ਨਸਲ ਵਿਚੋਂ ਹਨ ਜਿਨ੍ਹਾਂ ਉਨ੍ਹਾਂ ਵੇਲਿਆਂ 'ਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ ਤੇ ਅੱਜ ਸਰਕਾਰੀ ਏਜੰਟਾਂ ਵਲੋਂ ਸੁੱਟੇ ਗਏ ਟੁਕੜੇ ਬੋਚ ਰਹੇ ਹਨ। ਇਸੇ ਜ਼ਹਿਨੀਅਤ ਵਿਚੋਂ ਹੀ ਇਹ ਲੋਕ ਬਾਬਾ ਸੋਹਣ ਸਿੰਘ ਭਕਨਾ ਵਰਗਿਆਂ ਦੇ ਪਾਕ ਦਾਮਨ ਉਤੇ ਸ਼ੱਕ ਕਰ ਰਹੇ ਹਨ।

ਜਥੇਬੰਦੀ ਨੇ ਬਿਆਨ ਵਿਚ ਕਿਹਾ ਹੈ ਕਿ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਅਸਮਾਨ ਵੱਲ ਥੁਕਿਆ ਆਪਣੇ ਮੂੰਹ ਉਤੇ ਹੀ ਪੈਂਦਾ ਹੈ। ਇਹੋ ਹਾਲ ਇਨ੍ਹਾਂ ਗਦਰ ਦੋਖੀਆਂ ਦਾ ਹੋਏਗਾ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਲਦ ਹੀ ਗਦਰ ਪਾਰਟੀ ਦੇ ਬਾਈਲਾਅਜ਼ ਜੋ ਕਿ ਗੁਰਮੁਖੀ ਅਤੇ ਉਰਦੂ ਵਿਚ ਹਥਲਿਖਤ ਦੇ ਤੌਰ 'ਤੇ ਮੌਜੂਦ ਹਨ, ਜਨਤਾ ਦੀ ਜਾਣਕਾਰੀ ਲਈ ਛਾਪੇ ਜਾਣਗੇ ਅਤੇ ਨਾਲ ਹੀ ਗਦਰ ਪਾਰਟੀ ਦਾ ਮੈਂਬਰਸ਼ਿਪ ਫਾਰਮ ਵੀ ਛਾਪਿਆ ਜਾਏਗਾ। ਇਸ ਤਰ੍ਹਾਂ ਗਦਰ ਪਾਰਟੀ ਦੇ ਦੋਖੀਆਂ ਦੇ ਕੂੜ ਪ੍ਰਚਾਰ ਦਾ ਭਾਂਡਾ ਆਪੇ ਹੀ ਭੱਜ ਜਾਏਗਾ। ਲੋਕਾਂ ਨੂੰ ਪਤਾ ਲੱਗ ਜਾਏਗਾ ਕਿ ਇਹ ਗਦਰ ਲਹਿਰ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਲੋਂ ਮੁਲਕ ਦੀ ਆਜ਼ਾਦੀ ਦੀ ਤਮੰਨਾ ਨਾਲ ਸਾਂਝੇ ਤੌਰ 'ਤੇ ਅਰੰਭ ਕੀਤੀ ਗਈ ਸੀ। ਇਸ ਤੋਂ ਇਲਾਵਾ ਲਾਲਾ ਹਰਦਿਆਲ ਦੇ ਕਿਸਾਨਾਂ, ਮਜ਼ਦੂਰਾਂ ਦੇ ਪੱਖ ਵਿਚ ਅਤੇ ਅੰਗਰੇਜ਼ ਪੱਖੀ ਸਫੈਦਪੋਸ਼ਾਂ ਤੇ ਰਾਜਿਆਂ ਵਿਰੁਧ ਲਿਖੇ ਲੇਖ ਵੀ ਛਾਪੇ ਜਾਣਗੇ ਤਾਂ ਜੋ ਲੋਕਾਂ ਨੂੰ ਚੋਰਾਂ ਤੇ ਸਾਧਾਂ ਦੀ ਸਹੀ ਪਛਾਣ ਹੋ ਸਕੇ।

ਜਥੇਬੰਦੀ ਦੀ ਮੀਟਿੰਗ ਵਿਚ ਮੇਲੇ ਲਈ ਫੰਡ ਇਕੱਠਾ ਕਰਨ ਵਾਸਤੇ ਮੈਂਬਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ। ਮੇਲੇ ਦੌਰਾਨ ਸਭਿਆਚਾਰਕ ਪ੍ਰੋਗਰਾਮ ਤੋਂ ਇਲਾਵਾ ਗਦਰ ਪਾਰਟੀ ਦੇ ਇਤਿਹਾਸ ਬਾਰੇ ਦੁਰਲਭ ਤਸਵੀਰਾਂ ਅਤੇ ਹਥਲਿਖਤਾਂ ਦੀ ਇਕ ਨੁਮਾਇਸ਼ ਵੀ ਲਾਈ ਜਾਵੇਗੀ।

*To Advertise with Punjab Times*
***Call: 847-359-0746***
*web:**wwwpunjabtimesusa.com***

# 22 ਸਤੰਬਰ ਨੂੰ ਕਰਤਾਰਪੁਰ ਕੋਰੀਡੋਰ ਡੇ ਮਨਾਉਣ ਦਾ ਸੱਦਾ

**ਫਰੀਮਾਂਟ (ਬਿਊਰੋ):** ਹਿੰਦ-ਪਾਕਿਸਤਾਨ ਸ.ਹੱਦ 'ਤੇ ਪਾਕਿਸਤਾਨ ਵਿਚ ਪੈਂਦੇ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ ਦੇ ਸਥਾਨ ਕਰਤਾਰਪੁਰ ਸਾਹਿਬ ਲਾਂਘੇ ਵਾਸਤੇ ਮੁਹਿੰਮ ਚਲਾ ਰਹੀ ਸੰਸਥਾ 'ਤੇਰੀ ਸਿੱਖੀ' ਨੇ ਸਾਂਈ ਮੀਆਂ ਮੀਰ ਇੰਟਰਨੈਸ਼ਨਲ ਸੰਸਥਾ ਤੇ ਮਹਾਰਾਸ਼ਟਰ ਸਿੱਖ ਸੰਗਠਨ ਨਾਲ ਰੱਲ ਕੇ ਸਮੂੰਹ ਪੰਥਕ ਜਥੇਬੰਦੀਆਂ, ਪ੍ਰਚਾਰਕਾਂ, ਵਿਦਵਾਨਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਕਰਤਾਰਪੁਰ ਸਾਹਿਬ ਲਈ ਲਾਂਘਾ ਖੁਲਵਾਉਣ ਵਾਸਤੇ ਯਤਨਸ਼ੀਲ ਹੋਰ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਦਿਹਾੜੇ 22 ਸਤੰਬਰ ਨੂੰ "ਕਰਤਾਰਪੁਰ ਕੋਰੀਡੋਰ ਡੇ" ਵਜੋ ਮਨਾਇਆ ਜਾਵੇ।

ਤੇਰੀ ਸਿੱਖੀ ਸੰਸਥਾਂ ਵਲੋਂ ਫਰੀਮਾਂਟ ਵਿਚ "ਕਰਤਾਰਪੁਰ ਕੋਰੀਡੋਰ ਡੇ" ਮਨਾਉਣ ਲਈ ਵਿਸ਼ਵ ਪੱਧਰੀ ਵੀਡੀਓ ਕਾਨਫਰੰਸ ਕੀਤੀ ਗਈ, ਜਿਸ 'ਚ ਸਾਂਈ ਮੀਆਂ ਮੀਰ ਇੰਟਰਨੈਸ਼ਨਲ, ਮਹਾਂਰਾਸ਼ਟਰਾ ਸਿੱਖ ਸੰਗਠਨ ਨੇ ਵੀ ਹਿੱਸਾ ਲਿਆ।

ਗੁਰਦੁਆਰਾ ਕਰਤਾਰਪੁਰ ਸਾਹਿਬ, ਪਾਕਿਸਤਾਨ ਉਸ ਥਾਂ 'ਤੇ ਸੁਸ਼ੋਭਿਤ ਹੈ ਜਿਥੇ ਗੁਰੂ ਨਾਨਕ ਦੇਵ ਸੰਨ 1539 ਵਿਚ ਜੋਤੀ ਜੋਤ ਸਮਾਏ। ਉਨ੍ਹਾਂ ਇਥੇ ਆਪਣੀ ਜਿੰਦਗੀ ਦੇ ਅੰਤਮ 18 ਸਾਲ ਗੁਜਾਰਦੇ ਹੋਏ "ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ" ਦਾ ਸੰਦੇਸ਼ ਦਿੱਤਾ। ਇਹ ਗੁਰਦੁਆਰਾ 1947 ਦੀ ਵੰਡ ਵੇਲੇ ਸਿ.ਫ 2 ਮੀਲ ਦੀ ਦੂਰੀ ਤੇ ਪਾਕਿਸਤਾਨ ਵਿਚ ਰਹਿ ਗਿਆ। ਨਿਊ ਜਰਸੀ ਵਾਲੇ ਸ. ਜੇ.ਬੀ. ਸਿੰਘ ਨੇ ਇਹ ਗੁਰਦੁਆਰਾ ਬਣਾ ਕੇ 11 ਸਤੰਬਰ 2001 ਨੂੰ 54 ਸਾਲ ਬਾਅਦ ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਾਇਆ। ਸਿੱਖ ਸੰਗਤਾਂ ਦੋਹਾਂ ਦੇਸ਼ਾਂ ਦੀਆਂ ਸ.ਕਾਰਾਂ ਤੋਂ ਸ਼੍ਰੀ ਕਰਤਾਰਪੁਰ ਦੇ ਦਰਸ਼ਨਾਂ ਲਈ ਕਰਤਾਰਪੁਰ ਲਾਂਘਾ ਖੋਲਣ ਦੀ ਮੰਗ ਕਰਦੀਆਂ ਆ ਰਹੀਆਂ ਹਨ ਤਾਂ ਜੋ 216 ਕਰੋੜ ਸਿੱਖ ਬਿਨਾ ਵੀਜ਼ੇ ਦੇ ਸਿਰਫ 10 ਮਿੰਟ ਵਿਚ ਹੀ ਦਰਸ਼ਨ ਕਰ ਸਕਣ।

# ਨੀਲਮ ਸੈਣੀ ਦੀ ਪੁਸਤਕ 'ਹਰਫ਼ਾਂ ਦੀ ਡੋਰ' ਰਿਲੀਜ਼

**ਗੜ੍ਹਸ਼ੰਕਰ (ਬਿਊਰੋ):** ਦੁਆਬਾ ਲਿਖਾਰੀ ਸਭਾ (ਗੜ੍ਹਸ਼ੰਕਰ) ਵਲੋਂ ਸਭਾ ਦੇ ਪ੍ਰਧਾਨ ਪ੍ਰੋ. ਸੰਧੂ ਵਰਿਆਣਵੀ ਦੇ ਘਰ ਪ੍ਰਸਿੱਧ ਕਵੀ ਲਾਲ ਸਿੰਘ ਦਿਲ ਨੂੰ ਸਮਰਪਿਤ ਇਕ ਕਵੀ ਦਰਬਾਰ ਵਿਚ ਉਘੀ ਲੇਖਿਕਾ ਨੀਲਮ ਸੈਣੀ ਦੀ ਪੁਸਤਕ 'ਹਰਫ਼ਾਂ ਦੀ ਡੋਰ' ਰਿਲੀਜ਼ ਕੀਤੀ ਗਈ। ਇਸ ਦੀ ਪ੍ਰਧਾਨਗੀ ਪ੍ਰੋ. ਸੰਧੂ ਵਰਿਆਣਵੀ, ਨੀਲਮ ਸੈਣੀ, ਮਦਨ ਵੀਰਾ ਅਤੇ ਸਰਵਣ ਸਿੱਧੂ ਨੇ ਕੀਤੀ।





ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. ਜੇ.ਬੀ. ਸੇਖੋਂ ਨੇ 'ਪਰਵਾਸੀ ਪੰਜਾਬੀ ਜੀਵਨ ਦਾ ਨਾਰੀ ਦ੍ਰਿਸ਼ਟੀ ਤੋਂ ਕਾਵਿ ਚਿੰਤਨ' ਵਿਸ਼ੇ ਤੇ ਖੋਜ ਪੱਤਰ ਪੜ੍ਹਦਿਆਂ ਕਿਹਾ ਕਿ ਪਰਵਾਸ ਦੇ ਸਦੀਵੀ ਤੇ ਸਮਕਾਲੀ ਮਸਲਿਆਂ ਪ੍ਰਤੀ ਭਾਵੁਕ ਪ੍ਰਤੀਕਰਮ ਨੂੰ ਲੇਖਿਕਾ ਨੀਲਮ ਸੈਣੀ ਨੇ ਕਾਵਿਕ ਰਵਾਨੀ ਵਿਚ ਪੇਸ਼ ਕੀਤਾ ਹੈ। ਉਨ੍ਹਾਂ 'ਹਰਫ਼ਾਂ ਦੀ ਡੋਰ' ਵਿਚਲੀਆਂ ਸਮੁੱਚੀਆਂ ਲਿਖਤਾਂ ਬਾਰੇ ਵਿਸਥਾਰ 'ਚ ਚਰਚਾ ਕੀਤੀ।

ਇਸ ਮੌਕੇ ਮਦਨ ਵੀਰਾ ਨੇ ਸਮੁੱਚੀ ਪੰਜਾਬੀ ਕਵਿਤਾ ਬਾਰੇ ਚਰਚਾ ਕਰਦਿਆਂ ਕਿਹਾ ਕਿ ਔਰਤ ਦੇ ਦ੍ਰਿਸ਼ਟੀਕੋਣ ਤੋਂ ਖ਼ੂਬਸੂਰਤ ਕਵਿਤਾ ਦੀ ਵਾਪਸੀ ਹੋਈ ਹੈ ਤੇ ਇਹ ਕਾਵਿ ਸੰਗ੍ਰਿਹ ਪੰਜਾਬੀ ਕਾਵਿ ਪਰੰਪਰਾ ਵਿਚ ਵਿਲੱਖਣ ਸਥਾਨ ਰੱਖਦਾ ਹੈ।

ਪੰਜਾਬ ਦੇ ਪਿੰਡ ਮੂਨਕ ਕਲਾਂ ਦੀ ਜੰਮਪਲ, ਪਿੰਡ ਤੂਰਾਂ ਵਿਆਹੀ ਤੇ ਹੁਣ ਹੇਵਰਡ (ਕੈਲੀਫ਼ੋਰਨੀਆ) 'ਚ ਵਸਦੀ ਨੀਲਮ ਸੈਣੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਪੁਸਤਕ ਉਨ੍ਹਾਂ ਦੀ ਮਾਤਾ ਕਮਲਾ ਦੇਵੀ ਨੂੰ ਸਮਰਪਿਤ ਹੈ। ਉਨ੍ਹਾਂ ਆਪਣੀ ਪੁਸਤਕ 'ਹਰਫ਼ਾਂ ਦੀ ਡੋਰ' ਵਿਚੋਂ ਅਮਰੀਕਾ 'ਚ ਵਸੇ ਪੰਜਾਬੀਆਂ, ਭਾਰਤੀਆਂ ਦੇ ਸੰਘਰਸ਼ਮਈ ਜੀਵਨ ਬਾਰੇ ਕੁਝ ਕਵਿਤਾਵਾਂ ਵੀ ਪੇਸ਼ ਕੀਤੀਆਂ। ਇਸ ਪੁਸਤਕ ਦੇ ਛਪਾਈ ਲਈ ਮਿਲੇ ਸਹਿਯੋਗ ਵਾਸਤੇ ਉਨ੍ਹਾਂ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ, ਰਾਠੇਸ਼ਵਰ ਸਿੰਘ ਸੂਰਾਪੁਰੀ, ਅਜਮੇਰ ਸਿੱਧੂ, ਆਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਤਾਰਾ ਸਿੰਘ ਸਾਗਰ, ਆਪਣੇ ਪਤੀ ਲਾਜ ਸੈਣੀ ਅਤੇ ਬੇਟੇ ਅਭੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਤਿੰਨ ਕਿਤਾਬਾਂ 'ਅਰਜ਼ੋਈ', 'ਕਾਨੀ ਦੇ ਘੁੰਗਰੂ' ਅਤੇ ਅੰਗਰੇਜ਼ੀ ਕਾਵਿ ਸੰਗ੍ਰਿਹ 'ਵਨ ਲਿਟਲ ਚਾਇਲਡ' ਲਿਖੀਆਂ ਹਨ। ਪ੍ਰੋ. ਬਲਬੀਰ ਕੌਰ ਰੀਹਲ, ਸੋਹਣ ਸਿੰਘ ਸੂਨੀ, ਮਨਜੀਤ ਨੂਰ, ਪਰਮਿੰਦਰ ਪੱਖੋਵਾਲ, ਵਿਜੇ ਭੱਟੀ, ਡਾ. ਜਗਤਾਰ ਸਿੰਘ ਆਦਿ ਨੇ ਪੁਸਤਕ ਸੰਬੰਧੀ ਚਰਚਾ ਵਿਚ ਹਿੱਸਾ ਲਿਆ। ਇਸ ਮੌਕੇ ਨੀਲਮ ਸੈਣੀ ਅਤੇ ਮਦਨ ਵੀਰਾ ਨੂੰ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ।



ਕਵੀ ਦਰਬਾਰ 'ਚ ਅਮਰੀਕ ਹਮਰਾਜ਼, ਵਿਜੇ ਭੱਟੀ ਅਤੇ ਅਵਤਾਰ ਸੰਧੂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।




**Ph:510-415-7700, 800-498-3626, 408-480-4500**
**S&S Satellite System - e-mail: sns_satellite@yahoo.com**

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.

**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas
- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**
**Email: gill@ghfirm.com Web: www.ghfirm.com**
**830 Stewart Drive, Suite#231, Sunnyvale, CA 94085**

# ਅਕਾਲੀ ਦਲ (ਬ) ਦੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਜਿੱਤ ਹੋਏਗੀ: ਰੌਣਕ ਸਿੰਘ

**ਬੇਕਰਜ਼ਫੀਲਡ (ਮਾਨ ਮਨਦੀਪ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਰੌਣਕ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਅਕਾਲੀ ਦਲ ਦੇ ਸਾਰੇ ਉਮੀਦਵਾਰ ਭਾਰੀ ਬਹੁਮਤ ਨਾਲ ਚੋਣ ਜਿੱਤ ਕੇ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੀ ਕਮਾਂਡ ਸੰਭਾਲਣਗੇ।



ਇਥੇ ਜਾਰੀ ਇਕ ਬਿਆਨ ਵਿਚ ਜਥੇਦਾਰ ਰੌਣਕ ਸਿੰਘ ਨੇ ਕਿਹਾ ਕਿ ਸਿੱਖ ਜਮਾਤ ਦੀ ਦੁਸ਼ਮਣ ਕਾਂਗਰਸ ਪਾਰਟੀ ਕੋਝੇ ਹੱਥਕੰਡੇ ਵਰਤ ਕੇ ਸ਼੍ਰੋਮਣੀ ਕਮੇਟੀ ਉਪਰ ਕਾਬਜ਼ ਹੋਣਾ ਚਾਹੁੰਦੀ ਹੈ ਪਰ ਇਸ ਦੇ ਮਨਸੂਬੇ ਕਦੇ ਵੀ ਕਾਮਯਾਬ ਨਹੀਂ ਹੋਣਗੇ। ਉਨ੍ਹਾਂ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਹਰਭਗਵਾਨ ਸਿੰਘ ਨੂੰ ਵੀ ਕਟਹਿਰੇ ਵਿਚ ਖੜ੍ਹਾਉਣ ਦੀ ਮੰਗ ਕੀਤੀ ਜਿਸ ਨੇ ਸਹਿਜਧਾਰੀ ਸਿੱਖਾਂ ਦੇ ਮਸਲੇ ਉਪਰ ਕੌਮ ਨੂੰ ਭੰਬਲਭੂਸੇ ਵਿਚ ਪਾਇਆ।

ਉਨ੍ਹਾਂ ਦਾਅਵਾ ਕੀਤਾ ਕਿ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹੱਕ ਵਿਚ ਜ਼ਬਰਦਸਤ ਹਨੇਰੀ ਚੱਲ ਰਹੀ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਸੇ ਦੀ ਹੀ ਸਰਕਾਰ ਬਣੇਗੀ। ਉਨ੍ਹਾਂ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਾਈ ਨੂੰ ਸ਼ਲਾਘਾਯੋਗ ਕਦਮ ਦੱਸਦਿਆਂ ਕਿਹਾ ਕਿ ਅੱਜ ਹਿੰਦੋਸਤਾਨ ਨੂੰ ਅੰਨਾ ਹਜ਼ਾਰੇ ਵਰਗੇ ਸਮਾਜ ਸੇਵਕਾਂ ਦੀ ਬਹੁਤ ਲੋੜ ਹੈ ਤਾਂ ਜੋ ਭ੍ਰਿਸ਼ਟਾਚਾਰ ਅਤੇ ਗਰੀਬੀ ਨੂੰ ਖ਼ਤਮ ਕਰਕੇ ਭਾਰਤ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਇਆ ਜਾਵੇ।

# ਛੱਤੀਸਿੰਘਪੁਰਾ ਕੇਸ 'ਚ ਪੰਜ ਸਿੱਖ ਰਿਹਾਅ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਦੇ ਛੱਤੀਸਿੰਘਪੁਰਾ ਇਲਾਕੇ ਵਿਚ ਮਾਰਚ 2000 ਵਿੱ ਮਾਰੇ ਗਏ 36 ਸਿੱਖਾਂ ਦੇ ਵਿਰੋਧ ਵਿਚ ਦੰਗੇ ਕਰਨ ਦੇ ਦੋਸ਼ ਤਹਿਤ ਗ੍ਰਿਫ਼ਤਾਰ ਪੰਜ ਸਿੱਖਾਂ ਨੂੰ ਦਿੱਲੀ ਦੀ ਅਦਾਲਤ ਨੇ ਪ੍ਰੋਬੇਸ਼ਨ 'ਤੇ ਰਿਹਾਅ ਕਰ ਦਿੱਤਾ। ਇਨ੍ਹਾਂ ਪੰਜ ਸਿੱਖਾਂ ਨੇ ਆਪਣਾ ਗੁਨਾਹ ਕਬੂਲ ਲਿਆ ਹੈ ਤੇ ਅਦਾਲਤ ਨੇ ਵੀ ਨਰਮਦਿਲੀ ਵਿਖਾਉਂਦਿਆਂ ਇਨ੍ਹਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਵਿਅਕਤੀ ਜ਼ਮਾਨਤੀ ਰਕਮ 'ਤੇ ਤਿੰਨ ਮਹੀਨਿਆਂ ਲਈ ਰਿਹਾਅ ਕੀਤਾ ਹੈ।

ਦਿੱਲੀ ਦੇ ਮੈਟਰੋਪਾਲੀਟਨ ਮੈਜਿਸਟਰੇਟ ਐਮ.ਪੀ. ਸਿੰਘ ਨੇ ਇਨ੍ਹਾਂ ਪੰਜ ਸਿੱਖਾਂ ਹਰਪ੍ਰੀਤ ਸਿੰਘ, ਪਰਮਿੰਦਰ ਸਿੰਘ, ਪ੍ਰੀਤਪਾਲ ਸਿੰਘ, ਸੁਰਜੀਤ ਸਿੰਘ ਤੇ ਜਸਪਾਲ ਸਿੰਘ ਦੀ ਰਿਹਾਈ ਦੇ ਹੁਕਮ ਦਿੱਤੇ ਹਨ। ਇਨ੍ਹਾਂ ਮੁਲਜ਼ਮਾਂ ਨੂੰ ਰੋਸ ਪ੍ਰਦਰਸ਼ਨ ਦੌਰਾਨ ਹਿੰਸਾ ਭੜਕਾਉਣ ਦੇ ਦੋਸ਼ ਤਹਿਤ ਦੱਖਣੀ ਦਿੱਲੀ ਦੇ ਜਨਕਪੁਰੀ ਇਲਾਕੇ ਤੋਂ 23 ਮਾਰਚ 2000 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

*Visit us on the web:*
***wwwpunjabtimesusa.com***




M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Dhillon Truck Stop
Dhillon Road Service
Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

Desi World Radio
Pure desi Entertainment



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ,ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-Info@desiworldradio.com
Toll Free Number 1-800-604-6024
ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ

# ਇੰਡੋ ਯੂ. ਐਸ ਹੈਰੀਟੇਜ ਐਸੋਸੀਏਸ਼ਨ, ਫਰਿਜ਼ਨੋ

## ਗਦਰੀ ਬਾਬਿਆਂ ਦੀ ਯਾਦ ’ਚ ਮੇਲਾ-ਤਸਵੀਰਾਂ ਦੀ ਜ਼ੁਬਾਨੀ





















ਤਸਵੀਰਾਂ: ਓਮਨੀ ਵੀਡੀਓ, ਫੋਨ 661-703-6664

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 18 ਸਤੰਬਰ 2011 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**16 ਸਤੰਬਰ 2011:** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
**18 ਸਤੰਬਰ 2011:** ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਟੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*



ਫੋਟੋ:ਮੀਕਾ ਸਟੂਡੀਓ

ਭਾਈ ਗੁਰਮੇਲ ਸਿੰਘ ਬਾਠ, ਭਾਈ ਗੁਰਮੀਤ ਸਿੰਘ ਖਾਲਸਾ, ਰਾਣਾ ਕਾਹਲੋਂ, ਰਵੀਇੰਦਰ ਸਿੰਘ ਰੰਧਾਵਾ, ਹਰਕੰਵਲ ਸਿੰਘ ਕਾਹਲੋਂ, ਗੁਰਦੇਵ ਸਿੰਘ ਕਾਹਲੋਂ, ਗੁਰਮੇਜ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਬੋਪਾਰਾਏ, ਸੁਖਵਿੰਦਰ ਸਿੰਘ ਬੋਪਾਰਾਏ, ਜਸਵਿੰਦਰ ਸਿੰਘ ਬੋਪਾਰਾਏ, ਬਾਲੀ ਸਿੰਘ ਬੋਪਾਰਾਏ, ਸਤਵੀਰ ਸਿੰਘ, ਵਿਕਰਮ ਸਿੰਘ, ਗੁਰਪ੍ਰੀਤ ਸਿੰਘ ਚੀਮਾ, ਬਲਜੀਤ ਸਿੰਘ (ਸਾਰੇ ਪਿੰਡ ਕਾਲਾ ਅਫਗਾਨਾ), ਮਨਦੀਪ ਸਿੰਘ ਰੂਪੋਵਾਲੀ, ਗੁਰਿੰਦਰ ਸਿੰਘ ਬਸਰਾ, ਨਰਿੰਦਰ ਸਿੰਘ ਢਿੱਲੋਂ, ਸੁਖਬੀਰ ਸਿੰਘ ਨੰਗਲ ਕਾਦੀਆਂ, ਮੇਜਰ ਸਿੰਘ, ਤਰਲੋਕ ਸਿੰਘ, ਨਿਰਮਲ ਸਿੰਘ ਸਰਪੰਚ, ਹਰਿੰਦਰ ਸਿੰਘ ਕਾਹਲੋਂ, ਅਮਰਵੀਰ ਸਿੰਘ ਕਾਹਲੋਂ, ਅਮਰੀਕ ਸਿੰਘ ਕਾਹਲੋਂ (ਸਾਰੇ ਪਿੰਡ ਸਾਰਚੂਰ), ਮਲਵਿੰਦਰ ਸਿੰਘ ਪਠਾਨਕੋਟ, ਹਰਮਿੰਦਰ ਸਿੰਘ ਸੋਢੀ, ਇੰਦਰਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਗਿੱਲ, ਸਰਬਜੀਤ ਸਿੰਘ ਨਾਥਪੁਰ, ਅਜੀਤ ਸਿੰਘ ਸ਼ੰਕਰਪੁਰਾ, ਹਰਜੀਤ ਸਿੰਘ ਖੋਖਰ, ਡਾ. ਸਰੂਪ ਸਿੰਘ ਮਾਂਗਟ, ਨਿਸ਼ਾਨ ਸਿੰਘ (ਫਤਿਹਗੜ੍ਹ ਚੂੜੀਆਂ), ਰਾਜਵੰਤ ਸਿੰਘ ਸਰਫਕੋਟ, ਜੋਗਿੰਦਰ ਸਿੰਘ ਕਾਹਲੋਂ, ਨਿਰਵੈਰ ਸਿੰਘ ਭਾਗੋਵਾਲ, ਸੂਬਾ ਸਿੰਘ ਜੱਫਰਵਾਲ, ਨੀਟਾ ਸਿੰਘ ਦਿਆਲਗੜ੍ਹ, ਜਗੀਰ ਸਿੰਘ, ਮਨਜੀਤ ਸਿੰਘ, ਸਾਧਾ ਸਿੰਘ, ਕਮਲ ਸਿੰਘ ਗੋਲਡੀ, ਗੁਰਵਿੰਦਰ ਸਿੰਘ ਖੋਖਰ, ਸਤਨਾਮ ਸਿੰਘ ਵਾਵਦਪੁਰ, ਸੁਖਵਿੰਦਰ ਸਿੰਘ ਨਬੀਪੁਰ, ਭਾਈ ਦਲਜੀਤ ਸਿੰਘ ਸਟਾਕਟਨ, ਬਲਜੀਤ ਸਿੰਘ ਚਾਹਲਕਲਾਂ, ਬਲਜੀਤ ਸਿੰਘ ਰਾਜਾ, ਪ੍ਰਿੰ. ਪ੍ਰੀਤਮ ਸਿੰਘ ਨਾਹਲ, ਪਰਮਿੰਦਰ ਸਿੰਘ (ਰਣਸੀਂਹਕੇ), ਓ ਪੀ ਕਾਦੀਆਂ, ਜਤਿੰਦਰ ਸਿੰਘ ਸਾਹਬਾਜ, ਸਤਿੰਦਰ ਸਿੰਘ ਖੁਸ਼ਹਾਲਪੁਰ, ਲਖਬੀਰ ਸਿੰਘ ਢਕੋਹਾ, ਜਸਮੇਲ ਸਿੰਘ ਕਾਸ਼ਤੀਵਾਲ, ਜਸਪ੍ਰੀਤ ਸਿੰਘ ਵਿਰਕ, ਸੁਖਵਿੰਦਰ ਸਿੰਘ ਥਾਣਾ, ਅੰਮ੍ਰਿਤ ਸਿੰਘ ਬਟਾਲਾ, ਬਲਵੰਤ ਸਿੰਘ ਕਾਹਲਵਾਂ, ਸਵਿੰਦਰ ਸਿੰਘ ਛੀਨਾ, ਬਿਕਰਮਜੀਤ ਸਿੰਘ ਦਾਦੂਬੋਧ, ਸੁਰਿੰਦਰ ਸਿੰਘ ਖੱਤੀਬਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਭੁਪਿੰਦਰ ਸਿੰਘ ਚੀਮਾ ਫੋਨ 408-203-8054
ਬਲਜਿੰਦਰ ਸਿੰਘ ਸਾਰਚੂਰ ਫੋਨ 510-461-2219
ਨੀਟੂ ਸਿੰਘ ਕਾਹਲੋਂ ਫੋਨ 408-398-1474
ਹਰਪਾਲ ਸਿੰਘ ਚਾਹਲ ਫੋਨ 408-981-2842

ਕੁਲਵਿੰਦਰ ਸਿੰਘ ਰੂਪੋਵਾਲੀ ਫੋਨ 408-892-8147
ਅਰਵਿੰਦ ਸਿੰਘ ਫੋਨ 408-300-2500
ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ
ਫੋਨ 408-274-9373

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

# ਪ੍ਰੋ. ਭੁੱਲਰ ਦੀ ਰਿਹਾਈ ਲਈ ਵਿਧਾਨ ਸਭਾ 'ਚ ਮਤਾ ਪਾਸ ਕੀਤਾ ਜਾਵੇ: ਖਾਲੜਾ ਮਿਸ਼ਨ

ਅੰਮ੍ਰਿਤਸਰ: ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਤਿਹਾੜ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਬਚਾਉਣ ਲਈ ਤਾਮਿਲਨਾਡੂ ਸਰਕਾਰ ਵਾਂਗ ਅਕਾਲੀ ਸਰਕਾਰ ਵੀ ਵਿਧਾਨ ਸਭਾ 'ਚ ਫਾਂਸੀ ਰੱਦ ਕਰਨ ਦਾ ਮਤਾ ਪਾਸ ਕਰੇ।

ਸਵਰਗੀ ਜਸਵੰਤ ਸਿੰਘ ਖਾਲੜਾ ਦੀ ਬਰਸੀ ਮੌਕੇ ਜਥੇਬੰਦੀ ਦੇ ਕਾਰਕੁਨਾਂ ਨੇ 6 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਅਰਦਾਸ ਕੀਤੀ। ਸ. ਖਾਲੜਾ ਨੂੰ 6 ਸਤੰਬਰ 1995 ਨੂੰ ਅਗਵਾ ਕਰਕੇ ਲਾਪਤਾ ਕਰ ਦਿੱਤਾ ਗਿਆ ਸੀ ਤੇ ਮੁੜ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ। ਬਰਸੀ ਸਮਾਗਮ ਨੂੰ ਉਨ੍ਹਾਂ ਦੀ ਪਤਨੀ ਤੇ ਜਥੇਬੰਦੀ ਦੀ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ, ਜਥੇਬੰਦੀ ਦੇ ਪ੍ਰਧਾਨ ਹਰਮਨਦੀਪ ਸਿੰਘ ਸਰਹਾਲੀ, ਵਿਰਸਾ ਸਿੰਘ ਬਹਿਲਾ ਤੇ ਹੋਰ ਬੁਲਾਰਿਆਂ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਮੰਗ ਕੀਤੀ ਕਿ ਅਣਪਛਾਤੀਆਂ ਦੱਸ ਕੇ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਖੁਰਦ ਬੁਰਦ ਕਰਨ ਦੇ ਮਾਮਲੇ ਦੀ ਜਾਂਚ ਲਈ ਕੌਮੀ ਪੱਧਰ 'ਤੇ ਅਦਾਲਤੀ ਕਮਿਸ਼ਨ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਝੂਠੇ ਮੁਕਾਬਲੇ ਬਣਾ ਕੇ ਨੌਜਵਾਨਾਂ ਨੂੰ ਮਾਰਨ ਤੇ ਉਨ੍ਹਾਂ ਦੀਆਂ ਲਾਸ਼ਾਂ ਖੁਰਦ-ਬੁਰਦ ਕਰਨ ਦਾ ਮਾਮਲਾ ਹਾਲ ਹੀ ਵਿੱਚ ਜੰਮੂ-ਕਸ਼ਮੀਰ ਵਿਚ ਵੀ ਸਾਹਮਣੇ ਆਇਆ ਹੈ। ਇਸ ਤੋਂ ਇਲਾਵਾ ਮਨੀਪੁਰ, ਨਾਗਾਲੈਂਡ ਵਿਚ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ ਤੇ ਇਨ੍ਹਾਂ ਦੀ ਜਾਂਚ ਲਈ ਕੌਮੀ ਪੱਧਰ 'ਤੇ ਕਮਿਸ਼ਨ ਕਾਇਮ ਕੀਤਾ ਜਾਣਾ ਚਾਹੀਦਾ ਹੈ।

# ਕੈਪਟਨ ਨੇ ਵੱਡੇ ਘਾਟੇ ਬਾਰੇ ਸ਼੍ਰੋਮਣੀ ਕਮੇਟੀ ਤੋਂ ਸਪਸ਼ਟੀਕਰਨ ਮੰਗਿਆ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਖਾਤਿਆਂ 'ਚ 23 ਕਰੋੜ ਰੁਪਏ ਦੇ ਘਾਟੇ 'ਤੇ ਸਫਾਈ ਦੇਣ ਲਈ ਕਿਹਾ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਵੱਡੀ ਗਿਣਤੀ 'ਚ ਸੰਗਤ ਦੇ ਆਉਣ ਤੇ ਉਨ੍ਹਾਂ ਵੱਲੋਂ ਵੱਡੀ ਮਾਤਰਾ 'ਚ ਦਾਨ ਦੇਣ ਦੇ ਬਾਵਜੂਦ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਤੀ ਪੱਖੋਂ ਘਾਟੇ 'ਚ ਚੱਲ ਰਿਹਾ ਹੈ।

ਕੈਪਟਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਫੰਡਾਂ ਦੀ ਦੁਰਵਰਤੋਂ ਨੂੰ ਲੈ ਕੇ ਪਹਿਲਾਂ ਹੀ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ ਤੇ ਇਨ੍ਹਾਂ ਦੋਸ਼ਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਖਾਤੇ ਘਾਟੇ 'ਚ ਹੋਣ ਦੇ ਖੁਲਾਸੇ ਨੇ ਇਹ ਦੋਸ਼ ਸਾਬਤ ਕਰ ਦਿੱਤੇ ਹਨ। ਕੈਪਟਨ ਨੇ ਦੋਸ਼ ਲਾਇਆ ਕਿ ਮਿਲੀ ਜਾਣਕਾਰੀ ਅਨੁਸਾਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਫਾਦਾਰ ਵੱਲੋਂ ਕੰਟਰੋਲ ਕੀਤੇ ਜਾ ਰਹੇ ਕੇਬਲ ਚੈਨਲ ਵੀ ਕਰੀਬ 12 ਕਰੋੜ ਰੁਪਏ ਦਬਾਈ ਬੈਠੇ ਹਨ ਜੋ ਚੈਨਲ ਵੱਲੋਂ ਕੀਰਤਨ ਦੇ ਲਾਈਵ ਟੈਲੀਕਾਸਟ ਲਈ ਸ੍ਰੀ ਦਰਬਾਰ ਸਾਹਿਬ ਨੂੰ ਦੇਣਾ ਬਕਾਇਆ ਹੈ। ਉਨ੍ਹਾਂ ਕਿਹਾ ਕਿ ਇਹ ਸ਼੍ਰੋਮਣੀ ਕਮੇਟੀ ਦੀ ਖਰਾਬ ਕਾਰਗੁਜ਼ਾਰੀ ਦੀ ਮੂੰਹ ਬੋਲਦੀ ਤਸਵੀਰ ਹੈ ਕਿਉਂਕਿ 42 ਗੁਰਦੁਆਰਾ ਸਾਹਿਬ ਵਿੱਤੀ ਪੱਖੋਂ ਘਾਟੇ 'ਚ ਚੱਲ ਰਹੇ ਹਨ।

# ਬਾਬਾ ਰਾਮਦੇਵ ਖ਼ਿਲਾਫ਼ ਵਿਦੇਸ਼ੀ ਮੁਦਰਾ ਕਾਨੂੰਨ ਤਹਿਤ ਕੇਸ ਦਰਜ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਯੋਗ ਗੁਰੂ ਬਾਬਾ ਰਾਮ ਦੇਵ ਤੇ ਉਨ੍ਹਾਂ ਦੇ ਹਰਿਦੁਆਰ ਸਥਿਤ ਟਰੱਸਟਾਂ ਵਿਰੁੱਧ ਵਿਦੇਸ਼ੀ ਮੁਦਰਾ ਕਾਨੂੰਨ (ਫੇਮਾ) ਦੇ ਉਲੰਘਣ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਹੈ। ਇਸ ਨਾਲ ਯੋਗ ਗੁਰੂ ਸਮੱਸਿਆਵਾਂ ਵਿਚ ਘਿਰ ਗਏ ਹਨ।

ਹਾਸਲ ਜਾਣਕਾਰੀ ਅਨੁਸਾਰ ਈ.ਡੀ. ਨੇ ਭਾਰਤੀ ਰਿਜ਼ਰਵ ਬੈਂਕ ਤੇ ਵਿਦੇਸ਼ਾਂ ਤੋਂ ਮਿਲੀ ਜਾਣਕਾਰੀ ਦੇ ਅਧਾਰ 'ਤੇ ਕੇਸ ਦਰਜ ਕੀਤਾ ਹੈ। ਡਾਇਰੈਕਟੋਰੇਟ ਨੂੰ ਯੋਗ ਗੁਰੂ ਨੂੰ ਵਿਦੇਸ਼ ਤੋਂ ਮਿਲੇ ਪੈਸੇ ਬਾਰੇ ਸ਼ੱਕ ਪਿਆ ਹੈ ਕਿ ਇਹ ਪੈਸਾ ਕਥਿਤ ਗਲਤ ਢੰਗ ਨਾਲ ਦੇਸ਼ ਲਿਆਂਦਾ ਗਿਆ ਹੈ। ਇਸ ਕਰਕੇ ਈ.ਡੀ. ਨੇ ਵਿਦੇਸ਼ੀ ਮੁਦਰਾ ਮੈਨੇਜਮੈਂਟ ਐਕਟ (ਫੇਮਾ) ਤਹਿਤ ਕੇਸ ਦਰਜ ਕੀਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਅਧਿਕਾਰੀਆਂ ਨੇ ਬਰਤਾਨੀਆ ਸਥਿਤ ਅਧਿਕਾਰੀਆਂ ਨਾਲ ਸੰਪਰਕ ਵੀ ਸਾਧਿਆ ਸੀ ਤੇ ਉਨ੍ਹਾਂ ਕੋਲੋਂ ਇਸ ਗੱਲ ਦੀ ਜਾਣਕਾਰੀ ਹਾਸਲ ਕੀਤੀ ਸੀ ਕਿ ਯੋਗ ਗੁਰੂ ਨੇ ਸਕਾਟਲੈਂਡ ਵਿਚ ਇਕ ਟਾਪੂ ਕਿਵੇਂ ਪ੍ਰਾਪਤ ਕੀਤਾ ਹੈ।

ਕਿਹਾ ਜਾਂਦਾ ਹੈ ਕਿ ਇਹ ਟਾਪੂ ਕਿਸੇ ਨੇ ਯੋਗ ਗੁਰੂ ਨੂੰ ਤੋਹਫੇ ਵਿਚ ਦਿੱਤਾ ਸੀ। ਡਾਇਰੈਕਟੋਰੇਟ ਪਿਛਲੇ ਕਈ ਮਹੀਨਿਆਂ ਤੋਂ ਯੋਗ ਗੁਰੂ ਦੇ ਲੈਣ-ਦੇਣ ਦੀ ਘੋਖ ਕਰ ਰਿਹਾ ਸੀ। ਇਸ ਦੌਰਾਨ ਇਹ ਗੱਲ ਵੀ ਉਭਰਵੇਂ ਰੂਪ ਵਿਚ ਸਾਹਮਣੇ ਆਈ ਸੀ ਕਿ ਬਾਹਰੋਂ ਮਿਲਿਆ ਦਾਨ ਲੈਣ ਸਮੇਂ ਕਾਗਜ਼ੀ ਕਾਰਵਾਈ ਠੀਕ ਢੰਗ ਨਾਲ ਪੂਰੀ ਨਹੀਂ ਕੀਤੀ ਗਈ। ਕੇਂਦਰ ਸਰਕਾਰ ਨੇ ਉਸ ਸਮੇਂ ਯੋਗ ਗੁਰੂ ਖਿਲਾਫ ਕਾਰਵਾਈ ਤੇਜ਼ ਕਰ ਦਿੱਤੀ ਸੀ ਕਿ ਜਦੋਂ ਉਨ੍ਹਾਂ ਭਾਰਤ ਦੇ ਵਿਦੇਸ਼ਾਂ ਵਿਚਲੇ ਕਾਲੇ ਧਨ ਤੇ ਭ੍ਰਿਸ਼ਟਾਚਾਰ ਦੇ ਮੁੱਦੇ ਉਠਾਉਣੇ ਸ਼ੁਰੂ ਕੀਤੇ ਸਨ। ਇਸ ਦੌਰਾਨ ਉਹ ਖੁਦ ਵੀ ਇਨ੍ਹਾਂ ਮਾਮਲਿਆਂ ਵਿਚ ਘਿਰਦੇ ਨਜ਼ਰ ਆਏ। ਮਾਹਿਰਾਂ ਦਾ ਕਹਿਣਾ ਹੈ ਕਿ ਯੋਗ ਗੁਰੂ ਟਾਪੂ ਦੇ ਮਾਮਲੇ ਵਿਚ ਭਾਵੇਂ ਨਾ ਫਸਣ ਕਿਉਂਕਿ ਟਾਪੂ ਉਨ੍ਹਾਂ ਨੂੰ ਤੋਹਫੇ ਵਿਚ ਮਿਲਿਆ ਹੈ ਪਰ ਉਹ ਹੋਰ ਮਾਮਲਿਆਂ ਵਿਚ ਫਸ ਸਕਦੇ ਹਨ।

## ਡਾ. ਇੰਦਰਜੀਤ ਸਿੰਘ ਬਣੇ ਬਰਤਾਨੀਆ ਦੇ ਪਹਿਲੇ ਸਿੱਖ ਸੰਸਦ ਮੈਂਬਰ

**ਲੰਡਨ:** ਕਈ ਸਿੱਖ ਸੰਗਠਨਾਂ ਨਾਲ ਸਬੰਧਤ ਚੈਰਿਟੀ ਦੇ ਡਾਇਰੈਕਟਰ 79 ਸਾਲਾ ਡਾ. ਇੰਦਰਜੀਤ ਸਿੰਘ ਬਰਤਾਨੀਆ ਦੇ ਪਹਿਲੇ ਸਿੱਖ ਸੰਸਦ ਮੈਂਬਰ ਬਣ ਗਏ ਹਨ ਜੋ ਸੰਸਦ 'ਚ ਆਜ਼ਾਦ ਮੈਂਬਰ ਵੱਜੋਂ ਬੈਠਣਗੇ।

ਉਨ੍ਹਾਂ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਲੋਕਾਂ ਦੀ ਭਲਾਈ ਲਈ ਉਹ ਕੰਮ ਕਰਨ ਦਾ ਮੌਕਾ ਮਿਲੇਗਾ ਜੋ ਉਹ ਹਮੇਸ਼ਾ ਕਰਨ ਦੀ ਕੋਸ਼ਿਸ਼ ਕਰਦਾ ਰਹੇ ਹਨ। ਬਰਤਾਨੀਆ ਦੀ ਸੰਸਦ 'ਚ ਪਾਲ ਉੱਪਲ ਸਮੇਤ ਪਹਿਲਾਂ ਹੋਰ ਵੀ ਸਿੱਖ ਮੈਂਬਰ ਹਨ ਪਰ ਉਹ ਪੱਗ ਨਹੀਂ ਬੰਨ੍ਹਦੇ। ਹਾਲ ਹੀ 'ਚ ਬਰਤਾਨੀਆ ਦੇ ਦੰਗਿਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਾਰੇ ਧਰਮਾਂ ਦੇ ਲੋਕਾਂ ਨਾਲ ਮਿਲਕੇ ਕੰਮ ਕਰਨਗੇ।



ਸਿੱਖ ਫਲਸਫੇ ਦੀ ਵਿਲੱਖਣ ਢੰਗ ਨਾਲ ਵਿਆਖਿਆ ਕਰਨ ਵਾਲੇ ਪੰਥ ਪ੍ਰਸਿਧ ਕਥਾਵਾਚਕ ਬੀਬੀ ਹਰਪ੍ਰੀਤ ਕੌਰ ਖਾਲਸਾ ਇਨ੍ਹੀਂ ਦਿਨੀਂ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਸਰੀ (ਕੈਨੇਡਾ) ਵਿਚ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 604-441-5844 'ਤੇ ਹੋ ਸਕਦਾ ਹੈ।

*(ਫੋਟੋ ਤੇ ਵੇਰਵਾ: ਦੁਪਾਲਪੁਰ)*

# ਸੀਰਤ ਅਤੇ ਸੂਰਤ ਦਾ ਸੁਮੇਲ-ਗੁਗਨੀ ਗਿੱਲ

**ਮਾਨ ਮਨਦੀਪ**

ਜਿਹੜੇ ਪਾਠਕ 1995 ਦੇ ਵੇਲੇ ਦੀਆਂ ਪੰਜਾਬੀ ਫਿਲਮਾਂ ਦੇਖਦੇ ਰਹੇ ਹਨ, ਉਨ੍ਹਾਂ ਲਈ ਗੁਗਨੀ ਗਿੱਲ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਗੁਗਨੀ ਦਾ ਜਨਮ 20 ਦਸੰਬਰ ਨੂੰ ਅਫਰੀਕਾ ਵਿਚ ਹੋਇਆ ਅਤੇ ਪਾਲਣ-ਪੋਸ਼ਣ ਵੀ ਉਥੇ ਹੀ ਹੋਇਆ। ਗੁਗਨੀ ਦਾ ਪੰਜਾਬੀ ਸਭਿਆਚਾਰ ਨਾਲ ਜੁੜਨਾ ਵੀ ਇਕ ਸਬੱਬ ਹੈ।

ਹੋਇਆ ਇੰਜ ਕਿ ਗੁਗਨੀ ਅਫਰੀਕਾ ਤੋਂ ਪੜ੍ਹਾਈ ਕਰਨ ਵਾਸਤੇ ਇੰਡੀਆ ਗਈ। ਮਨੋਰੰਜਨ ਜਗਤ ਵੱਲ ਧਿਆਨ ਹੋਣ ਕਾਰਨ ਉਹਨੇ ਮਾਡਲਿੰਗ ਸ਼ੁਰੂ ਕਰ ਦਿੱਤੀ। ਉਨ੍ਹਾਂ ਦਿਨਾਂ ਵਿਚ ਦਾਰਾ ਸਿੰਘ ਆਪਣੇ ਬੇਟੇ ਬਿੰਦੂ ਅਤੇ ਨੂੰਹ ਫਰਹਾ ਨੂੰ ਲੈ ਕੇ ਪੰਜਾਬੀ ਫਿਲਮ 'ਰੱਬ ਦੀਆਂ ਰੱਖਾਂ' ਬਣਾ ਰਹੇ ਸਨ। ਉਨ੍ਹਾਂ ਨੂੰ ਫਿਲਮ ਲਈ ਨਵੇਂ ਚਿਹਰੇ ਦੀ ਲੋੜ ਸੀ ਅਤੇ ਗੁਗਨੀ ਬਾਰੇ ਉਹ ਜਾਣਦੇ ਸਨ ਕਿ ਇਹ ਕੁੜੀ ਹੁਣੇ ਹੀ ਮਿਸ ਪੰਜਾਬ ਚੁਣੀ ਗਈ ਹੈ। ਉਨ੍ਹਾਂ ਤੁਰੰਤ ਗੁਗਨੀ ਨਾਲ ਸੰਪਰਕ ਕੀਤਾ।

ਆਮ ਪੰਜਾਬੀ ਮਾਪਿਆਂ ਤੋਂ ਉਲਟ ਗੁਗਨੀ ਦੇ ਪਿਤਾ ਨੇ ਉਹਨੂੰ ਕਿਹਾ ਕਿ ਤੈਨੂੰ ਇਹ ਮੌਕਾ ਗਵਾਉਣਾ ਨਹੀਂ ਚਾਹੀਦਾ! ਇਉਂ ਗੁਗਨੀ ਦਾਰਾ ਸਿੰਘ ਦੀ ਖੋਜ ਬਣੀ। ਇਸ ਤੋਂ ਬਾਅਦ ਗੁਗਨੀ ਨੂੰ ਕਈ ਫਿਲਮਾਂ ਦੀ ਆਫਰ ਆਈ ਜਿਨ੍ਹਾਂ ਵਿਚੋਂ 'ਬਦਲਾ', 'ਜਗੀਰ' ਅਤੇ 'ਵਸੀਅਤ' ਵਰਗੀਆਂ ਫਿਲਮਾਂ ਵਿਚ ਉਸ ਨੇ ਉਸ ਸਮੇਂ ਦੇ ਸਟਾਰ ਗੁੱਗੂ ਗਿੱਲ, ਯੋਗਰਾਜ ਤੇ



*ਗੁਗਨੀ ਗਿੱਲ*

ਸੁਖਜਿੰਦਰ ਸ਼ੇਰਾ ਨਾਲ ਕੰਮ ਕੀਤਾ। ਨਾਲ ਹੀ ਮਾਡਲਿੰਗ ਅਤੇ ਇਸ਼ਤਿਹਾਰਾਂ ਵਿਚ ਕੰਮ ਜਾਰੀ ਰੱਖਿਆ।

ਜ਼ਿਕਰਯੋਗ ਹੈ ਕਿ ਗੁਗਨੀ ਦੀ ਭੈਣ ਮਾਹੀ ਗਿੱਲ ਵੀ ਮਿਸ ਨਾਰਥ ਇੰਡੀਆ ਰਹਿ ਚੁੱਕੀ ਹੈ। ਗੁਗਨੀ ਨੇ ਬਹੁਤ ਸਾਰੇ ਚੈਰਿਟੀ ਸ਼ੋਆਂ ਵਿਚ ਭਾਗ ਲੈ ਕੇ ਦੀਨ-ਦੁਖੀਆਂ ਦੀ ਮਦਦ ਵੀ ਕੀਤੀ। ਉਸ ਨੂੰ ਦੇਸ਼-ਵਿਦੇਸ਼ ਵਿਚ ਬਹੁਤ ਸਾਰੇ ਮਾਣ-ਸਨਮਾਨ ਮਿਲੇ ਜਿਨ੍ਹਾਂ ਵਿਚ ਸਮਿਤਾ ਪਾਟਿਲ ਯਾਦਗਾਰੀ ਐਵਾਰਡ ਵੀ ਸ਼ਾਮਲ ਹੈ। ਸੰਨ 2000 ਵਿਚ ਗੁਗਨੀ ਦਾ ਵਿਆਹ ਕੈਨੇਡਾ ਪੁਲਿਸ ਮਹਿਕਮੇ ਵਿਚ ਕੰਮ ਕਰਦੇ ਗੁਰਦੀਪ ਪਨੈਚ ਨਾਲ ਹੋ ਗਿਆ। ਵਿਆਹ ਤੋਂ ਬਾਅਦ ਵੀ ਗੁਗਨੀ ਨੇ ਸਭਿਆਚਾਰਕ ਸਰਗਰਮੀਆਂ ਜਾਰੀ ਰੱਖੀਆਂ। ਅੱਜ ਕੱਲ੍ਹ ਗੁਗਨੀ ਗਿੱਲ ਟੋਰਾਂਟੋ ਵਿਚ ਇਕ ਬੈਂਕ ਦੀ ਨੌਕਰੀ ਦੇ ਨਾਲ-ਨਾਲ ਲੋਕਲ ਟੀ.ਵੀ. ਐਂਕਰ, ਰੇਡੀਓ ਹੋਸਟ ਅਤੇ ਸਟੇਜ ਐਂਕਰ ਦੇ ਤੌਰ 'ਤੇ ਕੰਮ ਕਰ ਰਹੀ ਹੈ।

ਗੁਗਨੀ ਵਿਹਲੇ ਸਮੇਂ ਵਿਚ ਚੈਰਿਟੀ ਦਾ ਕੰਮ ਅਤੇ ਉਸਾਰੂ ਸੋਚ ਵਾਲੀਆਂ ਕਿਤਾਬਾਂ ਪੜ੍ਹਨ ਦੇ ਨਾਲ ਆਪਣੇ ਦੋ ਬੇਟਿਆਂ ਅਤੇ ਪਤੀ ਨਾਲ ਭਰਪੂਰ ਜ਼ਿੰਦਗੀ ਜਿਉਂ ਰਹੀ ਹੈ। ਰੱਬ ਹਮੇਸ਼ਾ ਗੁਗਨੀ ਨੂੰ ਫੁੱਲਾਂ ਵਾਂਗ ਖਿੜਿਆ ਰੱਖੇ। ਗੁਗਨੀ ਬਾਰੇ ਗਾਲਿਬ ਦਾ ਸ਼ੇਅਰ ਅਰਜ਼ ਹੈ:

"ਯੇ ਪਰੀ ਚੇਹਰਾ ਲੋਗ ਕੈਸੇ ਹੈਂ
ਗ਼ਮਜ਼ਾ-ਓ-ਇਸ਼ਵਾ-ਓ-ਅਦਾ ਕਯਾ ਹੈ।"

# ਅਮਰੀਕੀ ਪੁਲਿਸ 'ਚ ਸਾਬਤ ਸੂਰਤ ਸਿੱਖਾਂ ਨੂੰ ਭਰਤੀ ਦੀ ਆਗਿਆ



*'ਵਰਕਪਲੇਸ ਰਿਲੀਜੀਅਸ ਫਰੀਡਮ' ਬਿੱਲ 'ਤੇ ਸਹੀ ਪਾਉਂਦੇ ਨਿਊਯਾਰਕ ਦੇ ਮੇਅਰ ਮਾਈਕਲ ਬਲੂਮਬਰਗ।*

**ਨਿਊਯਾਰਕ:** ਅਮਰੀਕਾ ਵਿਚ ਸਿੱਖ ਹੁਣ ਪੁਲਿਸ ਵਿਭਾਗ ਤੇ ਜਾਂਚੇ ਬਾਰੇ ਅਥਾਰਟੀ ਜਿਹੇ ਸੰਘੀ ਅਦਾਰਿਆਂ ਵਿਚ ਆਪਣੀ ਧਾਰਮਿਕ ਪਛਾਣ ਸਮੇਤ ਸਾਬਤ ਸੂਰਤ ਨੌਕਰੀਆਂ ਕਰ ਸਕਣਗੇ। ਨਿਊਯਾਰਕ ਦੇ ਮੇਅਰ ਮਾਈਕਲ ਬਲੂਮਬਰਮ ਨੇ ਬਿੱਲ 'ਤੇ ਸਹੀ ਪਾ ਕੇ ਇਸ ਨੂੰ ਕਾਨੂੰਨ ਦਾ ਰੂਪ ਦੇ ਦਿੱਤਾ ਹੈ। ਇਸ ਬਿੱਲ ਤਹਿਤ ਲੋਕ ਕੰਮਕਾਰ ਵਾਲੀ ਥਾਂ ਵੀ ਆਪਣੇ ਧਾਰਮਿਕ ਅਕੀਦੇ ਮੁਤਾਬਕ ਵਿਚਰ ਸਕਣਗੇ। 'ਵਰਕਪਲੇਸ ਰਿਲੀਜੀਅਸ ਫਰੀਡਮ' ਬਿੱਲ ਨਾਗਰਿਕ ਹੱਕਾਂ ਬਾਰੇ ਜਥੇਬੰਦੀ ਸਿੱਖ ਕੁਲੀਸ਼ਨ ਨੇ ਲਿਆਂਦਾ ਸੀ ਤੇ ਕੁਈਨਜ਼ ਦੇ ਡੈਮੋਕਰੇਟ ਕੌਂਸਲ ਮੈਂਬਰ ਮਾਰਕ ਵੇਪਰਿਨ ਨੇ ਇਸ ਨੂੰ ਸਪਾਂਸਰ ਕੀਤਾ ਸੀ।

ਕਾਨੂੰਨ 'ਤੇ ਸਹੀ ਪਾਉਂਦਿਆਂ ਬਲੂਮਬਰਮ ਨੇ ਕਿਹਾ ਕਿ ਰੁਜ਼ਗਾਰਦਾਤਿਆਂ ਨੂੰ ਮੁਲਾਜ਼ਮਾਂ ਨੂੰ ਆਪਣਾ ਧਾਰਮਿਕ ਅਕੀਦਾ ਬਣਾਈ ਰੱਖਣ ਦੀ ਖੁੱਲ੍ਹ ਦੇਣ ਦੀ ਗੁੰਜਾਇਸ਼ ਰੱਖਣੀ ਚਾਹੀਦੀ ਹੈ, ਬਸ਼ਰਤੇ ਕਿ ਇਸ ਨਾਲ ਕੋਈ 'ਬੇਲੋੜਾ ਬੋਝ ਜਾਂ ਤੰਗੀ' ਪੈਦਾ ਨਾ ਹੁੰਦੀ ਹੋਵੇ। ਇਹ ਤੰਗੀ ਜਾਂ ਬੋਝ ਤੋਂ ਭਾਵ ਕਿਸੇ ਵਿਸ਼ੇਸ਼ ਖਰਚੇ ਜਾਂ ਹੋਰ ਔਖ ਤੋਂ ਹੈ। ਵੇਪਰਿਨ ਨੇ ਕਿਹਾ ਕਿ ਇਸ ਬਿੱਲ ਨਾਲ ਹੁਣ ਇਹ ਸੁਨੇਹਾ ਜਾਏਗਾ ਕਿ ਲੋਕਾਂ ਨੂੰ ਆਪਣੇ ਸ਼ਹਿਰ ਦੀ ਸੇਵਾ ਜਾਂ ਆਪਣੇ ਧਾਰਮਿਕ ਅਕੀਦਿਆਂ 'ਚੋਂ ਕਿਸੇ ਇਕ ਦੀ ਪਛਾਣ ਨਹੀਂ ਕਰਨੀ ਪਏਗੀ। ਸਾਰੇ ਅਮਰੀਕੀਆਂ ਨੂੰ ਦੇਸ਼ ਦੇ ਸੰਵਿਧਾਨ ਵੱਲੋਂ ਮਿਲੀ ਆਜ਼ਾਦੀ ਮਾਨਣ ਦਾ ਹੱਕ ਹੈ।

ਸਿੱਖ ਕੁਲੀਸ਼ਨ ਦੇ ਪ੍ਰੋਗਰਾਮ ਡਾਇਰੈਕਟਰ ਤੇ ਸਹਿ ਬਾਨੀ ਅਮਰਦੀਪ ਸਿੰਘ ਨੇ ਕਿਹਾ ਕਿ ਇਸ ਕਾਨੂੰਨ ਰਾਹੀਂ ਅਮਰੀਕਾ ਵਿਚ ਘੱਟ-ਗਿਣਤੀ ਸਿੱਖਾਂ ਤੇ ਮੁਸਲਮਾਨਾਂ ਨੂੰ ਹੁਣ ਇਹ ਯਕੀਨ ਬੱਝੇਗਾ ਕਿ ਆਪਣੀ ਧਾਰਮਿਕ ਪਛਾਣ ਬਣਾਈ ਰੱਖਣ ਵਿਚ ਉਨ੍ਹਾਂ ਦੇ ਮਾਲਕ ਉਨ੍ਹਾਂ ਨਾਲ ਪੱਖਪਾਤ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਸਿੱਖਾਂ ਤੇ ਹੋਰ ਘੱਟ-ਗਿਣਤੀ ਧਾਰਮਿਕ ਭਾਈਚਾਰਿਆਂ 'ਚ ਇਹ ਯਕੀਨੀ ਬਣਾਉਣ ਲਈ ਵੱਡਾ ਉਪਰਾਲਾ ਸਾਬਤ ਹੋਏਗਾ ਕਿ ਜਿਨ੍ਹਾਂ ਨੌਕਰੀਆਂ ਲਈ ਉਹ ਯੋਗ ਹਨ, ਉਨ੍ਹਾਂ ਤੋਂ ਉਨ੍ਹਾਂ ਨੂੰ ਅਨਿਆਂ-ਪੂਰਨ ਢੰਗ ਨਾਲ ਰੋਕਿਆ ਨਹੀਂ ਗਿਆ। ਉਨ੍ਹਾਂ ਦੱਸਿਆ ਕਿ ਨਿਊਯਾਰਕ ਪੁਲੀਸ ਡਿਪਾਰਟਮੈਂਟ (ਐਨ.ਵਾਈ.ਪੀ.ਡੀ.) ਵੱਲੋਂ ਕਈ ਸਿੱਖਾਂ ਨੂੰ ਕਿਹਾ ਗਿਆ ਸੀ ਕਿ ਟਰੈਫਿਕ ਏਜੰਟਾਂ ਵਜੋਂ ਉਹ ਪੱਗ ਨਹੀਂ ਬੰਨ ਸਕਦੇ। ਇਸੇ ਤਰ੍ਹਾਂ ਮੈਟਰੋਪਾਲੇਟਿਨ ਟਰਾਂਜ਼ਿਟ ਅਥਾਰਟੀ (ਐਮ.ਟੀ.ਏ.) ਵਿਚ ਮੁਸਲਮਾਨ ਕਾਮਿਆਂ ਨੂੰ ਆਪਣੇ ਸਿਰ ਦੇ ਕੱਪੜੇ 'ਤੇ ਐਮ.ਟੀ.ਏ. ਦਾ ਲੋਗੋ ਲਾਉਣ ਦਾ ਜ਼ੋਰ ਪਾਇਆ ਗਿਆ ਸੀ।

## ਔਰਤਾਂ ਮੁਕਾਬਲੇ ਬੰਦਿਆਂ ਨੂੰ ਆਉਂਦੀ ਹੈ ਘੱਟ ਗੂੜ੍ਹੀ ਨੀਂਦ

**ਲੰਡਨ:** ਔਰਤਾਂ ਦੇ ਮੁਕਾਬਲੇ ਪੁਰਸ਼ਾਂ ਨੂੰ ਗੂੜ੍ਹੀ ਨੀਂਦ ਘੱਟ ਆਉਂਦੀ ਹੈ ਜਿਸ ਕਰਕੇ ਉਨ੍ਹਾਂ ਲਈ ਦਿਲ ਦੇ ਦੌਰੇ ਤੇ ਹਾਈ ਬਲੱਡ ਪ੍ਰੈਸ਼ਰ ਦਾ ਖ਼ਤਰਾ ਵੱਧ ਰਹਿੰਦਾ ਹੈ। ਹਾਰਵਰਡ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਇਹ ਵੀ ਪਤਾ ਲਾਇਆ ਕਿ ਅਕਸਰ ਪੁਰਸ਼ ਰਾਤ ਨੂੰ ਨੀਂਦ ਦੌਰਾਨ ਉਠ ਖਲੋਂਦੇ ਹਨ ਤੇ ਕਈ ਵਾਰ ਤਾਂ ਉਹ ਆਪਣੇ ਹੀ ਘਰਾੜਿਆਂ ਕਾਰਨ ਜਾਗ ਪੈਂਦੇ ਹਨ। ਇਵੇਂ ਉਹ ਕਈ ਘੰਟੇ ਗੂੜ੍ਹੀ ਨਿਰਵਿਘਨ ਨੀਂਦ ਨਹੀਂ ਲੈ ਪਾਉਂਦੇ। 'ਡੇਲੀ ਮੇਲ' ਦੀ ਰਿਪੋਰਟ ਅਨੁਸਾਰ ਜਿਹੜੇ ਵਿਅਕਤੀ ਇਸ ਤਰ੍ਹਾਂ ਦੀ ਗੂੜ੍ਹੀ ਨੀਂਦ ਨਹੀਂ ਸੌਂ ਸਕਦੇ, ਉਨ੍ਹਾਂ ਲਈ ਹਾਈ ਬਲੱਡ ਪ੍ਰੈਸ਼ਰ ਦਾ ਖ਼ਤਰਾ ਵਧ ਜਾਂਦਾ ਹੈ। ਇਹ ਖੋਜ ਅਮੇਰਿਕਨ ਹਾਰਟ ਐਸੋਸੀਏਸ਼ਨ ਦੀ ਪੱਤ੍ਰਿਕਾ ਵਿਚ ਛਪੀ ਹੈ।

# ਸਿੱਖ ਮੈਰਿਜ ਐਕਟ-ਸਿੱਖਸ ਫਾਰ ਜਸਟਿਸ ਵਲੋਂ ਸੰਯੁਕਤ ਰਾਸ਼ਟਰ ਨੂੰ ਮੰਗ ਪੱਤਰ

**ਨਿਊ ਯਾਰਕ (ਬਿਊਰੋ):** ਭਾਰਤ ਸਰਕਾਰ ਵਲੋਂ ਸਿੱਖਾਂ ਲਈ ਵੱਖਰਾ ਅਨੰਦ ਮੈਰਿਜ ਐਕਟ ਲਾਗੂ ਕਰਨ ਤੋਂ ਇਨਕਾਰ ਕਰਨ 'ਤੇ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਸੰਯੁਕਤ ਰਾਸ਼ਟਰ ਦੇ ਧਾਰਮਿਕ ਆਜ਼ਾਦੀ ਬਾਰੇ ਵਿਸ਼ੇਸ਼ ਪ੍ਰਤੀਨਿਧ ਹੀਨਰ ਬੈਲੀਫੈਲਟ ਨੂੰ ਇਕ ਮੰਗ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਸੰਯੁਕਤ ਰਾਸ਼ਟਰ ਇਸ ਮਾਮਲੇ ਵਿਚ ਫੌਰੀ ਦਖ਼ਲ ਦੇਵੇ ਤੇ ਸਿੱਖ ਧਰਮ ਦੇ ਆਜ਼ਾਦ ਰੁਤਬੇ ਦੀ ਬਹਾਲੀ ਲਈ ਭਾਰਤੀ ਸਵਿਧਾਨ ਦੀ ਧਾਰਾ 25 ਵਿਚ ਸੋਧ ਕਰਨ ਲਈ ਮਨਮੋਹਨ ਸਿੰਘ ਸਰਕਾਰ 'ਤੇ ਦਬਾਅ ਪਾਵੇ।

ਜ਼ਿਕਰਯੋਗ ਹੈ ਕਿ ਹਾਲ ਵਿਚ ਭਾਰਤ ਸਰਕਾਰ ਨੇ ਸਿੱਖਾਂ ਦੇ ਵਿਆਹਾਂ ਦੀ ਰਜਿਸਟਰੇਸ਼ਨ ਲਈ ਕਾਨੂੰਨ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ ਜਦ ਕਿ ਮੁਸਲਮਾਨਾਂ, ਪਾਰਸੀਆਂ, ਇਸਾਈਆਂ ਤੇ ਯਹੂਦੀਆਂ ਲਈ ਵਖਰੇ ਕਾਨੂੰਨ ਪਹਿਲਾਂ ਹੀ ਮੌਜੂਦ ਹਨ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਜਦੋਂ ਤੋਂ ਭਾਰਤੀ ਸੰਵਿਧਾਨ ਦੀ ਧਾਰਾ 25 ਦਾ ਐਲਾਨ ਹੋਇਆ ਹੈ ਸਿੱਖ ਉਦੋਂ ਤੋਂ ਹੀ ਇਸ ਦਾ ਵਿਰੋਧ ਕਰਦੇ ਆ ਰਹੇ ਹਨ। ਅਟਾਰਨੀ ਪੰਨੂ ਨੇ ਅਗੇ ਕਿਹਾ ਕਿ ਅੱਜ ਤੱਕ ਭਾਰਤ ਸਰਕਾਰ ਨੇ ਸਿੱਖ ਧਰਮ ਦੇ ਵਖਰੇ ਰੁਤਬੇ ਨੂੰ ਮਾਨਤਾ ਨਹੀਂ ਦਿੱਤੀ।

ਸੰਯੁਕਤ ਰਾਸ਼ਟਰ ਨੂੰ ਸੌਂਪੇ ਗਏ ਮੰਗ ਪੱਤਰ ਵਿਚ ਦਸਿਆ ਗਿਆ ਹੈ ਕਿ ਭਾਰਤੀ ਸਵਿਧਾਨ ਦੀ ਧਾਰਾ 25 ਯੂਨੀਵਰਸਲ ਡੈਕਲਾਰੇਸ਼ਨ ਆਫ ਹਿਊਮਨ ਰਾਈਟਸ, ਧਰਮ ਦੇ ਆਧਾਰ 'ਤੇ ਕਿਸੇ ਵੀ ਤਰਾਂ ਦੀ ਅਸਹਿਣਸ਼ੀਲਤਾ ਤੇ ਵਿਤਕਰੇ ਨੂੰ ਖਤਮ ਕਰਨ ਬਾਰੇ ਯੂ ਐਨ ਡੈਕਲਾਰੇਸ਼ਨ ਅਤੇ ਸ਼ਹਿਰੀ ਤੇ ਸਿਆਸੀ ਹਕਾਂ ਬਾਰੇ ਕੌਮਾਂਤਰੀ ਸੰਧੀ ਦੀ ਉਲੰਘਣਾ ਕਰਦੀ ਹੈ। ਸਿੱਖਾਂ ਨਾਲ ਕੀਤੇ ਗਏ ਇਸ ਵਿਤਕਰੇ ਬਾਰੇ ਸਿੱਖ ਜਗਤ ਵਿਚ ਜਾਗਰੂਕਤਾ ਫੈਲਾਉਣ, ਸਮਰਥਨ ਜੁਟਾਉਣ ਲਈ ਸਿੱਖਸ ਫਾਰ ਜਸਟਿਸ ਨੇ ਕੌਮਾਂਤਰੀ ਪਧਰ 'ਤੇ 'ਸਿੱਖ ਹੋਣ 'ਤੇ ਮਾਣ ਹੈ' ਲਹਿਰ ਸ਼ੁਰੂ ਕੀਤੀ ਹੈ।

ਸਿੱਖਸ ਫਾਰ ਜਸਟਿਸ ਦੇ ਯੂਥ ਕੋਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਅਨੁਸਾਰ 'ਸਿੱਖ ਹੋਣ 'ਤੇ ਮਾਣ ਹੈ' ਲਹਿਰ ਤਹਿਤ ਦਸ ਲਖ ਦਸਤਖ਼ਤ ਇਕੱਠੇ ਕਰਨ ਲਈ ਸਮੁੱਚੇ ਵਿਸ਼ਵ ਵਿਚ ਕਾਨਫਰੰਸਾਂ ਕੀਤੀਆਂ ਜਾਣਗੀਆਂ।

# ਸੱਚ ਬੋਲਣਾ ਵੀ 'ਮਰਿਆਦਾ' ਦਾ ਉਲੰਘਣ ਹੋ ਗਿਆ




'ਮਰਿਆਦਾ' ਕੀ ਏ ਤੇ ਇਸ ਦਾ ਪਾਲਣ ਕਿਵੇਂ ਹੋਵੇ, ਇਸ ਬਾਰੇ ਡੇਢ ਕੁ ਹਫ਼ਤਾ ਪਹਿਲਾਂ ਸਾਡੇ ਵਾਂਗ ਬਹੁਤਿਆਂ ਨੂੰ ਨਹੀਂ ਸੀ ਪਤਾ! ਭਲਾ ਹੋਵੇ ਉਨ੍ਹਾਂ ਦੱਸਣ ਵਾਲਿਆਂ ਦਾ, ਜੋ 'ਮਹਾਨ ਭਾਰਤ' ਦੀ ਅਗਵਾਈ ਕਰਦੇ ਨੇ। ਅਗਵਾਈ ਕਰਨ ਵਾਲਿਆਂ ਮੁਤਾਬਕ, ਜਦੋਂ ਚੋਰ ਨੂੰ 'ਚੋਰ' ਆਖਿਆ ਜਾਂਦੈ, ਅਨਪੜ੍ਹ ਨੂੰ 'ਅਨਪੜ੍ਹ', ਨਲਾਇਕ ਨੂੰ 'ਨਲਾਇਕ', ਉਦੋਂ 'ਮਰਿਆਦਾ' ਭੰਗ ਹੋ ਜਾਂਦੀ ਏ। ਇਨ੍ਹਾਂ ਮੁਤਾਬਕ, 'ਜਦੋਂ ਇਹ ਕਿਹਾ ਜਾਵੇ ਕਿ ਫ਼ਲਾਣੇ ਲੋਕ ਨਜ਼ਰਾਂ ਮਿਲਾਉਣੀਆਂ ਨਹੀਂ ਜਾਣਦੇ, ਸਗੋਂ ਘੁੰਡ ਕੱਢ ਨਸ਼ਤਰ ਛੱਡਦੇ ਨੇ' ਤਾਂ 'ਮਰਿਆਦਾ' ਛਿੱਕੇ ਟੰਗੀ ਜਾਂਦੀ ਏ। ਉਂਜ ਭਾਵੇਂ ਮੂਰਖਾਂ ਨੂੰ ਵੀ ਪਤਾ ਹੈ ਕਿ ਇਸ ਨੂੰ 'ਮਰਿਆਦਾ' ਭੰਗ ਕਰਨਾ ਨਹੀਂ, ਸੱਚੀਆਂ ਸੁਣਾਉਣਾ ਕਿਹਾ ਜਾਂਦੈ, ਪਰ 'ਚੋਰ ਦੀ ਦਾੜ੍ਹੀ 'ਚ ਤਿਣਕਾ' ਹੁੰਦੈ ਤੇ ਉਹਨੂੰ ਲੱਗਦੈ ਕਿ ਹਰ ਗੱਲ ਉਸੇ ਬਾਰੇ ਹੋ ਰਹੀ ਏ।

ਅੰਨਾ ਹਜ਼ਾਰੇ ਦੇ ਅੰਦੋਲਨ ਦੌਰਾਨ ਸਟੇਜ 'ਤੇ ਬੜਿਆਂ ਨੇ ਭ੍ਰਿਸ਼ਟਾਚਾਰ ਖਿਲਾਫ਼ ਭਾਸ਼ਣ ਦਿੱਤੇ। ਕੁਝ ਕੇਂਦਰ ਸਰਕਾਰ ਦੀਆਂ ਤਿਕੜਮਬਾਜ਼ੀਆਂ ਅਤੇ ਜਨ ਲੋਕਪਾਲ ਦੀ ਮੰਗ ਨਾ ਮੰਨਣ ਦੇ ਗੁੱਸੇ ਵਜੋਂ ਵੀ ਸਨ। ਫ਼ਿਲਮੀ ਕਲਾਕਾਰਾਂ ਤੋਂ ਲੈ ਕੇ ਸਵਾਮੀ ਤੱਕ ਬੋਲੇ, ਸਿੱਟਾ ਇਹ ਨਿਕਲਿਆ ਕਿ ਸੰਸਦ ਵਿਚ ਉਸ ਗੱਲ ਦੀ ਹਾਮੀ ਭਰਨੀ ਪਈ, ਜੋ ਪਹਿਲਾਂ ਥੱਲੇ ਲੱਗਣ ਨਾਲ ਜੁੜੀ ਸਮਝੀ ਜਾਂਦੀ ਸੀ।

ਇਸ ਸਭ ਦੌਰਾਨ ਇੱਕ ਗੱਲ ਨੇ ਹਵਾ ਫੜ ਲਈ ਕਿ ਹਿੰਦੀ ਫ਼ਿਲਮਾਂ ਦੇ ਅਦਾਕਾਰ ਓਮ ਪੁਰੀ ਅਤੇ ਅੰਨਾ ਹਜ਼ਾਰੇ ਅੰਦੋਲਨ ਦੀ ਹਮਾਇਤੀ ਕਿਰਨ ਬੇਦੀ ਨੇ ਸੰਸਦ ਅਤੇ ਇਸ ਦੇ ਮੈਂਬਰਾਂ ਬਾਰੇ 'ਅਪਸ਼ਬਦ' ਵਰਤੇ ਨੇ, ਅਜਿਹੀਆਂ ਗੱਲਾਂ ਆਖ ਛੱਡੀਆਂ, ਜੋ ਮਰਿਆਦਾ ਦਾ ਉਲੰਘਣ ਹਨ। ਅੱਠਾਂ-ਦਸਾਂ ਦੀ ਵੱਖੀ 'ਚ ਜ਼ਿਆਦਾ ਪੀੜ ਹੋਈ ਤੇ ਉਨ੍ਹਾਂ ਸਪੀਕਰ ਮੀਰਾ ਕੁਮਾਰ ਨੂੰ ਨੋਟਿਸ ਦੇ ਦਿੱਤਾ ਕਿ ਜਨਤਾ ਵੱਲੋਂ ਚੁਣੇ ਪ੍ਰਤੀਨਿਧਾਂ ਲਈ 'ਨਲਾਇਕ', 'ਗੰਵਾਰ', 'ਅਨਪੜ੍ਹ' ਤੇ 'ਘੁੰਡ ਕੱਢਣ ਵਾਲੇ' ਸ਼ਬਦ ਵਰਤਣ ਵਾਲਿਆਂ ਖਿਲਾਫ਼ ਕਰੜੀ ਕਾਰਵਾਈ ਹੋਵੇ।

'ਮਰਿਆਦਾ' ਦਾ ਉਲੰਘਣ ਕਰਕੇ ਓਮ ਪੁਰੀ ਨੇ ਤਾਂ ਮਾਫ਼ੀ ਮੰਗ ਲਈ ਪਰ ਕਿਰਨ ਬੇਦੀ ਅੜ੍ਹ ਗਈ। ਕਹਿੰਦੀ, 'ਜੋ ਆਖਿਐ, ਠੀਕ ਆਖਿਐ, ਜਦੋਂ ਜਵਾਬ ਤਲਬੀ ਹੋਵੇਗੀ ਉਦੋਂ ਉਤਰ ਦੇ ਦਿਆਂਗੀ।' ਪਰ ਇਸ ਸਭ ਨਾਲ 'ਮਰਿਆਦਾ' ਦੀ ਪਰਿਭਾਸ਼ਾ ਸਭ ਨੂੰ ਸ਼ੱਕੀ ਜਿਹੀ ਲੱਗਣ ਲੱਗ ਗਈ। ਸੱਚ ਨੂੰ ਸੱਚ ਕਹਿਣਾ 'ਮਰਿਆਦਾ' ਦੇ ਉਲਟ ਹੈ, ਜਾਂ ਸੱਚ ਬੋਲਣ ਤੋਂ ਪਾਸਾ ਵੱਟੀ ਰੱਖਣਾ 'ਮਰਿਆਦਾ' ਦੇ ਹੱਕ 'ਚ ਹੈ।



ਓਮ ਪੁਰੀ



ਕਿਰਨ ਬੇਦੀ

ਅਸੀਂ ਉਸ ਭਾਰਤ ਦੇ ਵਾਸੀ ਹਾਂ, ਜਿੱਥੇ ਦਾਰੂ ਦੀ ਬੋਤਲ ਬਦਲੇ ਵਿਕਣ ਵਾਲੇ ਮੂਰਖ ਬਟਨ ਦਬਾ-ਦਬਾ 'ਸ੍ਰੋਮਣੀ ਮੂਰਖ' ਚੁਣਦੇ ਨੇ ਤੇ ਉਸ ਨੂੰ ਆਪਣੀ ਅਗਵਾਈ ਕਰਨ ਲਈ ਵਿਧਾਨ ਸਭਾ, ਲੋਕ ਸਭਾ 'ਚ ਭੇਜ ਛੱਡਦੇ ਨੇ। ਚੌਥਾ ਵਰ੍ਹਾ ਲੰਘਣ ਉਪਰੰਤ 'ਸ੍ਰੋਮਣੀ ਸ਼ਖ਼ਸ' ਨੂੰ ਮੁੜ ਭਾਈਚਾਰੇ ਦੀ ਯਾਦ ਆਉਣ ਲੱਗਦੀ ਏ ਤੇ ਉਹ ਉਨ੍ਹਾਂ ਗਲੀਆਂ ਵੱਲ ਝਾਕਦਾ ਹੈ, ਜਿੱਥੋਂ ਉਸ ਨੂੰ ਖੈਰ ਪੈਣ ਦੀ ਆਸ ਹੁੰਦੀ ਏ। ਉਹਨੂੰ ਜਾਂ ਉਹਦੇ ਮੁਕਾਬਲੇਬਾਜ਼ 'ਚੋਂ ਇੱਕ ਨੂੰ ਫਿਰ ਅਗਵਾਈ ਲਈ ਭੇਜਿਆ ਜਾਂਦਾ ਏ, ਪਰ ਉਹ ਪੰਜ ਸਾਲ ਆਪਣੇ ਪਰਿਵਾਰ ਦੀ ਅਗਵਾਈ ਕਰਦਾ ਰਹਿੰਦਾ ਏ।

ਜਿਹੜੇ ਦਸ ਕੁ ਸੰਸਦ ਮੈਂਬਰਾਂ ਨੂੰ 'ਮਰਿਆਦਾ' ਉਲੰਘਣ ਵਾਲੀ ਗੱਲ ਰੜਕੀ ਏ, ਉਨ੍ਹਾਂ ਨੂੰ ਸੱਚ ਏਨਾ ਕੌੜਾ ਕਿਉਂ ਲੱਗਾ? ਕੀ ਉਨ੍ਹਾਂ ਨੂੰ 'ਨਲਾਇਕ' ਇਸ ਕਰਕੇ ਨਾ ਕਿਹਾ ਜਾਵੇ ਕਿ ਵੋਟਾਂ ਵੇਲ਼ੇ ਉਹ ਆਪੋ-ਆਪਣੇ ਇਲਾਕਿਆਂ ਵਿਚ ਨਸ਼ਿਆਂ ਦੇ ਲੰਗਰ ਲਾਉਂਦੇ ਨੇ, ਧਰਮਾਂ ਦੇ ਨਾਂ 'ਤੇ ਦੰਗੇ ਕਰਾਉਂਦੇ ਨੇ, ਮਿਹਨਤਕਸ਼ਾਂ ਦੀ ਕਮਾਈ ਨਾਲ ਸਵਿਸ ਬੈਂਕਾਂ ਵਿਚਲੇ ਖਾਤੇ ਭਰਦੇ ਨੇ, ਕਿਸਾਨਾਂ ਦੀਆਂ ਜ਼ਮੀਨਾਂ 'ਤੇ ਜਬਰੀ ਕਬਜ਼ੇ ਕਰਦੇ ਨੇ, ਸੰਸਦ ਵਿਚ ਸਵਾਲਾਂ ਵੱਟੇ ਨੋਟ ਲੈਂਦੇ ਨੇ, ਨਸ਼ਿਆਂ ਦੇ ਸੌਦਾਗਰਾਂ ਨੂੰ ਸ਼ਹਿ ਦਿੰਦੇ ਨੇ ਤੇ ਕੁੱਝ ਸਾਲਾਂ ਵਿਚ ਹੀ ਅਰਬਪਤੀ ਹੋ ਜਾਂਦੇ ਨੇ। ਇਸ ਸਭ ਦੇ ਬਾਵਜੂਦ ਜੇ ਇਹ 'ਲਾਇਕ' ਹਨ ਤਾਂ ਦੇਸ ਪ੍ਰਤੀ 'ਨਲਾਇਕੀ' ਦੀ ਪਰਿਭਾਸ਼ਾ ਵੀ ਦੱਸ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ 'ਮਰਿਆਦਾ' ਉਲੰਘਣ ਦਾ ਸਵਾਲ ਖੜ੍ਹਾ ਨਾ ਹੋਵੇ।

ਜਿਹੜੇ 'ਗੰਵਾਰ' ਸ਼ਬਦ ਨੂੰ ਮਰਿਆਦਾ ਨਾਲ ਜੋੜਿਆ ਗਿਆ, ਉਸ ਦਾ ਅਸਲ ਅਰਥ ਕੀ ਹੈ? 'ਗੰਵਾਰ' ਉਸ ਨੂੰ ਕਹਿੰਦੇ ਨੇ, ਜਿਹੜਾ ਝੱਲ-ਵਲੱਲੀਆਂ ਮਾਰਦਾ ਰਹੇ, ਮੂਰਖਾਂ ਵਾਲੀਆਂ ਹਰਕਤਾਂ ਕਰੇ, ਮੁਹੰਮਦ ਤੁਗਲਕ ਦੀ ਪੀੜ੍ਹੀ ਦਾ ਵਾਰਿਸ ਹੋਣਾ ਸਾਬਤ ਕਰੇ। ਜਦੋਂ ਲੋਕਾਂ ਦੇ ਚੁਣੇ ਪ੍ਰਤੀਨਿਧ ਸੰਸਦ ਵਿਚ ਇੱਕ-ਦੂਜੇ 'ਤੇ ਤੋਹਮਤਾਂ ਲਾਉਂਦੇ ਨੇ, ਕੁਰਸੀਆਂ ਚੁੱਕ-ਚੁੱਕ ਇੱਕ-ਦੂਜੇ ਵੱਲ ਸੁੱਟਦੇ ਨੇ, ਮਾਈਕ ਵਗਾਹ ਮਾਰਦੇ ਨੇ, ਉਦੋਂ ਇਨ੍ਹਾਂ ਨੂੰ 'ਗੰਵਾਰ' ਕਿਉਂ ਨਾ ਕਿਹਾ ਜਾਵੇ?

ਜਦੋਂ ਪਾਰਲੀਮੈਂਟ ਦੇ 156 ਤੋਂ ਵੱਧ ਮੈਂਬਰਾਂ ਉਤੇ ਵੱਖ-ਵੱਖ ਜੁਰਮਾਂ ਦੇ ਕੇਸ ਦਰਜ ਹੋਣ, ਏ ਰਾਜਾ, ਕਲਮਾਡੀ, ਕਨੀਮੋਈ ਵਰਗੇ ਹਜ਼ਾਰਾਂ ਕਰੋੜ ਖਾ ਕੇ ਤਿਹਾੜ ਜੇਲ੍ਹ ਬੈਠੇ ਹੋਣ, ਉਦੋਂ ਇਨ੍ਹਾਂ ਲਈ 'ਨਲਾਇਕ', 'ਗੰਵਾਰ', 'ਅਨਪੜ੍ਹ' ਸ਼ਬਦ ਵਰਤਣੇ ਤਾਂ ਨਿਆਣੇ ਨੂੰ ਲਾਡ ਨਾਲ ਝਿੜਕਣ ਦੇ ਤੁਲ ਹਨ, ਅਸਲ ਵਿਚ ਇਨ੍ਹਾਂ ਨੂੰ ਹੋਰ ਬਹੁਤ ਕੁਝ ਕਿਹਾ ਜਾਣਾ ਬਾਕੀ ਹੈ।

ਜਦੋਂ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਵਰਗੇ ਕਹਿੰਦੇ ਹਨ, 'ਅਫ਼ਜ਼ਲ ਗੁਰੂ ਕਾਂਗਰਸ ਦਾ ਜਵਾਈ ਲੱਗਦੈ, ਏਸ ਕਰਕੇ ਉਸ ਨੂੰ ਫ਼ਾਂਸੀ ਨਹੀਂ ਦਿੱਤੀ ਜਾਂਦੀ', ਜੇ ਉਦੋਂ 'ਮਰਿਆਦਾ' ਦੀ ਉਲੰਘਣਾ ਨਹੀਂ ਹੁੰਦੀ ਤਾਂ ਓਮ ਪੁਰੀ ਦੇ ਤਿੰਨ ਸ਼ਬਦਾਂ ਕਰਕੇ ਕਿਵੇਂ ਹੋ ਗਈ। ਜਦੋਂ ਕਪਿਲ ਸਿੱਬਲ ਬਾਬਾ ਰਾਮਦੇਵ ਨੂੰ 'ਠੱਗ', 'ਧੋਖੇਬਾਜ਼' ਤੇ 'ਡਰਾਮੇਬਾਜ਼' ਕਹਿੰਦੈ, ਜੇ ਉਦੋਂ ਬਾਬੇ ਦੀ ਹੱਤਕ ਨਹੀਂ ਹੁੰਦੀ ਤਾਂ ਬਿਨਾਂ ਨਾਂ ਲਏ ਕਿਸੇ ਸੰਸਦ ਮੈਂਬਰ ਦੀ ਇੱਜ਼ਤ ਨੂੰ ਸੱਟ ਕਿਵੇਂ ਵੱਜ ਗਈ? ਜਦੋਂ ਅੰਨਾ ਨੂੰ 'ਦੇਸ਼ਧ੍ਰੋਹੀ' ਕਿਹਾ ਜਾਂਦੈ, ਜੇ ਉਦੋਂ ਅੰਨਾ 'ਮਰਿਆਦਾ' ਉਲੰਘਣ ਦੀ ਗੱਲ ਨਹੀਂ ਕਰਦਾ, ਤਾਂ ਉਸ ਦੀ ਸਟੇਜ ਤੋਂ ਮਾੜਿਆਂ ਨੂੰ ਮਾੜਾ ਕਹਿਣ ਕਰਕੇ 'ਮਰਿਆਦਾ' ਨੂੰ ਸੱਟ ਕਿਵੇਂ ਵੱਜ ਗਈ?

ਭਾਰਤ ਦੀ ਪਹਿਲੀ ਆਈ.ਪੀ.ਐਸ. ਔਰਤ ਕਿਰਨ ਬੇਦੀ ਵੱਲੋਂ ਲੀਡਰਾਂ ਨੂੰ 'ਘੁੰਡ ਕੱਢਣ' ਦੀ ਗੱਲ ਕਹੇ ਜਾਣ ਨੂੰ ਵੀ ਮਰਿਆਦਾ ਨਾਲ ਜੋੜਿਆ ਗਿਐ। ਪਾਰਲੀਮੈਂਟ ਮੈਂਬਰਾਂ ਨੂੰ ਤਾਂ ਇਸ ਗੱਲੋਂ ਸ਼ਰਮ ਮੰਨਣੀ ਚਾਹੀਦੀ ਸੀ ਕਿ ਇੱਕ ਔਰਤ ਉਨ੍ਹਾਂ ਨੂੰ ਘੁੰਡ ਲਾਹ ਜਨਤਾ ਦੀਆਂ ਅੱਖਾਂ 'ਚ ਅੱਖਾਂ ਪਾਉਣ ਲਈ ਕਹਿ ਰਹੀ ਏ। 'ਸਾਧੂ ਹੁੰਦੇ ਰੱਬ ਵਰਗੇ, ਘੁੰਡ ਕੱਢ ਕੇ ਖੈਰ ਨਾ ਪਾਈਏ' ਗੀਤ ਜੀਹਨੇ-ਜੀਹਨੇ ਸੁਣਿਐ, ਉਹ ਘੁੰਡ ਨਾ ਕੱਢਣ ਦੀ ਰਮਜ਼ ਚੰਗੀ ਤਰ੍ਹਾਂ ਜਾਣਦੇ ਹੋਣਗੇ। ਅੱਜ ਜਦੋਂ ਵੋਟਾਂ ਮੰਗਣ ਵੇਲ਼ੇ 'ਸਾਧੂ' ਦਿਸਣ ਵਾਲੇ ਬਾਅਦ 'ਚ ਲੋਟੂ ਬਣ ਜਾਂਦੇ ਨੇ ਤੇ ਬਦਲੇ 'ਚ ਖੈਰ ਪਾਉਣ ਵਾਲਿਆਂ ਨੂੰ ਸ਼ਰਮ ਨਾਲ ਮੂੰਹ ਢਕਣਾ ਪੈਂਦੈ ਤਾਂ ਦੱਸੋ ਕਿਰਨ ਬੇਦੀ ਦੀਆਂ ਗੱਲਾਂ ਕਿਹੜੇ ਪਾਸਿਓਂ ਗ਼ਲਤ ਹੋਈਆਂ?

ਜਦੋਂ ਜਨਤਾ ਦੇ ਚੁਣੇ ਸੇਵਕ ਭ੍ਰਿਸ਼ਟਾਚਾਰ ਦਾ ਵਿਰੋਧ ਕਰਨ ਵਾਲਿਆਂ ਖਿਲਾਫ਼ ਭੁਗਤਦੇ ਹੋਣ, ਉਦੋਂ ਸੋਚ ਕੇ ਬੋਲਿਆ ਜਾਵੇ, ਇਹ ਜ਼ਰੂਰੀ ਨਹੀਂ। ਜਦੋਂ ਅੰਦਰ ਅੱਗ ਲੱਗੀ ਹੋਵੇ, ਉਦੋਂ ਕੁਝ ਵੀ ਹੋ ਸਕਦੈ। 1968 ਤੋਂ ਪਾਸ ਹੋਣ ਲਈ ਰੁਲ ਰਿਹਾ ਲੋਕਪਾਲ ਬਿੱਲ ਨੌਂਵੀਂ ਵਾਰ ਜਨ ਲੋਕਪਾਲ ਵਜੋਂ ਵੱਡੀ ਲਹਿਰ ਦੇ ਰੂਪ 'ਚ ਅੱਗੇ ਆਉਂਦਾ ਹੈ ਤਾਂ ਗੁੱਸਾ ਕਰਨ ਦੀ ਥਾਂ ਇਹ ਹਾਲਾਤ ਪੈਦਾ ਹੋਣ ਵਾਲੇ ਕਾਰਨਾਂ ਵੱਲ ਝਾਤ ਮਾਰਨੀ ਚਾਹੀਦੀ ਹੈ। ਜੇ 'ਰਾਜਨੀਤੀ' ਵਰਗੀਆਂ ਫ਼ਿਲਮਾਂ ਵਿਚ ਲੀਡਰਾਂ ਦੀਆਂ ਕਰਤੂਤਾਂ ਦਾ ਪਰਦਾਫ਼ਾਸ਼ ਹੋ ਸਕਦਾ ਏ ਤਾਂ ਇੱਕ ਕਲਾਕਾਰ ਵੱਲੋਂ ਸਟੇਜ ਤੋਂ ਆਪਣੇ ਫ਼ਰਜ਼ਾਂ ਤੋਂ ਮੁਨਕਰ ਹੋਣ ਵਾਲਿਆਂ ਬਾਬਤ ਬੋਲਣਾ ਕਿਧਰੋਂ ਗ਼ਲਤ ਹੈ?


ਲੋੜ ਵਾਲ ਦੀ ਖੱਲ ਲਾਹੁਣ ਦੀ ਵੀ ਨਹੀਂ ਤੇ ਨਿੱਜ 'ਤੇ ਸੱਟ ਵੱਜਣ ਕਰਕੇ 'ਮਰਿਆਦਾ' ਦਾ ਨਵਾਂ ਕਾਂਡ ਸ਼ੁਰੂ ਕਰਨ ਦੀ ਵੀ ਨਹੀਂ, ਲੋੜ ਹੈ 'ਮਰਿਆਦਾ' ਦੇ ਅਸਲ ਅਰਥ ਸਮਝਣ ਦੀ। ਇਸ ਦੇ ਦਾਇਰੇ ਵਿਚ ਕਿਹੜੇ-ਕਿਹੜੇ ਲੀਡਰ ਨੇ, ਜਨਤਾ ਇਸ ਬਾਬਤ ਵੀ ਜਾਣਦੀ ਏ ਤੇ ਕੌਣ ਕੌਣ 'ਮਰਿਆਦਾ' ਦੇ ਨਾਂ 'ਤੇ ਰੋਟੀਆਂ ਸੇਕਣ ਦੀ ਤਾਕ ਵਿਚ ਨੇ, ਇਹਦੇ ਬਾਰੇ ਵੀ। ਜ਼ਿਆਦਾ ਜ਼ੋਰ ਲਾ ਕੇ ਬੋਲਣ ਵਾਲਾ ਬੰਦਾ 'ਸੱਚਾ' ਸਾਬਤ ਨਹੀਂ ਹੋ ਸਕਦਾ, ਇਹ ਗੱਲ 'ਮਰਿਆਦਾ' ਦਾ ਪਾਠ ਪੜ੍ਹਾਉਣ ਵਾਲਿਆਂ ਨੂੰ ਵੀ ਸਮਝ ਲੈਣੀ ਚਾਹੀਦੀ ਹੈ।






# ਬਾਦਲ ਨੂੰ ਵੰਗਾਰਨ ਲਈ ਬਰਨਾਲਾ ਫਿਰ ਸਰਗਰਮ

## ਪੰਜਾਬ 'ਚ ਤੀਜਾ ਬਦਲ ਲਿਆਉਣ ਦਾ ਹੰਭਲਾ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਸੁਰਜੀਤ ਸਿੰਘ ਬਰਨਾਲਾ ਨੇ ਸਰਗਰਮ ਸਿਆਸਤ ਵਿਚ ਆਪਣੀ ਵਾਪਸੀ ਦਾ ਐਲਾਨ ਕਰ ਦਿੱਤਾ ਹੈ। ਪਿਛਲੇ ਮਹੀਨੇ ਹੀ ਤਾਮਿਲਨਾਡੂ ਦੇ ਰਾਜਪਾਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸ. ਬਰਨਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਜਿਸ ਦੀ ਕਮਾਨ ਉਨ੍ਹਾਂ ਦੀ ਪਤਨੀ ਸੁਰਜੀਤ ਕੌਰ ਬਰਨਾਲਾ ਤੇ ਪੁੱਤਰ ਗਗਨਜੀਤ ਸਿੰਘ ਬਰਨਾਲਾ ਦੇ ਹੱਥ ਹੈ, ਪੰਜਾਬ ਵਿਧਾਨ ਸਭਾ ਦੀਆਂ ਆਗਾਮੀ ਚੋਣਾਂ ਲੜੇਗਾ।

ਉਨ੍ਹਾਂ ਕਿਹਾ ਕਿ ਉਹ ਪੰਜਾਬ ਵਾਪਸੀ ਪਿੱਛੋਂ ਰਾਜ ਦੇ ਸਿਆਸੀ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ ਤੇ ਉਹ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਪੰਜਾਬ ਸਮੇਤ ਹੋਰ ਗੈਰ-ਕਾਂਗਰਸੀ ਤੇ ਗੈਰ-ਅਕਾਲੀ ਦਲ (ਬ) ਤਾਕਤਾਂ ਨਾਲ ਮਿਲ ਕੇ ਸੂਬੇ ਵਿਚ ਤੀਜਾ ਬਦਲ ਕਾਇਮ ਕਰਨਗੇ। ਉਨ੍ਹਾਂ ਕਿਹਾ ਅਨੇਕਾਂ ਆਗੂ ਸੰਪਰਕ ਵਿਚ ਹਨਤੇ ਪੰਜਾਬ ਦਾ ਦੌਰਾ ਕਰਕੇ ਪੁਰਾਣੇ ਹਮਦਰਦਾਂ ਤੇ ਦੋਸਤਾਂ ਨੂੰ ਮਿਲਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਫਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ ਤੇ ਬਰਨਾਲਾ ਬਾਰੇ ਆਪਣਾ ਪ੍ਰੋਗਰਾਮ ਬਣਾ ਲਿਆ ਹੈ। ਤਿੰਨ ਵਾਰ ਸੰਸਦ ਮੈਂਬਰ ਤੇ ਛੇ ਵਾਰ ਬਰਨਾਲਾ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਸ. ਬਰਨਾਲਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਕੂਮਤ ਵਿਚ ਪੰਜਾਬ ਨੀਵਾਣਾਂ ਵੱਲ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚਲੀ ਬਦਇੰਤਜ਼ਾਮੀ ਤੇ ਭ੍ਰਿਸ਼ਟਾਚਾਰ ਪੰਜਾਬ ਦੀ ਮਾੜੀ ਹਾਲਤ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਿਨ-ਬ-ਦਿਨ ਪਿਛਾਂਹ ਨੂੰ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚਲੀ ਬਦਇੰਤਜ਼ਾਮੀ ਤੇ ਭ੍ਰਿਸ਼ਟਾਚਾਰ ਪੰਜਾਬ ਦੀ ਮਾੜੀ ਹਾਲਤ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਪਿੱਛੇ ਹੈ। ਹਰਿਆਣਾ ਵੀ ਪੰਜਾਬ ਤੋਂ ਅੱਗੇ ਹੈ।

ਉਨ੍ਹਾਂ ਕਿਹਾ ਕਿ ਬੀਬੀ ਬਰਨਾਲਾ ਤੇ ਸ. ਗਗਨਜੀਤ ਸਿੰਘ ਬਰਨਾਲਾ (ਦੋਵੇਂ ਸਾਬਕਾ ਵਿਧਾਇਕ) ਤੇ ਪਾਰਟੀ ਦੇ ਯੂਥ ਵਿੰਗ ਦੇ ਆਗੂ ਰਣਜੀਤ ਸਿੰਘ ਨਿੱਕੜਾ ਪਾਰਟੀ ਦਾ ਆਧਾਰ ਮਜ਼ਬੂਤ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਅਕਾਲੀ ਦਲ (ਬ) ਵਿਰੋਧੀ ਪੰਥਕ ਮੋਰਚੇ ਦੇ ਭਾਈਵਾਲ ਵਜੋਂ ਇਹ ਚੋਣਾਂ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਤੇ ਹੋਰ ਹਮਖਿਆਲ ਪਾਰਟੀਆਂ ਰਲ ਕੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਮੁਕਤ ਕਰਾਉਣ ਲਈ ਲੜ ਰਹੀਆਂ ਹਨ। ਗੁਰਦੁਆਰਿਆਂ ਵਿਚ ਫੰਡਾਂ ਦੀ ਭਾਰੀ ਦੁਰਵਰਤੋਂ ਹੋ ਰਹੀ ਹੈ ਜਿਸ ਨੂੰ ਰੋਕਣ ਦੀ ਲੋੜ ਹੈ।

ਅਕਾਲੀ ਦਲ (ਬ) ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਵਾਰ-ਵਾਰ ਉਨ੍ਹਾਂ ਉਤੇ ਹਮਲਿਆਂ ਬਾਰੇ ਸ. ਬਰਨਾਲਾ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਉਤੇ ਬਹੁਤਾ ਅਸਰ ਨਹੀਂ ਪੈਂਦਾ। ਉਨ੍ਹਾਂ ਕਿਹਾ ਉਹ ਇਸ ਦੀ ਪ੍ਰਵਾਹ ਨਹੀਂ ਕਰਦੇ ਕਿ ਸੁਖਬੀਰ ਕੀ ਕਹਿੰਦਾ ਹੈ। ਉਹ ਮੁੱਖ ਮੰਤਰੀ, ਛੇ ਵਾਰ ਵਿਧਾਇਕ ਤੇ ਤਿੰਨ ਵਾਰ ਐਮ.ਪੀ. ਰਹੇ ਹਨ। ਉਨ੍ਹਾਂ ਦਾ ਸਿਆਸੀ ਤਜਰਬਾ ਹੀ ਸੁਖਬੀਰ ਦੀ ਉਮਰ ਤੋਂ ਵੱਧ ਹੈ। ਉਨ੍ਹਾਂ ਨਾਲ ਹੀ ਦੋਸ਼ ਲਾਇਆ ਕਿ ਬਾਦਲ ਪਰਿਵਾਰ ਜਦੋਂ ਸਿਆਸਤ ਵਿਚ ਆਇਆ ਤਾਂ ਉਨ੍ਹਾਂ ਕੋਲ ਕੁਝ ਵੀ ਨਹੀਂ ਸੀ। ਸਾਲ ਦਰ ਸਾਲ ਉਨ੍ਹਾਂ ਕਰੋੜਾਂ ਕਮਾ ਲਏ ਹਨ। ਉਨ੍ਹਾਂ ਇਹ ਕਮਾਈ ਭ੍ਰਿਸ਼ਟ ਤਰੀਕਿਆਂ ਤੋਂ ਬਿਨਾਂ ਹੋਰ ਕਿਵੇਂ ਵੀ ਨਹੀਂ ਕੀਤੀ।

ਸ. ਬਰਨਾਲਾ ਨੇ ਸਾਫ ਕੀਤਾ ਕਿ ਅਕਾਲੀ ਦਲ (ਲੌਂਗੋਵਾਲ) ਦੀ ਕਮਾਨ ਬੀਬੀ ਸੁਰਜੀਤ ਕੌਰ ਬਰਨਾਲਾ ਹੀ ਸੰਭਾਲਣਗੇ ਪਰ ਉਹ ਸਰਪ੍ਰਸਤ ਬਣ ਕੇ ਦਲ ਦੀ ਅਗਵਾਈ ਕਰਨਗੇ। ਸ. ਬਰਨਾਲਾ ਨੇ ਐਲਾਨ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਚੋਣਾਂ ਦੇ ਦੌਰਾਨ ਵੀ ਪੰਥਕ ਮੋਰਚੇ ਦੇ ਉਮੀਦਵਾਰਾਂ ਦੇ ਪੱਖ ਵਿਚ ਰੈਲੀਆਂ ਨੂੰ ਸੰਬੋਧਨ ਕਰਨਗੇ। ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਤਕਰੀਬਨ ਇਕ ਦਹਾਕੇ ਬਾਅਦ ਸਰਗਰਮ ਰਾਜਨੀਤੀ ਵਿਚ ਵਾਪਸੀ ਕੀਤੀ ਹੈ। ਇਸ ਦੌਰਾਨ ਉਹ ਚਾਰ ਵਾਰ ਰਾਜਪਾਲ ਵੀ ਰਹੇ। ਉਹ 29 ਸਤੰਬਰ 1985 ਤੋਂ 11 ਮਈ 1987 ਤੱਕ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਹਨ। ਇਸ ਤੋਂ ਇਲਾਵਾ ਉਹ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਵੀ ਰਹੇ ਹਨ।

## ਬਰਤਾਨੀਆ 'ਚ ਸਿੱਖ ਦੀ ਅਗਵਾਈ ਹੇਠ ਦੰਗਾ ਜਾਂਚ ਕਮੇਟੀ ਕਾਇਮ

**ਲੰਡਨ:** ਬਰਤਾਨੀਆ 'ਚ ਹਾਲ ਹੀ 'ਚ ਹੋਏ ਦੰਗਿਆਂ ਦੇ ਕਾਰਨਾਂ ਦਾ ਪਤਾ ਲਾਉਣ ਲਈ ਬਣਾਏ ਗਏ ਚਾਰ ਮੈਂਬਰੀ ਪੈਨਲ ਦਾ ਮੁਖੀ ਇਥੋਂ ਦੇ ਉੱਘੇ ਸਿੱਖ ਸਮਾਜ ਸੇਵਕ ਦਾਰਾ ਸਿੰਘ ਨੂੰ ਬਣਾਇਆ ਗਿਆ ਹੈ। ਉਹ ਦੰਗਿਆਂ 'ਚ ਪ੍ਰਭਾਵਿਤ ਪਰਿਵਾਰਾਂ ਨੂੰ ਮਿਲ ਕੇ ਪੁੱਛਗਿਛ ਕਰਨਗੇ ਤੇ ਫਿਰ ਉਨ੍ਹਾਂ ਦੇ ਬਿਆਨਾਂ ਨੂੰ ਫਸਾਦੀਆਂ ਦੇ ਵਿਰੁੱਧ ਗਵਾਹੀ ਵਜੋਂ ਵਰਤਿਆ ਜਾਵੇਗਾ।

ਬਰਤਾਨੀਆ ਦੇ ਉਪ ਪ੍ਰਧਾਨ ਮੰਤਰੀ ਨਿਕ ਕਲੇਗ ਨੇ ਟੋਟੇਨਹਮ ਜਿਥੇ ਕਿ ਪਿਛਲੇ ਮਹੀਨੇ ਹੋਏ ਦੰਗਿਆਂ ਦੀ ਸ਼ੁਰੂਆਤ ਹੋਈ ਸੀ, ਦੇ ਦੌਰੇ ਦੌਰਾਨ ਇਸ ਪੈਨਲ ਦਾ ਐਲਾਨ ਕਰਦਿਆਂ ਕਿਹਾ ਕਿ ਛਾਣਬੀਣ ਤੋਂ ਪਤਾ ਚੱਲਦਾ ਹੈ ਕਿ ਦੇਸ਼ ਵਿਚ ਹੋਏ ਦੰਗੇ ਤੇ ਲੁੱਟ ਦੀਆਂ ਘਟਨਾਵਾਂ ਵਾਸਤਵਿਕ ਸਨ। ਉਨ੍ਹਾਂ ਨੇ ਕਿਹਾ ਕਿ ਇਸ ਪੱਧਰ ਦਾ ਫਸਾਦ ਇਸ ਦੇਸ਼ ਦੇ ਲੋਕਾਂ ਨੇ ਪਹਿਲਾਂ ਕਦੀ ਵੀ ਨਹੀਂ ਦੇਖਿਆ।

ਉਨ੍ਹਾਂ ਆਪਣੇ ਤਜ਼ਰਬੇ ਦੱਸਦਿਆਂ ਕਿਹਾ ਕਿ ਉਨ੍ਹਾਂ ਖੁਦ ਸੜ ਰਹੇ ਘਰ ਤੇ ਦੁਕਾਨਾਂ ਦੇਖੀਆਂ ਤੇ ਇਹੋ ਜਿਹੇ ਪਰਿਵਾਰਾਂ ਨੂੰ ਮਿਲਿਆ ਜਿਨ੍ਹਾਂ ਦੇ ਸਿਰ ਦੀ ਛੱਤ ਇਨ੍ਹਾਂ ਫਸਾਦਾਂ ਦੀ ਭੇਟ ਚੜ੍ਹ ਗਈ। ਕਲੇਗ ਨੇ ਕਿਹਾ ਕਿ ਪੈਨਲ ਇਹ ਪਤਾ ਕਰੇਗਾ ਕਿ 6 ਤੋਂ 9 ਅਗਸਤ ਦਰਮਿਆਨ ਲੰਡਨ ਤੇ ਬਰਤਾਨੀਆ ਦੇ ਹੋਰ ਸ਼ਹਿਰਾਂ 'ਚ ਆਖਰ ਕੀ ਹੋਇਆ ਜਿਸ ਕਰਕੇ ਪੰਜ ਵਿਅਕਤੀ ਆਪਣੀ ਜਾਨ ਗਵਾ ਬੈਠੇ। ਦਾਰਾ ਸਿੰਘ ਦੀ ਅਗਵਾਈ ਵਾਲਾ ਪੈਨਲ ਆਪਣੀ ਸ਼ੁਰੂਆਤੀ ਜਾਂਚ ਦੀ ਰਿਪੋਰਟ ਨਵੰਬਰ ਤਕ ਦੇਵੇਗਾ ਤੇ ਅੰਤਮ ਰਿਪੋਰਟ ਅਗਲੇ ਸਾਲ ਮਾਰਚ ਤਕ ਸਰਕਾਰ ਨੂੰ ਸੌਂਪੇਗਾ।

# ਕੇਂਦਰ ਦੇ ਦਰ ਤੋਂ ਬਾਦਲ ਦੇ ਪੱਲੇ ਫਿਰ ਨਹੀਂ ਪਈ ਖੈਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਫੰਡਾਂ ਦੇ ਗੱਫੇ ਲੈਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੇਂਦਰ ਦੇ ਦਰ 'ਤੇ ਝੋਲੀ ਅੱਡਣ ਗਿਆ ਸੀ ਪਰ ਉਸ ਨੂੰ ਉਥੋਂ ਉਸ ਦੇ ਪੱਲੇ ਖੈਰ ਨਹੀਂ ਪਈ। ਇਸ ਤੋਂ ਖਫ਼ਾ ਹੋਏ ਸ. ਬਾਦਲ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਕੋਲੋਂ ਕੋਈ ਵੀ ਕੰਮ ਕਰਾਉਣਾ ਆਸਾਨ ਨਹੀਂ ਹੈ, ਕੰਮ ਕਰਾਉਣ ਲਈ ਵਾਰ-ਵਾਰ ਦਿੱਲੀ ਦੇ ਚੱਕਰ ਮਾਰਨੇ ਪੈਂਦੇ ਹਨ ਤੇ ਕੇਂਦਰ ਨੇ ਸੂਬਿਆਂ ਨੂੰ ਪੈਸਾ ਦੇਣ ਦੇ ਮਾਮਲੇ ਵਿਚ ਭਿਖਾਰੀ ਬਣਾ ਕੇ ਰੱਖ ਦਿਤਾ ਹੈ।



ਉਨ੍ਹਾਂ ਕਿਹਾ ਕਿ 400 ਕਰੋੜ ਰੁਪਏ ਦੀ ਵਾਧੂ ਕੇਂਦਰੀ ਸਹਾਇਤਾ ਸੂਬੇ ਦੀ ਸਾਲਾਨਾ ਯੋਜਨਾ ਦੇ ਨਾਲ ਹੀ ਪਾਸ ਕਰ ਦਿੱਤੀ ਗਈ ਸੀ ਪਰ ਇਹ ਸਹਾਇਤਾ ਅਗਲੇ ਸਾਲ ਮਾਰਚ ਦੇ ਨੇੜੇ ਦਿੱਤੀ ਜਾਵੇਗੀ ਤੇ ਉਸ ਵੇਲੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋ ਜਾਣਗੀਆਂ। ਇਸ ਲਈ ਇਹ ਪੈਸਾ ਸੂਬੇ ਨੂੰ ਜਲਦੀ ਮਿਲਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੈਸਾ ਦੇਣ ਸਮੇਂ ਜਾਂ ਕੰਮ ਕਰਨ ਸਮੇਂ ਅੜਿੱਕੇ ਡਾਹ ਦਿੱਤੇ ਜਾਂਦੇ ਹਨ ਤੇ ਇਨ੍ਹਾਂ ਨੂੰ ਦੂਰ ਕਰਵਾਉਣ ਲਈ ਵਾਰ-ਵਾਰ ਮਿਲਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਸੂਬਿਆਂ ਨੂੰ ਪੈਸਾ ਦੇਣ ਵਿਚ ਨਾਂਹ-ਨੁੱਕਰ ਕੀਤੀ ਜਾਂਦੀ ਹੈ।ਇਸ ਨਾਲ ਸੂਬਿਆਂ ਦੇ ਪ੍ਰਾਜੈਕਟ ਨੇਪਰੇ ਚਾੜ੍ਹਨ ਵਿਚ ਦੇਰ ਹੁੰਦੀ ਹੈ।

ਗ਼ੌਰਤਲਬ ਹੈ ਕਿ ਵਿਧਾਨ ਸਭਾ ਚੋਣਾਂ ਨੇੜੇ ਆਉਣ ਕਰ ਕੇ ਵੀ ਮੁੱਖ ਮੰਤਰੀ ਜਲਦੀ ਪੈਸਾ ਪ੍ਰਾਪਤ ਕਰ ਕੇ ਪ੍ਰਾਜੈਕਟ ਪੂਰੇ ਕਰਨਾ ਚਾਹੁੰਦੇ ਹਨ। ਉਂਜ ਕੇਂਦਰ ਸਰਕਾਰ ਉਨ੍ਹਾਂ ਦੀ ਇੱਛਾ ਪੂਰੀ ਕਰਦੀ ਨਜ਼ਰ ਨਹੀਂ ਆ ਰਹੀ ਤੇ ਸੂਬੇ ਦੇ ਕਾਂਗਰਸੀਆਂ ਦੀ ਇੱਛਾ ਨੂੰ ਤਰਜੀਹ ਦੇ ਰਹੀ ਹੈ।।ਸੂਬੇ ਦੇ ਕਾਂਗਰਸ ਆਗੂ ਚਾਹੁੰਦੇ ਹਨ ਕਿ ਕੇਂਦਰ ਸਰਕਾਰ ਵੱਲੋਂ ਮਿਲਣ ਵਾਲੇ ਪੈਸੇ ਦੀ ਰਫਤਾਰ ਮੱਠੀ ਹੋ ਜਾਵੇ। ਉਨ੍ਹਾਂ ਕਿਹਾ ਕਿ ਹਰੇਕ ਮਾਮਲੇ ਵਿਚ ਕੋਈ ਨਾ ਕੋਈ ਨੁਕਸ ਕੱਢ ਦਿਤਾ ਜਾਂਦਾ ਹੈ। ਇਸ ਕਰਕੇ ਕੇਂਦਰ ਕੋਲੋਂ ਕੰਮ ਕਢਵਾਉਣਾ ਬਹੁਤ ਹੀ ਔਖਾ ਹੈ। ਕੇਂਦਰ ਦੀਆਂ ਨੀਤੀਆਂ ਨੇ ਸੂਬਿਆਂ ਭਿਖਾਰੀ ਬਣਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਹੁੱਡਕੋ ਨੇ ਸ਼ਹਿਰਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ 750 ਕਰੋੜ ਰੁਪਏ ਦਾ ਕਰਜ਼ਾ ਦੇਣਾ ਹੈ ਤੇ ਸੂਬਾ ਸਰਕਾਰ ਨੇ ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਹਨ। ਕਰਜ਼ੇ ਦੀ ਵਾਪਸੀ ਲਈ ਗਾਰੰਟੀ ਵੀ ਦੇ ਦਿੱਤੀ ਹੈ। ਸੂਬਾਈ ਅਧਿਕਾਰੀ ਇਹ ਕਰਜ਼ਾ ਲੈਣ ਲਈ ਕਈ ਵਾਰ ਸੰਪਰਕ ਕਰ ਚੁੱਕੇ ਹਨ ਪਰ ਉਨ੍ਹਾਂ ਨੂੰ ਕੋਈ ਸਹੀ ਜਵਾਬ ਨਹੀਂ ਮਿਲਦਾ।

# ਗੋਬਿੰਦਪੁਰਾ ਜ਼ਮੀਨ ਗ੍ਰਹਿਣ ਮਾਮਲੇ 'ਤੇ ਬਾਦਲ ਸਰਕਾਰ ਕਸੂਤੀ ਫਸੀ

**ਮਾਨਸਾ:** ਗੋਬਿੰਦਪੁਰਾ ਜ਼ਮੀਨ ਗ੍ਰਹਿਣ ਮਾਮਲੇ 'ਤੇ ਬਾਦਲ ਸਰਕਾਰ ਕਸੂਤੀ ਫਸ ਗਈ ਹੈ। ਕਾਂਗਰਸ ਵੱਲੋਂ ਕਿਸਾਨਾਂ ਦੀ ਹਮਾਇਤ ਕਰਨ ਕਾਰਨ ਮੁੱਖ ਮੰਤਰੀ ਬਾਦਲ ਨੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਣ ਦਾ ਭਰੋਸਾ ਤਾਂ ਦੇ ਦਿੱਤਾ ਹੈ ਪਰ ਉਸ ਨੂੰ ਅਮਲੀ ਰੂਪ ਦੇਣਾ ਸਰਕਾਰ ਲਈ ਵੱਡੀ ਸਿਰਦਰਦੀ ਹੋਵੇਗਾ। ਉਧਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਗੋਬਿੰਦਪੁਰਾ ਜ਼ਮੀਨ ਗ੍ਰਹਿਣ ਮਾਮਲੇ 'ਚ ਪੰਜਾਬ ਸਰਕਾਰ ਨੇ ਪ੍ਰਾਪਰਟੀ ਡੀਲਰਾਂ ਵਾਲਾ ਰੋਲ ਨਿਭਾ ਕੇ ਗਰੀਬ ਕਿਸਾਨਾਂ-ਮਜ਼ਦੂਰਾਂ ਦੀ ਜ਼ਮੀਨ ਜਬਰੀ ਖੋਹ ਕੇ ਸੂਬੇ ਵਿਚ ਇਕ ਮਾੜੀ ਪਿਰਤ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਕਿਸਾਨਾਂ ਨੂੰ ਪੰਜਾਬ ਸਰਕਾਰ ਨੇ ਕੇਂਦਰੀ ਬਿੱਲ ਮੁਤਾਬਕ ਮੁਆਵਜ਼ਾ ਨਾ ਦਿੱਤਾ ਤਾਂ ਅਗਲੇ ਸਾਲ ਬਣਨ ਜਾ ਰਹੀ ਕਾਂਗਰਸ ਹਕੂਮਤ ਦੌਰਾਨ ਇੰਡੀਆ ਬੁਲਜ਼ ਕੰਪਨੀ ਨਾਲ ਹੋਏ ਤਾਪ ਬਿਜਲੀ ਘਰ ਵਾਲੇ ਸਮਝੌਤੇ ਨੂੰ ਤੋੜਿਆ ਜਾ ਸਕਦਾ ਹੈ। ਉਹ 2 ਸਤੰਬਰ ਨੂੰ ਮਾਨਸਾ ਜ਼ਿਲ੍ਹੇ ਦੇ ਬਰੇਟਾ ਕਸਬਾ ਵਿਖੇ ਪਾਰਟੀ ਵੱਲੋਂ ਜਬਰੀ ਜ਼ਮੀਨਾਂ ਐਕਵਾਇਰ ਕਰਨ ਵਿਰੁੱਧ ਕੀਤੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਸ ਰੈਲੀ ਵਿਚ ਬੀਬੀ ਰਾਜਿੰਦਰ ਕੌਰ ਭੱਠਲ ਸਮੇਤ ਕਾਂਗਰਸ ਪਾਰਟੀ ਦੇ ਤਿੰਨ ਦਰਜਨ ਤੋਂ ਵੱਧ ਕਾਂਗਰਸੀ ਵਿਧਾਇਕ ਸ਼ਾਮਲ ਹੋਏ।



ਕੈਪਟਨ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਗੋਬਿੰਦਪੁਰਾ ਜ਼ਮੀਨ ਗ੍ਰਹਿਣ ਮਾਮਲੇ ਬਾਰੇ ਮਾਨਸਾ ਦੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਬਾਹਰ ਲਗਾਤਾਰ ਹਰ ਜ਼ਿਲ੍ਹੇ ਵੱਲੋਂ ਰੋਜ਼ਾਨਾ ਦਿੱਤੇ ਜਾਣ ਵਾਲਾ ਧਰਨਾ 13 ਸਤੰਬਰ ਤੱਕ ਮੁਲਤਵੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਰਨੇ 17 ਕਿਸਾਨ-ਮਜ਼ਦੂਰ ਜਥੇਬੰਦੀਆਂ ਨੂੰ ਮੁੱਖ ਮੰਤਰੀ ਵੱਲੋਂ 13 ਸਤੰਬਰ ਤੱਕ ਦਿੱਤੇ ਸਮੇਂ ਨੂੰ ਮੁੱਖ ਰੱਖਦਿਆਂ ਮਨਸੂਖ ਕੀਤੇ ਹਨ ਕਿਉਂਕਿ ਪਾਰਟੀ ਵੱਲੋਂ ਕਿਸਾਨਾਂ-ਮਜ਼ਦੂਰਾਂ ਦੀਆਂ 17 ਜਥੇਬੰਦੀਆਂ ਦੇ ਜ਼ਮੀਨੀ ਘੋਲ ਬਾਰੇ ਸੰਘਰਸ਼ ਨੂੰ ਜਾਇਜ਼ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਆਦਤ ਅਨੁਸਾਰ 13 ਸਤੰਬਰ ਨੂੰ ਕਿਸਾਨ-ਮਜ਼ਦੂਰ ਜਥੇਬੰਦੀਆਂ ਨੂੰ ਮੁੜ ਲਾਰਾ ਲਾ ਕੇ ਤੋਰਦੇ ਹਨ ਤਾਂ ਪਾਰਟੀ ਸਿੱਧੇ ਰੂਪ 'ਚ ਜਥੇਬੰਦੀਆਂ ਦੇ ਇਸ ਜ਼ਮੀਨ ਬਚਾਓ ਘੋਲ ਵਿਚ ਸ਼ਾਮਲ ਹੋਵੇਗੀ।

ਉਨ੍ਹਾਂ ਕਿਸਾਨ ਜਥੇਬੰਦੀਆਂ ਦੇ ਨੇਤਾਵਾਂ ਨੂੰ ਕਿਹਾ ਕਿ ਉਹ ਬਾਦਲਾਂ ਨੂੰ 42 ਸਾਲਾਂ ਤੋਂ ਜਾਣਦੇ ਹਨ, ਇਸ ਕਰਕੇ ਇਨ੍ਹਾਂ ਦੇ ਕਿਸੇ ਵੀ ਝਾਂਸੇ 'ਚ ਨਹੀਂ ਆਉਣਾ ਚਾਹੀਦਾ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਥਰਮਲ ਪਲਾਂਟ ਲਈ ਲੋਕਾਂ ਨੂੰ ਗੁੰਮਰਾਹ ਕਰਨ 'ਚ ਲੱਗੀ ਹੈ ਕਿਉਂਕਿ ਅਜੇ ਤੱਕ ਇਸ ਬਾਰੇ ਇੰਡੀਆ ਬੁਲਜ਼ ਕੰਪਨੀ ਨਾਲ ਕੀ ਸਮਝੌਤਾ ਹੋਇਆ ਹੈ, ਇਸ ਨੂੰ ਹੀ ਸਰਕਾਰ ਨੇ ਜਨਤਕ ਤੌਰ 'ਤੇ ਨਸ਼ਰ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਕੰਪਨੀ ਨੇ ਥਰਮਲ ਪਲਾਂਟ ਤੋਂ ਪੈਦਾ ਹੋਈ ਬਿਜਲੀ ਇਸ ਸੂਬੇ ਨੂੰ ਕਿੰਨੀ ਦੇਣੀ ਹੈ, ਇਸ ਬਾਰੇ ਵੀ ਅਜੇ ਤੱਕ ਸਰਕਾਰ ਦਾ ਕੋਈ ਸਮਝੌਤਾ ਲੋਕਾਂ ਨੂੰ ਨਹੀਂ ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਥਰਮਲ ਪਲਾਂਟ ਤਾਂ ਲਾ ਰਹੀ ਹੈ ਪਰ ਥਰਮਲਾਂ ਲਈ ਕੋਇਲਾ ਲਿਆਉਣ ਵਾਸਤੇ ਪੂਰੀਆਂ ਰੇਲਵੇ ਲਾਈਨਾਂ ਦਾ ਬੰਦੋਬਸਤ ਹੀ ਨਹੀਂ ਹੈ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਤੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਅਕਾਲੀਆਂ ਦੀ ਲੁੱਟ ਖਿਲਾਫ਼ ਝੰਡਾ ਗੱਡਣ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਸਰਕਾਰ ਦਾ ਕੱਫਣ ਗੋਬਿੰਦਪੁਰਾ ਜ਼ਮੀਨ ਗ੍ਰਹਿਣ ਮਾਮਲੇ ਨੇ ਤਿਆਰ ਕਰ ਦਿੱਤਾ ਹੈ। ਸਾਬਕਾ ਮੰਤਰੀ ਲਾਲ ਸਿੰਘ ਨੇ ਸੰਬੋਧਨ ਦੌਰਾਨ ਕਿਹਾ ਕਿ ਜਿੰਨੇ ਪੁਤਲੇ ਪਿਛਲੇ ਚਾਰ ਸਾਲਾਂ 'ਚ ਬਾਦਲ ਤੇ ਉਸ ਦੇ ਪੁੱਤ ਦੇ ਲੋਕਾਂ ਨੇ ਫੂਕੇ ਹਨ, ਏਨੀਆਂ ਅਰਥੀਆਂ ਦੁਨੀਆ ਭਰ 'ਚ ਕਿਸੇ ਪਿਓ-ਪੁੱਤ ਦੀਆਂ ਅੱਜ ਤੱਕ ਦੇ ਇਤਿਹਾਸ ਵਿਚ ਨਹੀਂ ਸਾੜੀਆਂ ਗਈਆਂ।

ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਨੇ ਸਾਬਕਾ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਕਿ ਉਹ ਨੀਲੀ ਕਾਂਗਰਸ ਤੋਂ ਦੂਰ ਰਹਿ ਕੇ ਰਾਜ ਵਿਚੋਂ ਅਕਾਲੀਆਂ ਨੂੰ ਭਜਾਉਣ ਲਈ ਅੱਜ ਤੋਂ ਹੀ ਸੰਘਰਸ਼ ਸ਼ੁਰੂ ਕਰ ਦੇਣਗੇ। ਵਿਧਾਇਕ ਸ਼ੇਰ ਸਿੰਘ ਗਾਗੋਵਾਲ ਨੇ ਕਿਹਾ ਕਿ ਮਾਲਵਾ ਪੱਟੀ 'ਚ ਬਾਦਲਾਂ ਨੇ ਲੋਕਾਂ ਦੀਆਂ ਜ਼ਮੀਨਾਂ ਲੈ ਕੇ ਉਨ੍ਹਾਂ ਨੂੰ ਲੁੱਟਿਆ ਹੀ ਨਹੀਂ ਸਗੋਂ ਕੁੱਟਿਆ ਵੀ ਹੈ। ਵਿਧਾਇਕ ਮੰਗਤ ਰਾਏ ਬਾਂਸਲ ਨੇ ਕਿਹਾ ਕਿ ਜਿਸ ਰੂਪ ਵਿਚ ਅਕਾਲੀਆਂ ਨੇ ਗੋਬਿੰਦਪੁਰਾ ਸਮੇਤ ਹੋਰ ਪਿੰਡਾਂ ਵਿਚ ਕਿਸਾਨਾਂ ਤੋਂ ਜਬਰੀ ਜ਼ਮੀਨ ਤੇ ਮਜ਼ਦੂਰਾਂ ਤੋਂ ਘਰ ਖੋਹੇ ਹਨ, ਉਸ ਹਿਸਾਬ ਨਾਲ ਕਾਂਗਰਸ ਦੀ ਹਕੂਮਤ ਆਉਣ 'ਤੇ ਅਕਾਲੀਆਂ ਨੂੰ ਦਿਨੇ ਤਾਰੇ ਦਿਖਾਉਣੇ ਚਾਹੀਦੇ ਹਨ।

# ਪੰਜ-ਆਬ 'ਚ ਯੂਰੇਨੀਅਮ ਦੀ ਭਰਮਾਰ ਨੇ ਨੀਂਦ ਉਡਾਈ

## ਸੰਸਦੀ ਕਮੇਟੀ ਵੱਲੋਂ ਕੇਂਦਰ ਨੂੰ ਫੌਰੀ ਕਾਰਵਾਈ ਦੀ ਸਲਾਹ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ 'ਚ ਪੀਣ ਵਾਲੇ ਪਾਣੀ 'ਚ ਯੂਰੇਨੀਅਮ ਮਿਲਣ 'ਤੇ ਫ਼ਿਕਰ ਜ਼ਾਹਰ ਕਰਦਿਆਂ ਸੰਸਦੀ ਸਥਾਈ ਕਮੇਟੀ ਨੇ ਕੇਂਦਰ ਨੂੰ 'ਬਿਨਾਂ ਸਮਾਂ ਗੁਆਏ' ਇਸ ਦਿਸ਼ਾ 'ਚ ਕਾਰਵਾਈ ਕਰਨ ਲਈ ਕਿਹਾ ਹੈ। ਸਥਾਈ ਕਮੇਟੀ ਨੇ ਬਾਰਕ (ਭਾਬਾ ਐਟੋਮਿਕ ਰਿਸਰਚ ਸੈਂਟਰ) ਦੀ ਰਿਪੋਰਟ ਵਾਚਦਿਆਂ ਕੇਂਦਰ ਨੂੰ ਇਹ ਚਿਤਾਵਨੀ ਦਿੱਤੀ।

ਪੇਂਡੂ ਵਿਕਾਸ ਬਾਰੇ ਸੰਸਦ ਦੀ ਸਥਾਈ ਕਮੇਟੀ ਨੇ ਸੁਮਿੱਤਰਾ ਮਹਾਜਨ ਦੀ ਅਗਵਾਈ 'ਚ ਕੇਂਦਰ ਨੂੰ ਬਾਰਕ ਨੂੰ ਐਨ ਮਿਥੇ ਸਮੇਂ 'ਚ ਰਿਪੋਰਟ ਦੇਣ ਲਈ ਸਪੱਸ਼ਟ ਹੁਕਮ ਦੇਣ ਲਈ ਕਿਹਾ ਸੀ। ਪੰਜਾਬ ਦੇ ਦੋ ਜ਼ਿਲ੍ਹਿਆਂ 'ਚ ਪਾਣੀ ਵਿਚ ਯੂਰੇਨੀਅਮ ਹੋਣ 'ਤੇ ਕਮੇਟੀ ਦਾ ਕਹਿਣਾ ਹੈ ਕਿ ਇਹ ਬੜਾ ਗੰਭੀਰ ਮਾਮਲਾ ਹੈ ਤੇ ਇਸ ਨੂੰ ਤਰਜੀਹੀ ਆਧਾਰ 'ਤੇ ਨਜਿੱਠਣ ਦੀ ਲੋੜ ਹੈ। ਰੇਡੀਓ ਐਕਟਿਵ ਹੋਣ ਕਾਰਨ ਯੂਰੇਨੀਅਮ ਮਨੁੱਖਾਂ, ਪਸ਼ੂ ਧਨ, ਵਾਤਾਵਰਣ ਤੇ ਜੈਵਿਕ ਆਲੇ-ਦੁਆਲੇ ਦਾ ਬੇਹਿਸਾਬਾ ਨੁਕਸਾਨ ਕਰ ਸਕਦਾ ਹੈ। ਪੀਣਯੋਗ ਪਾਣੀ ਤੇ ਅਰੋਗਤਾ ਪ੍ਰਬੰਧ ਵਿਭਾਗ ਲਈ ਮੰਗਾਂ ਬਾਰੇ 19ਵੀਂ ਰਿਪੋਰਟ 'ਚ ਇਹ ਸਾਰਾ ਕੁਝ ਕਿਹਾ ਗਿਆ। ਚਾਲੂ ਸੈਸ਼ਨ ਦੌਰਾਨ ਸੰਸਦ 'ਚ ਰੱਖੀ ਗਈ ਰਿਪੋਰਟ 'ਚ ਸਥਾਈ ਕਮੇਟੀ ਨੇ ਦੱਸਿਆ ਕਿ ਮੁੱਢਲੇ ਅੰਦਾਜ਼ਿਆਂ 'ਚ ਬਾਰਕ ਨੇ ਯੂਰੇਨੀਅਮ ਹੋਣ ਦਾ ਖ਼ਦਸ਼ਾ ਪ੍ਰਗਟ ਕੀਤਾ ਸੀ ਜਿਸ 'ਤੇ ਵਿਭਾਗ ਨੇ 3.50 ਕਰੋੜ ਰੁਪਏ ਬਾਰਕ ਨੂੰ ਮਨਜ਼ੂਰ ਕਰਕੇ ਸਾਰੇ ਰਾਜ 'ਚ 100 ਫੀਸਦੀ ਸਰਵੇਖਣ ਲਈ ਕਿਹਾ ਸੀ। ਵਿਭਾਗ ਚਾਹੁੰਦਾ ਹੈ ਕਿ ਅਜਿਹੀਆਂ ਹੀ ਮੁਸ਼ਕਲਾਂ ਵਾਲੀਆਂ ਹੋਰ ਥਾਵਾਂ 'ਤੇ ਵੀ ਇਹ ਨੀਤੀ ਅਪਣਾਈ ਜਾਵੇ। ਕਮੇਟੀ ਦਾ ਮੰਨਣਾ ਹੈ ਕਿ ਇਸ ਗੰਭੀਰ ਮਸਲੇ ਨੂੰ ਸਭ ਤੋਂ ਪਹਿਲਾਂ ਨਬੇੜਿਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਬਠਿੰਡਾ ਪੱਟੀ ਦੇ ਦਰਜਨਾਂ ਪਿੰਡ ਯੂਰੇਨੀਅਮ ਦੀ ਮਾਰ ਹੇਠ ਹਨ। ਬਠਿੰਡਾ ਜ਼ਿਲ੍ਹੇ 'ਚ ਦੋ ਤਾਪ ਬਿਜਲੀ ਘਰ ਪੈਂਦੇ ਹਨ ਜਿਨ੍ਹਾਂ 'ਚ ਹਜ਼ਾਰਾਂ ਟਨ ਕੋਇਲਾ ਰੋਜ਼ਾਨਾ ਬਲਦਾ ਹੈ ਜਿਸ ਕਰਕੇ ਚਰਚੇ ਇਹ ਵੀ ਹਨ ਕਿ ਕੋਇਲਾ ਹੀ ਯੂਰੇਨੀਅਮ ਦਾ ਕਾਰਨ ਬਣ ਰਿਹਾ ਹੈ। ਸੰਸਦ ਮੈਂਬਰ ਬੀਬੀ ਪਰਮਜੀਤ ਕੌਰ ਗੁਲਸ਼ਨ ਵੱਲੋਂ ਸੰਸਦ ਵਿਚ ਇਹ ਮਾਮਲਾ ਜ਼ੋਰ-ਸ਼ੋਰ ਨਾਲ ਉਠਾਇਆ ਗਿਆ ਸੀ। ਉਨ੍ਹਾਂ ਵੱਲੋਂ ਉਠਾਏ ਸੁਆਲ ਦੇ ਲਿਖਤੀ ਜਵਾਬ 'ਚ ਕੇਂਦਰੀ ਵਾਤਾਵਰਨ ਮੰਤਰਾਲੇ ਨੇ ਆਖਿਆ ਸੀ ਕਿ ਬਠਿੰਡਾ ਥਰਮਲ ਪਲਾਂਟ 'ਚ ਜੋ ਕੋਇਲਾ ਮੱਚਦਾ ਹੈ ਤੇ ਇਸ ਤੋਂ ਜਿਹੜੀ ਸੁਆਹ ਪੈਦਾ ਹੁੰਦੀ ਹੈ, ਉਹ ਨਿਸ਼ਚਿਤ ਮਾਪਦੰਡਾਂ ਤੋਂ ਹੇਠਾਂ ਹੈ ਜੋ ਯੂਰੇਨੀਅਮ ਦਾ ਕਾਰਨ ਨਹੀਂ ਬਣਦੀ। ਮੰਤਰਾਲੇ ਨੇ ਦੱਸਿਆ ਕਿ ਇਕ ਅਧਿਐਨ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਟਿਊਬਵੈੱਲਾਂ ਤੇ ਨਲਕਿਆਂ ਦੇ ਪਾਣੀ ਦੇ 22 ਨਮੂਨੇ ਲਏ ਗਏ ਸਨ ਜਿਨ੍ਹਾਂ 'ਚੋਂ ਚਾਰ ਨਮੂਨਿਆਂ 'ਚ ਯੂਰੇਨੀਅਮ ਦੀ ਵੱਧ ਮਾਤਰਾ ਪਾਏ ਜਾਣ ਦੀ ਪੁਸ਼ਟੀ ਹੋਈ ਸੀ ਪਰ ਇਸ ਦਾ ਕਾਰਨ ਤਾਪ ਬਿਜਲੀ ਘਰਾਂ ਵਿਚ ਬਲਦਾ ਕੋਇਲਾ ਨਹੀਂ ਹੈ।

ਭਾਬਾ ਐਟੌਮਿਕ ਰਿਸਰਚ ਸੈਂਟਰ ਤੱਕ ਪਾਣੀ ਨੂੰ ਪੀਣਯੋਗ ਮੰਨਦਾ ਹੈ ਜਿਸ 'ਚ ਯੂਰੇਨੀਅਮ 60 ਪੀ.ਪੀ.ਬੀ ਤੱਕ ਹੈ। ਜ਼ਿਲ੍ਹਾ ਬਠਿੰਡਾ ਦੇ ਪਿੰਡ ਕਰਮਗੜ੍ਹ ਸਤਰਾ 'ਚ ਸਭ ਤੋਂ ਵੱਧ ਮਾਤਰਾ 'ਚ ਯੂਰੇਨੀਅਮ ਪਾਇਆ ਗਿਆ ਹੈ। ਇਸ ਪਿੰਡ ਦੇ ਪਾਣੀਆਂ 'ਚ 644 ਪੀ.ਪੀ.ਬੀ. (ਪਾਰਟਸ ਪਰ ਬਿਲੀਅਨ) ਯੂਰੇਨੀਅਮ ਪਾਇਆ ਗਿਆ ਹੈ ਜਦੋਂਕਿ ਵਿਸ਼ਵ ਸਿਹਤ ਸੰਸਥਾ ਵਲੋਂ ਪਾਣੀ 'ਚ ਕੇਵਲ 15 ਪੀ.ਪੀ.ਬੀ. ਯੂਰੇਨੀਅਮ ਹੋਣ ਦੀ ਗੱਲ ਆਖੀ ਗਈ ਹੈ। ਪਿੰਡ ਜੱਜਲ 'ਚ 292.65 ਪੀ.ਪੀ.ਬੀ. ਪਿੰਡ ਘੁੱਦਾ 'ਚ ਯੂਰੇਨੀਅਮ ਦੀ ਮਾਤਰਾ 165.85 ਪਾਈ ਗਈ ਹੈ। ਪਿੰਡ ਗਿਆਨਾ 'ਚ ਵੀ ਯੂਰੇਨੀਅਮ ਦੀ ਮਾਤਰਾ 292 ਪੀ.ਪੀ.ਬੀ. ਪਾਈ ਗਈ ਹੈ। ਪਿੰਡ ਜੱਜਲ ਤੇ ਗਿਆਨਾ 'ਚ ਤਾਂ ਕੈਂਸਰ ਨਾਲ ਕਾਫੀ ਵੱਡੀ ਗਿਣਤੀ 'ਚ ਮੌਤਾਂ ਵੀ ਹੋ ਚੁੱਕੀਆਂ ਹਨ। ਪਿੰਡ ਢਿਲਵਾਂ ਦੇ ਧਰਤੀ ਹੇਠਲੇ ਪਾਣੀ 'ਚ ਯੂਰੇਨੀਅਮ ਦੀ ਮਾਤਰਾ 463.6 ਪੀ.ਪੀ.ਬੀ. ਪਾਈ ਗਈ ਹੈ।

ਭਾਬਾ ਐਟੌਮਿਕ ਰਿਸਰਚ ਸੈਂਟਰ ਮੁੰਬਈ ਵੱਲੋਂ ਕੁਝ ਸਮਾਂ ਪਹਿਲਾਂ ਮਾਲਵੇ ਦੇ ਚਾਰ ਜ਼ਿਲ੍ਹਿਆਂ 'ਚੋਂ ਧਰਤੀ ਹੇਠਲੇ ਪਾਣੀ ਦੇ 235 ਨਮੂਨੇ ਲਏ ਗਏ ਸਨ। ਰਿਸਰਚ ਸੈਂਟਰ ਦੇ ਏ.ਈ.ਡੀ. ਵਿਭਾਗ ਦੇ ਮੁਖੀ ਡਾ.ਵੀ.ਡੀ. ਪੁਰਨਾਇਕ ਨੇ ਦੱਸਿਆ ਸੀ ਕਿ ਮਾਲਵੇ 'ਚੋਂ ਲਏ ਪਾਣੀ ਦੇ ਨਮੂਨਿਆਂ 'ਚ ਯੂਰੇਨੀਅਮ ਦੀ ਵੱਡੀ ਮਾਤਰਾ ਪਾਈ ਗਈ ਹੈ ਤੇ ਇਹ ਵੀ ਸਾਫ ਹੋਇਆ ਹੈ ਕਿ ਇਹ ਡਿਪਲੀਟਿਡ ਯੂਰੇਨੀਅਮ ਨਹੀਂ ਹੈ। ਉਨ੍ਹਾਂ ਆਖਿਆ ਕਿ ਇਰਾਨ ਤੇ ਅਫਗਾਨਸਿਤਾਨ 'ਚ ਵਰਤਿਆ ਯੂਰੇਨੀਅਮ ਇਹ ਬਿਲਕੁੱਲ ਨਹੀਂ ਹੈ।

# ਸਿਆਸੀ ਲੀਡਰਾਂ ਨੇ ਕੱਢੀ ਪੰਜਾਬ ਰੋਡਵੇਜ਼ ਦੀ ਫੂਕ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿਆਸੀ ਲੀਡਰਾਂ ਨੇ ਆਪਣੀਆਂ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਨੂੰ ਲਾਹਾ ਦੇਣ ਲਈ ਪੰਜਾਬ ਰੋਡਵੇਜ਼ ਨੂੰ ਚੰਗਾ ਖੋਰਾ ਲਾਇਆ ਹੈ। ਪੰਜਾਬ ਰੋਡਵੇਜ਼ ਦਿਨੋ-ਦਿਨ ਪ੍ਰਾਈਵੇਟ ਅਦਾਰੇ ਦਾ ਰੂਪ ਧਾਰਦੀ ਜਾ ਰਹੀ ਹੈ। ਇਹ ਅਦਾਰਾ ਜਿੱਥੇ ਪਹਿਲਾਂ ਹੀ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਲਾਹੇਵੰਦ ਰੂਟ ਦੇਣ ਕਾਰਨ ਸੁੰਗੜਦਾ ਜਾ ਰਿਹਾ ਹੈ ਉਥੇ ਪੰਜਾਬ ਰੋਡਵੇਜ਼ ਦੀਆਂ ਕੁੱਲ 1798 ਬੱਸਾਂ ਵਿਚੋਂ 54 ਫੀਸਦੀ ਬੱਸਾਂ ਇੱਕ ਕੰਪਨੀ ਬਣਾ ਕੇ ਬੈਂਕਾਂ ਤੋਂ ਕਰਜ਼ਾ ਲੈ ਕੇ ਚਲਾਈਆਂ ਜਾ ਰਹੀਆਂ ਹਨ। ਜਦਕਿ ਚਾਰ ਫੀਸਦੀ ਬੱਸਾਂ ਕਿਲੋਮੀਟਰ ਸਕੀਮ ਤਹਿਤ ਭਾੜੇ 'ਤੇ ਲੈ ਕੇ ਬੁੱਤਾ ਸਾਰਿਆ ਜਾ ਰਿਹਾ ਹੈ।

ਪੰਜਾਬ ਟਰਾਂਸਪੋਰਟ ਵਿਭਾਗ ਕੋਲੋਂ ਸੂਚਨਾ ਅਧਿਕਾਰ ਤਹਿਤ ਹਾਸਲ ਜਾਣਕਾਰੀ ਅਨੁਸਾਰ ਪੰਜਾਬ ਰੋਡਵੇਜ਼ ਲਈ ਸਰਕਾਰ ਪਨਬੱਸ (ਪੰਜਾਬ ਬੱਸ ਸਟੈਂਡ ਮੈਨੇਜਮੈਂਟ ਕੰਪਨੀ) ਨਾਂ ਦੀ ਕੰਪਨੀ ਬਣਾ ਕੇ ਬੈਂਕਾਂ ਕੋਲੋਂ ਕਰਜ਼ਾ ਲੈ ਕੇ ਬੱਸਾਂ ਖਰੀਦ ਰਹੀ ਹੈ। ਇਸ ਵਿਭਾਗ ਵਿਚ ਅਧਿਕਾਰੀ ਤੇ ਮੁਲਾਜ਼ਮ ਵੀ ਵੱਡੇ ਪੱਧਰ 'ਤੇ ਠੇਕੇ 'ਤੇ ਹੀ ਰੱਖੇ ਜਾ ਰਹੇ ਹਨ। ਪੰਜਾਬ ਰੋਡਵੇਜ਼ ਵਿਚ ਇਸ ਵੇਲੇ ਵੱਖ-ਵੱਖ ਵਰਗਾਂ ਨਾਲ ਸਬੰਧਤ 7567 ਮੁਲਾਜ਼ਮ ਕੰਮ ਕਰਦੇ ਹਨ ਇਨ੍ਹਾਂ ਵਿਚੋਂ 5061 ਰੈਗੂਲਰ ਹਨ ਜਦਕਿ 2506 ਠੇਕੇ ਦੇ ਅਧਾਰ 'ਤੇ ਕੰਮ ਕਰ ਰਹੇ ਹਨ। ਇਸ ਤਰ੍ਹਾਂ ਰੋਡਵੇਜ਼ ਵਿਚ ਠੇਕੇ ਦੇ ਅਧਾਰ 'ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਗਿਣਤੀ 33 ਫੀਸਦੀ ਤੱਕ ਪੁੱਜ ਗਈ ਹੈ। ਰੋਡਵੇਜ਼ ਵਿਚ ਕੁੱਲ ਅਧਿਕਾਰੀਆਂ ਦੀ ਗਿਣਤੀ 73 ਹੈ, ਇਨ੍ਹਾਂ ਵਿਚੋਂ 67 ਰੈਗੂਲਰ ਹਨ ਤੇ ਛੇ ਠੇਕੇ ਦੇ ਅਧਾਰ 'ਤੇ ਕੰਮ ਕਰ ਰਹੇ ਹਨ। ਦੂਸਰੇ ਪਾਸੇ ਪੰਜਾਬ ਰੋਡਵੇਜ਼ ਕੋਲ ਇਸ ਵੇਲੇ ਕੁੱਲ 1798 ਬੱਸਾਂ ਹਨ। ਇਨ੍ਹਾਂ ਵਿਚੋਂ ਸਿੱਧੇ ਤੌਰ 'ਤੇ ਪੰਜਾਬ ਰੋਡਵੇਜ਼ ਦੇ ਬੇੜੇ ਵਿਚ ਕੇਵਲ 756 ਬੱਸਾਂ ਆਉਂਦੀਆਂ ਹਨ ਜੋ ਕਿ ਕੁੱਲ ਬੱਸਾਂ ਦਾ 42 ਫੀਸਦੀ ਹੈ। ਰੋਡਵੇਜ਼ ਵੱਲੋਂ 54 ਫੀਸਦੀ ਬੱਸਾਂ ਪਨਬੱਸ ਕੰਪਨੀ ਰਾਹੀਂ ਬੈਂਕਾਂ ਤੋਂ ਕਰਜ਼ੇ ਲੈ ਕੇ ਖਰੀਦੀਆਂ ਗਈਆਂ ਹਨ। ਇਸ ਤਰ੍ਹਾਂ ਪਨਬੱਸ ਕੰਪਨੀ ਦੇ ਖਾਤੇ ਵਿਚ ਕੁੱਲ 967 ਬੱਸਾਂ ਹਨ ਜਿਨ੍ਹਾਂ ਵਿਚ 119 ਏ.ਸੀ. ਬੱਸਾਂ ਸ਼ਾਮਲ ਹਨ। ਪੰਜਾਬ ਰੋਡਵੇਜ਼ ਦੀਆਂ ਕੁੱਲ ਬੱਸਾਂ ਵਿਚੋਂ 4 ਫੀਸਦੀ ਬੱਸਾਂ ਕਿਲੋਮੀਟਰ ਸਕੀਮ ਤਹਿਤ ਭਾੜੇ 'ਤੇ ਲੈ ਕੇ ਚਲਾਈਆਂ ਜਾ ਰਹੀਆਂ ਹਨ। ਇਸ ਤਹਿਤ ਕਿਸੇ ਪ੍ਰਾਈਵੇਟ ਟਰਾਂਸਪੋਰਟ ਦੀ ਡਰਾਈਵਰ ਸਮੇਤ ਬੱਸ ਕਿਰਾਏ 'ਤੇ ਲਈ ਜਾਂਦੀ ਹੈ। ਅਜਿਹੀ ਬੱਸ 'ਤੇ ਕੰਡਕਟਰ ਰੋਡਵੇਜ਼ ਵੱਲੋਂ ਲਾਇਆ ਜਾਂਦਾ ਹੈ। ਇਹ ਬੱਸਾਂ ਰੋਡਵੇਜ਼ ਦੇ ਪਰਮਿਟ 'ਤੇ ਚੱਲਦੀਆਂ ਹਨ ਤੇ ਸਰਕਾਰ ਵੱਲੋਂ ਪ੍ਰਾਈਵੇਟ ਟਰਾਂਸਪੋਰਟ ਨੂੰ ਪ੍ਰਤੀ ਕਿਲੋਮੀਟਰ ਦੇ ਆਧਾਰ 'ਤੇ ਕਿਰਾਇਆ ਦਿੱਤਾ ਜਾਂਦਾ ਹੈ।

ਹਾਸਲ ਜਾਣਕਾਰੀ ਅਨੁਸਾਰ ਰੋਡਵੇਜ਼ ਵੱਲੋਂ 31 ਜੁਲਾਈ, 1995 ਨੂੰ ਪਨਬੱਸ ਕੰਪਨੀ ਬੱਸ ਅੱਡੇ ਬਣਾਉਣ ਲਈ ਬਣਾਈ ਗਈ ਸੀ। ਇਸ ਕੰਪਨੀ ਵੱਲੋਂ 10 ਬੱਸ ਅੱਡੇ ਬਣਾਏ ਗਏ ਸਨ ਤੇ ਉਸ ਤੋਂ ਬਾਅਦ ਸਰਕਾਰ ਨੇ ਬਿੱਲਟ-ਅਪਰੇਟ-ਟਰਾਂਸਫਰ (ਬੀ.ਓ.ਟੀ.) ਦੇ ਆਧਾਰ 'ਤੇ ਤਿੰਨ ਮੁੱਖ ਅੱਡੇ ਬਣਾਏ ਸਨ। ਫਿਰ ਸਰਕਾਰ ਨੇ ਇਸ ਕੰਪਨੀ ਦੇ ਆਧਾਰ 'ਤੇ ਬੈਂਕਾਂ ਤੋਂ ਕਰਜ਼ੇ ਲੈ ਕੇ ਬੱਸਾਂ ਪਾਉਣ ਦੀ ਪ੍ਰਕਿਰਿਆ ਚਲਾਈ ਸੀ। ਦੱਸਣਯੋਗ ਹੈ ਕਿ ਟਰਾਂਸਪੋਰਟ ਵਿਭਾਗ ਦੇ ਨਿਯਮਾਂ ਅਨੁਸਾਰ ਕਿਸੇ ਵੀ ਬੱਸ ਦੀ ਉਮਰ (ਮਿਆਦ) 5.25 ਲੱਖ ਕਿਲੋਮੀਟਰ ਜਾਂ 7 ਸਾਲ ਮਿਥੀ ਗਈ ਹੈ ਜਦਕਿ ਬਜਟ ਦੀ ਘਾਟ ਕਾਰਨ ਮਜਬੂਰੀਵੱਸ ਰੋਡਵੇਜ਼ ਨੂੰ ਮਿਆਦ ਪੁਗਾ ਚੁੱਕੀਆਂ ਕੰਡਮ ਬੱਸਾਂ ਚਲਾਉਣੀਆਂ ਪੈ ਰਹੀਆਂ ਹਨ। ਟਰਾਂਸਪੋਰਟ ਵਿਭਾਗ ਦੇ ਨਿਯਮਾਂ ਅਨੁਸਾਰ ਕੰਡਮ ਹੋ ਚੁੱਕੀਆਂ ਬੱਸਾਂ ਦੇ ਬਦਲ ਵਿਚ ਪਨਬੱਸ/ਪੰਜਾਬ ਰੋਡਵੇਜ਼ ਰਾਹੀਂ ਕੁੱਲ 1276 ਨਵੀਆਂ ਬੱਸਾਂ ਖਰੀਦੀਆਂ ਗਈਆਂ ਹਨ ਤੇ ਬਕਾਇਆ ਰਹਿੰਦੀਆਂ ਕੰਡਮ ਬੱਸਾਂ ਨੂੰ ਬਦਲਣ ਦੀ ਕਾਰਵਾਈ ਚੱਲ ਰਹੀ ਹੈ। ਪੰਜਾਬ ਰੋਡਵੇਜ਼ ਦੇ ਤਕਰੀਬਨ ਸਾਰੇ 18 ਡਿਪੂ ਪਨਬੱਸ ਦੀਆਂ ਬੱਸਾਂ ਰਾਹੀਂ ਹੀ ਰਿੜ੍ਹ ਰਹੇ ਹਨ।

# ਮਨਪ੍ਰੀਤ ਬਾਦਲ ਖਿਲਾਫ ਚੋਣ ਕਮਿਸ਼ਨ ਕੋਲ ਸ਼ਿਕਾਇਤ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੰਜਾਬੀ ਅਖਬਾਰ 'ਚ ਪੈਸੇ ਦੇ ਕੇ ਖਬਰਾਂ ਦੇ ਰੂਪ ਵਿਚ ਗੁੰਮਰਾਹਕੁੰਨ ਇਸ਼ਤਿਹਾਰ ਲਵਾਉਣ ਦੀ ਸ਼ਿਕਾਇਤ ਭਾਰਤੀ ਚੋਣ ਕਮਿਸ਼ਨ ਨੂੰ ਕਰਦਿਆਂ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਅਕਾਲੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿਚ ਲਿਖਤੀ ਸ਼ਿਕਾਇਤ ਕੀਤੀ ਹੈ। ਡਾ. ਚੀਮਾ ਨੇ ਦੱਸਿਆ ਕਿ ਸ. ਮਨਪ੍ਰੀਤ ਸਿੰਘ ਬਾਦਲ ਵੱਲੋਂ ਸਮਾਜ ਸੇਵੀ ਅੰਨਾ ਹਜ਼ਾਰੇ ਦੀ ਫੋਟੋ ਨਾਲ ਆਪਣੀ ਫੋਟੋ ਲਵਾ ਕੇ ਪੈਸੇ ਦੇ ਕੇ ਖਬਰਾਂ ਦੇ ਰੂਪ ਵਿਚ ਇਸ਼ਤਿਹਾਰ ਲਵਾ ਕੇ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ।


ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guaran- tee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: **773-416-8526**
or 773-935-VISA, SagarATM@yahoo.com

**www.GoldCoastATM.com**






**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ





*Attorny At Law*

***Law Offices Of Jaspreet Singh***

***4491 W. Shaw Ave., Suite 300 B (Near Costco) Fresno, CA 93722 Ph: 559-271-5511***

***44790 S. Grimmer Blvd. #204 Fremont CA-94538 Ph:510-657-6444 Fax: 510-657-6443***

***2945 W. Capitol Ave, Sacramento CA-95691 Ph: 916-372-4448 Fax: 916-372-4440***

# ਕਮਲ ਨਾਥ ਭਾਰਤ ਦਾ ਸਭ ਤੋਂ ਅਮੀਰ ਮੰਤਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਨੇ ਆਪਣੇ ਅਸਾਸੇ ਨਸ਼ਰ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਕੋਲ ਦੋ ਘਰਾਂ, 1996 ਮਾਡਲ ਦੀ ਮਾਰੂਤੀ 800 ਕਾਰ ਤੇ ਕੁਝ ਮਿਆਦੀ ਜਮ੍ਹਾਂ ਪੂੰਜੀਆਂ ਸਮੇਤ ਕੁੱਲ 5 ਕਰੋੜ ਰੁਪਏ ਦੇ ਅਸਾਸੇ ਹਨ।

ਉਨ੍ਹਾਂ ਦੇ 77 ਮੈਂਬਰੀ ਮੰਤਰੀ ਮੰਡਲ 'ਚੋਂ ਸਿਰਫ ਪੰਜ ਮੰਤਰੀ ਅਜਿਹੇ ਹਨ ਜਿਨ੍ਹਾਂ ਦੀ ਸੰਪਤੀ ਦੇ ਵੇਰਵੇ ਪ੍ਰਧਾਨ ਮੰਤਰੀ ਦੀ ਵੈਬੱਸਾਈਟ 'ਤੇ ਮੁਹੱਈਆ ਨਹੀਂ ਹਨ। ਇਨ੍ਹਾਂ ਵਿਚ ਕੈਬਨਿਟ ਮੰਤਰੀ ਵਿਲਾਸ ਰਾਓ ਦੇਸ਼ਮੁਖ, ਆਜ਼ਾਦਾਨਾ ਕਾਰਜ ਸਹਿਤ ਰਾਜ ਮੰਤਰੀ ਕ੍ਰਿਸ਼ਨਾ ਤੀਰਥ ਤੇ ਜੈਯੰਤੀ ਨਟਰਾਜਨ ਤੇ ਰਾਜ ਮੰਤਰੀ ਜਿਤੇਂਦਰ ਸਿੰਘ ਤੇ ਐਸ. ਜਗਤਰਕਸ਼ਨ ਸ਼ਾਮਲ ਹਨ।




*ਡਾ. ਮਨਮੋਹਨ ਸਿੰਘ: ਪੰਜ ਕਰੋੜੀ।*



*ਕਮਲ ਨਾਥ: ਸਭ ਤੋਂ ਅਮੀਰ।*



*ਏ.ਕੇ. ਐਂਟਨੀ: ਸਭ ਤੋਂ ਗਰੀਬ।*



*ਪ੍ਰਫੁੱਲ ਪਟੇਲ: 100 ਕਰੋੜੀ।*

ਅਸਾਸਿਆਂ ਦੀਆਂ ਸੂਚੀ ਪੱਖੋਂ ਕਮਲ ਨਾਥ ਸਭ ਤੋਂ ਅਮੀਰ ਮੰਤਰੀ ਹਨ। ਉਹ ਤੇ ਉਨ੍ਹਾਂ ਦੇ ਪਰਿਵਾਰ ਦੇ ਅਸਾਸੇ 263 ਕਰੋੜ ਰੁਪਏ ਦੇ ਬਣਦੇ ਹਨ ਜਦੋਂਕਿ ਰੱਖਿਆ ਮੰਤਰੀ ਏ.ਕੇ. ਐਂਟਨੀ ਸਭ ਤੋਂ ਗਰੀਬ ਹਨ। ਸ੍ਰੀ ਐਂਟਨੀ ਦੇ ਨਿੱਜੀ ਅਸਾਸੇ ਸਿਰਫ਼ 1.82 ਲੱਖ ਰੁਪਏ ਦੇ ਹਨ ਜਦੋਂਕਿ ਉਨ੍ਹਾਂ ਦੀ ਪਤਨੀ ਐਲਿਜ਼ਾਬੈਥ ਜੋ ਕਿ ਸਰਕਾਰੀ ਅਫਸਰ ਹੈ, ਦੇ ਅਸਾਸੇ 40 ਲੱਖ ਦੇ ਆਸ-ਪਾਸ ਹਨ। ਨੌਜਵਾਨ ਮੰਤਰੀਆਂ ਵਿਚੋਂ ਜਿਓਤਿਰਦਿਤਿਆ ਸਿੰਧੀਆ ਸਭ ਤੋਂ ਅਮੀਰ ਹਨ ਜਦੋਂਕਿ ਸਚਿਨ ਪਾਇਲਟ 27 ਕਰੋੜੀ ਹਨ। ਕਮਾਲ ਦੀ ਗੱਲ ਹੈ ਕਿ ਖੇਤੀ ਮੰਤਰੀ ਸ਼ਰਦ ਪਵਾਰ ਨੇ ਸਿਰਫ 12 ਕਰੋੜ ਰੁਪਏ ਦੇ ਮਾਲੀ ਅਸਾਸੇ ਹੋਣ ਦਾ ਦਾਅਵਾ ਕੀਤਾ ਹੈ ਜਦੋਂਕਿ ਉਨ੍ਹਾਂ ਬਾਰੇ ਪ੍ਰਭਾਵ ਇਹੀ ਹੈ ਕਿ ਉਹ ਸਭ ਤੋਂ ਧਨਾਢ ਮੰਤਰੀਆਂ ਵਿਚੋਂ ਇਕ ਹਨ। ਵਿੱਤ ਮੰਤਰੀ ਪ੍ਰਣਬ ਮੁਖਰਜੀ ਕੋਲ 1.82 ਕਰੋੜ ਰੁਪਏ ਦੇ ਅਸਾਸੇ ਹਨ। ਇਨ੍ਹਾਂ 'ਚ ਰਾਜਧਾਨੀ ਨਵੀਂ ਦਿੱਲੀ ਦੇ ਮੁਨੀਰਕਾ ਤੇ ਕੋਲਕਾਤਾ ਵਿਚਲੇ ਦੋ ਫਲੈਟ ਸ਼ਾਮਲ ਹਨ। ਉਨ੍ਹਾਂ ਦੀ ਚੱਲ ਸੰਪਤੀ ਵਿਚ 2000 ਮਾਡਲ ਦੀ ਇਕ ਫੋਰਡ ਆਈਕਾਨ ਕਾਰ ਤੇ ਬੱਚਤ ਖਾਤੇ ਸ਼ਾਮਲ ਹਨ।

ਕੈਬਨਿਟ ਮੰਤਰੀਆਂ 'ਚੋਂ ਕਾਰਪੋਰੇਟ ਮਾਮਲਿਆਂ ਬਾਰੇ ਮੰਤਰੀ ਐਮ. ਵੀਰੱਪਾ ਮੋਇਲੀ ਕੋਲ ਸ਼ਾਇਦ ਘੱਟ ਅਸਾਸੇ ਹਨ। ਉਨ੍ਹਾਂ ਕੋਲ ਕੋਈ ਚੱਲ ਸੰਪਤੀ ਨਹੀਂ ਹੈ ਤੇ 13.33 ਲੱਖ ਰੁਪਏ ਦੇ ਬੈਂਕ ਖਾਤੇ ਹਨ। ਪ੍ਰਧਾਨ ਮੰਤਰੀ ਕੋਲ ਕੋਈ ਖੇਤੀਯੋਗ ਜਾਂ ਗ਼ੈਰ-ਖੇਤੀ ਜ਼ਮੀਨ ਨਹੀਂ ਹੈ। ਚੰਡੀਗੜ੍ਹ ਵਿਚ ਉਨ੍ਹਾਂ ਦਾ ਇਕ ਘਰ ਹੈ ਜਿਸ ਦੀ ਮਾਰਕੀਟ ਕੀਮਤ 90 ਲੱਖ ਰੁਪਏ ਹੈ। ਇਸ ਤੋਂ ਇਲਾਵਾ ਦਿੱਲੀ ਦੇ ਵਸੰਤ ਕੁੰਜ ਇਲਾਕੇ ਵਿਚ ਉਨ੍ਹਾਂ ਦਾ ਫਲੈਟ ਹੈ ਜਿਸ ਦੀ ਮਾਰਕੀਟ ਕੀਮਤ 88.67 ਲੱਖ ਰੁਪਏ ਹੈ। ਪ੍ਰਧਾਨ ਮੰਤਰੀ ਦੀ ਪਤਨੀ ਗੁਰਸ਼ਰਨ ਕੌਰ ਦਾ ਭਾਰਤੀ ਸਟੇਟ ਬੈਂਕ, ਚੰਡੀਗੜ੍ਹ ਸ਼ਾਖਾ ਵਿਚ 11 ਲੱਖ ਰੁਪਏ ਦਾ ਬੱਚਤ ਖਾਤਾ ਹੈ। ਪ੍ਰਧਾਨ ਮੰਤਰੀ ਦੀਆਂ ਵੱਖ-ਵੱਖ ਬੈਂਕਾਂ ਵਿਚ 3.22 ਕਰੋੜ ਰੁਪਏ ਦੇ ਮਿਆਦੀ ਤੇ ਹੋਰ ਬੈਂਕ ਖਾਤੇ ਹਨ।

ਗ੍ਰਹਿ ਮੰਤਰੀ ਪੀ. ਚਿਦੰਬਰਮ ਤੇ ਉਨ੍ਹਾਂ ਦੀ ਪਤਨੀ ਦੇ 23.67 ਕਰੋੜ ਰੁਪਏ ਦੇ ਅਸਾਸੇ ਹਨ। ਉਨ੍ਹਾਂ ਕੋਲ ਕੋਡਾਗੂ 'ਚ 28.95 ਲੱਖ ਰੁਪਏ ਦਾ ਕੌਫੀ ਅਸਟੇਟ, 22.15 ਲੱਖ ਰੁਪਏ ਦੀ ਸਕੋਡਾ, 16.24 ਲੱਖ ਰੁਪਏ ਦੀ ਫੋਕਸਵੈਗਨ ਤੇ 16.24 ਲੱਖ ਰੁਪਏ ਦੀ ਫੋਰਡ ਫੀਏਸਟਾ ਕਾਰਾਂ ਹਨ। ਬਹੁਤ ਧਨਾਢ ਮੰਤਰੀਆਂ ਦੀ ਸੂਚੀ ਵਿਚ ਪ੍ਰਫੁਲ ਪਟੇਲ ਵੀ ਸ਼ਾਮਲ ਹਨ। ਉਹ ਤੇ ਉਨ੍ਹਾਂ ਦੀ ਪਤਨੀ ਦੇ ਸਾਂਝੇ ਅਸਾਸੇ 100 ਕਰੋੜ ਰੁਪਏ ਦੇ ਹਨ। ਬਿਜਲੀ ਮੰਤਰੀ ਸ਼ੁਸ਼ੀਲ ਕੁਮਾਰ ਸ਼ਿੰਦੇ ਦੇ 7.75 ਕਰੋੜ ਰੁਪਏ ਤੇ ਉਨ੍ਹਾਂ ਦੀ ਪਤਨੀ ਦੇ 4.5 ਕਰੋੜ ਰੁਪਏ ਦੇ ਅਸਾਸੇ ਹਨ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਦੇ 1.76 ਕਰੋੜ ਤੇ ਉਨ੍ਹਾਂ ਦੀ ਪਤਨੀ ਦੇ 1.10 ਕਰੋੜ ਰੁਪਏ ਦੇ ਅਸਾਸੇ ਹਨ।

## ਸਵਿਟਜ਼ਰਲੈਂਡ ਨਾਲ ਬਰਤਾਨਵੀ ਤਰਜ਼ ਦੀ ਟੈਕਸ ਸੰਧੀ ਅਸੰਭਵ: ਭਾਰਤ

**ਨਵੀਂ ਦਿੱਲੀ:** ਭਾਰਤ, ਬਰਤਾਨੀਆ ਦੀ ਤਰਜ਼ 'ਤੇ ਸਵਿਟਜ਼ਰਲੈਂਡ ਨਾਲ ਸੰਧੀ ਨਹੀਂ ਕਰ ਸਕਦਾ ਜਿਸ ਤਹਿਤ ਸਵਿਸ ਬੈਂਕਾਂ 'ਚ ਭਾਰਤੀਆਂ ਦੀਆਂ ਜਮਾਂਪੂੰਜੀਆਂ 'ਤੇ ਟੈਕਸ ਲਾਇਆ ਜਾ ਸਕੇ। ਟੈਕਸ ਸੰਧੀ ਦੀ ਲੜੀ ਦੇ ਤੌਰ 'ਤੇ ਸਵਿਸ ਸਰਕਾਰ ਨੇ ਹਾਲ ਹੀ ਵਿਚ ਬਰਤਾਨਵੀ ਨਾਗਰਿਕਾਂ ਦੇ ਬੈਂਕ ਖਾਤਿਆਂ ਦੇ ਧਨ 'ਤੇ ਟੈਕਸ ਲਾਉਣ ਦੀ ਹਾਮੀ ਭਰੀ ਸੀ ਹਾਲਾਂਕਿ ਉਨ੍ਹਾਂ ਦੀ ਪਛਾਣ ਗੁਪਤ ਹੀ ਰੱਖੀ ਜਾਣੀ ਸੀ।

ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ ਸੰਧੀ ਤਹਿਤ ਸਵਿਸ ਅਧਿਕਾਰੀਆਂ ਵੱਲੋਂ ਐਚ.ਐਮ.ਆਰ. ਸੀ. (ਹਰ ਮਜੈਸਿਟੀਜ਼ ਰੈਵੇਨਿਊ ਐਂਡ ਕਸਟਮਜ਼) ਨੂੰ ਸਾਲ 'ਚ 3 ਅਰਬ ਪੌਂਡ ਤੋਂ 6 ਅਰਬ ਪੌਂਡ ਮਾਲੀਆ ਮਿਲ ਸਕਦਾ ਹੈ। ਇਹ ਸੰਧੀ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਕਾਲੇ ਧਨ ਦਾ ਖੁਰਾ ਲੱਭਣ ਲਈ ਐਚ.ਐਮ.ਆਰ.ਸੀ. ਦੇ ਯਤਨਾਂ ਦੀ ਲੜੀ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਜਰਮਨੀ ਤੇ ਸਵਿਸ ਅਧਿਕਾਰੀਆਂ ਵਿਚਕਾਰ ਇਹੋ ਜਿਹੀ ਸੰਧੀ ਹੋ ਚੁੱਕੀ ਹੈ। ਯੂਰਪ ਦੇ ਵਿਕਸਤ ਦੇਸ਼ਾਂ ਨੂੰ ਦਰਪੇਸ਼ ਮੁਸ਼ਕਲਾਂ ਵੱਲ ਧਿਆਨ ਦੁਆਉਂਦਿਆਂ ਸੀ.ਬੀ.ਡੀ.ਟੀ. ਅਧਿਕਾਰੀ ਨੇ ਕਿਹਾ ਕਿ ਵਿਕਸਤ ਦੇਸ਼ਾਂ ਦੇ ਮੁੱਦੇ ਜੁਦਾ ਹਨ। ਉਨ੍ਹਾਂ ਦੇ ਅਰਥਚਾਰੇ ਮੰਦੀ 'ਚੋਂ ਲੰਘ ਰਹੇ ਹਨ। ਉਨ੍ਹਾਂ ਨੂੰ ਮਾਲੀਏ ਦੀ ਲੋੜ ਹੈ ਤੇ ਟੈਕਸ ਉਨ੍ਹਾਂ ਦੀ ਤਰਜੀਹ ਹੈ। ਉਂਜ ਟੈਕਸ ਮਾਹਿਰ ਚਾਹੁੰਦੇ ਹਨ ਕਿ ਭਾਰਤ ਕਾਲੇ ਧਨ 'ਤੇ ਲਗਾਮ ਲਾਉਣ ਤੇ ਮਾਲੀਆ ਉਗਰਾਹੀ ਵਧਾਉਣ ਲਈ ਸਵਿਟਜ਼ਰਲੈਂਡ ਨਾਲ ਇਹੋ ਜਿਹੀ ਸੰਧੀ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੇ।

ਪੀ.ਡਬਲਿਊ.ਸੀ. ਇੰਡੀਆ ਦੇ ਕਾਰਜਕਾਰੀ ਨਿਰਦੇਸ਼ਕ ਰਾਹੁਲ ਗਰਗ ਨੇ ਕਿਹਾ ਇਸ (ਯੂ.ਕੇ.-ਸਵਿਟਜ਼ਰਲੈਂਡ ਸੰਧੀ) ਨੇ ਟੈਕਸ ਜਨਤਾ ਨਾਲ ਸਿੱਝਣ ਲਈ ਇਕ ਨਵਾਂ ਅਧਿਆਇ ਖੋਲ੍ਹਿਆ ਹੈ। ਹੁਣ ਹੋਰ ਦੇਸ਼ ਵੀ ਸਵਿਟਜ਼ਰਲੈਂਡ ਨਾਲ ਇਹੋ ਜਿਹੀਆਂ ਸੰਧੀਆਂ ਕਰ ਸਕਦੇ ਹਨ। ਵਿੱਤ ਰਾਜ ਮੰਤਰੀ ਐਸ.ਐਸ. ਪਲਾਨੀ-ਮਣੀਕਮ ਨੇ ਹਾਲ ਹੀ ਵਿਚ ਰਾਜ ਸਭਾ 'ਚ ਦੱਸਿਆ ਸੀ ਕਿ ਸਵਿਸ ਨੈਸ਼ਨਲ ਬੈਂਕ ਦੀ ਵੈੱਬਸਾਈਟ ਅਨੁਸਾਰ ਭਾਰਤੀਆਂ ਨੇ 31 ਦਸੰਬਰ 2010 ਤੱਕ ਸਵਿਸ ਬੈਂਕਾਂ ਵਿਚ 9295 ਕਰੋੜ ਰੁਪਏ ਜਮ੍ਹਾਂ ਕਰਵਾਏ ਸਨ। ਕਾਲੇ ਧਨ ਦੀ ਅਲਾਮਤ ਨਾਲ ਸਿੱਝਣ ਲਈ ਸਰਕਾਰ ਨੇ ਪੰਜ-ਪਰਤੀ ਰਣਨੀਤੀ ਅਪਣਾਉਣ ਦਾ ਐਲਾਨ ਕੀਤਾ ਸੀ। ਕਾਲੇ ਧਨ ਖ਼ਿਲਾਫ਼ ਆਲਮੀ ਮੁਹਿੰਮ 'ਚ ਸ਼ਾਮਲ ਹੋਣ, ਨਾਜਾਇਜ਼ ਫੰਡਾਂ ਨਾਲ ਸਿੱਝਣ ਲਈ ਢੁਕਵਾਂ ਵਿਧਾਨਕ ਚੌਖਟਾ ਤੇ ਸੰਸਥਾਵਾਂ ਦੀ ਕਾਇਮੀ ਤੇ ਅਸਰਦਾਰ ਕਾਰਵਾਈ ਕਰਨ ਲਈ ਕਰਮੀਆਂ ਨੂੰ ਹੁਨਰਮੰਦ ਬਣਾਉਣਾ ਸ਼ਾਮਲ ਹੈ।

## ਕਸ਼ਮੀਰ ਸਰਹੱਦ 'ਤੇ ਭਾਰਤੀ ਜੇ.ਸੀ.ਓ. ਤੇ 3 ਪਾਕਿ ਫੌਜੀ ਹਲਾਕ

**ਸ੍ਰੀਨਗਰ:** ਕਸ਼ਮੀਰ ਵਾਦੀ 'ਚ ਇਸ ਸਾਲ ਗੋਲੀਬੰਦੀ ਦੀ ਪਹਿਲੀ ਵਾਰ ਪ੍ਰਤੱਖ ਰੂਪ 'ਚ ਹੋਈ ਵੱਡੀ ਉਲੰਘਣਾ ਦੌਰਾਨ ਇਕ ਭਾਰਤੀ ਜੇ.ਸੀ.ਓ. ਤੇ ਤਿੰਨ ਪਾਕਿਸਤਾਨੀ ਸੈਨਿਕ ਮਾਰੇ ਗਏ। ਅਧਿਕਾਰੀਆਂ ਅਨੁਸਾਰ ਪਹਿਲੀ ਸਤੰਬਰ ਨੂੰ ਹੋਈ ਇਸ ਉਲੰਘਣਾ ਦੌਰਾਨ ਦੋਵੇਂ ਧਿਰਾਂ ਦੀ ਫੌਜ ਵਿਚਾਲੇ ਭਾਰੀ ਗੋਲੀਬਾਰੀ ਹੋਈ। ਇਸ ਉਲੰਘਣਾ ਉੱਤਰੀ ਕਸ਼ਮੀਰ ਦੇ ਮੁੱਖ ਕੇਰਨ ਸੈਕਟਰ 'ਚ ਹੋਈ ਜੋ ਸੀਮਾ ਪਾਰੋਂ ਅਤਿਵਾਦੀਆਂ ਦੀ ਘੁਸਪੈਠ ਦਾ ਮੁੱਖ ਲਾਂਘਾ ਹੈ।

ਇਸ ਤੋਂ ਪਹਿਲਾਂ ਨਾਲ ਲਗਦੇ ਗੁਰੇਜ਼ ਸੈਕਟਰ ਵਿਚ ਘੁਸਪੈਠ ਦਾ ਦਲੇਰਾਨਾ ਯਤਨ ਕੀਤਾ ਗਿਆ ਸੀ। ਫੌਜ ਦੇ ਤਰਜਮਾਨ ਲੈਫਟੀਨੈਂਟ ਕਰਨਲ ਜੇ.ਐਸ. ਬਰਾੜ ਨੇ ਦੱਸਿਆ ਕਿ ਇਸ ਮੌਕੇ ਵੱਡੀਆਂ ਮਾਰਟਰ ਤੇ ਮਸ਼ੀਨਗੰਨਾਂ ਨਾਲ ਗੋਲੇ ਦਾਗੇ ਗਏ। ਮਾਰੇ ਗਏ ਜੇ.ਸੀ.ਓ. ਦੀ ਪਛਾਣ ਨਾਇਬ ਸੂਬੇਦਾਰ ਗੁਰਦਿਆਲ ਸਿੰਘ ਵਜੋਂ ਹੋਈ ਹੈ। ਪਾਕਿਸਤਾਨ ਦੀ ਫੌਜ ਦੇ ਤਰਜਮਾਨ ਮੇਜਰ ਜਨਰਲ ਅਤਹਰ ਅੱਬਾਸ ਨੇ ਇਸਲਾਮਾਬਾਦ 'ਚ ਜ਼ੀਓ ਨਿਊਜ਼ ਨੂੰ ਦੱਸਿਆ ਕਿ ਤਿੰਨ ਪਾਕਿਸਤਾਨੀ ਸੈਨਿਕ ਗੋਲੀਬਾਰੀ 'ਚ ਮਾਰੇ ਗਏ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤੀ ਬਲਾਂ ਨੇ ਬਿਨਾਂ ਕਿਸੇ ਭੜਕਾਹਟ ਦੇ ਸਰਹੱਦ ਪਾਰੋਂ ਫਾਇਰਿੰਗ ਕੀਤੀ।

ਉਨ੍ਹਾਂ ਨੇ ਕੱਚੀ ਮੁਜਾਹਿਦ ਬਟਾਲੀਅਨ ਦੇ ਸੈਨਿਕਾਂ ਵਜੋਂ ਮਰਨ ਵਾਲਿਆਂ ਦੀ ਸ਼ਨਾਖਤ ਕੀਤੀ।



ਅੱਬਾਸ ਅਨੁਸਾਰ ਇਹ ਸੈਨਿਕ ਨੀਲਾਮ ਵਾਦੀ 'ਚ ਮੂਹਰਲੀਆਂ ਚੌਕੀਆਂ ਵੱਲ ਜਾ ਰਹੇ ਸਨ ਜਦੋਂ ਇਹ ਖਰਾਬ ਮੌਸਮ ਕਾਰਨ ਭਟਕ ਗਏ। ਉਨ੍ਹਾਂ ਕਿਹਾ ਕਿ ਸਥਾਨਕ ਭਾਰਤੀ ਕਮਾਂਡਰਾਂ ਨੂੰ ਉਲੰਘਣਾ ਦੀ ਜਾਂਚ ਲਈ ਮੀਟਿੰਗ ਸੱਦਣ ਦੀ ਬੇਨਤੀ ਕੀਤੀ ਗਈ ਹੈ। ਪਾਕਿਸਤਾਨ ਦੇ ਦਾਅਵੇ 'ਤੇ ਪ੍ਰਤੀਕਿਰਿਆ ਕਰਦਿਆਂ ਸ. ਬਰਾੜ ਨੇ ਕਿਹਾ ਕਿ ਭਾਰਤੀ ਫੌਜ ਨੇ ਗੋਲੀਬੰਦੀ ਦੀ ਕੋਈ ਉਲੰਘਣਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕੇਰਨ ਸੈਕਟਰ 'ਚ ਅਤਿਵਾਦੀਆਂ ਨੇ ਘੁਸਪੈਠ ਦੀ ਕੋਸ਼ਿਸ਼ ਕੀਤੀ ਸੀ ਜਿਸ 'ਤੇ ਭਾਰਤੀ ਬਲਾਂ ਨੇ ਪ੍ਰਤੀਕਿਰਿਆ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਇਸ ਅਪਰੇਸ਼ਨ 'ਚ ਜੇ.ਸੀ.ਓ. ਦੀ ਜਾਨ ਚਲੀ ਗਈ। ਪਾਕਿਸਤਾਨ ਕਸ਼ਮੀਰ ਵਾਦੀ ਵਿਚ ਘੁਸਪੈਠ ਕਰਾਉਣ ਲਈ ਅਕਸਰ ਸਰਹੱਦੀ ਚੌਕੀਆਂ 'ਤੇ ਗੋਲੀਬਾਰੀ ਕਰਦਾ ਰਹਿੰਦਾ ਹੈ। ਇਹ ਪਹਿਲੀ ਵਾਰੀ ਹੈ ਕਿ ਪਾਕਿਸਤਾਨ ਨੇ ਇਸ ਘਟਨਾ ਨੂੰ ਮੰਨਿਆ ਹੈ।

## ਉਲਫ਼ਾ ਵੱਲੋਂ ਸਰਕਾਰ ਨਾਲ ਅਮਨ ਸਮਝੌਤਾ

**ਨਵੀਂ ਦਿੱਲੀ:** ਅਸਾਮ 'ਚ ਸਥਾਈ ਅਮਨ ਕਾਇਮ ਕਰਨ ਦੀ ਕੋਸ਼ਿਸ਼ ਵਜੋਂ ਸਰਕਾਰ ਨੇ ਉਥੋਂ ਦੀ ਪਾਬੰਦੀਸ਼ੁਦਾ ਜਥੇਬੰਦੀ ਉਲਫ਼ਾ ਨਾਲ ਸਮਝੌਤੇ 'ਤੇ ਦਸਤਖਤ ਕੀਤੇ ਹਨ। ਅਪਰੇਸ਼ਨ ਰੋਕ ਦੇਣ ਬਾਬਤ ਇਸ ਸਮਝੌਤੇ ਉਪਰ ਕੇਂਦਰ, ਅਸਾਮ ਸਰਕਾਰ ਤੇ ਉਲਫ਼ਾ ਦੇ ਨੁਮਾਇੰਦਿਆਂ ਨੇ ਦਸਤਖਤ ਕੀਤੇ। ਸਮਝੌਤੇ ਅਨੁਸਾਰ ਉਲਫ਼ਾ ਸਮੱਸਿਆ ਦਾ ਸਿਆਸੀ ਹੱਲ ਲੱਭੇ ਜਾਣ ਤਕ ਕੋਈ ਢਾਹਲਾਊ ਕਾਰਵਾਈ ਨਹੀਂ ਕਰੇਗੀ ਜਦਕਿ ਸੁਰੱਖਿਆ ਦਸਤੇ ਉਲਫ਼ਾ ਕੇਡਰ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰਨਗੇ।

ਗ੍ਰਹਿ ਮੰਤਰਾਲੇ ਵਿਚ ਸੰਯੁਕਤ ਸਕੱਤਰ (ਉੱਤਰ-ਪੂਰਬ) ਸ਼ੰਭੂ ਸਿੰਘ ਨੇ ਦੱਸਿਆ ਕਿ ਗੱਲਬਾਤ ਦਾ ਵਧੀਆ ਦੌਰ ਪੂਰਾ ਹੋਇਆ ਹੈ। ਅਪਰੇਸ਼ਨ ਰੋਕ ਦੇਣ ਬਾਰੇ ਸਮਝੌਤਾ ਸਹੀਬੰਦ ਹੋ ਗਿਆ। ਪਹਿਲੇ ਗੇੜ ਤੋਂ ਸਿਆਸੀ ਸੰਵਾਦ ਦੇ ਰਾਹ ਦਾ ਝਲਕਾਰਾ ਮਿਲਿਆ ਹੈ ਤੇ ਇਹ ਭਵਿੱਖ ਦੀ ਗੱਲਬਾਤ ਦਾ ਵੀ ਸੂਚਕ ਹੈ। ਅਪਰੇਸ਼ਨ ਮੁਅੱਤਲ ਕਰਨ ਬਾਰੇ ਇਹ ਸਮਝੌਤਾ ਸਿਆਸੀ ਵਾਰਤਾ ਦੌਰਾਨ ਤੇ ਅੰਤਿਮ ਸਮਝੌਤਾ ਹੋਣ ਤਕ ਲਾਗੂ ਰਹੇਗਾ। ਮੀਟਿੰਗ ਵਿਚ ਸਮਝੌਤੇ ਨੂੰ ਲਾਗੂ ਕਰਨ ਦੇ ਜ਼ਮੀਨੀ ਨੇਮਾਂ ਤੇ ਅਸਾਮ ਵਿਚ ਅਮਨ ਬਰਕਰਾਰ ਰੱਖਣ ਦੇ ਵੱਖ-ਵੱਖ ਪਹਿਲੂਆਂ 'ਤੇ ਨਿੱਠ ਕੇ ਵਿਚਾਰ ਚਰਚਾ ਕੀਤੀ ਗਈ। ਬਾਗ਼ੀ ਗਰੁੱਪ ਦੇ ਤਕਰੀਬਨ 600 ਕਾਰਕੁਨ ਕੈਂਪਾਂ (ਨਵ-ਨਿਰਮਾਣ ਕੇਂਦਰਾਂ) ਵਿਚ ਰੱਖੇ ਜਾਣਗੇ।



*ਉਲਫਾ ਮੁਖੀ ਅਰਵਿੰਦ ਰਾਜਖੋਵਾ।*

ਉਲਫ਼ਾ ਦੇ ਕੇਡਰ ਵੱਲੋਂ ਆਪਣੇ ਹਥਿਆਰ ਤੇ ਗੋਲੀ ਸਿੱਕਾ ਜਮ੍ਹਾਂ ਕਰਾਉਣ ਦੀ ਚਰਚਾ ਦਾ ਭੋਗ ਪਾਉਂਦਿਆਂ ਜਥੇਬੰਦੀ ਦੇ ਵਿਦੇਸ਼ ਮਾਮਲਿਆਂ ਦੇ ਸਕੱਤਰ ਸ਼ਸ਼ਾਧਰ ਚੌਧਰੀ ਨੇ ਜਵਾਬ ਦਿੱਤਾ ਕਿ ਅਸੀਂ ਕਿਉਂ ਕਰਾਈਏ? ਇਹ ਕੋਈ ਅੰਤਿਮ ਸਮਝੌਤਾ ਨਹੀਂ ਹੈ। ਇਹ ਭੱਦਰ ਪੁਰਸ਼ਾਂ ਦਾ ਸਮਝੌਤਾ ਹੈ। ਅਸੀਂ ਦੇਖਾਂਗੇ ਕਿ ਗੱਲਬਾਤ ਅੱਗੇ ਕਿਵੇਂ ਵਧਦੀ ਹੈ। ਪਿਛਲੇ ਮਹੀਨੇ ਉਲਫ਼ਾ ਨੇ ਕੇਂਦਰ ਸਰਕਾਰ ਨੂੰ ਆਪਣਾ ਮੰਗ ਪੱਤਰ ਸੌਂਪਿਆ ਸੀ ਕਿ ਅਸਾਮ ਦੇ ਮੂਲ ਵਾਸੀਆਂ ਦੇ ਹੱਕਾਂ ਤੇ ਪਛਾਣ ਦੀ ਰਾਖੀ ਲਈ ਸੰਵਿਧਾਨ 'ਚ ਸੋਧ ਕੀਤੀ ਜਾਵੇ। ਗਰੁੱਪ ਨੇ ਇਹ ਵੀ ਕਿਹਾ ਸੀ ਕਿ ਸੰਵਿਧਾਨ ਦੇ ਮੌਜੂਦਾ ਦਾਇਰੇ ਵਿਚ ਉਸ ਦੀਆਂ ਮੰਗਾਂ ਦਾ ਹੱਲ ਲੱਭਣਾ ਸੰਭਵ ਨਹੀਂ ਹੈ। ਸਮਝੌਤੇ ਉਤੇ ਸੰਯੁਕਤ ਸਕੱਤਰ ਸ਼ੰਭੂ ਸਿੰਘ, ਅਸਾਮ ਦੇ ਗ੍ਰਹਿ ਕਮਿਸ਼ਨਰ ਜਿਸ਼ਨੂ ਬਰੂਆ, ਉਲਫ਼ਾ ਆਗੂ ਚੌਧਰੀ, ਵਿੱਤ ਸਕੱਤਰ ਚਿਤਰਾਬਨ ਹਜ਼ਾਰਿਕਾ ਤੇ ਡਿਪਟੀ ਕਮਾਂਡਰ-ਇਨ-ਚੀਫ਼ ਰਾਜ ਬਰੂਆ ਨੇ ਦਸਤਖਤ ਕੀਤੇ।

ਉਲਫ਼ਾ ਵੱਲੋਂ 32 ਸਾਲਾਂ ਤੋਂ ਚਲਾਏ ਜਾ ਰਹੇ ਸੰਘਰਸ਼ ਵਿਚ ਪਹਿਲੀ ਵਾਰ ਸਰਕਾਰ ਨਾਲ ਗੱਲਬਾਤ ਕੀਤੀ ਗਈ ਹੈ। ਇਸ ਤੋਂ ਪਹਿਲਾਂ ਉਲਫ਼ਾ ਤੇ ਕੇਂਦਰ ਦੇ ਵਾਰਤਾਕਾਰ ਪੀ.ਸੀ. ਹਲਦਰ ਵਿਚਕਾਰ ਗੁਹਾਟੀ 'ਚ ਗੱਲਬਾਤ ਹੋਈ ਸੀ। ਉਂਜ, ਉਲਫ਼ਾ ਦੇ ਕਮਾਂਡਰ-ਇਨ-ਚੀਫ ਪਰੇਸ਼ ਬਰੂਆ ਵੱਲੋਂ ਪ੍ਰਭੂਸੱਤਾ ਦਾ ਮੁੱਦਾ ਗੱਲਬਾਤ ਦੀ ਮੇਜ਼ 'ਤੇ ਲਿਆਂਦੇ ਜਾਣ ਤਕ ਕੇਂਦਰ ਨਾਲ ਗੱਲਬਾਤ ਦਾ ਵਿਰੋਧ ਕੀਤਾ ਜਾ ਰਿਹਾ ਹੈ।

## ਅਫ਼ਜ਼ਲ ਦੀ ਮੁਆਫੀ ਲਈ ਜੰਮੂ-ਕਸ਼ਮੀਰ ਵਿਧਾਨ ਸਭਾ 'ਚ ਮਤਾ ਪੇਸ਼

**ਸ੍ਰੀਨਗਰ:** ਸੰਸਦ 'ਤੇ ਹਮਲੇ ਦੇ ਦੋਸ਼ੀ ਅਫ਼ਜ਼ਲ ਗੁਰੂ ਨੂੰ ਮੁਆਫੀ ਦੇਣ ਬਾਰੇ ਜੰਮੂ-ਕਸ਼ਮੀਰ ਵਿਧਾਨ ਸਭਾ 'ਚ ਮਤਾ ਪੇਸ਼ ਕੀਤਾ ਗਿਆ। ਇਹ ਮਤਾ ਆਜ਼ਾਦ ਉਮੀਦਵਾਰ ਨੇ ਪੇਸ਼ ਕੀਤਾ। ਕੁਪਵਾੜਾ ਜ਼ਿਲ੍ਹੇ ਦੇ ਲੰਗੇਟ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦੇ ਸ਼ੇਖ ਅਬਦੁਲ ਰਸ਼ੀਦ ਨੇ ਕਿਹਾ ਕਿ ਉਹ ਮਨੁੱਖਤਾ ਦੇ ਆਧਾਰ 'ਤੇ ਅਫ਼ਜ਼ਲ ਗੁਰੂ ਲਈ ਮੁਆਫ਼ੀ ਚਾਹੁੰਦੇ ਹਨ।



ਜਨਾਬ ਰਸ਼ੀਦ ਵੱਲੋਂ ਜੰਮੂ-ਕਸ਼ਮੀਰ ਵਿਧਾਨ ਸਭਾ ਵਿਚ ਪੇਸ਼ ਮਤੇ ਵਿਚ ਕਿਹਾ ਗਿਆ ਹੈ ਕਿ ਸਦਨ ਇਸ ਗੱਲ ਦਾ ਹੱਲ ਕਰੇ ਕਿ ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਅਫ਼ਜ਼ਲ ਗੁਰੂ ਨੂੰ ਸੰਸਦ 'ਤੇ ਹਮਲੇ ਦੇ ਦੋਸ਼ ਵਿਚ ਦਿੱਤੀ ਫਾਂਸੀ ਦੀ ਸਜ਼ਾ ਬਾਰੇ ਮਨੁੱਖਤਾ ਦੇ ਆਧਾਰ 'ਤੇ ਮੁਆਫ਼ੀ ਦਿੱਤੀ ਜਾਵੇ।



## ਚੱਲ ਸੋ ਚੱਲ

ਇਕਬਾਲ ਜੱਬੋਵਾਲੀਆ
ਫੋਨ:917-375-6395

# ਸ਼ਿਕਾਗੋ ਤੋਂ ਸਿਨਸਿਨੈਟੀ ਤੱਕ

ਸ਼ੇਰੇ ਪੰਜਾਬ ਸਪੋਰਟਸ ਕਲੱਬ, ਸਿਨਸਿਨੈਟੀ ਵਲੋਂ ਕਰਵਾਇਆ ਜਾ ਰਿਹਾ ਪਹਿਲਾ ਖੇਡ ਮੇਲਾ 31 ਜੁਲਾਈ ਨੂੰ ਸੀ। ਮੇਲੇ ਲਈ ਸੱਦਾ ਕਲੱਬ ਦੇ ਪ੍ਰਧਾਨ ਹਰਿੰਦਰ ਸਿੰਘ ਵਾਲੀਆ ਨੇ ਮੈਨੂੰ ਨਿਊ ਯਾਰਕ ਹੀ ਦੇ ਦਿੱਤਾ ਸੀ। ਖੇਡਾਂ ਬਾਰੇ ਲਿਖਣ ਕਰਕੇ ਮੈਨੂੰ ਖੁਦ ਵੀ ਇਸ ਮੇਲੇ ਵਿਚ ਜਾਣ ਦਾ ਚਾਅ ਸੀ। ਸਨਿਚਰਵਾਰ 30 ਜੁਲਾਈ ਨੂੰ ਪੰਜਾਬ ਟਾਈਮਜ਼ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਦੇ ਬੇਟੇ ਮਨਦੀਪ ਸਿੰਘ ਦੇ ਵਿਆਹ 'ਤੇ ਅਸੀਂ ਸਾਰੇ ਪਹੁੰਚੇ ਹੋਏ ਸਾਂ।

ਵਿਆਹ ਦੀ ਰਿਸੈਪਸ਼ਨ ਦਾ ਅਨੰਦ ਮਾਣਦੇ ਹੋਏ ਪਹਿਲਾਂ ਤੋਂ ਹੀ ਬਣੇ ਪ੍ਰੋਗਰਾਮ ਮੁਤਾਬਕ ਅਸ਼ੋਕ ਭੌਰੇ ਨਾਲ ਸਿਨਸਿਨੈਟੀ ਜਾਣ ਦੀ ਤਿਆਰੀ ਕਰਨ ਲੱਗ ਪਏ। ਅਸ਼ੋਕ ਭੌਰਾ ਪਹਿਲਾਂ ਤਾਂ ਖੇਡ-ਮੇਲੇ ਜਾਣ ਲਈ ਜੱਕਾਂ-ਤੱਕਾਂ ਕਰ ਰਿਹਾ ਸੀ ਕਿ ਉਹਦੇ ਆਪਣੇ ਕਈ ਕੰਮ ਰਹਿ ਜਾਣੇ ਸਨ। ਮੇਰੇ ਜ਼ੋਰ ਪਾਉਣ 'ਤੇ ਮੰਨ ਗਿਆ। ਸਾਡੀ ਰਿਹਾਇਸ਼ ਸ਼ਿਕਾਗੋ ਦੇ ਹਰਫ਼ਨਮੌਲਾ ਹੈਪੀ ਹੀਰ ਦੇ ਘਰ ਸੀ। ਹੈਪੀ ਦੇ ਪਿਤਾ ਮੇਜਰ ਸਿੰਘ ਮੌਜੀ ਨੂੰ ਖੇਡ ਮੇਲੇ 'ਤੇ ਜਾਣ ਲਈ ਪੁਛਿਆ ਤਾਂ ਉਨ੍ਹਾਂ ਨੇ ਬੇਬਸੀ ਜ਼ਾਹਰ ਕੀਤੀ। ਸਾਨੂੰ ਲਾਲਚ ਸੀ ਕਿ ਹਾਸਰਸ ਕਵੀ ਮੌਜੀ ਦੀਆਂ ਸ਼ੁਗਲੀ ਗੱਲਾਂ ਸੁਣਦਿਆਂ ਚਾਰ-ਪੰਜ ਘੰਟੇ ਦਾ ਸਫ਼ਰ ਅਰਾਮ ਨਾਲ ਲੰਘ ਜਾਵੇ। ਅਸੀਂ ਹੈਪੀ ਹੀਰ ਨੂੰ ਵੀ ਨਾਲ ਲਿਜਾਣਾ ਚਾਹੁੰਦੇ ਸਾਂ ਪਰ ਉਹ ਵਿਆਹ 'ਚ ਬਿਜ਼ੀ ਸੀ।

ਵਿਆਹ ਦੀ ਚਲਦੀ ਪਾਰਟੀ 'ਚ ਕੈਲੀਫ਼ੋਰਨੀਆ ਤੋਂ ਗੀਤਕਾਰ ਮੱਖਣ ਲੁਹਾਰਾਂ ਵਾਲਾ ਵੀ ਆ ਸ਼ਾਮਲ ਹੋਇਆ। ਮੱਖਣ ਦਾ ਗਰਾਂਈਂ ਸਪਰਿੰਗਫ਼ੀਲਡ ਵਾਲਾ ਅਵਤਾਰ ਸਿੰਘ ਵੀ ਵਿਆਹ 'ਤੇ ਪਹੁੰਚਿਆ ਹੋਇਆ ਸੀ। ਉਹ ਸਾਡੇ ਲੇਖ ਪੜ੍ਹਦਾ ਹੋਣ ਕਰਕੇ ਅਸ਼ੋਕ ਭੌਰੇ ਅਤੇ ਮੈਨੂੰ ਘਰ ਜਾਣ ਲਈ ਕਈ ਵਾਰ ਕਹਿ ਚੁੱਕਾ ਸੀ। ਨਾਲ ਚੱਲਣ ਲਈ ਹੁਣ ਅਸੀ ਮੱਖਣ ਨੂੰ ਵੀ ਮਨਾ ਲਿਆ। ਪਾਰਟੀ ਮੁੱਕਦੇ ਸਾਰ ਹੀ ਅਸੀਂ ਭਾਜੀ ਅਮੋਲਕ ਸਿੰਘ ਤੋਂ ਆਗਿਆ ਲੈ ਕੇ ਹੈਪੀ ਦੇ ਘਰੋਂ ਲੋੜ ਮੁਤਾਬਕ ਸਾਮਾਨ ਚੁੱਕਣ ਚਲ ਪਏ। ਹੁਣ ਸਾਡੇ ਨਾਲ ਸਨ-ਮਿਸ਼ੀਗਨ ਤੋਂ ਫ਼ਿਲਮੀ ਕਲਾਕਾਰ ਭਗਵਾਨ (ਬਾਬ) ਖੈਰਾ, ਗਾਇਕ ਅਤੇ ਗੀਤਕਾਰ ਨਿੰਮਾ ਡੱਲੇਵਾਲਾ, ਇੰਡੀਆਨਾ ਤੋਂ ਬਿਜਨਸਮੈਨ ਅਤੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦਾ ਮੈਂਬਰ ਸਰਵਣ ਸਿੰਘ ਟਿਵਾਣਾ ਅਤੇ ਮੇਰੇ ਦੋਵੇਂ ਬੇਟੇ ਨਵਜੋਤ ਸਿੰਘ ਅਤੇ ਮਨਜੋਤ ਸਿੰਘ। ਟਿਵਾਣਾ ਸਾਹਿਬ ਦੀ ਵੱਡੀ ਗੱਡੀ 'ਚ ਅਸ਼ੋਕ ਭੌਰਾ ਅਤੇ ਬਾਬ ਖੈਰਾ, ਨਿੰਮੇ ਦੀ ਛੋਟੀ ਗੱਡੀ 'ਚ ਮੈਂ, ਨਿੰਮਾ ਅਤੇ ਮੇਰੇ ਦੋਵੇਂ ਬੇਟੇ। ਵਿਆਹ 'ਚ ਘੁਟ ਲਾ ਲੈਣ ਕਰਕੇ ਨਿੰਮੇ ਨੇ ਗੱਡੀ ਦੀ ਚਾਬੀ ਇਹ ਆਖ ਕੇ ਮੈਨੂੰ ਫ਼ੜਾ ਦਿਤੀ, "ਇਕਬਾਲ ਭਾਜੀ, ਗੱਡੀ ਤੁਸੀ ਚਲਾਉ, ਮੈਂ ਠੀਕ ਨਹੀਂ।"

ਦੂਜੀ ਸਟੇਟ ਅਤੇ ਰਾਹਾਂ ਤੋਂ ਨਾਵਾਕਫ਼ ਹੋਣ ਕਰਕੇ ਜੱਕਾਂ-ਤੱਕਾਂ ਕਰਦੇ ਨੇ ਮੈਂ ਗੱਡੀ ਦੀ ਚਾਬੀ ਫ਼ੜ ਲਈ। ਮੱਖਣ ਲੁਹਾਰਾਂ ਨੇ ਅਵਤਾਰ ਸਿੰਘ ਨਾਲ ਠਹਿਰ ਕੇ ਆਉਣਾ ਸੀ। ਰਾਹਾਂ ਦਾ ਜਾਣੂ ਹੋਣ ਕਰਕੇ ਟਿਵਾਣਾ ਸਾਹਿਬ ਦੀ ਗੱਡੀ ਅੱਗੇ ਅੱਗੇ ਤੇ ਸਾਡੀ ਪਿਛੇ ਪਿਛੇ ਜਾ ਰਹੀ ਸੀ। ਸਕੀਮ ਸੀ ਕਿ ਚਲ ਕੇ ਟਿਵਾਣਾ ਸਾਹਿਬ ਦੇ ਘਰ ਥੋੜਾ ਅਰਾਮ ਕਰਾਂਗੇ ਤੇ ਸਵੇਰੇ ਸਾਰੇ ਸਿਨਸਿਨੈਟੀ ਨੂੰ ਚਲ ਪਵਾਂਗੇ। ਘੰਟੇ ਕੁ ਦੇ ਸਫ਼ਰ ਪਿਛੋਂ ਗੱਡੀਆਂ ਟਿਵਾਣਾ ਸਾਹਿਬ ਦੇ ਘਰ ਜਾ ਖੜੀਆਂ ਹੋਈਆਂ। ਰਾਤ ਦੇ ਡੇਢ-ਦੋ ਵੱਜ ਚੁਕੇ ਸਨ। ਅਸੀਂ ਸਾਫ਼-ਸੁਥਰੀ ਅਤੇ ਖੁਲ੍ਹੀ ਬੇਸਮੈਂਟ ਵਿਚ ਜਾ ਡੇਰੇ ਲਾਏ। ਟਿਵਾਣਾ ਸਾਹਿਬ ਨੇ ਸ਼ੌਕੀਆ ਬੇਸਮੈਂਟ ਵਿਚ ਹੀ ਬਾਰ ਬਣਾਈ ਹੋਈ ਹੈ। ਕੋਲ ਹੀ ਪਲਾਸਟਿਕ ਦੇ ਰਿਕਾਰਡ (ਤਵੇ) ਅਤੇ ਰਿਕਾਰਡਾਂ ਵਾਲੀ ਮਸ਼ੀਨ ਪਈ ਸੀ।

"ਹੈਂਅ, ਆਹ ਤਾਂ ਹੱਦ ਹੋ ਗੀ, ਨਾਲੇ ਮਸ਼ੀਨ-ਨਾਲੇ ਰਿਕਾਰਡ। ਕਿਥੋਂ ਲਏ ਭਾਜੀ?" ਮਸ਼ੀਨ ਨੂੰ ਨਿਹਾਰਦਾ ਅਸ਼ੋਕ ਟਿਵਾਣਾ ਸਾਹਿਬ ਨੂੰ ਪੁੱਛਣ ਲੱਗਾ।

"ਭਾਜੀ ਮੈਨੂੰ ਵੀ ਬਹੁਤ ਸ਼ੋਕ ਆ ਇਨ੍ਹਾਂ ਚੀਜ਼ਾਂ ਦਾ; ਇਹ ਦੱਸੋ ਸ਼ਿੰਦਾ ਸੁਣਨਾ ਜਾ ਚਮਕੀਲਾ?"

"ਜਿਹੜਾ ਮਰਜ਼ੀ ਸੁਣਾ ਦਿਉ, ਆਪਣੇ ਦੋਵੇਂ ਯਾਰ ਨੇ," ਅਸ਼ੋਕ ਦਾ ਜਵਾਬ ਸੀ।

ਲਉ ਜੀ, ਚਲ ਪਿਆ ਚਮਕੀਲਾ। ਫਿਰ ਗੀਤ ਸੁਣਦੇ ਸੁਣਦੇ ਪਤਾ ਨਾ ਲੱਗਾ ਕਦੋਂ ਸੌਂ ਗਏ। ਲੰਬਾ ਸਫ਼ਰ ਅਤੇ ਲੇਟ ਨਾ ਹੋਣ ਦੇ ਫਿਕਰਮੰਦ ਟਿਵਾਣਾ ਸਾਹਿਬ ਨੇ ਸਵੇਰੇ ਵੇਲੇ ਨਾਲ ਹੀ ਆ ਜਗਾਏ, "ਚਲੋ, ਉਠੋ ਬਈ ਟੈਮ ਹੋ ਗਿਆ, ਨਾਵ੍ਹੋ-ਧੋਵੋ, ਚਾਹ-ਪਾਣੀ ਪੀਉ ਤੇ ਚੱਲੀਏ, ਸਫ਼ਰ ਲੰਬੈ।"

ਚਾਹ-ਪਾਣੀ ਪੀ ਤਿਆਰ ਹੋ ਕੇ ਬਾਹਰ ਨਿਕਲੇ ਤਾਂ ਮਸਲਾ ਖੜ੍ਹ ਗਿਆ ਗੱਡੀ ਦਾ। ਟਿਵਾਣਾ ਸਾਹਿਬ ਦੀ ਇਕ ਗੱਡੀ ਸਵੇਰੇ 'ਨੇਰੇ ਹੀ ਸਿਨਸਿਨੈਟੀ ਨੂੰ ਨਿਕਲ ਗਈ ਸੀ। ਹੁਣ ਗੱਡੀ ਰਹਿ ਗਈ ਛੋਟੀ ਨਿੰਮੇ ਵਾਲੀ। ਬੰਦੇ ਸੱਤ ਤੇ ਗਿਣੀ ਜਾਣ ਛੇ। ਗਿਣਤੀ ਵਾਲਾ ਆਪਣੇ ਆਪ ਨੂੰ ਗਿਣੇ ਹੀ ਨਾ। ਕਰਦੇ ਕਰਾਉਂਦੇ ਟਿਵਾਣਾ ਸਾਹਿਬ ਚਾਬੀ ਫੜ੍ਹ ਕੇ ਡਰਾਇਵਰ ਸੀਟ 'ਤੇ ਜਾ ਬੈਠੇ, ਨਾਲ ਦੀ ਸੀਟ 'ਤੇ ਮੈਂ ਬਹਿ ਗਿਆ। ਰਹਿ ਗਏ ਪੰਜ। ਪਿਛਲੀ ਸੀਟ 'ਤੇ ਅਸ਼ੋਕ ਭੌਰਾ, ਬਾਬ ਖੈਰਾ, ਨਿੰਮਾ ਅਤੇ ਬੇਟਾ ਨਵਜੋਤ ਚਾਰ ਜਣੇ ਘੁਟ ਹੋ ਕੇ ਬਹਿ ਗਏ। ਪੰਜਵੇਂ ਦਾ ਫਿਰ ਮਸਲਾ। ਬੇਟੇ ਮਨਜੋਤ ਨੂੰ ਔਖੇ-ਸੌਖੇ ਹੋ ਕੇ ਸਾਰਿਆਂ ਨੇ ਗੋਡਿਆਂ 'ਤੇ ਬਹਾਇਆ। ਉਹ ਵੀ ਭਾਰਾ ਹੋਣ ਕਰਕੇ ਲੰਬੇ ਸਫ਼ਰ 'ਚ ਫਿਰ ਮਸਲਾ।" "ਨਿੰਮਿਆਂ ਫ਼ੋਨ ਕਰ ਤਾਂ ਨਿਧਾਨ ਨੂੰ, ਉਹ ਵੀ ਕਬੱਡੀ ਮੈਚਾਂ ਦਾ ਸ਼ੌਕੀਨ ਆ, ਜੇ ਜਾਂਦਾ ਹੋਇਆ ਤਾਂ ਇਕ-ਦੋ ਜਣੇ ਉਹਦੇ ਨਾਲ ਈ ਬਹਾ ਦਿਆਂਗੇ," ਟਿਵਾਣਾ ਸਾਹਿਬ ਨੇ ਨਿੰਮੇ ਨੂੰ ਕਿਹਾ। ਨਿੰਮੇ ਨੇ ਫੋਨ ਘੁਮਾਇਆ ਤਾਂ ਇੰਡੀਆਨਾ ਰਹਿੰਦਾ ਮਹਿਤੋਤ ਵਾਲਾ ਨਿਧਾਨ ਵੀ ਪਰਿਵਾਰ ਸਮੇਤ ਉਥੇ ਕਬੱਡੀ ਮੇਲਾ ਵੇਖਣ ਜਾ ਰਿਹਾ ਸੀ। ਹੁਣ ਸਾਨੂੰ ਸੌਖੇ ਹੋਣ ਦੀ ਆਸ ਜਾਗੀ। ਨਿਧਾਨ ਸਾਡੇ ਮੋਹਰੇ ਮੋਹਰੇ ਹੀ ਜਾ ਰਿਹਾ ਸੀ। ਦੱਸੀ ਜਗ੍ਹਾ 'ਤੇ ਉਹ ਸਾਡਾ ਇੰਤਜ਼ਾਰ ਕਰਨ ਲੱਗਾ।




*ਖੱਬਿਓਂ-ਪਹਿਲਵਾਨ ਬੁੱਧ ਸਿੰਘ, ਇਕਬਾਲ ਜੱਬੋਵਾਲੀਆ, ਅਸ਼ੋਕ ਭੌਰਾ, ਪ੍ਰੋ. ਮੱਖਣ ਸਿੰਘ ਹਕੀਮਪੁਰੀ, (ਪਿਛੇ) ਬਾਬ ਖੈਰਾ ਅਤੇ ਹੋਰ*

ਮਿਰਜ਼ੇ ਦੀ ਬੱਕੀ ਵਾਂਗ ਹੁਣ ਗੱਡੀ ਸੜਕ 'ਤੇ ਵਿਛਦੀ ਜਾ ਰਹੀ ਸੀ। ਥੋੜੀ ਦੇਰ ਬਾਅਦ ਪਟਰੌਲ ਸਟੇਸ਼ਨ ਵੀ ਆ ਗਿਆ ਜਿਥੇ ਨਿਧਾਨ ਸਿੰਘ ਸਾਡਾ ਇੰਤਜ਼ਾਰ ਕਰ ਰਿਹਾ ਸੀ। ਮੈਂ ਨਿਧਾਨ ਸਿੰਘ ਵਾਲੀ ਗੱਡੀ ਵਿਚ ਜਾ ਬੈਠਾ। ਅਗੜ-ਪਿੱਛੜ ਗੱਡੀਆਂ ਫਿਰ ਹਾਈਵੇ 'ਤੇ ਜਾ ਚੜ੍ਹੀਆਂ। ਮੈਂ ਤੇ ਨਿਧਾਨ ਗੱਲੀਂ ਪੈ ਗਏ। 'ਪੰਜਾਬ ਟਾਈਮਜ਼' 'ਚ ਉਹ ਮੇਰੇ ਲੇਖ ਪੜ੍ਹਦਾ ਹੋਣ ਕਰਕੇ ਖਿਡਾਰੀਆਂ, ਪਹਿਲਵਾਨਾਂ ਦੀਆਂ ਗੱਲਾਂ ਚਲਦੀਆਂ ਰਹੀਆਂ। ਉਸ ਦਿਨ ਧੁੱਪ ਵੀ ਵਾਹਵਾ ਪੈ ਰਹੀ ਸੀ। ਆਲੇ-ਦੁਆਲੇ ਮੱਕੀ ਦੀਆਂ ਫ਼ਸਲਾਂ ਠਾਠਾਂ ਮਾਰ ਰਹੀਆਂ ਸਨ। ਵੱਡੇ-ਵੱਡੇ ਖੇਤ। ਹੱਦ-ਬੰਨਾਂ ਘੱਟ ਹੀ ਦਿਸਦਾ ਸੀ। ਰਾਜ ਮਾਂਹ ਦੀ ਫ਼ਸਲ ਦਾ ਵੀ ਕੋਈ ਅੰਤ ਨਹੀ ਸੀ। ਪੰਜਾਬ 'ਚ ਵੱਡੇ-ਵੱਡੇ ਬਿਜਲੀ ਦੇ ਖੰਭਿਆਂ ਦੀ ਤਰ੍ਹਾਂ ਸੋਲਰ-ਪਲਾਂਟ ਲੱਗੇ ਹੋਏ ਸਨ। ਸਾਨੂੰ ਕਬੱਡੀ ਮੈਚ ਵੇਖਣ ਦੀ ਕਾਹਲ ਸੀ। ਨਿਧਾਨ ਨੇ ਖੇਡ ਮੇਲੇ ਦੇ ਪ੍ਰਬੰਧਕ ਮੋਰਿੰਡੇ ਵਾਲੇ ਸੁਰਜੀਤ ਸਿੰਘ ਮਾਵੀ ਦਾ ਫੋਨ ਘੁਮਾਇਆ, ਮੇਲਾ ਭਰਦਾ ਜਾ ਰਿਹਾ ਸੀ।

ਗਰਾਊਂਡ ਦਾ ਪਤਾ ਹੋਣ ਕਰਕੇ ਨਿਧਾਨ ਨੇ ਗੱਡੀ ਲਿਜਾ ਕੱਢੀ ਹਾਈਵੇ ਤੋਂ ਬਾਹਰ। ਮੋੜਾਂ 'ਤੇ ਸ਼ੇਰੇ ਪੰਜਾਬ ਕਬੱਡੀ ਮੇਲੇ ਦੇ ਪੋਸਟਰਾਂ 'ਤੇ ਲੱਗੇ ਤੀਰਾਂ ਦੇ ਨਿਸ਼ਾਨ ਦਿਸੇ। ਝੱਟ ਹੀ ਸਾਡੀਆਂ ਗੱਡੀਆਂ ਖੇਡ ਮੈਦਾਨ 'ਚ ਜਾ ਖੜ੍ਹੀਆਂ ਹੋਈਆਂ।

ਖੇਡ ਮੈਦਾਨ 'ਵਾਇਸ ਆਫ਼ ਅਮੈਰਿਕਾ' ਪੰਜਾਬੀਆਂ ਨਾਲ ਭਰਿਆ ਪਿਆ ਸੀ। ਸਟੇਜ ਤੋਂ ਪ੍ਰੋ. ਮੱਖਣ ਸਿੰਘ ਦੀ ਕੁਮੈਂਟਰੀ ਦੀ ਆਵਾਜ਼ ਆ ਰਹੀ ਸੀ। ਕਬੱਡੀ, ਬਾਲੀਵਾਲ, ਕ੍ਰਿਕਟ ਅਤੇ ਬੱਚਿਆਂ ਦੀਆਂ ਖੇਡਾਂ ਜੋਰਾਂ-ਸ਼ੋਰਾਂ ਨਾਲ ਚਲ ਰਹੀਆਂ ਸਨ। ਤਿੱਖੀ ਧੁੱਪ ਤੋਂ ਬਚਣ ਲਈ ਦਰਸ਼ਕ ਚਾਨਣੀਆਂ ਥੱਲੇ ਕੁਰਸੀਆਂ ਡਾਹੀ ਬੈਠੇ ਸਨ। ਵੱਖੋ-ਵੱਖਰੇ ਸਟਾਲ ਲੱਗੇ ਹੋਏ ਸਨ। ਰੌਣਕ ਮੇਲਾ ਦੇਖਦੇ ਅਸੀਂ ਸਟੇਜ ਕੋਲ ਜਾ ਪਹੁੰਚੇ। "ਭਾਜੀ, ਕੀ ਗੱਲ 'ਕੱਲੇ 'ਕੱਲੇ ਖਾਈ ਜਾ ਰਹੇ ਓ।" ਦੁਪਿਹਰ ਦਾ ਖਾਣਾ ਖਾਣ ਲੱਗੇ ਪ੍ਰੋ. ਮੱਖਣ ਸਿੰਘ ਨੂੰ ਮੈਂ ਜਾ ਕਿਹਾ। "ਓ ਬੱਲੇ ਬੱਲੇ ਇਕਬਾਲ ਸਿਹਾਂ," ਕਹਿੰਦੇ ਹੋਏ ਪ੍ਰੋ. ਮੱਖਣ ਸਿੰਘ ਨੇ ਰੋਟੀ ਵਿਚਾਲੇ ਛੱਡ ਆ ਜੱਫੀ ਪਾਈ।

ਖਾਣਾ ਖਾਣ ਤੋਂ ਬਾਅਦ ਪ੍ਰੋ. ਮੱਖਣ ਸਿੰਘ ਨੇ ਸਾਡੀ ਸਾਰਿਆਂ ਦੀ ਮਾਈਕ ਤੋਂ ਦਰਸ਼ਕਾਂ ਨਾਲ ਜਾਣ-ਪਛਾਣ ਕਰਾਈ। 'ਪੰਜਾਬ ਟਾਈਮਜ਼' 'ਚ ਸਾਡੇ ਲੇਖ ਪੜ੍ਹਦੇ ਹੋਣ ਕਰਕੇ ਕਈ ਪਾਠਕ ਮੈਨੂੰ ਤੇ ਅਸ਼ੋਕ ਭੌਰੇ ਨੂੰ ਉਚੇਚਾ ਮਿਲਣ ਆਏ। ਖਿਡਾਰੀਆਂ ਅਤੇ ਪਹਿਲਵਾਨਾਂ ਬਾਰੇ ਲਿਖੇ ਮੇਰੇ ਲੇਖਾਂ ਦੀ ਪ੍ਰਸ਼ੰਸਾ ਕੀਤੀ। ਅਸ਼ੋਕ ਭੌਰੇ ਦੀ ਕਲਮ ਦੀ ਰੱਜ ਕੇ ਦਾਦ ਦਿਤੀ। ਇਨੇ ਨੂੰ ਸਪਰਿੰਗਫ਼ੀਲਡ ਵਾਲੇ ਅਵਤਾਰ ਸਿੰਘ ਅਤੇ ਗੀਤਕਾਰ ਮੱਖਣ ਲੁਹਾਰਾਂ ਵਾਲੇ ਵੀ ਆ ਪਹੁੰਚੇ। ਸਟੇਜ ਤੋਂ ਪ੍ਰੋ. ਮੱਖਣ ਸਿੰਘ ਨੇ ਮੱਖਣ ਦੀ ਦਰਸ਼ਕਾਂ ਨਾਲ ਸਾਂਝ ਪੁਆਈ। ਪ੍ਰੋ.ਮੱਖਣ ਸਿੰਘ ਦੀ ਕਮੈਂਟਰੀ ਖੇਡ-ਮੇਲੇ ਨੂੰ ਚਾਰ ਚੰਨ ਲਾ ਰਹੀ ਸੀ। ਸੁਖਚੈਨ ਬਰਾੜ ਉਨ੍ਹਾਂ ਦਾ ਸਾਥ ਦੇ ਰਿਹਾ ਸੀ। ਸ਼ੇਰੇ-ਪੰਜਾਬ ਸਪੋਰਟਸ ਕਲੱਬ ਦਾ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ ਵੀ ਸਟੇਜ 'ਤੇ ਆ ਪਹੁੰਚਿਆ, ਬੜੇ ਤਪਾਕ ਨਾਲ ਮਿਲਿਆ।

ਰੁਸਤਮੇ-ਹਿੰਦ ਪਹਿਲਵਾਨ ਬੁੱਧ ਸਿੰਘ ਵੀ ਖੇਡ-ਮੇਲੇ ਦਾ ਨਜ਼ਾਰਾ ਮਾਣ ਰਿਹਾ ਮਿਲਿਆ। ਬੁੱਧ ਸਿੰਘ ਦੇ ਹੋਣਹਾਰ ਬੇਟਿਆਂ ਦੀ ਦਿਲ ਖਿੱਚਵੀ ਕਬੱਡੀ ਦੇਖੀ। ਕਾਲਾ ਹੱਟ-ਹੱਟ ਰੇਡਾਂ ਪਾ ਰਿਹਾ ਸੀ ਤੇ ਗੋਰਾ ਖਿੱਚ-ਖਿੱਚ ਜੱਫੇ ਲਾ ਰਿਹਾ ਸੀ। ਜਦੋਂ ਨੂੰ ਖੇਡ-ਮੇਲੇ ਦੇ ਮੁੱਖ ਮਹਿਮਾਨ ਸ. ਬਲਦੇਵ ਸਿੰਘ ਸੱਲ੍ਹਾਂ ਅਤੇ ਕਬੱਡੀ ਦਾ ਰੁਸਤਮੇ-ਹਿੰਦ ਬਲਵਿੰਦਰ ਸਿੰਘ ਫਿੱਡੂ ਵੀ ਆ ਗਏ। ਕਬੱਡੀ, ਵਾਲੀਬਾਲ, ਕ੍ਰਿਕਟ, ਛੋਟੇ ਬੱਚਿਆਂ ਦੀਆਂ ਦੌੜਾਂ ਅਤੇ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਜੇਤੂ ਕਬੱਡੀ ਖਿਡਾਰੀਆਂ ਨੂੰ ਇਨਾਮ ਵੰਡੇ ਗਏ। ਗਾਉਣ-ਪਾਣੀ ਵੇਖਣ ਲਈ ਖੇਡ-ਮੈਦਾਨ ਦਰਸ਼ਕਾਂ ਨਾਲ ਭਰਨਾ ਸ਼ੁਰੂ ਹੋ ਗਿਆ। ਖੇਡਾਂ ਦਾ ਸ਼ੌਕੀਨ ਅਤੇ ਦਰਿਆ-ਦਿਲ ਇਨਸਾਨ ਇੰਡੀਅਨਐਪੋਲਿਸ ਵਾਲਾ ਦਰਸ਼ਨ ਸਿੰਘ ਦਰੜ ਵੀ ਮੇਲੇ ਵਿਚ ਆਣ ਪਹੁੰਚਿਆ। ਡੇਅਟਨ ਵਾਲੇ ਬਲਜੀਤ ਸਿੰਘ ਦੇ ਮਹਾਰਾਜਾ ਰੈਸਟੋਰੈਂਟ ਦੇ ਸੁਆਦੀ ਖਾਣੇ ਦਾ ਸਾਰਿਆਂ ਖੂਬ ਆਨੰਦ ਮਾਣਿਆ। ਮਹਿਤੋਤ ਵਾਲਾ ਨਿਧਾਨ ਸਿੰਘ ਭਰੇ ਮੇਲੇ 'ਚ ਸਾਥੋਂ ਵਿਛੜ ਗਿਆ ਸੀ। ਨਿਊ ਯਾਰਕ ਤੋਂ ਉਹਾਇਓ ਆ ਵਸੇ ਕਈ ਸੱਜਣ ਮੇਲੇ 'ਚ ਮਿਲੇ। ਕਲਮਕਾਰ ਅਤੇ ਪੱਤਰਕਾਰ ਚਰਨਜੀਤ ਸਿੰਘ ਗੁਮਟਾਲਾ ਵੀ ਮਿਲੇ।

ਜੀ ਪੰਜਾਬ ਟੀ ਵੀ ਵਾਲੇ ਪਵਨ ਨੇ ਸਵੇਰ ਤੋਂ ਸਟੇਜ ਦੀ ਸੇਵਾ ਸੰਭਾਲੀ ਹੋਈ ਸੀ। ਕਲਾਕਾਰਾਂ ਦੀ ਸਟੇਜ ਵੀ ਹੁਣ ਉਹੀ ਸੰਭਾਲ ਰਿਹਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਕਾਲੀ ਪੱਗ ਅਤੇ ਕਾਲਾ ਕੁੜਤਾ ਪਜ਼ਾਮਾ ਪਾਈ ਨਿੰਮੇ ਡੱਲੇਵਾਲਾ ਨੇ ਆਪਣੇ ਲਿਖੇ ਗੀਤ ਤੋਂ ਕੀਤੀ। ਸਰੋਤਿਆਂ ਨੇ ਨਿੰਮੇ ਦੀ ਗਾਇਕੀ ਨੂੰ ਕਾਫ਼ੀ ਪਸੰਦ ਕੀਤਾ। ਉਸ ਤੋਂ ਬਾਅਦ ਲਾਡੀ ਬਸਰਾ ਨੇ ਆ ਸਟੇਜ ਸੰਭਾਲੀ। ਲਾਡੀ ਦੇ ਢੋਲ-ਢਮੱਕੇ ਵਾਲੇ ਗੀਤਾਂ ਤੋਂ ਬਾਅਦ ਰੌਸ਼ਨ ਪ੍ਰਿੰਸ ਸਟੇਜ 'ਤੇ ਆ ਚੜ੍ਹਿਆ। ਮਿਸ ਪੂਜਾ ਅਤੇ ਰੌਸ਼ਨ ਪ੍ਰਿੰਸ ਸਟੇਜ 'ਤੇ ਪੂਰੇ ਛਾਏ ਪਏ ਸਨ। ਪੱਬਾਂ ਭਾਰ ਹੋਏ ਕਈ ਸ਼ਰਾਬੀ ਸਰੋਤੇ ਨੱਚ-ਨੱਚ ਪਾਗਲ ਹੋ ਰਹੇ ਸਨ। ਹਰਵਿੰਦਰ ਵਾਲੀਆ ਅਤੇ ਸਾਥੀ ਇਸ ਖੇਡ-ਮੇਲੇ ਨੂੰ ਸਫ਼ਲ ਬਣਾਉਣ ਵਿਚ ਪੂਰੇ ਕਾਮਯਾਬ ਹੋਏ।

ਅਸ਼ੋਕ ਭੌਰਾ, ਮੱਖਣ ਲੁਹਾਰਾਂ ਵਾਲਾ, ਮੇਰੇ ਬੇਟੇ ਅਤੇ ਮੈਂ ਦੋ ਦਿਨ ਅਵਤਾਰ ਸਿੰਘ ਦੇ ਘਰ ਰਹੇ। ਪਹਿਲਵਾਨ ਬੁੱਧ ਸਿੰਘ ਦਾ ਕਈ ਵਾਰ ਫ਼ੋਨ ਆਇਆ ਤੇ ਮਿਲਣ ਨੂੰ ਕਹਿ ਰਿਹਾ ਸੀ। ਸਿਨਸਿਨੈਟੀ ਰਹਿੰਦੇ ਗਾਇਕ ਨਿੰਮੇ ਨੂੰ ਫ਼ੋਨ ਕੀਤਾ ਤਾਂ ਪਰਿਵਾਰ ਸਮੇਤ ਉਹ ਵੀ ਆ ਗਿਆ। ਦੂਜੀ ਸ਼ਾਮ ਨੂੰ ਅਵਤਾਰ ਸਿੰਘ ਦੇ ਘਰ ਪੂਰੀ ਮਹਿਫ਼ਲ ਜੰਮੀ। ਮੱਖਣ ਨੇ ਸ਼ਿਕਾਗੋ ਰਹਿੰਦੇ ਆਪਣੇ ਰਿਸ਼ਤੇਦਾਰ ਰਾਮ ਲਾਲ ਨੂੰ ਫ਼ੋਨ ਕਰ ਦਿਤਾ ਕਿ ਆ ਕੇ ਉਨ੍ਹਾਂ ਨੂੰ ਲੈ ਜਾਵੇ। ਰਾਮ ਲਾਲ ਉਸੇ ਰਾਤ ਦੋ ਕੁ ਵਜੇ ਆ ਗਿਆ। ਸਵੇਰੇ 'ਨੇਰੇ ਫਿਰ ਬੁੱਧ ਸਿੰਘ ਦਾ ਫ਼ੋਨ ਆ ਗਿਆ, "ਮਿਲੇ ਬਿਨਾਂ ਨਾ ਜਾਈਂ, ਨਈਂ ਦੇਖ ਲਈ ਫੇ, ਤੈਨੂੰ ਆ ਕੇ ਲਿਜਾਊਂ।"

ਅਸ਼ੋਕ ਭੌਰਾ ਸੰਤੋਖ ਸਿੰਘ ਡੀ. ਸੀ. ਦੀ ਗਿਰਾਜ਼ 'ਚ ਬੈਠਣ ਦੇ ਪ੍ਰੋਗਰਾਮ ਕਰਕੇ ਮੱਖਣ ਨਾਲ ਰਾਮ ਲਾਲ ਦੀ ਗੱਡੀ 'ਚ ਸ਼ਿਕਾਗੋ ਨੂੰ ਤੁਰ ਪਿਆ ਅਤੇ ਮੈਂ ਬੇਟਿਆਂ ਨਾਲ ਬੁੱਧ ਸਿੰਘ ਦੇ ਘਰ ਜਾਣ ਦੀ ਸਕੀਮ ਬਣਾ ਲਈ। ਬੁੱਧ ਸਿੰਘ ਨੂੰ ਫ਼ੋਨ ਕੀਤਾ ਆ ਕੇ ਲੈ ਜਾਉ। ਅਵਤਾਰ ਸਿੰਘ ਖ਼ੁਸ਼ ਸੀ ਕਿ ਉਹਦੇ ਘਰ ਰੁਸਤਮੇ-ਹਿੰਦ ਪਹਿਲਵਾਨ ਬੁੱਧ ਸਿੰਘ ਨੇ ਆਉਣਾ ਸੀ ਕਿਉਂਕਿ ਉਹ ਵੀ ਉਹਦਾ ਬਹੁਤ ਫ਼ੈਨ ਸੀ। ਕੁਝ ਉਡੀਕ ਤੋਂ ਬਾਅਦ ਬੁੱਧ ਸਿੰਘ ਦੇ ਦੋਵੇਂ ਕਬੱਡੀ ਖਿਡਾਰੀ ਬੇਟੇ ਗੋਰਾ ਤੇ ਕਾਲਾ (ਪ੍ਰਮਜੀਤ ਤੇ ਸਰਬਜੀਤ) ਆ ਪਹੁੰਚੇ। ਬੁੱਧ ਸਿੰਘ ਦੇ ਨਾ ਆਉਣ ਕਰਕੇ ਅਵਤਾਰ ਸਿੰਘ ਥੋੜਾ ਜਿਹਾ ਮਾਯੂਸ ਹੋ ਗਿਆ। "ਡੈਡੀ ਨੀ ਆਇਆ।"

"ਬੱਸ, ਅੰਕਲ ਬਿਜ਼ੀ ਹੋਣ ਕਰਕੇ ਉਨ੍ਹਾਂ ਸਾਨੂੰ ਭੇਜ ਦਿਤਾ।

ਗੋਰਾ ਸਾਨੂੰ ਲੈ ਕੇ ਸਿਨਸਿਨੈਟੀ ਵਲ ਗੱਡੀ ਦੀਆਂ ਧੂੜਾਂ ਪੱਟੀ ਜਾ ਰਿਹਾ ਸੀ, ਨਾਲੇ ਕਬੱਡੀ ਦੀਆਂ ਗੱਲਾਂ ਕਰੀ ਜਾ ਰਿਹਾ ਸੀ। ਘੰਟੇ ਕੁ ਬਾਅਦ ਘਰ ਆ ਗਿਆ। ਜਾਂਦਿਆਂ ਨੂੰ ਮੂਹਰੇ ਡੰਡ-ਬੈਠਕਾਂ ਮਾਰਦਾ ਬੁੱਧ ਸਿੰਘ ਸਾਹੋ-ਸਾਹੀ ਹੋਇਆ ਪਿਆ ਸੀ। ਭਲਵਾਨ ਨੇ ਪਸੀਨਾ ਪੂੰਝਿਆ ਤੇ ਅਸੀਂ 'ਕੱਠਿਆਂ ਚਾਹ-ਪਾਣੀ ਪੀਤਾ। ਗੋਰਾ ਤੇ ਕਾਲਾ ਮੇਰੇ ਬੇਟਿਆਂ ਨੂੰ ਚਿੜੀਆਘਰ ਅਤੇ ਮਿਊਜ਼ੀਅਮ ਦਿਖਾਉਣ ਲੈ ਤੁਰੇ। ਮੈਂ ਤੇ ਬੁੱਧ ਸਿੰਘ ਭਾਰਤੀ ਪਹਿਲਵਾਨੀ ਦੀ ਗਿਰਾਵਟ ਅਤੇ ਹੋਰ ਖੇਡਾਂ ਬਾਰੇ ਗੱਲਾਂ ਕਰਦੇ ਰਹੇ। ਬਾਬ ਖੈਰਾ ਅਤੇ ਨਿੰਮਾ ਘਰ ਆਉਣ ਲਈ ਫ਼ੋਨ ਕਰ ਰਹੇ ਸਨ। ਸਮੇਂ ਦੀ ਘਾਟ ਕਰਕੇ ਜਾਣਾ ਮੁਸ਼ਕਲ ਸੀ। 'ਨੇਰਾ ਜਿਹਾ ਹੁੰਦੇ ਤੇ ਕਾਲੇ ਹੁਣੀ ਆ ਗਏ। ਪਤਾ ਲੱਗਾ ਮਿਊਜ਼ੀਅਮ ਵਗੈਰਾ ਪਹਿਲਾਂ ਹੀ ਬੰਦ ਹੋ ਗਏ ਸਨ। ਬੈਠੇ ਗੱਪਾਂ-ਸ਼ੱਪਾਂ ਮਾਰਦੇ ਰਹੇ ਤੇ ਸ਼ਾਮ ਦਾ ਖਾਣਾ ਖਾ ਕੇ ਸੌਂ ਗਏ। ਸਵੇਰੇ ਉਠ ਕੇ ਸ਼ਿਕਾਗੋ ਵਾਪਸ ਮੁੜਨ ਲਈ ਤਿਆਰ ਹੋ ਗਏ। ਬੁੱਧ ਸਿੰਘ ਤੋਂ ਜਾਣ ਦੀ ਆਗਿਆ ਲਈ। ਕਾਲਾ ਜਿੰਮ ਨੂੰ ਤੇ ਗੋਰਾ ਸਾਨੂੰ ਛੱਡਣ ਲਈ ਸ਼ਿਕਾਗੋ ਨੂੰ ਤੁਰ ਪਿਆ।

ਗੱਡੀ 'ਚ ਬਹਿੰਦਿਆਂ ਹੀ ਦਰਸ਼ਨ ਦਰੜ ਦਾ ਫ਼ੋਨ ਆ ਗਿਆ, "ਇਕਬਾਲ ਭਾਜੀ, ਮੈਨੂੰ ਮਿਲੇ ਬਿਨਾਂ ਨੀਂ ਜਾਣਾ।" ਦਰਸ਼ਨ ਦਰੜ ਦੇ ਘਰ ਚਾਹ-ਪਾਣੀ ਪੀਤਾ ਫਿਰ ਪੰਜਾਬੀ ਅੰਬਰ ਰੈਸਟੋਰੈਂਟ ਵਿਚ ਖਾਣਾ ਖਾਧਾ ਜਿਥੇ ਅਕਸਰ ਰੌਸ਼ਨ ਪ੍ਰਿੰਸ, ਮਨਮੋਹਣ ਵਾਰਿਸ, ਕਮਲ ਹੀਰ, ਹਰਭਜਨ ਮਾਨ ਜਾਂ ਹੋਰ ਕਲਾਕਾਰਾਂ ਨੂੰ ਲਿਜਾ ਕੇ ਆਉ ਭਗਤ ਕੀਤੀ ਜਾਂਦੀ ਹੈ। ਖਾਣੇ ਤੋਂ ਬਾਅਦ ਸਾਨੂੰ ਹਾਈ-ਵੇ 'ਤੇ ਚਾੜ੍ਹ ਕੇ ਦਰਸ਼ਨ ਆਪਣੇ ਬਿਜ਼ਨਸ ਵੱਲ ਨੂੰ ਮੁੜ ਗਿਆ। ਗੱਲਾਂ-ਬਾਤਾਂ ਕਰਦਾ ਗੋਰਾ ਸ਼ਿਕਾਗੋ ਵੱਲ ਨੂੰ ਗੱਡੀ ਭਜਾਈ ਜਾ ਰਿਹਾ ਸੀ। ਚਾਰ-ਸਾਢੇ ਚਾਰ ਘੰਟਿਆਂ ਵਿਚ ਹੈਪੀ ਹੀਰ ਦੇ ਘਰ ਆ ਪਹੁੰਚੇ।

## ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:**

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਤੂਹੀ ਤੂਹੀ॥ ਤੂਹੀ ਤੂਹੀ॥ ਤੂਹੀ ਤੂਹੀ॥ ਤੂਹੀ ਤੂਹੀ॥

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ ਵੀ ਅਸੀਂ ਅਕਾਲ ਪੁਰਖ ਦੀ ਸਰਬ-ਵਿਆਪਕਤਾ ਦੀ ਗੱਲ ਕੀਤੀ ਸੀ ਅਤੇ ਇਸ ਲੇਖ ਵਿਚ ਵੀ ਇਸੇ ਸਿਧਾਂਤ ਦੀ ਵਿਆਖਿਆ ਕੀਤੀ ਜਾਣੀ ਹੈ। ਅਸੀਂ ਹੁਣ ਤੱਕ ਦੇ ਅਧਿਐਨ ਤੋਂ ਇਹ ਅੰਦਾਜ਼ਾ ਭਲੀਭਾਂਤ ਲਗਾ ਸਕਦੇ ਹਾਂ ਕਿ 'ਜਾਪੁ ਸਾਹਿਬ' ਅਤੇ 'ਅਕਾਲਉਸਤਤਿ' ਵਿਚ ਜਦੋਂ ਨਵਾਂ ਕਾਵਿ ਰੂਪ ਸ਼ੁਰੂ ਹੁੰਦਾ ਹੈ ਤਾਂ ਉਸੇ ਵਿਚਾਰ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕੀਤਾ ਹੁੰਦਾ ਹੈ। 'ਤੋਮਰ ਛੰਦ' ਵਿਚ ਵੀ ਗੁਰਮਤਿ ਅਨੁਸਾਰ ਪਰਮਾਤਮਾ ਦੇ ਗੁਣਾਂ ਦਾ ਬਿਆਨ ਕੀਤਾ ਗਿਆ ਹੈ ਅਤੇ ਇੱਕ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਸ਼ਕਤੀ ਦੇ ਰੂਪ ਵਿਚ ਉਸ ਦੀ ਹੋਂਦ ਨੂੰ ਵਿਲੱਖਣ ਰੂਪਾਂ ਰਾਹੀਂ ਦਰਸਾਇਆ ਗਿਆ ਹੈ। ਇਸ ਤੋਂ ਅੱਗੇ ਅੰਕ 51 ਤੋਂ ਅੰਕ 70 ਤੱਕ 'ਲਘੁਨਰਾਜ ਛੰਦ' ਵਿਚ ਉਸ ਦੀ ਸਰਬ-ਵਿਆਪਕਤਾ ਦੇ ਇਸੇ ਸਿਧਾਂਤ ਨੂੰ ਵੱਖਰੀਆਂ ਉਦਾਹਰਣਾਂ ਰਾਹੀਂ ਦੱਸਿਆ ਗਿਆ ਹੈ। ਇਸੇ ਤਰ੍ਹਾਂ ਭਾਵੇਂ ਪਹਿਲਾਂ ਵੀ ਉਸ ਵੇਲੇ ਦੀਆਂ ਪ੍ਰਚਲਿਤ ਅਲਗ ਅਲਗ ਪੂਜਾ ਵਿਧੀਆਂ ਨੂੰ ਨਕਾਰਦੇ ਹੋਏ ਇਹ ਵਿਚਾਰ ਪ੍ਰਗਟ ਕੀਤਾ ਗਿਆ ਹੈ ਕਿ ਪਰਮਾਤਮਾ ਨੂੰ ਪਾਉਣ ਦਾ ਰਸਤਾ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਹੈ ਅਤੇ 'ਲਘੁਨਰਾਜ ਛੰਦ' ਤੋਂ ਅੱਗੇ 71 ਤੋਂ 90 ਤੱਕ 'ਕਬਿੱਤ' ਵਿਚ ਵੀ ਪ੍ਰਚਲਿਤ ਪੂਜਾ ਵਿਧੀਆਂ ਨੂੰ ਨਕਾਰਦੇ ਹੋਏ ਉਸ ਨੂੰ ਪਾਉਣ ਦੀ ਗੁਰਮਤਿ ਵਿਧੀ ਦੀ ਗੱਲ ਕੀਤੀ ਹੈ ਪਰ ਅੰਦਾਜ਼ ਵੱਖਰਾ ਹੈ। ਆਉ ਹੁਣ 'ਲਘੁਨਰਾਜ ਛੰਦ' ਵਿਚ ਉਸ ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕਰੀਏ।


ਡਾ. ਗੁਰਨਾਮ ਕੌਰ

ਇਸ ਰਚਨਾ ਵਿਚ ਦੱਸਿਆ ਗਿਆ ਹੈ ਕਿ ਸੰਸਾਰ ਦਾ ਕੋਈ ਵੀ ਹਿੱਸਾ, ਕਿਣਕਾ ਮਾਤਰ ਵੀ ਉਸ ਦੀ ਹੋਂਦ ਤੋਂ ਸੱਖਣਾ ਨਹੀਂ ਹੈ, ਉਹ ਆਪਣੀ ਰਚਨਾ ਦੇ ਜ਼ੱਰੇ ਜ਼ੱਰੇ ਵਿਚ ਵਿਆਪਕ ਹੈ। ਗੁਰਮਤਿ ਅਨੁਸਾਰ ਪਰਮਾਤਮਾ ਅਪਰੰਪਰ ਵੀ ਹੈ ਅਤੇ ਆਪਣੀ ਰਚਨਾ ਵਿਚ ਸਮਾਇਆ ਹੋਇਆ ਵੀ ਹੈ। ਇਸ ਵਿਚਾਰ ਨੂੰ ਪ੍ਰਗਟ ਕਰਦਿਆਂ 'ਅਕਾਲ ਉਸਤਤਿ' ਦੇ 'ਲਘੁਨਰਾਜ ਛੰਦ' ਵਿਚ ਦੱਸਿਆ ਹੈ ਕਿ 'ਹਰੀ' ਭਾਵ ਅਕਾਲ ਪੁਰਖ ਜਲ ਅਤੇ ਖੁਸ਼ਕੀ, ਹਿਰਦੇ ਅਰਥਾਤ ਮਨੁੱਖ ਦੇ ਅੰਦਰ ਅਤੇ ਜੰਗਲ ਵਿਚ, ਹਰ ਥਾਂ ਵੱਸ ਰਿਹਾ ਹੈ। ਉਹ ਪਰਬਤਾਂ ਵਿਚ ਅਤੇ ਡੂੰਘੀਆਂ ਕੁੰਦਰਾਂ ਅਤੇ ਗੁਫਾਵਾਂ ਵਿਚ, ਧਰਤੀ ਵਿਚ ਅਤੇ ਅਸਮਾਨ ਵਿਚ ਹਰ ਥਾਂ ਵਿਆਪਕ ਹੈ। ਪਰਮਾਤਮਾ ਦਾ ਨਿਵਾਸ ਇਥੇ ਅਤੇ ਉਥੇ, ਲੋਕ ਅਤੇ ਪ੍ਰਲੋਕ ਵਿਚ ਹਰ ਜਗ੍ਹਾ ਹੈ:

ਜਲੇ ਹਰੀ॥ ਥਲੇ ਹਰੀ॥
ਉਰੇ ਹਰੀ॥ ਬਨੇ ਹਰੀ॥51॥
ਗਿਰੇ ਹਰੀ॥ ਗੁਫੇ ਹਰੀ॥
ਛਿਤੇ ਹਰੀ॥ ਬਨੇ ਹਰੀ॥52॥
ਈਹਾਂ ਹਰੀ॥ ਉਹਾਂ ਹਰੀ॥
ਜ਼ਿਮੀ ਹਰੀ॥ ਜਮਾਂ ਹਰੀ॥53॥

ਉਸ ਦੀ ਸਰਬ-ਵਿਆਪਕਤਾ ਦੇ ਨਾਲ ਹੀ ਉਸ ਦੀ ਅਪਰੰਪਰਤਾ ਦਾ ਵੀ ਬਿਆਨ ਕੀਤਾ ਗਿਆ ਹੈ ਜਿਵੇਂ ਅਗਲੀਆਂ ਪੰਕਤੀਆਂ ਵਿਚ ਦੱਸਿਆ ਹੈ ਕਿ ਜ਼ੱਰੇ ਜ਼ੱਰੇ ਵਿਚ ਵਿਆਪਕ ਹੋਣ ਦੇ ਬਾਵਜੂਦ ਉਸ ਦਾ ਲੇਖਾ-ਜੋਖਾ ਨਹੀਂ ਕੀਤਾ ਜਾ ਸਕਦਾ, ਉਹ ਗਿਣਤੀਆਂ-ਮਿਣਤੀਆਂ ਤੋਂ ਉਪਰ ਹੈ। ਉਹ ਕਿਸੇ ਭੇਖ ਵਿਚ ਵੀ ਨਹੀਂ ਆਉਂਦਾ। ਪਰਮਾਤਮਾ ਨਿਰਦੋਖ ਹੈ, ਉਹ ਦਵੈਸ਼-ਦੋਖ ਤੋਂ ਉਤੇ ਹੈ। ਈਰਖਾ ਅਤੇ ਵੈਰ-ਵਿਰੋਧ ਪਰਮਾਤਮਾ 'ਤੇ ਲਾਗੂ ਨਹੀਂ ਹੁੰਦੇ। ਪਰਮਾਤਮਾ ਸਮੇਂ ਦੀ ਹੋਂਦ ਤੋਂ ਪਰੇ ਹੈ। ਉਹ ਹਰ ਤਰ੍ਹਾਂ ਦੀਆਂ ਹੱਦ-ਬੰਦੀਆਂ ਤੋਂ ਉਤੇ ਹੈ, ਅਪਰੰਪਰ ਹੈ। ਉਸ ਨੂੰ ਛੇਦਿਆ ਨਹੀਂ ਜਾ ਸਕਦਾ, ਉਹ ਅਖੰਡ ਹੈ, ਭੇਦ-ਰਹਿਤ ਹੈ। ਇਸ ਦਾ ਅਰਥ ਇਹੀ ਬਣਦਾ ਹੈ ਕਿ ਸਮਾਇਆ ਹੋਣ 'ਤੇ ਵੀ ਉਹ ਸੀਮਾਬਧ ਨਹੀਂ ਹੈ, ਅਸੀਮ ਹੈ:

ਅਲੇਖ ਹਰੀ॥ ਅਭੇਖ ਹਰੀ॥
ਅਦੋਖ ਹਰੀ॥ ਅਦਵੈਖ ਹਰੀ॥54॥
ਅਕਾਲ ਹਰੀ॥ ਅਪਾਲ ਹਰੀ॥
ਅਛੇਦ ਹਰੀ॥ ਅਭੇਦ ਹਰੀ॥55॥

ਹਰੀ ਜੰਤਰਾਂ-ਮੰਤਰਾਂ ਵਿਚ ਨਹੀਂ ਆਉਂਦਾ, ਉਹ ਤੇਜ-ਪ੍ਰਤਾਪ ਵਾਲਾ ਹੈ। ਉਹ ਵਿਧਾਨ ਜਾਂ ਤੰਤ੍ਰ, ਰਾਜ-ਪ੍ਰਬੰਧ ਤੋਂ ਉਪਰ ਹੈ। ਪਰਮਾਤਮਾ ਮਾਂ ਰਾਹੀਂ ਪੈਦਾ ਨਹੀਂ ਹੁੰਦਾ। ਉਹ ਜਾਤ-ਜਨਮ ਅਤੇ ਗੋਤ ਆਦਿ ਤੋਂ ਉਪਰ ਹੈ। ਰੋਗ ਅਤੇ ਸੋਗ ਆਦਿ ਵਿਆਧੀਆਂ ਪਰਮਾਤਮਾ 'ਤੇ ਲਾਗੂ ਨਹੀਂ ਹੁੰਦੀਆਂ। ਉਹ ਭਰਮ ਅਤੇ ਕਰਮ ਆਦਿ ਤੋਂ ਰਹਿਤ ਹੈ (ਇਹ ਸਾਰੀਆਂ ਅਲਾਮਤਾਂ ਜਨਮ ਅਤੇ ਮੌਤ ਦੇ ਚੱਕਰ ਵਿਚ ਆਉਣ ਵਾਲੇ ਜੀਵਾਂ ਲਈ ਹਨ। ਪਰਮਾਤਮਾ ਅਜਿਹੇ ਬੰਧਨਾਂ ਤੋਂ ਉਤੇ ਹੈ)। ਉਹ ਅਭੈ ਅਤੇ ਅਜੈ ਹੈ। ਉਸ ਨੂੰ ਜਿਤਿਆ ਨਹੀਂ ਜਾ ਸਕਦਾ ਅਤੇ ਉਹ ਹਰ ਤਰ੍ਹਾਂ ਦੇ ਭੈ ਤੋਂ ਮੁਕਤਿ ਹੈ (ਭੈ ਅਤੇ ਜਿੱਤ ਆਦਿ ਉਸ 'ਤੇ ਲਾਗੂ ਹੁੰਦੇ ਹਨ ਜਿਸ ਦੇ ਬਰਾਬਰ ਦਾ ਕੋਈ ਸ਼ਰੀਕ ਹੋਵੇ। ਪਰਮਾਤਮਾ ਦੇ ਤੁੱਲ ਹੋਰ ਕੋਈ ਸ਼ਕਤੀ ਨਹੀਂ ਹੈ। ਇਸ ਲਈ ਉਸ ਦਾ ਕੋਈ ਸ਼ਰੀਕ ਨਹੀਂ ਹੈ)। ਪਰਮਾਤਮਾ ਇੱਕ ਅਜਿਹੀ ਇੱਕਜੁਟ ਇਕਾਈ ਹੈ ਜਿਸ ਨੂੰ ਟੋਟਿਆਂ ਵਿਚ ਨਹੀਂ ਵੰਡਿਆ ਜਾ ਸਕਦਾ, ਪਾੜਿਆ ਨਹੀਂ ਜਾ ਸਕਦਾ। ਉਸ ਨੂੰ ਛੇਦਿਆ ਨਹੀਂ ਜਾ ਸਕਦਾ। ਉਹ ਅਖੰਡ ਅਤੇ ਅਨਿੰਦ ਸ਼ਕਤੀ ਹੈ ਅਰਥਾਤ ਉਹ ਨਿੰਦਿਆ ਆਦਿ ਤੋਂ ਉਤੇ ਹੈ। ਉਸ ਨੂੰ ਭੰਡਿਆ ਨਹੀਂ ਜਾ ਸਕਦਾ। ਉਹ ਸਜਾ ਤੋਂ ਰਹਿਤ ਹੈ (ਸਜਾ ਉਸ ਨੂੰ ਦਿੱਤੀ ਜਾਂਦੀ ਹੈ ਜਿਸ ਨੇ ਕੋਈ ਭੁੱਲ ਕੀਤੀ ਹੋਵੇ, ਜਿਸ ਦਾ ਕੋਈ ਗੁਨਾਹ ਹੋਵੇ, ਪਰਮਾਤਮਾ ਇੱਕ ਅਭੁੱਲ ਸ਼ਕਤੀ ਹੈ, ਗੁਨਾਹਾਂ ਤੋਂ ਉਤੇ ਹੈ)। ਉਹ ਬਹੁਤ ਪ੍ਰਤਾਪ ਵਾਲਾ, ਇਕਬਾਲ ਵਾਲਾ ਹੈ:

ਅਜੰਤ੍ਰ ਹਰੀ॥ ਅਮੰਤ੍ਰ ਹਰੀ॥
ਸੁਤੇਜ ਹਰੀ॥ ਅਤੰਤ੍ਰ ਹਰੀ॥56॥
ਅਜਾਤਿ ਹਰੀ॥ ਅਪਾਤਿ ਹਰੀ॥
ਅਮਿੱਤ੍ਰ ਹਰੀ॥ ਅਮਾਤ ਹਰੀ॥57॥
ਅਰੋਗ ਹਰੀ॥ ਅਸੋਗ ਹਰੀ॥
ਅਭਰਮ ਹਰੀ॥ ਅਕਰਮ ਹਰੀ॥58॥
ਅਜੈ ਹਰੀ॥ ਅਭੈ ਹਰੀ॥
ਅਭੇਦ ਹਰੀ॥ ਅਛੇਦ ਹਰੀ॥59॥
ਅਖੰਡ ਹਰੀ॥ ਅਭੰਡ ਹਰੀ॥
ਅਡੰਡ ਹਰੀ॥ ਪ੍ਰਚੰਡ ਹਰੀ॥60॥

ਪਰਮਾਤਮਾ ਅਤਿਅੰਤ ਮਹਾਨ ਹੈ, ਅਸੀਮ ਹੈ ਜਿਸ ਦੇ ਭੇਦ ਨੂੰ ਜਾਣਿਆ ਨਹੀਂ ਜਾ ਸਕਦਾ। ਉਸ ਨੂੰ ਜਿੱਤਿਆ ਨਹੀਂ ਜਾ ਸਕਦਾ। ਉਹ ਛੇਕੋ-ਛੇਕ ਹੋਣ ਤੋਂ ਰਹਿਤ ਹੈ ਅਰਥਾਤ ਉਸ ਨੂੰ ਛੇਦਿਆ ਨਹੀਂ ਜਾ ਸਕਦਾ। ਗੁਰੂ ਨਾਨਕ ਸ੍ਰੀ ਰਾਗੁ ਵਿਚ ਅਪਣੇ ਆਪ ਦੀ ਅਰਥਾਤ ਮਨੁੱਖ ਦੀ ਤੁਲਨਾ ਇੱਕ ਮੱਛੀ ਨਾਲ ਕਰਦੇ ਹਨ ਜੋ ਦਰਿਆ ਵਿਚ ਰਹਿੰਦੀ ਹੈ ਪਰ ਉਸ ਦਾ ਅੰਤ, ਉਸ ਦੀ ਥਾਹ ਨਹੀਂ ਪਾ ਸਕਦੀ। ਉਸ ਦਾ ਅੰਤ ਪਾਇਆ ਵੀ ਕਿਵੇਂ ਜਾ ਸਕਦਾ ਹੈ? ਉਹ ਤਾਂ ਹਰ ਥਾਂ ਵਿਆਪਕ ਹੈ, ਹਰ ਥਾਂ ਵਿਚਰ ਰਿਹਾ ਹੈ:

ਤੂ ਦਰੀਆਉ ਦਾਨਾ ਬੀਨਾ
ਮੈ ਮਛੁਲੀ ਕੈਸੇ ਅੰਤੁ ਲਹਾ॥
ਜਹ ਜਹ ਦੇਖਾ ਤਹ ਤਹ ਤੂ ਹੈ
ਤੁਝ ਤੇ ਨਿਕਸੀ ਫੂਟਿ ਮਰਾ॥1॥
(ਪੰਨਾ 25)

ਪਰਮਾਤਮਾ ਦੇ ਗੁਣਾਂ ਦਾ ਜ਼ਿਕਰ ਕਰਨ ਤੋਂ ਬਾਅਦ ਮਨੁਖ ਨੂੰ ਪਰਮਾਤਮਾ ਦਾ ਸਿਮਰਨ ਕਰਨ ਦੀ ਪ੍ਰੇਰਨਾ ਕਰਦਿਆਂ ਉਸ ਨੂੰ ਹਿਰਦੇ ਵਿਚ ਟਿਕਾਈ ਰੱਖਣ ਲਈ ਕਿਹਾ ਹੈ। ਉਸ ਦਾ ਧਿਆਨ ਧਰਨ ਅਤੇ ਉਸ ਦੇ ਅੱਗੇ ਆਪਣਾ-ਆਪ ਸਮਰਪਣ ਕਰਨ ਦਾ ਅਦੇਸ਼ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦੱਸਿਆ ਗਿਆ ਹੈ ਕਿ ਇਸ ਸਮੁੱਚੇ ਬ੍ਰਹਿਮੰਡ ਦਾ ਸਾਰ-ਤੱਤ ਪਰਮਾਤਮਾ ਹੈ। ਇਹ ਸਾਰਾ ਸੰਸਾਰ ਉਸੇ ਦੀ ਜੋਤਿ ਨਾਲ ਪ੍ਰਕਾਸ਼ਮਾਨ ਹੈ। ਇਸੇ ਸਿਧਾਂਤ ਨੂੰ ਦ੍ਰਿੜ ਕਰਾਉਂਦਿਆਂ ਗੁਰੂ ਗੋਬਿੰਦ ਸਿੰਘ ਉਸ ਅਕਾਲ ਪੁਰਖ ਨੂੰ ਸੰਬੋਧਿਤ ਹੁੰਦਿਆਂ ਫੁਰਮਾਉਂਦੇ ਹਨ ਕਿ ਤੂੰ ਹੀ ਜਲ ਰੂਪ ਹੈਂ ਅਤੇ ਤੂੰ ਹੀ ਥਲ ਰੂਪ ਹੈਂ। ਤੂੰ ਹੀ ਨਦੀਆਂ ਦਾ ਈਸ਼ ਭਾਵ ਸਮੁੰਦਰ ਹੈਂ ਅਤੇ ਦਰਿਆ ਦਾ ਪ੍ਰਾਣ ਵੀ ਤੂੰ ਹੀ ਹੈਂ। ਦਰੱਖਤਾਂ, ਪੱਤਿਆਂ, ਭਾਵ ਸਾਰੀ ਬਨਸਪਤੀ ਦੀ ਜਿੰਦ-ਜਾਨ ਤੂੰ ਹੀ ਹੈਂ। ਧਰਤੀ ਅਤੇ ਅਕਾਸ਼ ਦਾ ਤੱਤ-ਅਸਲਾ ਵੀ ਤੂੰ ਹੀ ਹੈਂ ਅਰਥਾਤ ਉਹ ਪਰਮਾਤਮਾ ਹੀ ਸਾਰੀ ਸ੍ਰਿਸ਼ਟੀ ਦਾ ਸਾਰ-ਤੱਤ ਹੈ:

ਭਜੋ ਹਰੀ॥ ਥਪੋ ਹਰੀ॥
ਤਪੋ ਹਰੀ॥ ਜਪੋ ਹਰੀ॥62॥
ਜਲਸ ਤੁਹੀ॥ ਥਲਸ ਤੁਹੀ॥
ਨਦਿਸ ਤੁਹੀ॥ ਨਦਸ ਤੁਹੀ॥63॥
ਬ੍ਰਿਛਸ ਤੁਹੀ॥ ਪਤਸ ਤੁਹੀ॥
ਛਿਤਸ ਤੁਹੀ॥ ਉਰਧਸ ਤੁਹੀ॥64॥

ਗੁਰੂ ਨਾਨਕ ਮੱਛੀ ਅਤੇ ਦਰਿਆ ਦੇ ਅਲੰਕਾਰ ਰਾਹੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਮੈਨੂੰ ਮਾਹੀਗੀਰ ਜਾਂ ਉਸ ਦੇ ਜਾਲ ਦਾ ਨਹੀਂ ਪਤਾ, ਮੈਨੂੰ ਮੌਤ ਜਾਂ ਮੁਸੀਬਤ ਦਾ ਕੋਈ ਗਿਆਨ ਨਹੀਂ। ਮੈਨੂੰ ਸਿਰਫ਼ ਏਨਾ ਪਤਾ ਹੈ ਕਿ

## ਗੁਰਮਤਿ ਚਿੰਤਨ

ਦੁੱਖ ਜਾਂ ਮੁਸੀਬਤ ਆਉਣ 'ਤੇ ਤੇਰਾ ਹੀ ਸਮਰਣ ਕਰਦਾ ਹਾਂ। ਤੂੰ ਹਰ ਥਾਂ ਵਿਆਪਕ ਹੈਂ, ਮੈਂ ਸੋਚਿਆ ਸੀ ਕਿ ਤੂੰ ਮੇਰੇ ਤੋਂ ਦੂਰ ਹੈਂ। ਜੋ ਕੁੱਝ ਵੀ ਕਰਦਾ ਹਾਂ ਸਭ ਤੈਨੂੰ ਸਮਰਪਣ ਹੈ, ਤੇਰੀ ਹੀ ਹਾਜ਼ਰੀ ਵਿਚ ਕਰਦਾ ਹਾਂ। ਤੂੰ ਸਭ ਕੁਝ ਵੇਖ ਰਿਹਾ ਹੈਂ, ਮੈਂ (ਇਨਸਾਨ) ਫਿਰ ਵੀ ਆਪਣੇ ਕੀਤੇ ਕੰਮਾਂ ਤੋਂ ਮੁੱਕਰ ਜਾਂਦਾ ਹਾਂ। ਮੈਂ ਨਾ ਹੀ ਤੇਰੇ ਕਿਸੇ ਕੰਮ ਜੋਗਾ ਹਾਂ ਅਤੇ ਨਾ ਹੀ ਤੇਰੇ ਨਾਮ ਨੂੰ ਉਜਾਗਰ ਕਰਨ ਜੋਗਾ ਹਾਂ। ਜੋ ਕੁਝ ਤੂੰ ਦਿੰਦਾ ਏਂ, ਉਹੀ ਖਾ ਲੈਂਦਾ ਹਾਂ, ਮੇਰੀ ਹੋਰ ਕੋਈ ਢੋਈ ਨਹੀਂ ਜਿਥੇ ਮੈਂ ਤੇਰਾ ਦਰਵਾਜ਼ਾ ਛੱਡ ਕੇ ਜਾਵਾਂ। ਮੇਰੀ ਸਿਰਫ਼ ਇੱਕੋ ਅਰਦਾਸ ਹੈ ਕਿ ਇਹ ਮੇਰਾ ਸਰੀਰ ਤੇਰਾ ਹੀ ਦਿੱਤਾ ਹੋਇਆ ਹੈ, ਇਹ ਸਭ ਕੁਝ ਤੇਰੇ ਹੀ ਆਸਰੇ ਰਹਿ ਸਕਦਾ ਹੈ। ਪਰਮਾਤਮਾ ਆਪ ਹੀ ਹਰ ਇੱਕ ਜੀਵ ਦੇ ਨੇੜੇ ਹੈ ਅਤੇ ਆਪ ਦੂਰ ਭੀ ਹੈ। ਉਹ ਆਪ ਹੀ ਸਾਰੇ ਸੰਸਾਰ ਵਿਚ ਮੌਜੂਦ ਹੈ। ਸਾਰੇ ਸੰਸਾਰ ਦੀ ਸੰਭਾਲ ਕਰਨ ਵਾਲਾ ਵੀ ਉਹੀ ਹੈ ਅਤੇ ਇਸ ਨੂੰ ਪੈਦਾ ਕਰਨ ਵਾਲਾ ਵੀ ਉਹੀ ਹੈ। ਸਭ ਕੁਝ ਉਸ ਦੇ ਹੁਕਮ ਵਿਚ ਵਾਪਰ ਰਿਹਾ ਹੈ। ਜੋ ਉਸ ਨੂੰ ਚੰਗਾ ਲਗਦਾ ਹੈ ਉਹੀ ਹਰ ਇੱਕ ਜੀਵ ਨੂੰ ਕਬੂਲ ਕਰਨਾ ਪੈਂਦਾ ਹੈ:

ਆਪੇ ਨੇੜੈ ਦੂਰਿ ਆਪੇ ਹੀ
ਆਪੇ ਮੰਝਿ ਮਿਆਨੋ॥
ਆਪੇ ਵੇਖੈ ਸੁਣੇ ਆਪੇ ਹੀ
ਕੁਦਰਤਿ ਕਰੇ ਜਹਾਨੋ॥
ਜੋ ਤਿਸੁ ਭਾਵੈ ਨਾਨਕਾ
ਹੁਕਮੁ ਸੋਈ ਪਰਵਾਨੋ॥4॥31॥
(ਪੰਨਾ 25)

ਗੁਰੂ ਗੋਬਿੰਦ ਸਿੰਘ ਅਕਾਲ ਉਸਤਤਿ ਵਿਚ ਇਸੇ ਖਿਆਲ ਨੂੰ ਪ੍ਰਗਟਾਉਂਦੇ ਹੋਏ ਕਹਿੰਦੇ ਹਨ ਕਿ ਮੈਂ ਤੈਨੂੰ ਹੀ ਭਜਦਾ ਹਾਂ, ਤੇਰੇ ਨਾਮ ਦਾ ਹੀ ਸਿਮਰਨ ਕਰਦਾ ਹਾਂ, ਤੇਰੀ ਹੀ ਅਰਾਧਨਾ ਕਰਦਾ ਹਾਂ। ਵਾਰ ਵਾਰ ਤੈਨੂੰ ਹੀ ਸਮਰਣ ਕਰਦਾ ਹਾਂ। ਵਾਰ ਵਾਰ ਤੇਰਾ ਹੀ ਤਸੱਵਰ ਕਰਦਾ ਹਾਂ:

ਭਜਸ ਤੁਅੰ॥ ਭਜਸੁ ਤੁਅੰ॥
ਰਟਸ ਤੁਅੰ॥ ਠਟਸ ਤੁਅੰ॥65॥

ਗੁਰੂ ਨਾਨਕ ਦੇ ਉਪਰ ਦਿੱਤੇ ਪਰਮਾਤਮਾ ਦੀ ਸਰਬਵਿਆਪਕਤਾ ਦੇ ਸਿਧਾਂਤ ਦੀ ਹੀ ਪ੍ਰੋੜਤਾ ਉਦੋਂ ਹੁੰਦੀ ਨਜ਼ਰ ਆਉਂਦੀ ਹੈ ਜਦੋਂ ਗੁਰੂ ਗੋਬਿੰਦ ਸਿੰਘ ਕਹਿੰਦੇ ਹਨ ਕਿ ਧਰਤੀ 'ਤੇ ਵੀ ਤੂੰ ਹੈਂ ਭਾਵ ਇਹ ਸਾਰੇ ਜੀਵ ਜੋ ਧਰਤੀ 'ਤੇ ਵੱਸ ਰਹੇ ਹਨ, ਇਨ੍ਹਾਂ ਵਿਚ ਤੂੰ ਹੀ ਵੱਸ ਰਿਹਾ ਹੈਂ। ਸਿਰਫ ਇਸ ਲੋਕ ਵਿਚ ਹੀ ਨਹੀਂ ਪਰਲੋਕ ਵਿਚ ਵੀ ਤੂੰ ਹੀ ਹੈਂ। 'ਮਕਾਨ' ਸ਼ਬਦ ਦੀ ਇਥੇ ਦੋ ਭਾਵ-ਅਰਥਾਂ ਵਿਚ ਵਿਆਖਿਆ ਕੀਤੀ ਜਾ ਸਕਦੀ ਹੈ, ਇੱਕ ਜਗਤ ਦੇ ਰੂਪ ਵਿਚ ਅਤੇ ਦੂਸਰੀ ਮਨੁੱਖੀ ਸਰੀਰ ਦੇ ਰੂਪ ਵਿਚ। ਇਹ ਸਰੀਰ ਰੂਪੀ ਮਕਾਨ ਵੀ ਉਹ ਆਪ ਹੀ ਹੈ ਅਤੇ ਇਸ ਵਿਚ ਵਸਣ ਵਾਲੀ ਜੀਵ-ਆਤਮਾ ਵੀ ਉਹ ਆਪ ਹੀ ਹੈ। ਇਹ ਸੰਸਾਰ ਰੂਪੀ ਮਕਾਨ ਵੀ ਉਹ ਆਪ ਹੀ ਹੈ ਅਤੇ ਇਸ ਵਿਚ ਰਹਿਣ ਵਾਲੇ ਜੀਵ ਵੀ ਉਹ ਆਪ ਹੀ ਹੈ। ਅਸਲ ਵਿਚ ਇਸ ਬ੍ਰਹਿਮੰਡ ਦੀ ਰਚਨਾ ਉਸ ਨੇ ਆਪਣੇ ਆਪ ਤੋਂ ਹੀ ਕੀਤੀ ਹੈ ਅਤੇ ਆਪ ਹੀ ਇਸ ਵਿਚ ਵੱਸ ਵੀ ਰਿਹਾ ਹੈ:

ਜ਼ਿਮੀ ਤੁਹੀ॥ ਜਮਾਂ ਤੁਹੀ॥
ਮਕੀ ਤੁਹੀ॥ ਮਕਾਂ ਤੁਹੀ॥66॥

ਇਸੇ ਤੱਥ ਦੀ ਪ੍ਰੋੜਤਾ ਭਗਤ ਪੀਪਾ ਜੀ ਦੇ ਰਾਗੁ ਧਨਾਸਰੀ ਵਿਚ ਇਸ ਸ਼ਬਦ ਤੋਂ ਹੋ ਜਾਂਦੀ ਹੈ ਕਿ ਜੋ ਸ੍ਰਿਸ਼ਟੀ ਦਾ ਰਚਨਹਾਰਾ ਪਰਮਾਤਮਾ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ ਉਹੀ ਮਨੁਖਾ ਸਰੀਰ ਵਿਚ ਵੀ ਹੈ। ਜਿਹੜਾ ਮਨੁੱਖ ਇਸ ਤੱਥ ਦੀ ਖੋਜ ਕਰਦਾ ਹੈ ਉਹ ਉਸ ਨੂੰ ਲੱਭ ਲੈਂਦਾ ਹੈ ਅਤੇ ਜੇ ਸਤਿਗੁਰੂ ਮਿਲ ਪਏ ਤਾਂ ਉਹ ਦਰਸ਼ਨ ਕਰਾ ਦਿੰਦਾ ਹੈ। ਭਗਤ ਪੀਪਾ ਇਸ ਸ਼ਬਦ ਵਿਚ ਮੂਰਤੀ ਪੂਜਾ ਦਾ ਖੰਡਨ ਕਰ ਰਹੇ ਹਨ ਕਿ ਸਾਰੇ ਦੇਸ-ਦੇਸਾਂਤਰਾਂ ਨੂੰ ਖੋਜ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਪਰਮਾਤਮਾ ਦਾ ਨਾਮ ਰੂਪੀ ਨੌਂ ਨਿਧਾਂ ਮਨੁਖ ਦੇ ਅੰਦਰ ਹੀ ਹਨ। ਕਾਇਆ ਅੰਦਰ ਪਰਮਾਤਮਾ ਦਾ ਹੀ ਤੇਜ ਪ੍ਰਤਾਪ ਹੈ। ਨਾ ਕੁਝ ਜੰਮਦਾ ਹੈ ਅਤੇ ਨਾ ਹੀ ਕੁੱਝ ਮਰਦਾ ਹੈ। ਮੇਰੀ ਕਾਇਆ ਹੀ ਮੇਰਾ ਮੰਦਰਿ ਹੈ ਅਤੇ ਇਹੀ ਮੰਦਰਿ ਵਿਚ ਵੱਸ ਰਿਹਾ ਦੇਵਤਾ ਹੈ, ਇਹੀ ਤੀਰਥ ਯਾਤਰਾ ਹੈ ਅਤੇ ਉਸ ਨੂੰ ਕਾਇਆ ਦੇ ਅੰਦਰ ਖੋਜਣਾ ਹੀ ਧੂਪ ਅਤੇ ਦੀਪ ਹੈ ਅਤੇ ਅੰਦਰ ਵੱਸਦੇ ਇਸ਼ਟ ਦੇਵ ਦੀ ਪੂਜਾ ਹੈ:

ਕਾਇਆ ਬਹੁ ਖੰਡ ਖੋਜਤੇ
ਨਵ ਨਿਧਿ ਪਾਈ॥
ਨਾ ਕਛੁ ਆਇਬੋ ਨਾ ਕਛੁ ਜਾਇਬੋ
ਰਾਮ ਦੀ ਦੁਹਾਈ॥1॥ਰਹਾਉ॥
ਜੋ ਬ੍ਰਮੰਡੇ ਸੋਈ ਪਿੰਡੇ
ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ
ਸਤਿਗੁਰੁ ਹੋਇ ਲਖਾਵੈ॥2॥1॥
(ਪੰਨਾ 695)

ਉਹ ਤੱਤਾਂ ਤੋਂ ਬਿਨਾਂ ਵੀ ਹੈ ਅਰਥਾਤ ਪੰਜ ਭੌਤਿਕ ਸਰੀਰ ਦੇ ਰੂਪ ਵਿਚ ਜਨਮ ਨਹੀਂ ਲੈਂਦਾ ਅਤੇ ਭੈ-ਰਹਿਤ ਹੈ, ਅਭੈ ਹੈ। ਭੈ ਆਦਿ ਵੀ ਉਸ 'ਤੇ ਲਾਗੂ ਹੁੰਦਾ ਹੈ ਜਿਸ ਦੇ ਬਰਾਬਰ ਦਾ ਕੋਈ ਹੋਵੇ। ਉਹ ਭੈ ਤੋਂ ਉਤੇ ਹੈ ਕਿਉਂਕਿ ਉਸ ਵਰਗਾ ਹੋਰ ਕੋਈ ਨਹੀਂ ਹੈ। ਉਹ ਛੂਹ ਤੋਂ ਪਰੇ ਹੈ ਅਤੇ ਅਜਿੱਤ ਹੈ। ਪਰਮਾਤਮਾ ਨੂੰ ਪਾਉਣ ਲਈ ਭਾਰਤੀ ਧਰਮ ਦਰਸ਼ਨ ਅਤੇ ਸ਼ਾਸਤਰਾਂ ਵਿਚ ਕਈ ਕਿਸਮ ਦੀਆਂ ਵਿਧੀਆਂ ਪ੍ਰਚਲਿਤ ਰਹੀਆਂ ਹਨ ਜਿਵੇਂ ਇੰਦਰੀਆਂ ਨੂੰ ਵੱਸ ਵਿਚ ਕਰਨਾ, ਕਿਸੇ ਕਰਮ ਨੂੰ ਕਰਨ ਦਾ ਵਰਤ ਆਦਿ ਲੈਣਾ ਜਾਂ ਮੁਕਤੀ ਪ੍ਰਾਪਤੀ ਦੇ ਹੋਰ ਸਾਧਨ। ਗੁਰੂ ਸਾਹਿਬ 'ਲਘੁਨਰਾਜ ਛੰਦ' ਦੇ ਆਖ਼ਿਰ ਵਿਚ ਬਿਆਨ ਕਰਦੇ ਹਨ ਕਿ ਹੇ ਅਕਾਲ ਪੁਰਖ! ਇੰਦਰੀਆਂ ਨੂੰ ਵੱਸ ਕਰਨ ਦਾ ਉਪਾ ਵੀ ਤੂੰ ਆਪ ਹੀ ਹੈਂ ਅਤੇ ਕਿਸੇ ਕਰਮ ਨੂੰ ਕਰਨ ਦੇ ਵਰਤ ਦਾ ਸਾਰ-ਤੱਤ ਵੀ ਤੂੰ ਹੀ ਹੈਂ। ਇਨ੍ਹਾਂ ਉਪਰ ਦੱਸੇ ਯਤਨਾਂ ਰਾਹੀਂ ਪ੍ਰਾਪਤ ਹੋਈ ਵਸਤੂ, ਅਰਥਾਤ ਗਤ, ਮੁਕਤੀ ਵੀ ਤੂੰ ਹੀ ਹੈਂ ਅਤੇ ਸਿਧਾਂਤ ਦਾ ਨਿਚੋੜ ਵੀ ਅਕਾਲ ਪੁਰਖ ਤੂੰ ਆਪ ਹੀ ਹੈਂ। ਤੂੰ ਹੀ ਹੈਂ, ਤੂੰ ਹੀ ਹੈਂ, ਸਭ ਕੁੱਝ ਤੂੰ ਆਪ ਹੀ ਹੈਂ:

ਅਭੂ ਤੁਹੀ॥ ਅਭੈ ਤੁਹੀ॥
ਅਛੂ ਤੁਹੀ॥ ਅਛੈ ਤੁਹੀ॥67॥
ਜਤਸ ਤੁਹੀ॥ ਬ੍ਰਤਸ ਤੁਹੀ॥
ਗਤਸ ਤੁਹੀ॥ ਮਤਸ ਤੁਹੀ॥68॥
ਤੁਹੀ ਤੁਹੀ॥ ਤੁਹੀ ਤੁਹੀ॥
ਤੁਹੀ ਤੁਹੀ॥ ਤੁਹੀ ਤੁਹੀ॥69॥
ਤੁਹੀ ਤੁਹੀ॥ ਤੁਹੀ ਤੁਹੀ॥
ਤੁਹੀ ਤੁਹੀ॥ ਤੁਹੀ ਤੁਹੀ॥70॥

ਆਮ ਨਜ਼ਰ ਨਾਲ ਵਾਚਿਆਂ ਇਉਂ ਮਹਿਸੂਸ ਹੋ ਸਕਦਾ ਹੈ ਕਿ ਜਿਵੇਂ ਪਰਮਾਤਮਾ ਦੇ ਉਨ੍ਹਾਂ ਹੀ ਗੁਣਾਂ ਨੂੰ ਵਾਰ ਵਾਰ ਦੁਹਰਾਇਆ ਜਾ ਰਿਹਾ ਹੈ। ਇਹ ਦੁਹਰਾਉ ਨਹੀਂ ਹੈ ਸਗੋਂ ਵਿਨਾਸ਼ਕਾਰੀ ਤਾਕਤਾਂ ਅਤੇ ਜ਼ੁਲਮ ਨਾਲ ਜੂਝਣ ਲਈ ਤਿਆਰ ਕਰਨਾ ਹੈ। ਪਹਿਲਾਂ ਵੀ ਗੱਲ ਕੀਤੀ ਸੀ ਕਿ ਗੁਰਮਤਿ ਅਨੁਸਾਰ ਜਿਸ ਕਿਸਮ ਦੇ ਇਸ਼ਟ ਦੀ ਮਨੁੱਖ ਅਰਾਧਨਾ ਕਰਦਾ ਹੈ ਉਹੋ ਜਿਹਾ ਹੀ ਉਸ ਦਾ ਵਿਅਕਤਿਤਵ ਘੜਿਆ ਜਾਂਦਾ ਹੈ। ਪਰਮਾਤਮ-ਗੁਣਾਂ ਦਾ ਇਹ ਵਾਰ ਵਾਰ ਸਮਰਣ ਇੱਕ ਵਿਸ਼ੇਸ਼ ਕਿਸਮ ਦੇ ਵਿਅਕਤਿਤਵ ਦੀ ਘਾੜਤ ਵਾਸਤੇ ਹੀ ਕੀਤਾ ਜਾਪਦਾ ਹੈ ਤਾਂ ਕਿ ਇੱਕ ਤੇਜ-ਪ੍ਰਤਾਪ ਵਾਲੀ ਸ਼ਖਸੀਅਤ ਦੀ ਘਾੜਤ ਸੰਭਵ ਹੋ ਸਕੇ।

***ਗੁਰੂ ਨਾਨਕ ਸ੍ਰੀ ਰਾਗੁ ਵਿਚ ਆਪਣੇ ਆਪ ਦੀ ਅਰਥਾਤ ਮਨੁੱਖ ਦੀ ਤੁਲਨਾ ਇੱਕ ਮੱਛੀ ਨਾਲ ਕਰਦੇ ਹਨ ਜੋ ਦਰਿਆ ਵਿਚ ਰਹਿੰਦੀ ਹੈ ਪਰ ਉਸ ਦਾ ਅੰਤ, ਉਸ ਦੀ ਥਾਹ ਨਹੀਂ ਪਾ ਸਕਦੀ। ਉਸ ਦਾ ਅੰਤ ਪਾਇਆ ਵੀ ਕਿਵੇਂ ਜਾ ਸਕਦਾ ਹੈ? ਉਹ ਤਾਂ ਹਰ ਥਾਂ ਵਿਆਪਕ ਹੈ, ਹਰ ਥਾਂ ਵਿਚਰ ਰਿਹਾ ਹੈ।***

## ਸਿਆਣਿਆਂ ਦਾ ਕਿਹਾ

(1) ਦੂਸਰੇ 'ਤੇ ਵਾਰ ਕਰਨ ਤੋਂ ਪਹਿਲਾਂ ਉਹਦੇ ਚੰਗੇ ਮਾੜੇ ਨਤੀਜਿਆਂ ਨੂੰ ਜਾਨਣਾ ਬੇਹੱਦ ਜਰੂਰੀ ਹੈ।

(2) ਕੌਮਾਂ ਨੂੰ ਚੜ੍ਹਦੀ ਕਲਾ ਵਿਚ ਰੱਖਣਾ ਨੀਤੀਵਾਨਾਂ ਤੇ ਸਿਦਕਵਾਨਾਂ ਦਾ ਕੰਮ ਹੈ।

(3) ਜਿਹੜੀਆਂ ਜਮਾਤਾਂ ਮਿਹਨਤ ਕਰਨ ਤੋਂ ਬਿਨਾਂ ਹਰਾਮ ਖਾਣ ਗਿੱਝ ਜਾਣ, ਉਹ ਹਮੇਸ਼ਾਂ ਗੁਲਾਮੀ ਅਤੇ ਬੇਗੈਰਤੀ ਦੀ ਮੌਤ ਮਰਦੀਆਂ ਹਨ।

(4) ਇੱਜ਼ਤ ਨਾਲ ਜੀਣ ਤੇ ਜ਼ਿੱਲਤ ਨਾਲ ਮਰਨ ਦਾ ਸਵਾਲ ਸਿੱਖ ਕੌਮ ਦੇ ਸਾਹਮਣੇ ਲਕੀਰ ਖਿੱਚ ਕੇ ਆ ਖਲੋਤਾ ਹੈ।

(5) ਵੇਲਾ ਸੰਭਾਲਣਾ ਕੌਮ ਦੀ ਹਿੰਮਤ, ਸੂਝ ਤੇ ਤਕਦੀਰ ਦੇ ਵੱਸ ਹੈ।

(6) ਕੌਮਾਂ ਉਤੇ ਭੀੜਾਂ ਵੀ ਪੈਂਦੀਆਂ ਹਨ ਅਤੇ ਵਧਣ ਫੁੱਲਣ ਦੇ ਮੌਕੇ ਵੀ ਮਿਲਦੇ ਹਨ।

(7) ਆਸਟ੍ਰੇਲੀਆ ਦੇ ਸਫੈਦਿਆਂ ਨੇ ਪੰਜਾਬ ਦੀ ਕਿੱਕਰ, ਬੇਰੀ, ਟਾਹਲੀ, ਤੂਤ, ਪਿਪਲ, ਬਰੋਟਾ, ਨਿੰਮ, ਡੇਕ, ਡਕੈਣ, ਜਾਮਣ ਆਦਿ ਨੂੰ ਖਾਣਾ ਸ਼ੁਰੂ ਕੀਤਾ ਹੋਇਆ ਹੈ।

(8) ਰਾਜਨੀਤੀ 'ਚ ਤਕੜੇ ਦਾ ਮਾੜੇ ਉਤੇ ਤਰਸ ਕਰਨਾ ਆਪਣੀ ਮੌਤ ਸਹੇੜਨਾ ਹੁੰਦਾ ਹੈ।

(9) ਸਿਪਾਹੀਆਂ ਨੂੰ ਹਮੇਸ਼ਾਂ ਇੱਕ ਸੂਝਵਾਨ ਜਰਨੈਲ ਦੀ ਲੋੜ ਹੁੰਦੀ ਹੈ।

(10) ਗੁਰੂ ਗੋਬਿੰਦ ਸਿੰਘ ਨੇ ਜ਼ਾਲਮਾਂ ਤੋਂ ਛੁਟਕਾਰਾ ਪਾਉਣ ਲਈ ਬੜਾ ਲੰਮਾ ਸਮਾਂ ਸਮਾਧੀ ਲਾ ਕੇ ਸੋਚਿਆ ਤੇ ਅਖੀਰ ਨੰਗੀ ਤਲਵਾਰ ਖਿੱਚ ਕੇ ਸੰਗਤ ਤੋਂ ਸਿਰ ਮੰਗ ਲਏ।

(11) ਗਰੀਬੀ ਦਾ ਭੰਨਿਆ ਹਰ ਕਿਰਤੀ ਕਿਸਾਨ ਮਰਨ ਮਾਰਨ ਲਈ ਮੁੱਠਾਂ ਵਿਚ ਥੁੱਕੀ ਬੈਠਾ ਹੈ।

(12) ਆਰਥਿਕ ਪੱਖੋਂ ਔਖੇ ਤੇ ਦੁਖੀ ਹੋਏ ਲੋਕ, ਸਿਰ ਤਲੀ 'ਤੇ ਧਰੀ ਫਿਰਦੇ ਹਨ, ਕੋਈ ਲੈਣ ਵਾਲਾ ਆਗੂ ਬਾਂਹ ਹੀ ਨਹੀਂ ਫੜ੍ਹਦਾ।

(13) ਆਪਣੀ ਬਾਂਹ ਉਛਾਲੇ ਬਿਨਾਂ ਇਨਕਲਾਬ ਨੂੰ ਰੌਸ਼ਨੀ ਨਹੀਂ ਮਿਲਦੀ।

(14) ਬ੍ਰਾਹਮਣਵਾਦ ਦੀ ਪੁਰਾਣੀ ਜਕੜ ਵਿਚੋਂ ਸਿੱਖੀ ਨੂੰ ਕੱਢਣਾ ਹੈ ਜਾਂ ਸਾਹ ਘੁੱਟ ਕੇ ਮਰ ਜਾਣ ਦੇਣਾ ਹੈ?

(15) ਜੇ ਤੁਹਾਡੇ ਪੱਲੇ ਹੱਕ ਸੱਚ ਹੈ ਤਾਂ ਖੁਦਾਈ ਨਾਲ ਸਭ ਕੁੱਝ ਹੈ।

(16) ਹੱਕ ਸੱਚ ਦੀ ਸ਼ਕਤੀ ਤੋਂ ਵੱਡਾ ਹਥਿਆਰ ਕੋਈ ਨਹੀਂ।

(17) ਅਸੀਂ ਹਣ ਤੱਕ ਦੂਜਿਆਂ ਲਈ ਕੁਰਬਾਨੀ ਦਿੰਦੇ ਰਹੇ ਆਂ, ਅੱਜ ਸਾਨੂੰ ਆਪਣੀ ਕੌਮੀ ਹਸਤੀ ਬਚਾਉਣ ਲਈ ਲੋੜ ਆ ਪਈ ਹੈ।

(18) ਸਿੱਖਾਂ ਨੂੰ ਗੁਰੂ ਨਾਨਕ ਨੇ ਇੱਕ ਅਕਾਲ ਦੇ ਲੜ ਲਾਇਆ ਹੈ, ਉਹ ਬ੍ਰਾਹਮਣਵਾਦ ਦੇ ਗਲੇ ਸੜੇ ਪੇਟੇ ਨਹੀਂ ਪੈਣਾ ਚਾਹੁੰਦੇ।

(19) ਭਾਰਤ ਵਿਚ ਪੰਜਾਬ ਤੋਂ ਬਾਹਰਲੇ ਸੂਬਿਆਂ ਨੇ ਕਾਨੂੰਨ ਪਾਸ ਕਰ ਦਿੱਤੇ ਹਨ, ਬਾਹਰਲਾ ਕੋਈ ਜ਼ਮੀਨ ਨਹੀਂ ਖਰੀਦ ਸਕਦਾ ਪਰ ਪੰਜਾਬ ਸਰਕਾਰ ਨੂੰ ਸੁਰਤ ਹੀ ਨਹੀਂ ਹੈ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ।

(20) ਲੋਕ-ਸ਼ਕਤੀ ਇਨਕਲਾਬ ਦੀ ਮਾਂ ਹੈ।

(21) ਜੁਗਰਾਫੀਏ ਦਾ ਅਸੂਲ ਹੈ, ਜਦੋਂ ਹਵਾ ਗਰਮ ਹੋ ਕੇ ਉਡੇਗੀ, ਉਸ ਦੀ ਥਾਂ ਲੈਣ ਲਈ ਆਸਿਓਂ ਪਾਸਿਓਂ ਹੋਰ ਆਵੇਗੀ। ਇਹ ਹੀ ਹਾਲ ਸਿੱਖ ਸ਼ਹੀਦਾਂ ਦਾ ਹੈ।

(22) ਖਾਲੀ ਥਾਂ ਲੋੜਾਂ ਭਰ ਦਿੰਦੀਆਂ ਹਨ।

(23) ਹਰ ਥਾਂ ਦੀ ਬਹੁਗਿਣਤੀ, ਛੋਟੀ ਕੌਮੀਅਤ ਦੀਆਂ ਸਾਰੀਆਂ ਸਿਫਤਾਂ ਖਾ ਜਾਂਦੀ ਹੈ।

(24) ਛੋਟੀ ਨਦੀ ਵੱਡੇ ਦਰਿਆ ਵਿਚ ਡਿੱਗ ਕੇ ਆਪਣਾ ਨਾਂ ਤੱਕ ਗਵਾ ਲੈਂਦੀ ਹੈ।

(25) ਆਪਣਾ ਖਿਲਾਰਿਆ ਝਾਟਾ ਆਪ ਹੀ ਗੁੰਦਣਾ ਪੈਂਦਾ ਹੈ।

(26) ਗੁਰੂਆਂ ਦੀਆਂ ਕੁਰਬਾਨੀਆਂ ਨੇ ਬੱਬਰ ਸ਼ੇਰਾਂ ਦੀ ਕੌਮ ਸਾਜੀ ਸੀ। ਇਹਦੇ ਆਗੂ ਅੱਜ ਗਿੱਦੜ ਲੂੰਬੜ ਹੋ ਕੇ ਰਹਿ ਗਏ ਹਨ।

(27) ਸਾਰੀ ਇਸਾਈਅਤ ਇੱਕ ਯਸੂ ਮਸੀਹ ਦੀ ਸੂਲੀ ਉਤੇ ਟਿਕੀ ਕਿੱਥੋਂ ਤੋਂ ਕਿੱਥੇ ਤੱਕ ਪਹੁੰਚ ਗਈ ਪਰ ਜਿਸ ਕੌਮ ਦੇ ਹਜ਼ਾਰਾਂ ਲੱਖਾਂ ਮਸੀਹੀ ਸਰਦਾਰ ਛਾਲਾਂ ਮਾਰਦੇ ਫਾਂਸੀਆਂ ਦੇ ਤਖਤੇ ਤੋੜ ਗਏ, ਉਹ ਗੈਰਤ ਤੇ ਹਿੰਮਤ ਤੋਂ ਹਾਰੀ ਕੰਗਾਲ ਹੋ ਖਲੋਵੇ, ਤਾਰੀਖੀ ਲਾਹਨਤ ਨਹੀਂ?

(28) ਜਿਸ ਦੇ ਪੱਲੇ ਸੱਚ ਹੋਵੇ, ਉਹਦੀ ਅਮੀਰੀ ਤੇ ਦਲੇਰ ਚੜ੍ਹਤ ਨੂੰ ਕੋਈ ਨਹੀਂ ਰੋਕ ਸਕਦਾ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ISBN # 978-0-9781624-9-8

ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਪੰਜਾਬੀ ਗਾਇਕੀ ਦੀ ਡੁੱਬਦੀ-ਤਰਦੀ ਬੇੜੀ

*ਵਿਰੋਧ ਪਰਿਵਾਰਾਂ ਵਿਚ ਵੀ ਪੈਦਾ ਹੋ ਗਏ ਹਨ। ਇਸ ਕਰਕੇ ਭਰਾ ਨੇ ਭਰਾ ਵੱਲ ਪਿੱਠ ਤਾਂ ਕੀਤੀ ਹੋਈ ਹੈ ਪਰ ਅੱਖਾਂ ਸਿੱਧੀਆਂ ਕਰਕੇ ਲਾਲ ਕੀਤੀਆਂ ਹੋਈਆਂ ਹਨ। ਜਦੋਂ ਦੀ ਗੀਤਾਂ ਵਿਚੋਂ ਸੱਭਿਅਤਾ ਖੁਰ ਗਈ ਹੈ, ਇਖਲਾਕ ਦੀਆਂ ਗੋਡਣੀਆਂ ਲੁਆ ਦਿੱਤੀਆਂ ਗਈਆਂ ਹਨ, ਉਦੋਂ ਦੀ ਪੰਜਾਬੀ ਗਾਇਕੀ ਗਾਉਂਦੀ ਘੱਟ ਹੈ, ਵੈਣ ਵੱਧ ਪਾ ਰਹੀ ਹੈ। ਜਿਨ੍ਹਾਂ ਵੀ ਗਾਇਕਾਂ ਨੇ ਸਰੋਤਿਆਂ ਨੂੰ ਮੂਰਖ ਬਣਾਉਣ ਦਾ ਯਤਨ ਕੀਤਾ, ਉਹ ਅਸਫ਼ਲ ਹੀ ਨਹੀਂ, ਆਪਣੇ ਪੌਂਚੇ ਵਿਚ ਆਪ ਹੀ ਫਸ ਕੇ ਮੂੰਹ ਭਾਰ ਜਾ ਪਏ। ਪੰਜਾਬੀ ਸੁਭਾਅ ਮੁਜਬ, ਲਾਗਲੇ ਪਿੰਡਾਂ ਦੀਆਂ ਧੀਆਂ-ਭੈਣਾਂ ਵੀ ਆਪਣੀਆਂ ਹੁੰਦੀਆਂ ਹਨ, ਗੀਤਾਂ ਮੁਤਾਬਿਕ ਜੇ ਗੁਆਂਢ ਵਿਚ ਹੀ ਅੱਖਾਂ ਚਾਰ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ ਤਾਂ ਬੇਗੈਰਤ ਦੇ ਧੂੰਏਂ ਵਿਚ ਬੂਥੇ 'ਤੇ ਕਾਲਖ਼ ਲੱਗਣ ਦਾ ਉਲਾਂਭਾ ਦਿੱਤਾ ਨਹੀਂ ਜਾ ਸਕਦਾ। ਲੱਗਦਾ ਨਹੀਂ ਕਈ ਵਾਰ, ਕਾਂ ਗਾਉਣ ਲੱਗ ਪਏ ਹਨ ਤੇ ਕੋਇਲਾਂ ਸੁਣਨ ਲੱਗ ਪਈਆਂ ਨੇ, ਪਰ ਸ਼ਕੁਨੀ ਵਾਂਗ ਕਈਆਂ ਦੀ ਚਾਲ ਬੜੀ ਰਾਸ ਆਈ ਹੈ। ਉਹ ਹਰ ਚਾਲ ਵਿਚ ਦਰੋਪਤੀ ਜਿੱਤ ਰਹੇ ਨੇ। ਕਈਆਂ ਨੇ ਜੇਬਾਂ ਵਿਚ ਰੌਣਕ ਤਾਂ ਬੜੀ ਮਿਹਨਤ-ਮੁਸ਼ੱਕਤ ਨਾਲ ਲਿਆਂਦੀ ਸੀ ਪਰ ਉਕਤ ਚਾਲ ਦਾ ਸ਼ਿਕਾਰ ਹੋ ਗਏ। ਬੁੱਢੇ ਸਾਰਿਆਂ ਨੇ ਹੋਣਾ ਹੈ ਪਰ ਸੁਚੇਤ ਇਸ ਗੱਲ ਤੋਂ ਹੋਣਾ ਪਵੇਗਾ ਕਿ ਬਜ਼ੁਰਗ ਸਾਵਧਾਨੀ ਨਾਲ ਹੋਇਆ ਜਾਵੇ। ਜਦੋਂ ਦਾ ਕਲਾ ਦਾ ਅਰਥ ਪੈਸਾ ਕਮਾਉਣਾ, ਯਾਨਿ ਸਿਰਫ਼ ਧਨ 'ਕੱਠਾ ਕਰਨਾ ਹੋ ਗਿਆ ਹੈ, ਵਿਰਾਸਤ ਦੇ ਤੂੰਬੇ ਉਡਾ ਦਿੱਤੇ ਗਏ ਨੇ। ਕਰੀ ਤਾਂ ਜਾਨੇ ਆਂ ਕਿ ਅਮਰੀਕਾ ਆਰਥਿਕ ਮੰਦੀ ਦਾ ਸ਼ਿਕਾਰ ਹੈ ਤੇ ਚੀਨ ਦਾ ਵਡਾ ਕਰਜ਼ਦਾਰ ਹੈ, ਭਾਰਤ ਦਾ ਘੱਟ; ਪਰ ਜਿਨ੍ਹਾਂ ਦੋ ਕੁ ਗਾਇਕਾਂ ਨੇ ਪਿਛਲੇ ਥੋੜ੍ਹੇ ਜਿਹੇ ਅਰਸੇ ਵਿਚ ਇਸ ਦੌਰ ਵਿਚ ਵੀ ਡੇਢ-ਦੋ ਮਿਲੀਅਨ ਡਾਲਰ ਹੱਥ ਦੀ ਸਫ਼ਾਈ ਨਾਲ ਕੱਢ ਲਿਆ ਹੈ, ਉਨ੍ਹਾਂ ਦੇ ਬਲਿਹਾਰ ਕਿਉਂ ਨਾ ਜਾਈਏ? ਰਲਾ-ਮਿਲਾ ਕੇ ਗਾਉਣ ਦਾ ਕੰਮ ਸਾਰਿਆਂ ਨੇ ਸਵਾ ਕੁ ਸੌ ਘੰਟਾ ਕੀਤਾ ਹੋਊ, ਹਿਸਾਬ ਲਾ ਕੇ ਦੇਖਿਓ-ਦੁਨੀਆਂ ਵਿਚ ਘੰਟੇ ਦੇ ਏਨੇ ਪੈਸੇ ਕਿਸੇ ਨੂੰ ਮਿਲਦੇ ਹੋਣਗੇ? ਅਸਲ ਵਿਚ ਕਲਾ, ਵਿਗਿਆਨ ਨੂੰ ਵੀ ਦੰਦੀਆਂ ਚਿਘਾਉਣ ਨ੍ਹੀਂ ਲੱਗ ਪਈ?*

ਕਈ ਵਾਰ ਬਿਮਾਰ ਚਾਹੁੰਦੈ ਕਿ ਮੈਨੂੰ 'ਕੱਲਾ ਛੱਡ ਦਿੱਤਾ ਜਾਵੇ, ਇਸ ਕਰਕੇ ਕਿ ਉਹ ਬਿਮਾਰੀ ਨਾਲ ਗੱਲਾਂ ਕਰ ਸਕੇ ਕਿ ਪਿੱਛਾ ਛੱਡੇਗੀ ਕਿ ਨਹੀਂ; ਤੇ ਅਕਸਰ ਏਦਾਂ ਵਾਪਰਦਾ ਵੀ ਬਹੁਤ ਵਾਰ ਹੈ ਕਿ ਜਦੋਂ ਭੌਰ ਉਡਾਰੀ ਮਾਰਨ ਦੀ ਕਾਹਲੀ 'ਚ ਹੁੰਦੈ ਤਾਂ ਮਰਨ ਵਾਲਾ ਸੋਚਦੈ ਕਿ ਜਿਉਂਦੇ ਰਹਿਣ ਵਾਲੇ ਮੌਤ ਦੇ ਕਰਤੱਬਾਂ ਤੋਂ ਪਰ੍ਹੇ ਰਹਿਣ ਤੇ ਬਾਹਰ ਚਲੇ ਜਾਣ; ਕਿਉਂਕਿ ਜਿਸ ਜ਼ਿੰਦਗੀ ਨੂੰ ਉਸ ਨੇ ਘੁੱਟ ਕੇ ਫੜਿਆ ਹੁੰਦੈ, ਉਹ ਮੱਛੀ ਵਾਂਗ ਹੱਥ 'ਚੋਂ ਤਿਲਕਣ ਵਾਲੀ ਹੁੰਦੀ ਹੈ। ਪਤੀ ਢਿੱਲਾ ਮੱਠਾ ਵੀ ਰਹਿੰਦਾ ਹੋਵੇ, ਤਦ ਵੀ ਪਤਨੀ ਨੂੰ ਇਸ ਕਰਕੇ ਝੋਰਾ ਨਹੀਂ ਹੁੰਦਾ ਕਿ ਚਲੋ, ਮਾਂਗ 'ਚ ਸੰਧੂਰ ਤਾਂ ਹੈ, ਪਰ ਉਸ ਦੇ ਅੱਖਾਂ ਮੀਟਦਿਆਂ ਹੀ ਲੱਗਣ ਲੱਗ ਪੈਂਦੈ ਕਿ ਮਾਰੂਥਲ ਦਾ ਪੈਂਡਾ ਹੁਣ ਛੇਤੀ ਮੁੱਕੇਗਾ ਨਹੀਂ। ਮੌਤ ਹੀ ਦੱਸਦੀ ਹੈ ਕਿ ਜਿਹੜੀ ਗੱਲ 'ਲੋਰੀ ਮੈਂ ਲਾਲ ਨੂੰ ਦੇਵਾਂ, ਲਾਲ ਦੇ ਸ਼ਗਨ ਮਨਾਵਾਂ' ਨਾਲ ਸ਼ੁਰੂ ਹੋਈ ਸੀ, ਉਹ 'ਹਾਏ ਵੇ ਸਾਨੂੰ 'ਕੱਲਿਆਂ ਨੂੰ ਛੱਡ ਕੇ ਤੁਰ ਗਿਆ, ਕਿਵੇਂ ਗੁਜ਼ਾਰਾਂਗੇ ਤੇਰੇ ਬਿਨਾ...' ਨਾਲ ਮੁੱਕਦੀ ਹੈ; ਹਾਲਾਂ ਕਿ ਗੁਜ਼ਰ ਸਾਰਿਆਂ ਦੀ ਜਾਣੀ ਹੁੰਦੀ ਹੈ। ਘਰ ਮਾਂ ਦੀ ਤਾਲ 'ਚ ਬੱਝੀ ਧੜਕਣ ਨਾਲ 'ਲੋਰੀਆਂ' ਵਿਚ ਜਨਮ ਲੈਣ ਵਾਲਾ ਵੈਣਾਂ ਤੇ ਅਲਾਹੁਣੀਆਂ ਦੇ ਸੰਗੀਤ 'ਚ ਇਸੇ ਫਿਕਰ 'ਚ ਜਹਾਨ ਛੱਡ ਦਿੰਦੈ ਕਿ 'ਸਾਰੀ ਉਮਰ ਗੰਵਾ ਲਈ ਤੂੰ, ਜਿੰਦੜੀਏ ਕੁਝ ਨਾ ਜਹਾਨ ਵਿਚੋਂ ਖੱਟਿਆ...।' ਸੰਗੀਤ ਸਿੱਖਣ ਲਈ ਜ਼ਿੰਦਗੀ ਲੱਗ ਜਾਂਦੀ ਹੈ ਪਰ ਜੀਹਨੇ ਸੰਗੀਤ ਨਾ ਵੀ ਸਿੱਖਿਆ ਹੋਵੇ, ਇਹ ਤਾਂ ਜ਼ਰੂਰੀ ਹੈ ਕਿ ਉਹਦਾ ਜੰਮਣ ਤੇ ਮਰਨ ਸੁਰਾਂ ਦੇ ਅਲਾਪ ਵਿਚ ਹੁੰਦਾ ਹੈ!

ਹਾਲ ਹੀ 'ਚ ਇਕ ਘਟਨਾ ਅਚਨਚੇਤੇ ਵਾਪਰ ਗਈ। ਸ਼ਮਸ਼ੇਰ ਸੰਧੂ ਨਾਲ ਫੋਨ 'ਤੇ ਹੋਈ ਲੰਬੀ ਵਾਰਤਾਲਾਪ ਨਿਹੋਰੇ ਵਰਗੀ ਸੀ। ਉਹ ਕਹਿਣ ਲੱਗਾ, "ਜਾਭਾਂ ਦੇ ਭੇੜ ਤਾਂ ਸ਼ਬਦਾਂ ਨਾਲ ਕਰਵਾਈ ਜਾਨੈ, ਪਰ ਤੇਰੇ ਅੰਦਰਲਾ ਸੰਗੀਤਕ ਹਮਦਰਦ ਮਰ ਗਿਆ ਲਗਦੈ।' 'ਅਜੀਤ' ਤੇ 'ਪੰਜਾਬੀ ਟ੍ਰਿਬਿਊਨ' ਵਿਚੋਂ ਲੰਬੇ ਅਰਸੇ ਤੋਂ ਤੈਨੂੰ ਗੁੰਮ ਹੋਇਆ ਦੇਖ ਕੇ ਅਗਲੇ ਸੋਚਦੇ ਨੇ ਕਿ ਗਾਇਕਾਂ ਤੇ ਗਾਇਕੀ ਦੇ ਜਨਮ ਪੱਤਰੇ ਬਣਾਉਣ ਵਾਲੇ ਨੇ ਲਗਦੈ ਪੰਸਾਰੀ ਦੀ ਹੱਟੀ ਖੋਲ੍ਹ ਲਈ ਹੈ। ਤੂੰ ਇੱਧਰ ਨੂੰ ਪਿੱਠ ਨਾ ਘੁਮਾ। ਕਦੇ ਤਾਂ ਗਾਇਕੀ ਬਾਰੇ ਗੱਲ ਕਰ?" ਮੈਂ ਸਹਿਜ ਨਾਲ ਕਿਹਾ, 'ਜਦੋਂ ਦਾ ਜੋਤਿਸ਼ ਦਾ ਕੰਮ ਪੰਡਿਤਾਂ ਦੇ ਹੱਥਾਂ 'ਚੋਂ ਨਿਕਲ ਕੇ ਜੱਟਾਂ ਤੀਕਰ ਪਹੁੰਚ ਗਿਆ ਹੈ; ਧੰਦਾ, ਵਪਾਰ ਨਹੀਂ ਮਹਾਂ-ਵਪਾਰ ਬਣ ਗਿਆ ਹੈ, ਤੇ ਜਦੋਂ ਦੇ ਗਾਉਣ ਵਾਲੇ ਘਰਾਣਿਆਂ 'ਚੋਂ ਨਹੀਂ ਉਠ ਰਹੇ, ਉਦੋਂ ਦੀ ਗਾਇਕੀ ਕੈਲੀਫੋਰਨੀਆ ਦੇ ਲਾਟਰੀ ਸਿਸਟਮ ਵਰਗੀ ਹੋ ਗਈ ਹੈ। ਡਾਲਰ ਸੁੱਟ ਕੇ ਮਿਲੀਅਨ ਚੁੱਕਣ ਦੇ ਸੁਪਨਿਆਂ 'ਚ ਦੁਨੀਆਂ ਹਫ਼ੜਾ-ਦਫ਼ੜੀ 'ਚ ਪਈ ਹੋਈ ਹੈ ਤੇ ਜ਼ਮੀਨ ਵੇਚ ਕੇ ਗਾਇਕ ਬਣਨ ਦੇ ਸੁਫਨੇ ਲਾਟਰੀ ਨਾਲੋਂ ਘੱਟ ਭਲਾ ਕਿਵੇਂ ਹੋ ਸਕਦੇ ਨੇ? ਅਸਲ ਵਿਚ, ਇਹ ਖੇਤਰ ਸੁਆਰਥੀ, ਮਤਲਬੀ ਤੇ ਸੱਪ ਕੱਢਣ ਵਾਲਿਆਂ ਦਾ ਵੱਧ ਬਣਦਾ ਜਾ ਰਿਹਾ ਹੈ। ਜਦੋਂ ਕਿਸੇ ਦੀ ਚੜ੍ਹਾਈ ਹੁੰਦੀ ਐ ਤਾਂ ਮੱਖੀਆਂ ਵਾਂਗ ਆਲੇ-ਦੁਆਲੇ ਚਮਚਿਆਂ ਦੀ ਵਾੜ ਸਲਾਹਕਾਰਾਂ ਦੇ ਰੂਪ ਵਿਚ ਕਰ ਲੈਂਦੇ ਨੇ। ਜਿਹੜੇ ਗਾਇਕ ਇਹ ਕਹਿਣ ਕਿ ਦੌਲਤਾਂ ਤੇ ਸ਼ੋਹਰਤਾਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ, ਉਨ੍ਹਾਂ ਬੀਬਿਆਂ ਨੂੰ ਪੁੱਛੋ ਕਿ ਜਦੋਂ ਗੱਡੀ ਦੌੜਨ ਲੱਗਦੀ ਹੈ ਤਾਂ ਪਹਿਲੇ ਸਾਲ ਲੱਖ ਤੇ ਅਗਲੇ ਸਾਲ ਪੰਜ-ਸੱਤ ਲੱਖ ਕਿਵੇਂ ਹੋ ਜਾਂਦਾ ਹੈ? ਜਾਨਣ ਵਾਲਿਆਂ ਨੂੰ ਪੁੱਛ ਕੇ ਦੇਖੋ ਕਿ ਜਦੋਂ ਇਹ ਪਹਿਲੇ ਸਾਲ ਵਿਦੇਸ਼ਾਂ ਵੱਲ ਡਾਲਰਾਂ/ਪੌਂਡਾਂ 'ਤੇ ਅੱਖ ਰੱਖ ਕੇ ਉਡਾਣ ਭਰਦੇ ਨੇ ਤਾਂ ਜਹਾਜ਼ 'ਚ ਬਹਿ ਕੇ ਨਾਲ ਦੇ ਨੂੰ ਕਹਿਣਗੇ, 'ਬੰਦੇ' ਸੱਚੀਂ ਕੀੜੀਆਂ ਵਰਗੇ ਲਗਦੇ ਨੇ' ਤਾਂ ਅਗਲੇ ਸਾਲ ਜਦੋਂ ਦਿਮਾਗ ਦੇ ਕੀੜੇ ਦੀ ਸ਼ੋਹਰਤ ਵਿਚ ਸ਼ੁਦਾਈ ਹੁੰਦੇ ਨੇ ਤਾਂ ਥੱਲੇ ਖੜ੍ਹੇ ਉਪਰ ਨੂੰ ਮੂੰਹ ਕਰਕੇ ਕਹਿਣਗੇ, 'ਜਹਾਜ਼ ਵੀ ਕੀੜੀਆਂ ਵਰਗੇ ਦਿਸਦੇ ਆ।' ਪੈਸੇ ਨਾਲ ਦਿਮਾਗ ਦਾ ਸੰਤੁਲਨ ਵਿਗੜ ਜਾਣ ਕਾਰਨ ਮੱਲੋ-ਮੱਲੀ ਹੀ ਮੂੰਹੋਂ 'ਰੋਟੀ' ਦੀ ਥਾਂ 'ਚੋਚੀ' ਨਿਕਲ ਜਾਂਦਾ ਹੈ।

ਪੰਜਾਬੀ ਗਾਇਕੀ ਜੋ ਮੁਕੰਮਲ 'ਟਰੇਡ' ਬਣ ਗਈ ਹੈ, ਉਹਦਾ ਬਹੁਤਾ ਨੁਕਸਾਨ ਇਸ ਕਰਕੇ ਹੋਇਆ ਹੈ ਕਿ ਇਹਦੇ ਆਲੋਚਕ ਨਹੀਂ ਪੈਦਾ ਹੋ ਸਕੇ। ਜਿਨ੍ਹਾਂ ਨੇ ਵੀ ਕਲਮ ਦਵਾਤ ਚੁੱਕੀ, ਉਹ ਬਹੁਤਾ ਕਰਕੇ ਇਨ੍ਹਾਂ ਦੇ ਲੋਕ ਸੰਪਰਕ ਲੇਖਕ ਹੀ ਬਣੇ ਰਹੇ। ਆਲੋਚਨਾ ਗਾਇਕਾਂ ਨੇ ਝੱਲੀ ਹੀ ਨਹੀਂ ਹੈ। ਇਹਦੀ ਇਕ ਉਦਾਹਰਣ ਮੈਂ ਇਥੇ ਤੁਹਾਡੇ ਨਾਲ ਸਾਂਝੀ ਵੀ ਕਰਨਾ ਚਾਹਾਂਗਾ। ਮੈਂ ਗਾਇਕਾਂ, ਢਾਡੀਆਂ, ਗੀਤਕਾਰਾਂ, ਸੰਗੀਤਕਾਰਾਂ ਬਾਰੇ ਲਿਖਦਾ ਲਿਖਦਾ ਬੁੱਢਾ ਹੋ ਚੱਲਿਆ ਹਾਂ। ਗੁਰਦਾਸ ਮਾਨ ਆਮ ਪੰਜਾਬੀਆਂ ਵਾਂਗ ਮੇਰੇ ਵੀ ਸਤਿਕਾਰ ਦਾ ਪਾਤਰ ਰਿਹਾ ਹੈ। ਜਿੰਨਾ ਵੀ ਮੈਂ ਉਹਦੇ ਬਾਰੇ 'ਗੱਲੀਂ ਬਾਤੀਂ' ਪੁਸਤਕ ਤੀਕਰ ਲਿਖਿਆ ਹੈ, ਚੰਗੇ ਸ਼ਬਦਾਂ ਦੀਆਂ ਜਾਦੂਮਈ ਪੂਣੀਆਂ ਕੱਤਣ ਦੀ ਕੋਸ਼ਿਸ਼ ਕੀਤੀ ਹੈ ਪਰ ਪਿਛਲੇ ਵਰ੍ਹੇ ਮੈਂ ਅਮਰੀਕਾ 'ਚ ਉਹਦਾ ਸਟੇਜ ਸੰਚਾਲਨ ਕਰਨਾ ਸੀ, ਪਰ ਪ੍ਰੋਗਰਾਮ ਤੋਂ ਪਹਿਲਾਂ ਹਾਲਾਤ ਬੜੇ ਨਾਜ਼ੁਕ ਬਣ ਗਏ ਕਿ ਇਹਨੇ ਬਾਈ ਜੀ ਦੇ ਖ਼ਿਲਾਫ਼ ਲਿਖਿਆ ਹੈ। ਇਹ ਪ੍ਰਤੀਕਿਰਿਆ ਉਹਦੇ ਮੁੱਖ ਵਿੱਤੀ ਪ੍ਰਬੰਧਕ ਦੀ ਸੀ, ਤੇ ਨਾਲ ਹੀ ਸਾਜ਼ ਵਜਾਉਣ ਵਾਲਾ ਵੀ ਲੀੜਿਆਂ ਤੋਂ ਬਾਹਰ ਹੋਇਆ ਫਿਰੇ। ਮਿਥ ਕੇ ਲਿਖੀ ਗੱਲ ਹੀ ਚੇਤੇ ਹੁੰਦੀ ਹੈ। ਦਰਅਸਲ, ਸਰਤਾਜ ਬਾਰੇ ਲੇਖ ਵਿਚ ਲਿਖੀ ਇਕ ਸਤਰ ਦੇ ਹੀ ਉਹ ਗਲਤ ਅਰਥ ਕੱਢੀ ਜਾ ਰਹੇ ਸਨ। ਮੈਨੂੰ ਉਸ ਦਿਨ ਅਹਿਸਾਸ ਹੋਇਆ ਸੀ ਕਿ ਤੀਹ ਸਾਲਾਂ 'ਚ ਲਿਖੀਆਂ ਹਜ਼ਾਰਾਂ ਸਤਰਾਂ ਦਾ ਆਹ ਮੁੱਲ! ਤੇ ਮੁੱਲ ਪਾਉਣ ਵਾਲੇ ਇਹ ਸਾਜ਼ੀ ਸਲਾਹਕਾਰ ਉਦੋਂ ਦੁੱਧ ਹੀ ਚੁੰਘਦੇ ਹੋਣਗੇ ਜਦੋਂ ਮੈਂ ਲਿਖਣ ਲੱਗਾ ਸੀ!



*ਸਤਿੰਦਰ ਸਰਤਾਜ ਆਪਣੀ ਪਤਨੀ ਨਾਲ*

ਨਵਾਂ ਸ਼ਹਿਰ 'ਚ ਬਿਊਟੀ ਪਾਰਲਰ ਦਾ ਕੰਮ ਕਰਨ ਵਾਲੀ ਇਕ ਕੁੜੀ ਨੱਚਣ ਲੱਗ ਪਈ, ਡੀ.ਜੇ. ਵਾਲਿਆਂ ਨਾਲ ਜਾ ਰਲੀ। ਨੱਚ ਨੱਚ ਕੇ ਤਿੰਨ ਮੰਜ਼ਲੀ ਕੋਠੀ ਬਣਾ ਲਈ ਐ, ਤੇ ਲੁਧਿਆਣੇ ਦੇ ਪੰਜਾਬੀ ਲੋਕਾਂ ਦੇ ਦਿਲਾਂ 'ਤੇ ਦੋ ਗਾਣਿਆਂ ਜ਼ਰੀਏ ਤੀਹ ਸਾਲ ਰਾਜ ਕਰਨ ਵਾਲੀ ਇਕ ਗਾਇਕਾ ਜਵੱਦੀ ਕਲਾਂ 'ਚ ਬਿਊਟੀ ਪਾਰਲਰ ਚਲਾਉਣ ਲਈ ਮਜਬੂਰ ਹੋ ਗਈ ਹੈ। ਹਾਲਤ ਇਹ ਹੈ ਕਿ ਪਹਿਲੀ ਕਤਾਰ ਦੇ ਗਾਇਕ ਨੋਟਾਂ ਦੀਆਂ ਪੂਣੀਆਂ ਬਣਾ ਕੇ ਮਾਇਆ ਦੀਆਂ ਬਰਕਤਾਂ 'ਚ ਸਫ਼ਲ ਨੇ, ਦੂਜੇ ਦਰਜੇ ਵਾਲੇ ਜਗਰਾਤੇ ਜਾਂ ਮੇਲੇ-ਮੁਸਾਹਿਬੇ ਕਰਕੇ ਰੋਟੀ-ਫੁਲਕਾ ਚਲਾ ਰਹੇ ਹਨ, ਤੇ ਪੈਸੇ ਖਰਚ ਕੇ, ਜ਼ਮੀਨਾਂ ਗਹਿਣੇ ਰੱਖ ਕੇ, ਵੇਚ ਕੇ ਧੱਕੇ ਨਾਲ ਬਣੇ ਗਾਇਕ ਟਕਾ ਵਾਪਸੀ ਨਹੀਂ ਕਰ ਰਹੇ। ਇਸੇ ਲਈ ਪਿਓ ਨੇ ਜੁੱਤੀ ਅਤੇ ਮਾਂ ਨੇ ਸੈਂਡਲ ਲਾਹੇ ਹੋਏ ਨੇ। ਇਨ੍ਹਾਂ 'ਚੋਂ ਕਈ ਹਾਰ ਹੰਭ ਗਏ ਨੇ, ਤੇ ਕਈਆਂ ਨੇ ਅਗਲੇ ਸਾਲਾਂ 'ਚ ਕਰਜ਼ਾਈ ਕਿਸਾਨਾਂ ਵਾਂਗ ਫਾਹੇ ਵੀ ਲੈਣੇ ਹਨ। ਅਸਲ 'ਚ ਗਾਇਕੀ 'ਨਾਨ ਪ੍ਰੋਫੈਸ਼ਨਲ' ਹੱਥਾਂ ਵਿਚ ਚਲੀ ਜਾਣ ਕਾਰਨ ਲੁੱਟੀ ਪੁੱਟੀ ਜਾ ਰਹੀ ਹੈ। ਗੀਤ ਹੁਣ ਲੋਕ ਗੀਤ ਕਿਉਂ ਨਹੀਂ ਬਣਦੇ, ਗੀਤਕਾਰ ਨੂਰਪੁਰੀ ਜਿੱਡਾ ਕੱਦ ਤੇ ਹਸਨਪੁਰੀ, ਦੇਵ ਤੇ ਬਾਬੂ ਸਿੰਘ ਮਾਨ ਜਿੱਡਾ ਹੱਥ ਕਿਉਂ ਨਹੀਂ ਖੜ੍ਹਾ ਕਰਦੇ? ਇਸ ਕਰਕੇ ਕਿ ਗੀਤਾਂ 'ਚ ਰਿਸ਼ਤੇ ਲੋਪ ਹੋ ਗਏ ਹਨ, ਸੱਭਿਆਚਾਰ ਤੇ ਸਾਹਿਤ ਦਾ ਨਾਂ ਨਿਸ਼ਾਨ ਨਹੀਂ। ਬੰਦੇ ਮਾਰਨੇ, ਰਫਲਾਂ ਚੁੱਕਣੀਆਂ, ਇਹ ਕਿਹੜੇ ਪੰਜਾਬ ਦੀਆਂ ਗੱਲਾਂ ਹੋ ਰਹੀਆਂ ਹਨ?

ਗਾਇਕੀ ਦੇ ਘਾਣ ਦਾ ਇਕ ਹੋਰ ਨਮੂਨਾ ਦੇਖੋ ਕਿ ਹੁਣੇ ਹੁਣੇ ਇਕ ਪ੍ਰੋਗਰਾਮ ਸੁਣਨ ਦਾ ਮੌਕਾ ਮਿਲਿਆ ਜਿਹਨੂੰ 'ਵਾਇਸ ਆਫ਼ ਪੰਜਾਬ' ਕਹਿੰਦੇ ਨੇ। ਉਹ ਗਾ ਕੀ ਰਿਹੈ, 'ਅਸੀਂ ਸਤਿ ਸ੍ਰੀ ਅਕਾਲ ਬੁਲਾਉਂਦੇ ਸੀ, ਉਹ ਫਸਦੀ ਨਹੀਂ, ਜੀਹਦੇ ਮਗਰ ਗੇੜੀਆਂ ਲਾਉਂਦੇ ਸੀ, ਉਹ ਫਸਦੀ ਨਹੀਂ...।' ਅਸਲ ਵਿਚ ਗੋਗਲਿਆਂ ਦਾ ਮੀਂਹ ਵਾਰ-ਵਾਰ ਪੈਣ ਦੀ ਉਮੀਦ ਕੀਤੀ ਜਾ ਰਹੀ ਹੈ ਤੇ ਅੱਜ ਕੱਲ੍ਹ ਜੀਹਦੇ ਚਰਚੇ ਨੇ, ਉਹ ਆਉਂਦਿਆਂ ਹੀ ਕਹਿਣ ਲੱਗੀ 'ਹੋ ਜਾਓ ਤਿਆਰ ਨੱਚਣ ਤੇ ਭੰਗੜਾ ਪਾਉਣ ਲਈ' ਤੇ ਗਾਉਣ ਲੱਗ ਪਈ ਚੀਕਾਂ ਮਾਰ ਕੇ ਜਗਮੋਹਣ ਕੌਰ ਵਾਲਾ ਮਿਰਜ਼ਾ 'ਜੱਟ ਚੜ੍ਹਦੇ ਮਿਰਜ਼ੇ ਖਾਨ ਨੂੰ...।' ਜਿਵੇਂ ਕਿਸੇ ਲਾਲੇ ਨੂੰ ਹੱਟੀ ਤੋਂ ਚੁੱਕ ਕੇ ਮਿਹਰਦੀਨ ਨਾਲ ਘੁਲਣ ਲਾ ਦਿੱਤਾ ਹੋਵੇ।

ਦੋ ਕੁ ਸਾਲ ਪਹਿਲਾਂ ਰਾਜੇਸ਼ ਸ਼ਰਮਾ ਦੇ ਜਲੰਧਰ ਵਿਚਲੇ ਨਕੋਦਰ ਚੌਂਕ ਦੇ ਸਟਾਂਸ ਸਟੂਡੀਓ 'ਚੋਂ ਮੇਰੇ ਭਤੀਜੇ ਸਤੀਸ਼ ਤੇ ਮੇਰੇ ਮਾਨਸੇ ਵਾਲੇ ਮਿੱਤਰ ਅਸ਼ੋਕ ਬਾਂਸਲ ਦਾ ਫੋਨ ਆਇਆ ਕਿ ਜਿਹੜਾ ਗਾਇਕ ਪੇਸ਼ ਕਰ ਰਹੇ ਹਾਂ, ਤੁਸੀਂ ਤੀਹ ਸਾਲਾਂ 'ਚ ਸ਼ਾਇਰੀ ਤੇ ਗਾਇਕੀ ਦਾ ਸੰਗਮ ਨਹੀਂ ਦੇਖਿਆ ਹੋਵੇਗਾ। ਮੈਂ ਕਿਹਾ, 'ਗੱਲ ਕਰਾਓ!' ਤਾਂ ਕਹਿਣ ਲੱਗੇ, 'ਹੁਣੇ ਪੰਦਰਾਂ ਸੌ ਦੇ ਕੇ ਬੱਸੇ ਚੜ੍ਹਾਇਐ।' ਖ਼ੈਰ! ਇਕ ਦਾਅਵਾ ਤਾਂ ਉਨ੍ਹਾਂ ਦਾ ਠੀਕ ਹੀ ਨਿਕਲਿਆ ਪਰ ਦੋ ਸਾਲਾਂ 'ਚ ਫਰਕ ਏਨਾ ਪਿਆ ਕਿ ਉਹਦਾ ਰੇਟ ਸੱਤ ਲੱਖ ਹੋ ਗਿਆ ਦੋ ਘੰਟਿਆਂ ਦਾ, ਯਾਨਿ ਸਾਢੇ ਤਿੰਨ ਲੱਖ ਦਾ ਘੰਟਾ। ਦੁਨੀਆਂ 'ਚ ਬਿਲ ਗੇਟ ਤੋਂ ਬਾਅਦ ਸ਼ਾਇਦ ਹੀ ਕਿਸੇ ਦਾ ਇਕ ਘੰਟਾ ਏਨਾ ਮਹਿੰਗਾ ਹੋਵੇਗਾ! ਕਹਿਣ ਨੂੰ ਤਾਂ ਪੰਮੀ ਬਾਈ ਨੂੰ ਉਲਾਂਭਾ ਦੇਈ ਜਾਂਦੇ ਨੇ ਕਿ ਨੱਚਣ ਟੱਪਣ ਦਾ ਰੁਝਾਨ ਉਹ ਲੈ ਕੇ ਆਇਆ ਹੈ ਪਰ ਸੱਚ ਇਹ ਹੈ ਕਿ ਉਹਨੇ ਤਾਂ ਲੋਕ ਨਾਚਾਂ ਨੂੰ ਬਚਾਉਣ ਦਾ ਸਫ਼ਲ ਯਤਨ ਕੀਤਾ ਹੈ ਤੇ ਨੱਚਣ ਵਾਲੀਆਂ, ਕੋਠੀਆਂ ਵਾਲੀਆਂ ਕਿਵੇਂ ਬਣੀਆਂ, ਇਹਦੇ ਬਾਰੇ ਪੀੜ੍ਹੀ ਹੇਠ ਸੋਟਾ ਫੇਰਨ ਨੂੰ ਕੋਈ ਤਿਆਰ ਨਹੀਂ। ਮਾਲਵੇ ਦੇ ਇਕ ਗਾਇਕ ਨੇ ਜਦੋਂ ਬਠਿੰਡੇ ਵਾਲੇ ਦਫ਼ਤਰ ਨੂੰ ਜੰਦਰਾ ਮਾਰ ਕੇ ਜਲੰਧਰ ਦਫ਼ਤਰ ਖੋਲ੍ਹਿਆ ਤਾਂ ਮੈਂ ਸਹਿਜ ਸੁਭਾਅ ਪੁੱਛਿਆ, 'ਇਹ ਕਿਉਂ?' ਉਹਦਾ ਜੁਆਬ ਸੀ, 'ਪੈਸਾ ਤਾਂ ਦੁਆਬੇ ਵਾਲੇ ਭਰਦੇ ਨੇ, ਨਾਲੇ ਐਨ.ਆਰ.ਆਈ. ਬਹੁਤ ਨੇ।' ਅਗਲਾ ਸਵਾਲ ਮੈਂ ਕੀਤਾ, 'ਭਾਅ ਕਿਵੇਂ ਵਧਾਉਨੇ ਓ?' ਤੇ ਉਹ ਦੰਦੀਆਂ ਕੱਢਦਾ ਕਹਿਣ ਲੱਗਾ, 'ਕਿਸੇ ਵੱਡੇ ਗਾਇਕ ਦੇ ਦਫ਼ਤਰ ਫੋਨ ਕਰੀਦੈ ਕਿ ਕਿੰਨੇ ਪੈਸੇ ਲੈਨੇ ਓਂ। ਬੱਸ, ਉਸੇ ਹਿਸਾਬ ਨਾਲ ਆਪਾਂ ਸੂਈ ਚੱਕ ਦਈਦੀ ਐ, ਕਿਹੜਾ ਸਰਕਾਰ ਤੋਂ ਮਨਜ਼ੂਰੀ ਲੈਣੀ ਹੁੰਦੀ ਐ।'

ਇਹ ਗੱਲ ਸਾਧਾਰਨ ਨਹੀਂ ਹੈ। ਇਨ੍ਹਾਂ ਦੀ ਆਂਡੇ ਨਹੀਂ, ਮੁਰਗੀ ਮਾਰ ਕੇ ਖਾਣ ਦੀ ਆਦਤ ਨੇ ਹਾਲਾਤ ਪੈਦਾ ਕੀਤੇ ਨੇ ਕਿ ਪੈਲੇਸ ਕਲਚਰ ਦੇ ਵਿਆਹਾਂ 'ਤੇ ਅੱਸੀ ਫੀਸਦੀ ਪ੍ਰੋਗਰਾਮ ਨੱਚਣ ਟੱਪਣ ਵਾਲੇ ਗਰੁੱਪਾਂ ਕੋਲ ਹਨ ਤੇ ਤੀਹ ਕੁ ਹਜ਼ਾਰ ਨੂੰ ਪਹਿਲੇ ਦਰਜੇ ਦਾ ਗਰੁੱਪ ਮਿਲ ਜਾਂਦਾ ਹੈ। ਚੰਗੇ ਭਲਿਆਂ ਨੂੰ ਜੇ ਰੋਟੀ ਦੇ ਲਾਲੇ ਪਏ ਹੋਏ ਨੇ ਤਾਂ ਫਿਰ ਕੌਣ ਕਹੇ 'ਰਾਣੀਏ ਅੱਗਾ ਢਕ।'

ਸਤਿੰਦਰ ਸਰਤਾਜ ਦੀ ਚੜ੍ਹਾਈ ਐ, ਇਸ ਗੱਲ ਨੂੰ ਤਾਂ ਮੰਨਣਾ ਪਊਗਾ ਤੇ ਇਸ ਗੱਲ ਤੋਂ ਵੀ ਸਿਰ ਨਹੀਂ ਫੇਰਿਆ ਜਾ ਸਕਦਾ ਕਿ ਜਦੋਂ ਵਿਕਾਸ ਹੁੰਦਾ ਹੈ, ਵਿਰੋਧ ਵੀ ਉਠ ਖੜ੍ਹਦਾ ਹੈ। ਹੋਂਦ ਵਾਲਿਆਂ ਦੀ ਆਲੋਚਨਾ ਵੀ ਹੁੰਦੀ ਹੈ ਪਰ ਕਿਸੇ ਇਕ ਗਾਇਕ ਉਤੇ ਗੀਤਾਂ ਅਤੇ ਕਾਵਿ ਸਤਰਾਂ ਦੇ ਚੋਰੀ ਹੋਣ ਦੇ ਲਗਾਤਾਰ ਇਨੇ ਇਲਜ਼ਾਮ ਸ਼ਾਇਦ ਪਹਿਲੀ ਵਾਰ ਦੇਖਣ/ਸੁਣਨ ਨੂੰ ਮਿਲੇ ਹਨ। ਭਾਵੇਂ ਤਰਲੋਕ ਜੱਜ ਹੋਵੇ, ਭਾਵੇਂ 'ਸਾਈਂ' ਵਾਲੇ ਗੀਤ ਦੀ ਗੱਲ ਹੋਵੇ, ਤੇ ਚਾਹੇ ਪ੍ਰੀਤ ਸੁਰਿੰਦਰ ਘਣੀਆਂ ਦਾ ਦੋਸ਼ ਹੋਵੇ! ਕੋਈ ਲੱਖ ਕਹੇ, ਅਸਲ ਵਿਚ ਸ਼ਮਸ਼ੇਰ ਸੰਧੂ ਦੇ ਕਹਿਣ ਵਾਂਗ ਕਿ ਗੀਤਾਂ ਦੀਆਂ ਦਿਨ ਵਿਚ ਸੌ-ਸੌ ਚੋਰੀਆਂ ਵਾਲੀ ਗੱਲ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਗੀਤਾਂ ਦੀ ਚੋਰੀ ਹੁੰਦੀ ਆਈ ਐ, ਹੋ ਰਹੀ ਹੈ ਤੇ ਹੁੰਦੀ ਰਹੇਗੀ।

ਚੋਰੀ ਕਰਨ ਦਾ ਇਕ ਢੰਗ ਦੇਖੋ ਕਿ ਕਿਸੇ ਗੀਤਕਾਰ ਦੇ ਮੈਂ ਘਰ ਗਿਆ। ਉਹ ਨਹਾ ਰਿਹਾ ਸੀ। ਮੇਜ਼ 'ਤੇ ਡਾ. ਨਾਹਰ ਸਿੰਘ ਦੀ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ ਪਈ ਸੀ 'ਲੋਕ ਬੋਲੀਆਂ।' ਬੋਲੀਆਂ ਵਿਚਲੇ ਕਈ ਸ਼ਬਦ ਅੰਡਰਲਾਈਨ ਕੀਤੇ ਹੋਏ ਸਨ ਤੇ ਬਹੁਤੇ ਕਾਗਜ਼ 'ਤੇ ਵੀ ਲਿਖੇ ਹੋਏ ਸਨ। ਇਹ ਅਸਲਾ ਆਪਣੇ ਗੀਤਾਂ ਵਿਚ ਵਰਤਣ ਲਈ 'ਕੱਠਾ ਕੀਤਾ ਜਾ ਰਿਹਾ ਸੀ। ਪੜ੍ਹੇ ਲਿਖੇ ਗਾਇਕਾਂ ਨੇ ਬਾਬੂ ਰਜਬ ਅਲੀ ਅਤੇ ਦੀਦਾਰ ਸੰਧੂ ਦਾ ਫੱਕਾ ਨਹੀਂ ਛੱਡਿਆ। ਇਹ ਰੁਝਾਨ ਤਾਂ ਪੈਦਾ ਹੋਇਆ ਹੈ ਕਿ ਸਾਨੂੰ ਕਿਤਾਬਾਂ ਪੜ੍ਹਨ ਦੀ ਆਦਤ ਨਹੀਂ ਪੈ ਸਕੀ। ਇਸ ਗੱਲ 'ਤੇ ਵੀ ਯਕੀਨ ਕਰਿਓ ਕਿ ਕੁਝ ਅਰਸਾ ਪਹਿਲਾਂ ਅੰਮ੍ਰਿਤਸਰ ਦੇ ਇਕ ਵੱਡੇ ਧਾਰਮਿਕ ਪੁਸਤਕ ਵਿਕਰੇਤਾ ਕੋਲ ਮੈਂ ਗੁਰਬਾਣੀ ਨਾਲ ਸਬੰਧਤ ਕੁਝ ਪੁਸਤਕਾਂ ਲੈਣ ਗਿਆ ਤਾਂ ਉਹ ਕਹਿਣਾ ਲੱਗਾ, 'ਹੁਣੇ ਫਲਾਣਾ ਸੰਤ ਲੈ ਗਿਆ ਹੈ ਸੱਠ ਕਿਤਾਬਾਂ, ਤੁਸੀਂ ਅਗਲੇ ਹਫ਼ਤੇ ਆ ਜਾਇਓ।' ਤੇ ਉਹ ਉਸ ਸੰਤ ਦੀ ਗੱਲ ਕਰ ਰਿਹਾ ਸੀ ਜਿਹਨੂੰ ਦੇਸ਼ਾਂ-ਵਿਦੇਸ਼ਾਂ ਵਿਚ ਸੁਣਨ ਲਈ ਲੋਕ ਉਪਰੋਥਲੀ ਹੁੰਦੇ ਹਨ। ਮੈਂ ਪੁੱਛ ਬੈਠਾ ਕਿ ਇਹ ਏਨੀਆਂ 'ਕੱਠੀਆਂ ਉਹਨੇ ਕੀ ਕਰਨੀਆਂ ਸਨ?'

'ਲੋਕਾਂ ਨੂੰ ਸਾਰੀਆਂ ਕਥਾਵਾਂ, ਗੱਲਾਂ ਇਨ੍ਹਾਂ ਵਿਚੋਂ ਹੀ ਸੁਣਾਉਂਦੈ। ਸੋਚਦਾ ਸਾਂ ਕਿ ਕਿਤੇ ਲੋਕਾਂ ਨੂੰ ਸੱਚੀਂ ਚੰਗੀਆਂ ਪੁਸਤਕਾਂ ਪੜ੍ਹਨ ਦੀ ਆਦਤ ਪੈ ਜਾਵੇ ਤਾਂ ਪੁਰਸ਼ਾਂ ਦੇ ਮਹਾਂਪੁਰਸ਼ ਬਣਨ 'ਚ ਅੜਿੱਕਾ ਪੈ ਸਕਦੈ। ਚਲੋ, ਚੋਰੀ ਨਾ ਵੀ ਕਹੀਏ ਤਾਂ ਹੱਥ ਦੀ ਸਫ਼ਾਈ ਤਾਂ ਹੈ!

ਗਾਇਕੀ ਤਾਂ ਚੰਗੀ ਮਾੜੀ ਚੱਲਦੀ ਰਹੇਗੀ ਪਰ ਗਾਇਕਾਂ ਦੇ ਰਾਜ ਕਰਨ ਦੀ ਉਮਰ ਥੋੜ੍ਹੀ ਹੈ। ਇਥੇ ਜੋ ਆਉਂਦਾ, ਸੋ ਆਉਣ ਦਿਓ। ਜਿਨ੍ਹਾਂ ਨੂੰ ਇਹ ਰੱਬ ਵਰਗੇ ਸਰੋਤੇ ਕਹਿੰਦੇ ਹਨ, ਇਨ੍ਹਾਂ ਨੂੰ ਕਿਤੇ ਮਿਲਣ ਜਾਇਓ ਜਾਂ ਪ੍ਰੋਗਰਾਮ ਤੋਂ ਬਾਅਦ ਫੋਟੋਆਂ ਖਿਚਣਾਉਣ ਵੇਲੇ ਦੀ ਹਾਲਤ ਦੇਖਿਓ, ਆਪੇ ਪਤਾ ਲੱਗ ਜਾਵੇਗਾ ਕਿ 'ਰੱਬ ਕੌਣ ਹੈ!'

ਪਿਛਲੇ ਵਰ੍ਹੇ ਸਤਿੰਦਰ ਸਰਤਾਜ ਦੀ ਜਦੋਂ ਕਈ ਗੱਲਾਂ ਕਰਕੇ ਚੌਪਾਸੜ ਆਲੋਚਨਾ ਹੋਈ ਤਾਂ ਉਹ ਕਈ ਦਿਨ ਮੇਰੇ ਸੰਪਰਕ 'ਚ ਰਿਹਾ ਪਰ ਹੁਣ ਸੰਪਰਕ ਦੀਆਂ ਸਾਰੀਆਂ ਤਾਰਾਂ ਪਿਛਲੇ ਇਕ ਵਰ੍ਹੇ ਤੋਂ ਬਿਜ਼ੀ ਜਾਂ ਡੈੱਡ ਕਿਉਂ ਨੇ? ਹਾਲਾਂ ਕਿ ਉਹਦੇ ਹੱਕ 'ਚ ਮੇਰੇ ਲਿਖਣ ਤੋਂ ਬਾਅਦ, ਮੇਰੀ ਕਦਰ ਕਰਕੇ ਜਾਂ 'ਕੁਝ ਹੋਰ' ਕਾਰਨਾਂ ਕਰਕੇ ਆਲੋਚਨਾ ਦੀ ਇਕ ਤਰ੍ਹਾਂ ਨਾਲ ਜੰਗਬੰਦੀ ਹੋ ਗਈ ਸੀ। ਗਾਇਕੀ 'ਚ ਚੰਗਾ ਸ੍ਰੀਗਣੇਸ਼ ਹੋਣ ਕਰਕੇ ਉਹਦੀ ਆਲੋਚਨਾ ਦਾ ਬਹੁਤਾ ਭਾਰ ਮੈਂ ਚੁੱਕਣ ਦੀ ਕੋਸ਼ਿਸ਼ ਕੀਤੀ ਸੀ ਪਰ ਮੇਰੀ ਈ-ਮੇਲ ਵੀ ਉਹੀ ਹੈ ਤੇ ਫੋਨ ਨੰਬਰ ਵੀ। ਮੈਂ ਉਹਦੇ ਵਿਆਹ ਵਾਲੇ ਦਿਨਾਂ 'ਚ ਵੀ ਮਾਹਿਲਪੁਰ ਹੀ ਸਾਂ।

ਆਲੋਚਨਾ ਦਾ ਜਦੋਂ ਜੁਆਬ ਨਹੀਂ ਹੁੰਦਾ ਤਾਂ ਕਿਹਾ ਜਾਣ ਲੱਗ ਪੈਂਦੈ ਕਿ ਇਹ ਸਾਜ਼ਿਸ਼ ਹੈ, ਪਰ ਸਰਤਾਜ ਨੂੰ ਬਾਂਸਲ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਸੁਣਨ 'ਚ ਇਹ ਆਇਆ ਹੈ ਕਿ ਉਹਦੇ ਦੁਆਲੇ ਘੇਰਾ ਬਹੁਤ ਵੱਡਾ ਹੋ ਗਿਆ ਹੈ, ਉਨ੍ਹਾਂ ਦਾ ਜਿਹੜੇ ਉਹਦੀ ਚੜ੍ਹਾਈ ਵਾਲੇ ਦਿਨਾਂ 'ਚ ਆਏ ਹਨ। ਇਕ ਇੰਟਰਵਿਊ ਦੇ ਸਬੰਧ ਵਿਚ ਜਦੋਂ ਮੈਂ ਅਤੇ ਸ਼ਮਸ਼ੇਰ ਸੰਧੂ ਮੁਹਾਲੀ ਦੇ ਦਾਰਾ ਸਟੂਡੀਓ ਵਿਚ ਪਿਛਲੇ ਵਰ੍ਹੇ ਗਏ ਤਾਂ ਬਲਵਿੰਦਰ ਜੀਹਨੂੰ ਸਰਤਾਜ ਵੀ ਜਾਣਦੈ, ਕਈ ਗੱਲਾਂ ਦੱਸ ਰਿਹਾ ਸੀ ਜਿਨ੍ਹਾਂ ਦੀ ਹੋਰ ਲੋਕ ਵੀ ਤਸਦੀਕ ਕਰਦੇ ਹਨ। ਦਿਨ ਬਦਲਦੇ ਨੇ, ਬੰਦੇ ਨਹੀਂ। ਗੀਤਾਂ ਦੇ ਉਲਾਂਭਿਆਂ ਨੂੰ ਪਰ੍ਹੇ ਵੀ ਰੱਖ ਲਈਏ ਤਾਂ ਉਹਨੂੰ ਬਾਕੀ ਪੀੜਤ ਲੋਕਾਂ ਦੀ ਗਿਣਤੀ ਘਟਾਉਣੀ ਚਾਹੀਦੀ ਹੈ। ਘੱਟੋ-ਘੱਟ ਸਾਨੂੰ ਤਾਂ ਛੱਡੋ, ਉਨ੍ਹਾਂ ਮਿੱਤਰਾਂ ਨਾਲ ਫਿਰ ਗਲਵੱਕੜੀ ਹੋਣਾ ਚਾਹੀਦੈ ਜਿਹੜੇ ਸੰਘਰਸ਼ ਵਾਲੇ ਦਿਨਾਂ 'ਚ ਉਹਦੇ ਨਾਲ ਸਨ ਤੇ ਜਾਣਦੇ ਹਨ ਕਿ ਪੰਜਾਬੀ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੀਆਂ ਕਿਤਾਬਾਂ 'ਤੇ ਕਈ ਥਾਂ ਉਨ੍ਹਾਂ ਦੀ ਹਾਜ਼ਰੀ ਵਿਚ ਉਹਨੇ ਡਾ. ਸਤਿੰਦਰ ਸਰਤਾਜ ਲਿਖਿਆ ਸੀ।

ਪਰਮਾਣੂ ਬੰਬ ਹਾਲੇ ਚੱਲਣੇ ਹਨ ਪਰ ਜਿਸ 'ਯੂਟਿਊਬ' ਨੇ ਕਈਆਂ ਨੂੰ ਹੀਰੋ ਬਣਾਇਆ ਹੈ, ਉਸੇ 'ਯੂਟਿਊਬ' ਤੋਂ ਉਹ ਪੱਤੇ ਵਾਂਗ ਕੰਬਣ ਲੱਗ ਪਏ ਨੇ ਕਿਉਂਕਿ ਰੀਲਾਂ ਬਹੁਤ ਦੇਰ ਪਹਿਲਾਂ ਵਿਕਣੋਂ ਹਟ ਗਈਆਂ ਸੀ। ਫਿਰ ਸੀ.ਡੀ. ਤੇ ਹੁਣ ਡੀ.ਵੀ.ਡੀ. ਵੀ ਇਸ 'ਯੂਟਿਊਬ' ਨੇ ਨਿਗਲ ਲਈ ਹੈ।

ਪੰਜਾਬੀ ਗਾਇਕੀ ਵਿਚ ਦੁਖਾਂਤ ਤਾਂ ਪੈਦਾ ਹੋਏ ਹਨ ਕਿ ਜਿਨ੍ਹਾਂ ਨੇ ਸ਼ੋਹਰਤ ਦਿੱਤੀ ਸੀ, ਫਿਰ ਉਨ੍ਹਾਂ ਤੋਂ ਹੀ ਘੁੰਡ ਕੱਢਣ ਜਾਂ ਪੱਲਾ ਲੈਣ ਦੀ ਆਦਤ ਪੈਂਦੀ ਜਾ ਰਹੀ ਹੈ।

ਸ਼ਾਇਰ ਤੇ ਗਾਇਕ ਪੈਗੰਬਰ, ਦਰਵੇਸ਼ ਹੁੰਦੇ ਹਨ ਨਾ ਕਿ...?

# ਨਾਓਮੀ ਕਲਾਈਨ ਦਾ ਸਦਮਾ ਸਿਧਾਂਤ:ਚੁਣੌਤੀਆਂ ਅਤੇ ਹੱਲ

*ਪਿਛਲੇ ਕੁਝ ਦਹਾਕਿਆਂ ਤੋਂ ਪੂੰਜੀਵਾਦ ਅਤੇ ਕਾਰਪੋਰੇਟ ਜਗਤ ਦਾ ਜੋ ਚਿਹਰਾ ਸਾਹਮਣੇ ਆਇਆ ਹੈ, ਉਸ ਨੇ ਮਨੁੱਖੀ ਸਰੋਕਾਰਾਂ ਉਤੇ ਬਹੁਤ ਤਿੱਖੀ ਅਤੇ ਸਿੱਧੀ ਮਾਰ ਕੀਤੀ ਹੈ। ਨਾਓਮੀ ਕਲਾਈਨ ਨੇ ਇਸ ਮਾਰ ਦਾ ਖੁੱਲ੍ਹਾ ਖੁਲਾਸਾ ਆਪਣੀ ਕਿਤਾਬ 'ਸ਼ੌਕ ਡੌਕਟਰਾਈਨ' (ਸਦਮਾ ਸਿਧਾਂਤ) ਵਿਚ ਕੀਤਾ ਹੈ। ਇਹ ਕਿਤਾਬ ਭਾਵੇਂ ਸਰਮਾਏਦਾਰੀ ਪ੍ਰਬੰਧ ਨੂੰ ਸਮੁੱਚੇ ਰੂਪ 'ਚ ਰੱਦ ਨਹੀਂ ਕਰਦੀ ਅਤੇ ਇਸ ਦੇ ਕੀਨਜ਼ਵਾਦੀ ਮਾਡਲ (ਮਿਸ਼ਰਤ ਆਰਥਿਕਤਾ) ਦੀ ਹਮਾਇਤ ਕਰਦੀ ਹੈ ਪਰ ਅਜਾਰੇਦਾਰੀ ਸਰਮਾਏਦਾਰੀ ਦੇ ਨਵਉਦਾਰਵਾਦੀ ਹਮਲੇ ਦਾ ਪਰਦਾਫਾਸ਼ ਕਰਨ ਦੇ ਪੱਖ ਤੋਂ ਇਹ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਸ਼ਾਨਦਾਰ ਕਿਤਾਬ ਹੈ। ਇਸ ਵਿਚ ਇਸ ਜਗਤ ਰਾਹੀਂ ਹੋ ਰਹੀ ਤਬਾਹੀ ਨੂੰ ਜਿਸ ਢੰਗ ਨਾਲ ਤਰਤੀਬ ਦਿੱਤੀ ਗਈ ਹੈ, ਉਸ ਨਾਲ ਵਿਕਾਸ ਦੇ ਇਸ ਮਾਡਲ ਉਤੇ ਸਿੱਧਾ ਸਵਾਲੀਆ ਨਿਸ਼ਾਨ ਲੱਗਦਾ ਹੈ। ਕਰਮ ਬਰਸਟ ਨੇ ਇਸੇ ਨੁਕਤੇ ਤੋਂ ਇਸ ਕਿਤਾਬ ਦੀ ਪੜ੍ਹਤ ਲਈ ਹੈ ਅਤੇ ਇਸ ਜਗਤ ਦੀਆਂ ਤਹਿਆਂ ਫਰੋਲਦੀ ਇਸ ਕਿਤਾਬ ਬਾਰੇ ਇਹ ਟਿੱਪਣੀ ਕੀਤੀ ਹੈ। -ਸੰਪਾਦਕ*

ਨਾਓਮੀ ਕਲਾਈਨ ਕੈਨੇਡਾ ਦੀ ਇਨਾਮ ਜੇਤੂ ਪੱਤਰਕਾਰ, ਸਾਹਿਤਕਾਰ ਅਤੇ ਦਸਤਾਵੇਜ਼ੀ ਫਿਲਮਸਾਜ਼ ਹੈ। ਉਹ ਅਮਰੀਕਨ ਸਾਮਰਾਜ ਦੀ ਅਗਵਾਈ ਵਾਲੇ ਕਾਰਪੋਰੇਟੀ ਗਰੋਹਾਂ ਅਤੇ ਨਵਬਸਤੀਵਾਦੀ ਕਿਸਮ ਦੀ ਲੁੱਟ ਵਾਲੀਆਂ

**ਕਰਮ ਬਰਸਟ**
ਫੋਨ:91-94170-73831

ਨਵਉਦਾਰਵਾਦੀ ਨੀਤੀਆਂ ਨੂੰ ਬੇਪਰਦ ਕਰਨ ਵਿਚ ਲੱਗੀ ਹੋਈ ਹੈ। ਬੇਸ਼ਕ ਉਸ ਦੀਆਂ ਲਿਖਤਾਂ ਵਿਚ ਸਾਡੇ ਸਮਾਜ ਦੀਆਂ ਮਿਆਦੀ ਬੀਮਾਰੀਆਂ ਦਾ ਠੋਸ ਭਵਿੱਖ ਨਕਸ਼ਾ ਉਭਰਦਾ ਦਿਖਾਈ ਨਹੀਂ ਦਿੰਦਾ, ਲੇਕਿਨ ਇਸ ਦੌਰ ਵਿਚ ਜਦੋਂ ਸਮਾਜਵਾਦੀ ਸ਼ਕਤੀਆਂ ਦੇ ਸਰੀਰ ਦੇ ਨਾਜ਼ੁਕ ਹਿੱਸੇ ਉਪਰ ਕਸੂਤੀ ਸੱਟ ਵੱਜੀ ਹੋਈ ਹੈ, ਉਸ ਦੀਆਂ ਲਿਖਤਾਂ ਜਨਤਾ ਨੂੰ ਚੇਤੰਨ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ।

ਸੰਨ 2000 ਵਿਚ ਛਪੀ ਉਸ ਦੀ ਪਹਿਲੀ ਕਿਤਾਬ "ਕੋਈ ਲੋਗੋ ਨਹੀਂ, ਬਰਾਂਡ ਮਾਰਕਾ ਸਾਨ੍ਹ 'ਤੇ ਹਮਲਾ ਕਰੋ" ਨੇ ਦੁਨੀਆਂ ਭਰ ਦੀਆਂ ਸਾਮਰਾਜ ਵਿਰੋਧੀ ਸ਼ਕਤੀਆਂ ਦਾ ਧਿਆਨ ਖਿਚਿਆ ਸੀ। ਇਸ ਕਿਤਾਬ ਵਿਚ ਸੰਸਾਰੀਕਰਨ ਦੀਆਂ ਤਾਕਤਾਂ ਦੀਆਂ ਵਿਨਾਸ਼ਕਾਰੀ ਨੀਤੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਅਗਲੇ ਦੋ ਸਾਲਾਂ ਬਾਅਦ ਉਸ ਦੀ ਦੂਜੀ ਕਿਤਾਬ "ਵਾੜਾਂ ਤੇ ਖਿੜਕੀਆਂ, ਸੰਸਾਰੀਕਰਨ ਦੀ ਬਹਿਸ ਦੇ ਮੋਰਚੇ ਦੀਆਂ ਖਬਰਾਂ" ਵਿਚ ਕਾਰਪੋਰੇਟੀ ਤਾਕਤਾਂ ਵਿਰੁਧ ਵਿਸ਼ਵਵਿਆਪੀ ਬਗ਼ਾਵਤ ਦੀ ਨਿਸ਼ਾਨਦੇਹੀ ਕੀਤੀ ਗਈ ਸੀ। ਵਿਚਾਰ ਅਧੀਨ ਤਾਜ਼ਾ ਕਿਤਾਬ "ਸਦਮਾ ਸਿਧਾਂਤ, ਤਬਾਹੀਪਸੰਦ ਸਰਮਾਏਦਾਰੀ ਦਾ ਉਭਾਰ" ਤੋਂ ਪਹਿਲਾਂ ਉਸ ਨੇ ਆਪਣੇ ਪਤੀ ਅਤੇ ਸਹਿ ਨਿਰਮਾਤਾ ਐਵੀ ਲੂਇਸ ਨਾਲ ਮਿਲ ਕੇ ਇਕ ਦਸਤਾਵੇਜ਼ੀ ਫਿਲਮ "ਕਬਜ਼ਾ ਕਰੋ" ਤਿਆਰ ਕੀਤੀ, ਜਿਸ ਵਿਚ ਅਰਜਨਟੀਨਾ ਅੰਦਰ 2001 ਵਿਚ ਆਏ ਆਰਥਕ ਸੰਕਟ ਦੇ ਮੱਦੇਨਜ਼ਰ ਜਨਤਾ ਅੰਦਰ ਉਠੀ ਵਿਆਪਕ ਬੇਚੈਨੀ ਨੂੰ ਪੇਸ਼ ਕੀਤਾ ਗਿਆ ਸੀ। ਉਸ ਵੇਲੇ ਲੋਕਾਂ ਨੇ ਮੁਹੱਲਿਆਂ ਅਤੇ ਨਿੱਕੀਆਂ ਨਿੱਕੀਆਂ ਟੋਲੀਆਂ ਦੀਆਂ ਮੀਟਿੰਗਾਂ ਤੋਂ ਸ਼ੁਰੂ ਕਰਕੇ ਬੇਰੁਜ਼ਗਾਰ ਨੌਜਵਾਨਾਂ ਤੇ ਮਜ਼ਦੂਰਾਂ ਦੀ ਵਿਸ਼ਾਲ ਲਹਿਰ ਖੜੀ ਕਰਕੇ ਦੀਵਾਲੀਆ ਹੋ ਚੁੱਕੀਆਂ ਕੰਪਨੀਆਂ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਆਪਣੀ ਅਗਵਾਈ ਵਿਚ ਮੁੜ ਤੋਂ ਚਾਲੂ ਕਰਨ ਦਾ ਕਾਰਨਾਮਾ ਕਰ ਦਿਖਾਇਆ ਸੀ।

ਦੁਨੀਆਂ ਦੇ ਇਤਿਹਾਸ ਵਿਚ ਅਰਜਨਟੀਨਾ ਇਕ ਅਜਿਹਾ ਦੇਸ਼ ਬਣ ਗਿਆ ਸੀ, ਜਿਸ ਅੰਦਰ ਸਿਰਫ਼ ਇਕ ਸਾਲ ਦੇ ਅੰਦਰ ਅੰਦਰ ਪੰਜ ਰਾਸ਼ਟਰਪਤੀ ਬਦਲਣੇ ਪਏ। ਲੇਕਿਨ ਤਬਾਹੀਪਸੰਦ ਸਰਮਾਏਦਾਰੀ ਨੇ ਜੋ ਕਹਿਰ ਉਸ ਦੇਸ਼ ਵਿਚ ਢਾਹ ਸੁੱਟਿਆ ਸੀ, ਉਹ ਉਸੇ ਹੀ ਵਿਵਸਥਾ ਵਿਚ ਸਾਮਰਾਜ ਦੇ ਪਰਖੇ ਤੇ ਪਰਤਿਆਏ ਹੋਏ ਨਵੇਂ ਨਾਂਵਾਂ ਵਾਲੇ ਸਿਆਸੀ ਵਿਅਕਤੀ ਬਦਲ ਦੇਣ ਨਾਲ ਠੀਕ ਹੋਣ ਵਾਲਾ ਨਹੀਂ ਸੀ। ਇਹ ਪਾਟੀ ਹੋਈ ਝੱਗੀ ਨੂੰ ਵਾਰ ਵਾਰ ਟਾਕੀਆਂ ਲਾ ਕੇ ਸਿਊਣ ਵਰਗੀ ਗੱਲ ਸੀ।

ਭਾਵੇਂ ਇਹ ਕਿਤਾਬ ਸਰਮਾਏਦਾਰੀ ਪ੍ਰਬੰਧ ਨੂੰ ਸਮੁੱਚੇ ਰੂਪ 'ਚ ਰੱਦ ਨਹੀਂ ਕਰਦੀ ਅਤੇ ਇਸ ਦੇ ਕੀਨਜ਼ਵਾਦੀ ਮਾਡਲ (ਮਿਸ਼ਰਤ ਆਰਥਿਕਤਾ) ਦੀ ਹਮਾਇਤ ਕਰਦੀ ਹੈ ਪਰ ਅਜਾਰੇਦਾਰੀ ਸਰਮਾਏਦਾਰੀ ਦੇ ਨਵਉਦਾਰਵਾਦੀ ਹਮਲੇ ਦਾ ਪਰਦਾਫਾਸ਼ ਕਰਨ ਦੇ ਪੱਖ ਤੋਂ ਇਹ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਸ਼ਾਨਦਾਰ ਕਿਤਾਬ ਹੈ। ਇਹ ਸਾਡੇ ਸਾਹਮਣੇ ਇਤਿਹਾਸ ਦੇ ਕਈ ਐਸੇ ਪਹਿਲੂਆਂ ਨੂੰ ਬਹੁਪਰਤੀ ਰੂਪ 'ਚ ਸਾਹਮਣੇ ਲਿਆਉਂਦੀ ਹੈ ਜਿਨ੍ਹਾਂ ਦਾ ਹਾਲੇ ਤੱਕ ਕਿਸੇ ਮਾਰਕਸਵਾਦੀ ਬੁੱਧੀਜੀਵੀ ਵਲੋਂ ਵੀ ਐਨਾ ਡੂੰਘਾ ਵਿਸ਼ਲੇਸ਼ਣ ਨਹੀਂ ਕੀਤਾ ਗਿਆ। ਕਾਰਪੋਰੇਟਸ਼ਾਹੀ ਦੇ ਨਵਉਦਾਰਵਾਦ ਦੇ ਅਸਲ ਚਿਹਰੇ ਨੂੰ ਸਮਝਣ ਲਈ ਤਾਂ ਇਹ ਕਿਤਾਬ ਅਹਿਮ ਹੈ ਹੀ।

1980ਵਿਆਂ ਵਿਚ ਅਮਰੀਕਾ ਅੰਦਰ ਰੋਨਾਲਡ ਰੀਗਨ ਦੇ ਰਾਸ਼ਟਰਪਤੀ ਅਤੇ ਬਰਤਾਨੀਆ ਵਿਚ ਮਾਰਗਰੇਟ ਥੈਚਰ ਦੇ ਪ੍ਰਧਾਨ ਮੰਤਰੀ ਬਣ ਜਾਣ ਨਾਲ ਇਕ ਨਵੀਂ ਕਿਸਮ ਦੇ ਕਾਰਪੋਰੇਟੀ ਯੁਗ ਦੀ ਸ਼ੁਰੂਆਤ ਹੋਈ ਮੰਨੀ ਜਾਂਦੀ ਹੈ। ਇਸ ਦੌਰ ਵਿਚ ਸੰਸਾਰ ਪੱਧਰ 'ਤੇ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਵਰਗੀਆਂ ਸਾਮਰਾਜੀ ਸੰਸਥਾਵਾਂ ਨੂੰ ਨਵੇਂ ਸਿਰਿਓਂ ਢਾਲਿਆ ਗਿਆ। ਸਾਮਰਾਜੀ ਮੰਦਵਾੜਿਆਂ ਦਾ ਬੋਝ ਗਰੀਬ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਉਪਰ ਸੁੱਟਣ ਲਈ ਨਵੀਆਂ ਕਰਜ਼ਾ ਨੀਤੀਆਂ ਥੋਪੀਆਂ ਗਈਆਂ। ਇਹੀ ਉਹ ਦੌਰ ਹੈ, ਜਿਸ ਅੰਦਰ ਸੋਵੀਅਤ ਯੂਨੀਅਨ ਅਫ਼ਗਾਨਿਸਤਾਨ ਵਿਚ ਅਖੌਤੀ ਸਮਾਜਵਾਦ ਲਿਆਉਣ ਦੀ ਮਾਅਰਕੇਬਾਜ਼ ਕਾਰਵਾਈ ਕਰ ਬੈਠਦਾ ਹੈ ਅਤੇ ਨਾਲ ਹੀ ਅਮਰੀਕਾ ਦੀ ਅਗਵਾਈ ਹੇਠਲੇ ਨਾਟੋ ਗਰੋਹ ਦਾ ਟਾਕਰਾ ਕਰਨ ਲਈ ਆਪਣੇ ਸਾਰੇ ਭੌਤਿਕ ਅਤੇ ਮਨੁੱਖੀ ਵਸੀਲੇ ਠੰਡੀ ਜੰਗ ਵਿਚ ਝੋਕ ਦਿੰਦਾ ਹੈ। ਇਸ ਦੇ ਨਾਲ ਹੀ ਉਸ ਦੇ ਜ਼ਰਜ਼ਰ ਹੋਣ ਅਤੇ ਖਿੰਡਣ ਦਾ ਮੁੱਢ ਬੱਝ ਜਾਂਦਾ ਹੈ। ਗੋਰਬਾਚੋਵ ਦਾ ਗਲਾਸਨੋਸਤ ਅਤੇ ਪ੍ਰੈਸਤ੍ਰੋਇਕਾ ਤਾਂ ਸਿਰਫ਼ ਇਸ ਖਿੰਡਾ ਦਾ ਬਹਾਨਾ ਜਾਂ ਚਰਮ ਬਿੰਦੂ ਹੀ ਕਿਹਾ ਜਾ ਸਕਦਾ ਹੈ। ਇਸ ਖਿੰਡਾ ਨੂੰ ਤਾਂ ਸਾਮਰਾਜੀ ਤਾਕਤਾਂ ਨੇ ਬਹੁਤ ਪਹਿਲਾਂ ਹੀ ਬੁੱਝ ਲਿਆ ਸੀ। ਅਜੇ ਤੱਕ ਵੀ ਰਾਜਨੀਤਕ ਸਾਹਿਤ ਤੇ ਭਾਸ਼ਣਾਂ ਵਿਚ ਵਾਰ ਵਾਰ ਲਿਖਿਆ ਤੇ ਬੋਲਿਆ ਜਾਂਦਾ ਮਾਰਗਰੈਟ ਥੈਚਰ ਦਾ ਇਹ ਉਘਾ ਕਥਨ "ਹੁਣ ਸਰਮਾਏਦਾਰੀ ਦਾ ਕੋਈ ਬਦਲ ਨਹੀਂ ਹੈ" ਅਰਥਾਤ ਜਿਸ ਨੂੰ ਟਿਨਾ ਫੈਕਟਰ ਵੀ ਕਹਿ ਲਿਆ ਜਾਂਦਾ ਹੈ, ਸੋਵੀਅਤ ਯੂਨੀਅਨ ਦੇ ਖਿੰਡਾ ਅਤੇ ਸਾਰੇ ਅਖੌਤੀ ਸਮਾਜਵਾਦੀ ਦੇਸ਼ਾਂ ਵਿਚ ਤਬਾਹੀਪਸੰਦ ਸਰਮਾਏਦਾਰੀ ਦੇ ਉਭਾਰ ਦੀ ਸਾਫ਼



*ਨਾਓਮੀ ਕਲਾਈਨ*

ਸਪਸ਼ਟ ਪੇਸ਼ੀਨਗੋਈ ਮੰਨੀ ਜਾਂਦੀ ਹੈ। ਫਰਾਂਸਿਸ ਫੂਕੋਯਾਮਾ ਦਾ "ਇਤਿਹਾਸ ਦਾ ਅੰਤ" ਵਾਲਾ ਮੂਲ ਮੰਤਰ ਤਾਂ ਥੈਚਰ ਦੀ ਭਵਿੱਖਬਾਣੀ ਦਾ ਦੁਹਰਾਓ ਮਾਤਰ ਹੀ ਜਾਪਦਾ ਹੈ।

ਕਲਾਈਨ ਦੇ ਸਮੁੱਚੇ ਪ੍ਰਵਚਨ ਵਿਚ ਅਮਰੀਕਾ ਦੇ ਇਕ ਅਰਥਸ਼ਾਸ਼ਤਰੀ ਮਿਲਟਨ ਫਰਾਇਡਮੈਨ ਦਾ ਆਰਥਕ ਸੁਧਾਰਾਂ ਦਾ ਮਸੌਦਾ ਪੂਰੀ ਕਿਤਾਬ ਵਿਚ ਵਿਆਪਤ ਹੈ। ਫਰਾਇਡਮੈਨ ਦਾ ਸਮੁੱਚਾ "ਸਿਧਾਂਤ" 1962 ਵਿਚ ਛਪੀ ਉਸ ਦੀ ਕਿਤਾਬ, "ਪੂੰਜੀਵਾਦ ਅਤੇ ਆਜ਼ਾਦੀ" ਵਿਚ ਸਮੋਇਆ ਹੋਇਆ ਹੈ। ਉਹ ਦਹਾਕਿਆਂ ਬੱਧੀ ਅਰਥਚਾਰੇ ਅੰਦਰ ਸਰਕਾਰੀ ਕੰਟਰੋਲ ਨੂੰ ਘੱਟ ਕਰਨ, ਲੋਕਾਂ ਉਪਰ ਮਣਾਂਮੂੰਹੀ ਟੈਕਸ ਥੋਪਣ, ਸਰਕਾਰੀ ਅਦਾਰਿਆਂ ਦਾ ਨਿਜੀਕਰਨ ਕਰਨ, ਵੱਡੇ ਵੱਡੇ ਧਨਕੁਬੇਰਾਂ ਨੂੰ ਟੈਕਸਾਂ ਵਿਚ ਛੋਟਾਂ ਦੇਣ, ਸਿਹਤ, ਸਿੱਖਿਆ ਆਦਿ ਵਰਗੀਆਂ ਬੁਨਿਆਦੀ ਸਹੂਲਤਾਂ ਦਾ ਮੁੱਲ ਵੱਟਣ ਦਾ ਹਾਮੀ ਰਿਹਾ ਹੈ। ਲੇਕਿਨ ਉਸ ਦੀਆਂ ਸਿਫ਼ਾਰਸਾਂ ਨੂੰ ਲਾਗੂ ਕਰਨ ਲਈ ਢੁਕਵਾਂ ਮੌਕਾ ਬਹੁਤ ਦੇਰ ਬਾਅਦ ਚਿੱਲੀ ਵਿਚ ਹੋਏ ਰਾਜ ਪਲਟੇ ਨਾਲ ਹੀ ਮਿਲਦਾ ਹੈ। ਇਸ ਤੋਂ ਪਹਿਲਾਂ ਤਾਂ 'ਕਮਿਊਨਿਜ਼ਮ ਦੇ ਭੂਤ' ਦਾ ਮੁਕਾਬਲਾ ਕਰਨ ਲਈ ਤਬਾਹੀਪਸੰਦ ਸਰਮਾਏਦਾਰੀ ਨੂੰ ਖ਼ੁਦ ਹੀ "ਕਲਿਆਣਕਾਰੀ ਰਾਜ" ਦਾ ਮੁਖੌਟਾ ਪਹਿਨਣ ਦੀ ਲੋੜ ਬਣੀ ਰਹੀ ਸੀ। ਫਰਾਇਡਮੈਨ ਦਾ ਮੰਨਣਾ ਹੈ ਕਿ ਕੇਵਲ ਸੰਕਟ ਦੇ ਸਮਿਆਂ ਵਿਚ ਹੀ ਅਜਿਹੀਆਂ ਨੀਤੀਆਂ ਲਾਗੂ ਹੋ ਸਕਦੀਆਂ ਹਨ ਕਿਉਂਕਿ ਇਸ ਲਈ ਢੁਕਵੇਂ ਸਮੇਂ ਦੀ ਤਲਾਸ਼ ਅਰਥਾਤ ਰੂਹ ਝੰਜੋੜੂ ਹਾਲਤਾਂ ਦੀ ਲੋੜ ਹੈ। ਇਹ ਸੰਕਟ ਕੁਦਰਤੀ ਵੀ ਹੋ ਸਕਦਾ ਹੈ ਅਤੇ ਮਸਨੂਈ ਵੀ।


ਅਮਰੀਕਾ ਦੇ ਨਿਊ ਓਰਲੀਨਜ਼ ਸੂਬੇ ਵਿਚ ਆਇਆ ਸਮੁੰਦਰੀ ਤੂਫਾਨ, ਇੰਡੋਨੇਸ਼ੀਆ, ਭਾਰਤ, ਸ੍ਰੀਲੰਕਾ ਜਾਂ ਜਪਾਨ ਵਿਚ ਆਈਆਂ ਸੁਨਾਮੀਆਂ, ਕਿਸੇ ਦੇਸ਼ ਵਿਚ ਹੁੰਦੇ ਰਾਜਪਲਟੇ, ਅੰਦਰੂਨੀ ਜਾਂ ਬਹਿਰੂਨੀ ਮੋਰਚੇ ਦੀਆਂ ਜੰਗਾਂ ਅਰਥਾਤ ਸੰਕਟ ਦੀ ਕੋਈ ਵੀ ਘੜੀ ਤਬਾਹੀਪਸੰਦ ਸਰਮਾਏਦਾਰੀ ਲਈ ਮਨਭਾਉਂਦਾ ਮੌਕਾ ਹੁੰਦਾ ਹੈ। ਮਸਲਨ ਇਰਾਕ ਵਲੋਂ ਅਗਸਤ 1990 ਵਿਚ ਕੁਵੈਤ ਉਪਰ ਕਬਜ਼ਾ ਕਰਨ ਦੀ ਦੇਰ ਸੀ ਕਿ ਅਮਰੀਕਾ ਨੂੰ ਖਾੜੀ ਦੇ ਸਮੁੱਚੇ ਤੇਲ ਉਪਰ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ। ਸੰਕਟ ਵਿਚ ਹੀ ਕਿਸੇ ਵਿਅਕਤੀ ਜਾਂ ਕੌਮ ਨੂੰ ਸਦਮਾ ਇਲਾਜ ਨਾਲ ਠੀਕ ਕੀਤਾ ਜਾਂ ਜਿੱਤਿਆ ਜਾ ਸਕਦਾ ਹੈ। ਸਾਰੇ ਪੁਰਾਣੇ ਵਿਚਾਰ ਅਤੇ ਸੰਕਲਪ ਮਿਟਾ ਕੇ ਕੋਰੀ ਸਲੇਟ ਵਿਚ ਬਦਲਿਆ ਜਾ ਸਕਦਾ ਹੈ ਅਤੇ ਫੇਰ ਮਨਮਰਜ਼ੀ ਨਾਲ ਨਵੀਂ ਇਬਾਰਤ ਲਿਖੀ ਜਾ ਸਕਦੀ ਹੈ। ਫਰਾਇਡਮੈਨ ਦੀ ਇਹੀ ਸੋਚ ਸੀ, ਜੋ ਬਾਅਦ ਵਿਚ ਇਕ ਪੂਰਾ ਸੂਰਾ ਸਿਧਾਂਤ ਬਣ ਗਿਆ, ਜਿਸ ਨੂੰ 'ਸ਼ਿਕਾਗੋ ਸਕੂਲ' ਕਰਕੇ ਜਾਣਿਆ ਜਾਂਦਾ ਹੈ। ਇਸ ਸਕੂਲ ਮੁਤਾਬਕ ਸੰਕਟ ਸ਼ੁਰੂ ਹੁੰਦੇ ਸਾਰ ਹੀ ਵੱਡੀ ਤਬਦੀਲੀ ਕਰ ਦੇਣੀ ਚਾਹੀਦੀ ਹੈ, ਨਹੀਂ ਤਾਂ ਸੰਕਟਗ੍ਰਸਤ ਵਿਅਕਤੀ ਜਾਂ ਕੌਮ ਛੇਤੀ ਹੀ ਸੰਭਲ ਸਕਦੇ ਹਨ। ਜੇ ਸੰਕਟ ਨੂੰ ਤੁਰੰਤ ਨਾ ਸਾਂਭਿਆ ਜਾਵੇ, ਤਾਂ ਉਹੋ ਜਿਹਾ ਸੁਨਹਿਰੀ ਮੌਕਾ ਦੁਬਾਰਾ ਨਹੀਂ ਮਿਲੇਗਾ। 'ਸ਼ਿਕਾਗੋ ਸਕੂਲ' ਦਾ ਇਹ ਸਦਮਾ ਸਿਧਾਂਤ 1989 ਵਿਚ ਚੀਨ ਅੰਦਰ ਤਿਆਨਮਿਨ ਚੌਕ ਵਿਚ ਹੋਏ ਕਤਲੇਆਮ ਤੋਂ ਬਾਅਦ ਸ਼ੁਰੂ ਹੋਈਆਂ ਬਜ਼ਾਰੂ ਨੀਤੀਆਂ, 1990ਵਿਆਂ ਵਿਚ ਪੂਰਬੀ ਯੂਰਪ, ਦੋਹਾਂ ਜਰਮਨੀਆਂ ਦੀ ਏਕਤਾ ਅਤੇ ਸੋਵੀਅਤ ਯੂਨੀਅਨ ਅੰਦਰ ਬਿਖਰਾਅ ਦੇ ਸਮਿਆਂ ਵਿਚ ਲਾਗੂ ਹੁੰਦਾ ਸਪਸ਼ਟ ਦੇਖਿਆ ਜਾ ਸਕਦਾ ਹੈ।

ਕਲਾਈਨ ਦਾ ਮੰਨਣਾ ਹੈ ਕਿ "ਸਾਰੇ ਹੀ ਬੁਨਿਆਦੀ ਅਕੀਦਿਆਂ ਵਾਂਗ, ਸ਼ਿਕਾਗੋ ਸਕੂਲ ਦੇ ਕੱਟੜ ਵਿਸ਼ਵਾਸੀਆਂ ਲਈ ਇਥੋਂ ਸ਼ੁਰੂ ਹੋਇਆ ਅਰਥਸ਼ਾਸ਼ਤਰ ਹੀ ਇਲਾਹੀ ਬਾਣੀ ਹੈ। ਇਸ ਦਾ ਮੂਲਮੰਤਰ ਹੈ ਕਿ ਮੁਕਤ ਬਜ਼ਾਰ ਹੀ ਮੁਕੰਮਲ ਵਿਗਿਆਨਕ ਪ੍ਰਬੰਧ ਹੈ। ਅਜਿਹੇ ਪ੍ਰਬੰਧ ਵਿਚ ਬੰਦਾ ਆਪਣੀਆਂ ਆਪਾਹਿਤੂ ਇਛਾਵਾਂ ਦੀ ਪੂਰਤੀ ਲਈ ਕੰਮ ਕਰਦਾ ਹੋਇਆ ਵੀ, ਸਭ ਲਈ ਵੱਧ ਤੋਂ ਵੱਧ ਮੁਨਾਫ਼ਾ ਪੈਦਾ ਕਰਦਾ ਹੈ। ਉਨ੍ਹਾਂ ਦਾ ਪੂਰਨ ਵਿਸ਼ਵਾਸ ਹੈ ਕਿ ਜੇਕਰ ਮੁਕਤ ਮੰਡੀ ਅਰਥਚਾਰੇ ਅੰਦਰ ਲੱਕਤੋੜਵੀਂ ਮਹਿੰਗਾਈ ਜਾਂ ਅਥਾਹ ਬੇਰੁਜ਼ਗਾਰੀ ਵਰਗਾ ਕੁਝ ਗ਼ਲਤ ਦਿਸ ਰਿਹਾ ਹੈ, ਤਾਂ ਇਹ ਮੁਕਤ ਮੰਡੀ ਕਰਕੇ ਨਹੀਂ, ਸਗੋਂ ਇਸ ਕਰਕੇ ਹੈ ਕਿ ਅਸਲ ਵਿਚ ਮੰਡੀ ਹੀ ਸ਼ੁੱਧ ਰੂਪ ਵਿਚ ਪੂਰੀ ਤਰ੍ਹਾਂ ਮੁਕਤ ਨਹੀਂ ਹੈ। ਇਸ ਵਿਵਸਥਾ ਵਿਚ ਲਾਜ਼ਮੀ ਹੀ ਕਿਸੇ ਨਾ ਕਿਸੇ ਦੀ ਦਖ਼ਲਅੰਦਾਜ਼ੀ ਜਾਂ ਕੋਈ ਵਿਗਾੜ ਜ਼ਰੂਰ ਹੋਵੇਗਾ। ਸ਼ਿਕਾਗੋ ਸਕੂਲ ਕੋਲ ਹਮੇਸ਼ਾ ਹੀ ਘੜਿਆ ਘੜਾਇਆ ਹੱਲ ਹੈ ਕਿ ਖੁੱਲੀ ਮੰਡੀ ਦੇ ਫਾਰਮੂਲਿਆਂ ਨੂੰ ਕਠੋਰਤਾ ਅਤੇ ਦ੍ਰਿੜਤਾ ਨਾਲ ਲਾਗੂ ਕੀਤਾ ਜਾਵੇ।" (ਮੂਲ ਕਿਤਾਬ, ਸਫ਼ਾ 51)

ਬਿਲਕੁਲ ਇਸੇ ਤਰ੍ਹਾਂ ਦੀ ਮੁਹਾਰਨੀ ਅਸੀਂ ਭਾਰਤ ਵਿਚ ਦੁਹਰਾਈ ਜਾਂਦੀ ਸੁਣਦੇ ਹਾਂ। ਸਾਡੇ ਅਮਰੀਕਾ ਭਗਤ ਹਾਕਮਾਂ ਨੂੰ ਭਾਰਤ ਦੇ ਮੁੱਖ ਹਿੱਸੇ 'ਚ 20 ਸਾਲਾਂ ਦੀ ਨੰਗੀ ਚਿੱਟੀ ਖੁੱਲੀ ਮੰਡੀ ਨਾਲ ਸਬਰ ਨਹੀਂ ਆ ਰਿਹਾ। ਤਦੇ ਹੀ ਉਹ ਵਾਰ ਵਾਰ ਇਸਨੂੰ ਆਦਿਵਾਸੀਆਂ ਦੀ ਵਸੋਂ ਵਾਲੇ ਦੂਰ ਦਰਾਜ ਦੇ ਜੰਗਲੀ ਤੇ ਪਹਾੜੀ ਇਲਾਕਿਆਂ ਵਿਚ ਬੰਦੂਕ ਦੇ ਜ਼ੋਰ ਨਾਲ ਲਾਗੂ ਕਰਨ ਲੱਗੇ ਹੋਏ ਹਨ। ਕਾਲਿੰਗਾਨਗਰ, ਸਿੰਗੂਰ, ਨੰਦੀਗਰਾਮ, ਲਾਲਗੜ੍ਹ, ਧਿਨਚਕੀਆ ਜਿਹੇ ਕੁਦਰਤੀ ਸਰੋਤਾਂ ਨਾਲ ਮਾਲਾਮਾਲ ਖੇਤਰਾਂ ਤੋਂ ਬਾਅਦ ਬਰਨਾਲੇ ਅਤੇ ਨੋਇਡਾ ਲਾਗੇ ਭੱਟਾ ਪਰਸੌਲ ਜਿਹੇ ਅਤਿ ਉਪਜਾਊ ਮੈਦਾਨੀ ਇਲਾਕਿਆਂ ਦੀ ਵਾਰੀ ਆ ਰਹੀ ਹੈ।

ਕਲਾਈਨ ਆਪਣੇ ਬਿਰਤਾਂਤ ਦੀ ਸ਼ੁਰੂਆਤ ਨਿਊ ਓਰਲੀਨਜ਼ ਸੂਬੇ ਵਿਚ ਆਏ ਸਮੁੰਦਰੀ ਤੂਫ਼ਾਨ ਤੋਂ ਕਰਦੀ ਹੈ। ਇਹ ਗੱਲ ਕਿਤੋਂ ਵੀ ਸ਼ੁਰੂ ਹੋ ਸਕਦੀ ਸੀ। ਕਈਆਂ ਲਈ 11 ਸਤੰਬਰ 2001 ਵਿਚ ਅਮਰੀਕਾ ਅੰਦਰ ਜੌੜੇ ਟਾਵਰਾਂ ਦੀ ਤਬਾਹੀ ਪ੍ਰਵਚਨ ਦਾ ਅਰੰਭ ਬਿੰਦੂ ਬਣ ਸਕਦਾ ਹੈ। ਸਾਹਮਣੇ ਆਏ ਨਵੇਂ ਤੱਥਾਂ ਮੁਤਾਬਕ ਇਨ੍ਹਾਂ ਟਾਵਰਾਂ ਦੀ ਤਬਾਹੀ ਪਿੱਛੇ ਧੜਵੈਲ ਉਸਾਰੀ ਕੰਪਨੀਆਂ ਦਾ ਹੱਥ ਕਿਹਾ ਜਾ ਰਿਹਾ ਹੈ। ਇਸੇ ਬਹਾਨੇ ਹੇਠ ਅਸੀਂ ਅਫ਼ਗਾਨਿਸਤਾਨ, ਇਰਾਕ, ਅੱਧੇ ਅਧੂਰੇ ਫਲਸਤੀਨੀ ਰਾਜ ਅਤੇ ਲੈਬਨਾਨ ਦੀ ਤਬਾਹੀ ਹੁੰਦੀ ਦੇਖੀ ਹੈ। ਇਸ ਵੇਲੇ ਪਾਕਿਸਤਾਨ ਅਤੇ ਲਿਬੀਆ ਅਜਿਹੀ ਤਬਾਹੀ ਦੇ ਚੋਣਵੇਂ ਬਿੰਦੂ ਹਨ। ਇਨ੍ਹਾਂ ਦੇਸ਼ਾਂ ਦੀ ਭਿਆਨਕ ਤਬਾਹੀ ਤੋਂ ਬਾਅਦ ਸਾਰੇ ਦੇ ਸਾਰੇ ਵੱਡੇ ਉਸਾਰੀ ਠੇਕੇ ਅਮਰੀਕਾ ਦੀਆਂ ਹੀ ਬੈਚਟੈਲ ਅਤੇ ਹੈਲੀਬਰਟਨ ਵਰਗੀਆਂ ਦਿਓਕੱਦ ਪਰਾਕੌਮੀ ਉਸਾਰੀ ਕੰਪਨੀਆਂ ਨੂੰ ਦਿੱਤੇ ਗਏ ਜਾਂ ਦਿੱਤੇ ਜਾਣੇ ਹਨ।

ਤਬਾਹੀਪਸੰਦ ਸਰਮਾਏਦਾਰੀ ਪਹਿਲਾਂ ਤਬਾਹੀ ਲਿਆਉਂਦੀ ਹੈ (ਅਤੇ ਜੰਗੀ ਸਮਾਨ 'ਚੋਂ ਭਾਰੀ ਮੁਨਾਫ਼ੇ ਬਟੋਰਦੀ ਹੈ) ਅਤੇ ਉਸ ਪਿਛੋਂ ਉਸਾਰੀ ਦੇ ਨਾਂ ਹੇਠ ਸੁਪਰ ਮੁਨਾਫ਼ੇ ਬਟੋਰਦੀ ਹੈ। ਜੇ ਪਹਿਲੀ ਸੰਸਾਰ ਜੰਗ ਇਸ ਤਬਾਹੀ ਦੀ ਮੂੰਹ ਦਿਖਾਈ ਸੀ ਤਾਂ ਦੂਜੀ ਸੰਸਾਰ ਜੰਗ ਦਰਸ਼ਨੀ ਪ੍ਰਗਟਾਵਾ ਸੀ। ਨਾਓਮੀ ਕਲਾਈਨ ਭਾਵੇਂ 11 ਸਤੰਬਰ 1973 ਨੂੰ ਫ਼ੌਜੀ ਤਾਨਾਸ਼ਾਹ ਅਗਸਤੋ ਪਿਨੋਚੇ ਵਲੋਂ ਜਨਤਾ ਰਾਹੀਂ ਚੋਣ ਪ੍ਰਣਾਲੀ ਨਾਲ ਚੁਣੀ ਗਈ ਸਲਵਾਡੋਰ ਅਲੈਂਡੇ ਦੀ ਸਰਕਾਰ ਦਾ ਤਖ਼ਤਾ ਪਲਟਣ ਦਾ ਵੇਰਵਾ ਦੇ ਕੇ ਸਰਮਾਏਦਾਰੀ ਦੇ ਇਸ ਭਿਆਨਕ ਰੂਪ ਨੂੰ ਸਾਹਮਣੇ ਲਿਆਉਂਦੀ ਹੈ ਤੇ ਇਸ ਤੋਂ ਪ੍ਰਭਾਵ ਪੈਂਦਾ ਹੈ ਕਿ ਸਰਮਾਏਦਾਰੀ




ਦੇ ਹੋਰ ਰੂਪ ਕਲਿਆਣਕਾਰੀ ਹਨ। ਲੇਕਿਨ ਸਰਮਾਏਦਾਰੀ ਤਾਂ ਆਪਣੇ ਜਨਮ ਤੋਂ ਹੀ ਤਬਾਹਕੁਨ ਰਹੀ ਹੈ। ਇਸ ਦਾ ਦੂਜਾ ਪਾਸਾ ਵੀ ਬੇਸ਼ਕ ਉਨਾ ਹੀ ਸੱਚ ਹੈ ਕਿ ਮੁੱਢਲੇ ਦੌਰ ਦੀ ਮੁਕਾਬਲੇਬਾਜ਼ ਸਰਮਾਏਦਾਰੀ ਨੇ ਜਗੀਰਦਾਰੀ ਦਾ ਖ਼ਾਤਮਾ ਕਰਕੇ, ਸਮਾਜ ਦੀਆਂ ਨਵੀਂਆਂ ਪੈਦਾਵਾਰੀ ਸ਼ਕਤੀਆਂ ਅਰਥਾਤ ਮਜ਼ਦੂਰ ਜਮਾਤ ਨੂੰ ਮੰਚ 'ਤੇ ਆਉਣ ਦਾ ਮੌਕਾ ਦਿੱਤਾ ਅਤੇ ਇਸ ਤਰ੍ਹਾਂ ਆਪਣੇ ਇਨਕਲਾਬੀ ਹੋਣ ਦੀ ਇਤਿਹਾਸਕ ਭੂਮਿਕਾ ਨਿਭਾਈ। ਇਸ ਇਤਿਹਾਸਕ ਅਮਲ ਅੰਦਰ ਹੀ ਇਸ ਨੇ ਆਪਣੇ ਕਬਰਪੁੱਟ ਪ੍ਰੋਲੇਤਾਰੀਏ ਨੂੰ ਪੈਦਾ ਕਰ ਲਿਆ। ਲੇਕਿਨ ਇਸੇ ਬਸਤੀਵਾਦੀ ਸਰਮਾਏਦਾਰੀ ਨੇ ਮਜ਼ਦੂਰਾਂ ਦੀ ਵਾਧੂ ਕਦਰ ਨਿਚੋੜ ਕੇ ਤੀਜੀ ਦੁਨੀਆਂ ਸਮੇਤ ਅੱਜ ਦੇ ਅਮਰੀਕਾ ਤੱਕ ਨੂੰ ਗ਼ੁਲਾਮ ਬਣਾ ਲਿਆ ਸੀ।

ਭਾਰਤ ਵਰਗੇ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਤਾਂ ਇਸ ਨੇ ਸਮਾਜਿਕ ਵਿਕਾਸ ਦੇ ਕੁਦਰਤੀ ਵਹਿਣ ਨੂੰ ਹੀ ਬੰਨ੍ਹ ਮਾਰ ਦਿੱਤਾ। ਇਨ੍ਹਾਂ ਦੇਸ਼ਾਂ ਵਿਚ ਆਪਣੀ ਸੋਚੀ ਸਮਝੀ ਰਣਨੀਤੀ ਤਹਿਤ ਅਜਿਹੀ ਸਰਮਾਏਦਾਰ ਜਮਾਤ ਪੈਦਾ ਕਰ ਲਈ ਜੋ ਰੰਗ ਰੂਪ ਪੱਖੋਂ ਦੇਸੀ ਲੇਕਿਨ ਆਪਣੇ ਜਮਾਂਦਰੂ ਸੁਭਾਅ ਅਤੇ ਅਮਲਾਂ ਪੱਖੋਂ ਪੱਛਮ ਦੀ ਤਬਾਹਕੁਨ ਸਰਮਾਏਦਾਰੀ ਦੀ ਤਾਬੇਦਾਰ ਚੱਲੀ ਆ ਰਹੀ ਹੈ। ਭਾਵੇਂ ਸਰਮਾਏਦਾਰੀ ਦੇ ਇਸ ਰੂਪ ਦਾ 1860 ਵਿਚ ਵਿਕਾਸ ਹੋਣਾ ਸ਼ੁਰੂ ਹੋ ਗਿਆ ਸੀ, ਲੇਕਿਨ ਰਾਜਸੀ ਸਾਹਿਤ ਵਿਚ ਇਸ ਵੰਨਗੀ ਨੂੰ "ਸਾਮਰਾਜ" ਦਾ ਨਾਂ ਦੇਣਾ ਉਨੀਵੀਂ ਸਦੀ ਦੇ ਅੰਤ ਵਿਚ ਹੀ ਸ਼ੁਰੂ ਹੋ ਸਕਿਆ ਸੀ। ਫੂਕੋਯਾਮਾ ਦੇ "ਇਤਿਹਾਸ ਦੇ ਅੰਤ" ਵਰਗੀਆਂ ਭਵਿੱਖਵਾਣੀਆਂ ਕਰਨ ਵਾਲਿਆਂ ਨੇ ਉਦੋਂ ਹੀ ਕਾਰਲ ਮਾਰਕਸ ਦੇ ਮੁਕਾਬਲੇਬਾਜ਼ ਪੂੰਜੀਵਾਦ ਦੇ ਥੀਸਸ ਨੂੰ ਰੱਦ ਕਰਨ ਦੇ ਮੰਦਭਾਵੀ ਜੋਸ਼ ਵਿਚ "ਮਾਰਕਸਵਾਦ ਰੱਦ ਹੋ ਗਿਆ ਹੈ" ਦਾ ਨਾਅਰਾ ਬੁਲੰਦ ਕਰ ਦਿੱਤਾ ਸੀ। ਵਲਾਦੀਮੀਰ ਲੈਨਿਨ ਨੇ ਸਰਮਾਏਦਾਰੀ ਦੇ ਇਸ ਨਵੇਂ ਰੂਪ ਨੂੰ ਅਜਾਰੇਦਾਰ ਸਰਮਾਏਦਾਰੀ ਜਾਂ ਸਰਮਾਏਦਾਰੀ ਦਾ ਉਚਤਮ ਰੂਪ ਕਹਿ ਕੇ ਭਰਵੀਂ ਵਿਆਖਿਆ ਕੀਤੀ ਹੋਈ ਹੈ। ਉਨ੍ਹਾਂ ਨੇ ਮਜ਼ਦੂਰ ਜਮਾਤ ਲਈ ਰਣਨੀਤੀ ਦੇ ਨਵੇਂ ਗੁਰ ਸੂਤਰਬੱਧ ਕੀਤੇ ਅਤੇ ਪਹਿਲੀ ਸੰਸਾਰ ਜੰਗ ਦੇ ਸਾਮਰਾਜੀ ਸੰਕਟ ਦਾ ਸੁਵੱਲਾ ਲਾਹਾ ਲੈ ਕੇ ਰੂਸ ਵਿਚ ਮਜ਼ਦੂਰ ਜਮਾਤ ਦੀ ਰਾਜ ਕਰਨ ਦੀ

## ਪੁਸਤਕ ਚਰਚਾ

ਵਰ੍ਹਿਆਂਬੱਧੀ ਤਾਂਘ ਨੂੰ ਸਾਕਾਰ ਕੀਤਾ।

ਅਸਲ ਵਿਚ ਨਾਓਮੀ ਕਲਾਈਨ ਜਿਸ ਵਰਤਾਰੇ ਨੂੰ ਤਬਾਹੀਪਸੰਦ ਸਰਮਾਏਦਾਰੀ ਦਾ ਨਾਮ ਦਿੰਦੀ ਹੈ, ਇਹ ਸਾਮਰਾਜੀ ਅਤੇ ਅੱਜ ਦੀ ਵਿਸ਼ਵੀਕਰਨ ਵਾਲੀ ਸਰਮਾਏਦਾਰੀ ਹੀ ਹੈ। ਦੂਜੀ ਸੰਸਾਰ ਜੰਗ ਇਸ ਸਰਮਾਏਦਾਰੀ ਦੀ ਪੂਰੀ ਸੂਰੀ ਪ੍ਰਯੋਗਸ਼ਾਲਾ ਸੀ। ਜੰਗ ਦੇ ਐਨ ਖ਼ਾਤਮੇ 'ਤੇ ਜਦੋਂ ਜਪਾਨ ਨੇ ਹਾਰ ਮੰਨ ਲਈ ਸੀ ਤਾਂ 6 ਅਤੇ 9 ਅਗਸਤ 1945 ਨੂੰ ਕ੍ਰਮਵਾਰ ਹੀਰੋਸ਼ੀਮਾ ਅਤੇ ਨਾਗਾਸਾਕੀ ਉਪਰ ਪ੍ਰਮਾਣੂ ਬੰਬ ਸੁੱਟ ਕੇ ਨਾ ਸਿਰਫ ਉਨ੍ਹਾਂ ਦੀ ਭਿਆਨਕਤਾ ਦੀ ਪਰਖ ਕੀਤੀ ਗਈ, ਸਗੋਂ ਜਪਾਨ ਸਮੇਤ ਸੱਭੇ ਹਾਰੇ ਹੋਏ ਅਤੇ ਜਿੱਤੇ ਹੋਏ ਦੇਸ਼ਾਂ ਦੀ ਆਰਥਿਕਤਾ ਨੂੰ ਚਕਨਾਚੂਰ ਕਰ ਦਿੱਤਾ ਗਿਆ। ਇਥੋਂ ਹੀ ਤਬਾਹੀਪਸੰਦ ਸਰਮਾਏਦਾਰੀ ਦੇ ਸਭ ਤੋਂ ਕਰੂਪ ਚਿਹਰੇ ਅਮਰੀਕਨ ਸਾਮਰਾਜ ਦੀ ਮੁਕੰਮਲ ਸਰਦਾਰੀ ਦੀ ਉਠਾਣ ਬੱਝਦੀ ਹੈ, ਜੋ ਸੰਸਾਰਵਿਆਪੀ ਵਿਸ਼ੇਸ਼ ਟਾਕਰੇ ਦੀ ਅਣਹੋਂਦ ਵਿਚ ਅੱਜ ਤੱਕ ਬਰਕਰਾਰ ਹੈ। ਚਿੱਲੀ ਅੰਦਰਲਾ 1973 ਦਾ ਰਾਜਪਲਟਾ ਭਾਵੇਂ ਦੁਨੀਆਂ ਭਰ ਦੀਆਂ ਇਨਕਲਾਬੀ ਜਮਹੂਰੀ ਤਾਕਤਾਂ ਲਈ ਭਿਆਨਕ ਸੱਟ ਦੇ ਸਮਾਨ ਸੀ, ਲੇਕਿਨ ਇਸ ਸਿਲਸਿਲੇ ਦੇ ਇਰਾਕ ਤੱਕ ਪਹੁੰਚਣ ਤੋਂ ਪਹਿਲਾਂ ਚੀਨ, ਕੋਰੀਆ, ਵੀਅਤਨਾਮ, ਲਾਊਸ ਅਤੇ ਕੰਬੋਡੀਆ ਆਦਿ ਵਿਚਲੀ ਤਬਾਹੀ ਵੀ ਕਿਸੇ ਗੱਲੋਂ ਘੱਟ ਨਹੀਂ ਸੀ।

ਨਾਓਮੀ ਕਲਾਈਨ ਦੇ ਪ੍ਰਵਚਨ ਦੀ ਅਗਲੀ ਕੜੀ ਤਬਾਹੀ ਤੋਂ ਬਾਅਦ ਕੀਤੀ ਜਾਣ ਵਾਲੀ ਮੁੜ ਉਸਾਰੀ ਨਾਲ ਸਬੰਧਤ ਹੈ। ਉਹ ਨਿਊ ਓਰਲੀਨਜ਼ ਸੂਬੇ ਵਿਚ ਹੋਈ ਤਬਾਹੀ ਸਬੰਧੀ ਉਥੋਂ ਦੇ ਰਿਪਲੀਕਨ ਸੰਸਦ ਮੈਂਬਰ ਰਿਚਰਡ ਬੇਕਰ ਦਾ ਕਥਨ ਦੁਹਰਾਉਂਦੀ ਹੈ, "ਆਖ਼ਰਕਾਰ ਅਸਾਂ ਨੇ ਨਿਊ ਓਰਲੀਨਜ਼ ਵਿਚਲੇ ਸਰਕਾਰੀ ਘਰਾਂ ਨੂੰ ਸਾਫ਼ ਕਰ ਦਿੱਤਾ ਹੈ। ਜੋ ਕੁਝ ਅਸੀਂ ਆਪ ਨਹੀਂ ਕਰ ਸਕੇ, ਉਹ ਸਾਡੇ ਲਈ ਪਰਮਾਤਮਾ ਨੇ ਕਰ ਵਿਖਾਇਆ।" ਇਥੇ ਇਕ ਗੱਲ ਵਾਰ ਵਾਰ ਚੇਤੇ ਰੱਖਣ ਦੀ ਲੋੜ ਪਵੇਗੀ ਕਿ ਤਬਾਹੀਪਸੰਦ ਸਰਮਾਏਦਾਰੀ ਦਾ ਇਹ ਰੂਪ ਆਪਣੇ ਆਪ ਵਿਚ ਨਵਾਂ ਨਹੀਂ ਹੈ, ਸਗੋਂ ਇਕ ਬਦਲਵੇਂ ਪ੍ਰਬੰਧ ਦੀ, ਭਾਵੇਂ ਉਹ ਸਿਫ਼ਤੀ ਤੌਰ 'ਤੇ ਬਦਲਵਾਂ ਨਹੀਂ ਵੀ ਰਿਹਾ ਸੀ, ਦੀ ਅਣਹੋਂਦ ਵਿਚ ਅਜਾਰੇਦਾਰ ਸਰਮਾਏਦਾਰੀ ਦਾ ਹੀ ਖੁੱਲ੍ਹਾ ਹਮਲਾਵਰ ਰੂਪ ਹੈ, ਜਿਸ ਵਿਚ ਛਲ, ਤਸ਼ੱਦਦ ਅਤੇ ਬਦਮਾਸ਼ੀ ਸਿਰ ਚੜ੍ਹ ਕੇ ਬੋਲ ਰਹੀਆਂ ਹਨ। ਇਕ ਪਾਸੇ ਤੀਜੀ ਦੁਨੀਆਂ ਦੀਆਂ ਬੇਸ਼ਰਮ ਤਾਬੇਦਾਰ ਹਕੂਮਤੀ ਜੁੰਡਲੀਆਂ ਹੋਰ ਵੱਧ ਗੋਡਿਆਂ ਭਾਰ ਝੁਕੀਆਂ ਹੋਈਆਂ ਹਨ ਅਤੇ ਦੂਜੇ ਪਾਸੇ ਰਾਜਨੀਤਕ ਮੋਰਚੇ 'ਤੇ ਸੰਸਾਰ ਭਰ ਦੀਆਂ ਇਨਕਲਾਬੀ ਜਮਹੂਰੀ ਤਾਕਤਾਂ ਸਿਥਲਤਾ ਦੀ ਹਾਲਤ ਵਿਚ ਪਹੁੰਚੀਆਂ ਦਿਸ ਰਹੀਆਂ ਹਨ। ਇਹ ਇਕ ਬੜਾ ਹੀ ਦੁਖਦਾਈ ਪਹਿਲੂ ਹੈ ਕਿ ਇਸ ਹਾਲਤ ਲਈ ਆਪਣੇ ਆਪ ਨੂੰ ਕਮਿਊਨਿਸਟ ਕਹਾਉਣ ਵਾਲੀਆਂ ਬਹੁਤ ਸਾਰੀਆਂ ਧਿਰਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ। ਇਨ੍ਹਾਂ ਤਾਕਤਾਂ ਨੇ ਰੂਸ ਅੰਦਰ ਜੋਸਫ ਸਟਾਲਿਨ ਅਤੇ ਚੀਨ ਵਿਚ ਮਾਓ ਜੇ ਤੁੰਗ ਦੀ ਮੌਤ ਤੋਂ ਬਾਅਦ ਵਾਪਰੀਆਂ ਸਿਫ਼ਤੀ (ਉਲਟ ਇਨਕਲਾਬੀ) ਤਬਦੀਲੀਆਂ ਬਾਰੇ ਗੁੰਮਰਾਹਕੁਨ ਚੁੱਪ ਧਾਰੀ ਰੱਖੀ ਅਤੇ ਆਪਣੇ ਭੋਲੇ ਭਾਲੇ ਕੈਡਰ ਨੂੰ ਹਨੇਰੇ ਵਿਚ ਰੱਖਿਆ ਅਤੇ ਚੀਨ, ਵੀਅਤਨਾਮ, ਉਤਰੀ ਕੋਰੀਆ ਤੇ ਕਿਊਬਾ ਦੇ ਮਾਮਲੇ ਵਿਚ ਤਾਂ ਅਜੇ ਤੱਕ ਵੀ ਗਲਤ ਬਿਆਨੀਆਂ ਨਾਲ ਸਾਰਿਆ ਜਾ ਰਿਹਾ ਹੈ। ਆਪੋ ਆਪਣੇ ਦੇਸ਼ਾਂ ਵਿਚ ਕਦੇ ਗਰਮ ਖਿਆਲੀ ਮੁਸਲਿਮ ਲਹਿਰਾਂ ਅਤੇ ਭਾਰਤ ਵਰਗੇ ਦੇਸ਼ਾਂ ਵਿਚ ਹਿੰਦੂਤਵੀ ਮੂਲਵਾਦ ਨੂੰ ਹਰਾਉਣ ਦੇ ਨਾਂ ਹੇਠ ਸਾਮਰਾਜ ਦੇ ਬੇਸ਼ਰਮ ਦਲਾਲਾਂ ਨਾਲ ਸਮਝੌਤੇ ਕੀਤੇ ਜਾਂਦੇ ਰਹੇ ਹਨ।

ਨਾਓਮੀ ਕਲਾਈਨ ਦੇ ਬਿਰਤਾਂਤ ਦੀ ਅਗਲੀ

ਕੜੀ ਸਮੁੱਚੀ ਹਾਰੀ ਹੋਈ ਕੌਮ, ਖਾਸ ਕਰਕੇ ਇਸ ਦੇ ਲੜਾਕੂ ਹਿੱਸੇ ਅਤੇ ਹਮਦਰਦ ਵਰਗ ਨੂੰ ਭਿਆਨਕ ਜਿਸਮਾਨੀ ਅਤੇ ਮਾਨਸਿਕ ਤਸੀਹਿਆਂ ਦੀ ਮਾਰ ਹੇਠ ਲਿਆਉਣਾ ਹੈ। ਇਹ ਤਬਾਹੀਪਸੰਦ ਸਰਮਾਏਦਾਰੀ ਦੀ ਨੀਤੀ ਅੰਦਰ ਨਵਉਦਾਰਵਾਦ ਅਤੇ ਹਿੰਸਾ ਦੇ ਆਪਸੀ ਅਟੁੱਟ ਰਿਸ਼ਤੇ ਨੂੰ ਦਰਸਾਉਂਦਾ। ਨਾਜ਼ੀ ਕੈਂਪਾਂ ਤੋਂ ਬਾਅਦ ਵੀਅਤਨਾਮ ਤੋਂ ਹੁੰਦੇ ਹੋਏ, ਸਾਡੇ ਸਾਹਮਣੇ ਅਬੂ ਗਰੇਬ ਅਤੇ ਗੁਆਂਤਾਨਾਮੋ ਦੇ ਤਸੀਹਾ ਕੇਂਦਰਾਂ ਦੀਆਂ ਰੂਹ ਕੰਬਾਊ ਕਹਾਣੀਆਂ ਸਾਹਮਣੇ ਆ ਚੁੱਕੀਆਂ ਹਨ। ਮੈਕਗਿਲ ਯੂਨੀਵਰਸਿਟੀ ਦੀ ਐਲਨ ਯਾਦਗਾਰੀ ਸੰਸਥਾ ਵਿਚ ਡਾ. ਈਵਨ ਕੈਮਰਨ ਨੇ ਵਿਗਿਆਨਕ ਖੋਜ ਦੇ ਨਾਂ ਹੇਠ ਮਨੁੱਖਾਂ ਨੂੰ ਤਸੀਹੇ ਦੇਣ ਦੇ ਨਵੇਂ ਨਵੇਂ ਢੰਗ ਖੋਜੇ। ਇਨ੍ਹਾਂ ਦਾ ਉਦੇਸ਼ ਮਨੁੱਖੀ ਮਨ ਵਿਚੋਂ ਪੁਰਾਣਾ ਸਾਰਾ ਕੁਝ ਮਿਟਾ ਕੇ, ਨਵੀਂ ਸ਼ਖਸੀਅਤ ਘੜਨਾ ਸੀ। ਭਾਵੇਂ ਇਸ ਅਖੌਤੀ ਖੋਜ ਦੇ ਬੇਪਰਦ ਹੋ ਜਾਣ ਨਾਲ ਇਸ 'ਤਾਂਤਰਿਕ' ਵਿਗਿਆਨ ਨੂੰ ਬੰਦ ਕਰਨਾ ਪਿਆ, ਲੇਕਿਨ ਇਸ ਨੇ ਮਨੁੱਖੀ ਮਨ ਨੂੰ ਮਲੀਆਮੇਟ ਕਰਨ ਦਾ ਨਵਾਂ ਰਾਹ ਖੋਹਲ ਦਿੱਤਾ। ਇਵੇਂ ਹੀ ਮੈਕਗਿਲ ਯੂਨੀਵਰਸਟੀ ਦੇ ਮਨੋਵਿਗਿਆਨ ਦੇ ਨਿਰਦੇਸ਼ਕ ਡਾ. ਡੋਨਲਡ ਹੈਬ ਨੇ ਮਨੁੱਖੀ ਮਨ ਦੀਆਂ ਇੰਦਰੀਆਵੀ ਸੰਵੇਦਨਾਵਾਂ ਨੂੰ ਮੇਸਣ, ਮੁੜ ਤਰਾਸ਼ਣ ਅਤੇ ਟਾਕਰਾ ਲਹਿਰਾਂ ਦੇ ਆਗੂਆਂ ਨੂੰ ਆਪਣੀ ਰਜ਼ਾ ਵਿਚ ਰੱਖਣ ਦੇ ਤਰੀਕੇ ਖੋਜੇ। ਮਨੁੱਖੀ ਮਨ ਨੂੰ ਸੰਮੋਹਨ ਕਰਕੇ ਨਵੇਂ ਸੁਝਾਵਾਂ ਦੇ ਅਨੁਕੂਲ ਢਾਲਣ ਦੀ ਜੁਗਤ ਲੱਭ ਲਈ ਗਈ। ਬਾਅਦ ਵਿਚ ਰੌਲਾ ਪੈ ਜਾਣ ਕਰਕੇ ਬੇਸ਼ਕ ਇਸ ਕਥਿਤ ਖੋਜ ਕਾਰਜ ਨੂੰ ਰੱਦ ਕਰ ਦਿੱਤਾ ਗਿਆ, ਲੇਕਿਨ ਅਮਰੀਕਾ ਦੀ ਖੁਫ਼ੀਆ ਏਜੰਸੀ ਸੀ. ਆਈ. ਏ. ਨੇ ਇਸ "ਗਿਆਨ" ਦਾ ਭਰਪੂਰ ਇਸਤੇਮਾਲ ਤਬਾਹੀਪਸੰਦ ਸਰਮਾਏਦਾਰੀ ਦੇ ਉਦੇਸ਼ ਲਈ ਕੀਤਾ। ਅਬੂਗਰੇਬ ਤੇ ਗੁਆਂਤਾਨਾਮੋ ਦੇ ਤਸੀਹਾ ਕੇਂਦਰ ਇਸ ਨਵੀਂ ਲੱਭੀ ਤਕਨੀਕ ਦੇ ਇਸਤੇਮਾਲ ਦੇ ਚੋਣਵੇਂ ਕੇਂਦਰ ਹਨ।

## ਤਬਾਹੀਪਸੰਦ ਸਰਮਾਏਦਾਰੀ

ਬੇਸ਼ਕ ਨਾਓਮੀ ਕਲਾਈਨ ਦੇ ਬਿਰਤਾਂਤ ਵਿਚ ਭਾਰਤ ਬਾਰੇ ਵਿਸ਼ੇਸ਼ ਜ਼ਿਕਰ ਨਹੀਂ ਹੈ। ਜਦਕਿ ਇੱਥੇ ਪਿਛਲੇ ਦੋ ਦਹਾਕਿਆਂ ਤੋਂ ਨਵਉਦਾਰਵਾਦ ਨੂੰ ਵਿਆਪਕ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ ਹੈ। ਲੇਕਿਨ ਸਾਡੇ ਦੇਸ਼ ਵਿਚ ਵਿਸ਼ਵੀਕਰਨ ਬਾਰੇ ਕਰੀਬ ਦੋ ਦਹਾਕਿਆਂ ਤੋਂ ਚੱਲ ਰਹੀ ਬਹਿਸ ਵੀ ਵਿਚਾਰਨ ਵਾਲੀ ਹੈ, ਨਹੀਂ ਤਾਂ ਇਸ ਕਿਤਾਬ ਬਾਰੇ ਗੋਸ਼ਟੀਆਂ ਕਰਵਾਉਣ ਦਾ ਕੋਈ ਲਾਭ ਨਹੀਂ ਹੋਵੇਗਾ। ਮੁੱਠੀ ਭਰ ਲੋਕ ਇਸ ਨੂੰ ਭਾਰਤ ਦੇ ਨਵੇਂ ਮੁਕਤੀ ਦਾਤਾ ਅਤੇ ਬਾਕੀ ਇਕ ਨਵੀਂ ਗੁਲਾਮੀ ਦੇ ਰੂਪ ਵਜੋਂ ਪੇਸ਼ ਕਰਦੇ ਹਨ। ਵੈਸੇ ਵਿਸ਼ਵੀਕਰਨ ਕੋਈ ਨਵੀਂ ਚੀਜ਼ ਨਹੀਂ ਹੈ ਕਿਉਂਕਿ ਪੂੰਜੀ ਅਤੇ ਕਿਰਤ ਵਿਰੋਧੀ ਧੁਰਿਆਂ 'ਤੇ ਰਹਿੰਦੇ ਹੋਏ ਵੀ ਆਪਣੇ ਬੁਨਿਆਦੀ ਸੁਭਾਅ ਪੱਖੋਂ "ਕੌਮਾਂਤਰੀਵਾਦੀ" ਹੁੰਦੇ ਹਨ। ਜਿਥੇ ਪੂੰਜੀ ਆਪਣੇ ਵਧਾਰੇ ਲਈ ਵਿਕਸਿਤ ਅਤੇ ਅਮੀਰ ਖਿੱਤਿਆਂ ਵਲੋਂ ਪਛੜੇ ਅਤੇ ਗਰੀਬ ਖੇਤਰਾਂ ਵੱਲ ਨੂੰ ਜਾਂਦੀ ਹੈ, ਉਥੇ ਕਿਰਤ ਇਸ ਦੇ ਐਨ ਉਲਟ ਵਿਕਸਤ ਖਿਤਿਆਂ ਵੱਲ ਨੂੰ ਪ੍ਰਵਾਸ ਕਰਦੀ ਹੈ। ਫ਼ਰਕ ਸਿਰਫ ਇਹ ਹੈ ਕਿ ਪੂੰਜੀ ਦਾ ਸੁਭਾਅ ਲੁੱਟ ਖੋਰਾ ਅਤੇ ਜਾਬਰ ਹੈ ਜਦਕਿ ਕਿਰਤ ਸਾਂਝੀਵਾਲਤਾ ਅਤੇ ਮਨੁੱਖਤਾ ਦੀ ਭਲਾਈ ਲਈ ਹਰਕਤਸ਼ੀਲ ਹੁੰਦੀ ਹੈ। ਲੇਕਿਨ ਪਹਿਲਾਂ ਪੈਰਿਸ ਕਮਿਊਨ, ਫੇਰ ਸੋਵੀਅਤ ਯੂਨੀਅਨ ਅਤੇ ਅੰਤ ਵਿਚ ਚੀਨ ਵਿਚ ਪੁੱਠੇ ਝਟਕੇ ਲੱਗਣ ਸਦਕਾ ਕਿਰਤ ਵਕਤੀ ਤੌਰ 'ਤੇ ਕਦੇ ਜਿੱਤਦੀ ਅਤੇ ਕਦੇ ਹਾਰਦੀ ਰਹੀ ਹੈ। ਅੰਤ ਵਿਚ ਚੀਨ ਅੰਦਰ ਸਰਮਾਏਦਾਰੀ ਦੀ ਬਹਾਲੀ ਨਾਲ ਪੂੰਜੀ ਦੀ ਸਰਵਵਿਆਪੀ ਚੜ੍ਹ ਮੱਚ ਗਈ ਅਤੇ ਅਮਰੀਕਾ ਦੀ ਸਰਦਾਰੀ ਹੇਠਾਂ ਪੂਰੀ ਦੁਨੀਆਂ ਦੇ ਸਾਮਰਾਜੀ ਅਤੇ ਉਨ੍ਹਾਂ ਦੇ ਦਲਾਲ ਹਾਕਮ ਇਕਜੁੱਟ ਹੋ ਗਏ।

ਵਿਸ਼ਵੀਕਰਨ ਸਾਮਰਾਜੀਆਂ ਅਤੇ ਉਨ੍ਹਾਂ ਦੇ ਚਾਕਰਾਂ ਵਲੋਂ ਅਵਿਕਸਿਤ ਅਤੇ ਗਰੀਬ ਦੇਸ਼ਾਂ ਨੂੰ ਲੁੱਟਣ ਅਤੇ ਕੁੱਟਣ ਦਾ ਹੀ ਇਕ ਲੁਭਾਉਣਾ ਨਾਮ ਹੈ। ਕਈਆਂ ਨੇ ਇਸ ਨੂੰ ਬੂੰਦ ਬੂੰਦ ਕਰਕੇ ਰਿਸਣ ਅਰਥਾਤ "ਟ੍ਰਿਕਲ ਡਾਊਨ ਥਿਊਰੀ" ਵੀ ਕਿਹਾ ਹੈ। ਕਿਸੇ ਚਿੰਤਕ ਨੇ ਇਸ ਕਥਿਤ ਸਿਧਾਂਤ ਦੀ "ਜੁਗਾਲੀ ਕਰ ਰਹੀ ਰੱਜੀ ਹੋਈ ਮੱਝ ਨਾਲ ਤੁਲਨਾ ਕੀਤੀ ਹੈ। ਮੱਝ ਦੁਆਲੇ ਮੰਡਰਾ ਰਹੀਆਂ ਚਿੜੀਆਂ ਗੁਟਾਰਾਂ ਨੂੰ ਖਾਣ ਲਈ ਭੋਰਚੋਰ ਮਿਲ ਜਾਂਦਾ ਹੈ।" ਮਤਲਬ ਇਹ ਹੈ ਕਿ ਅਮੀਰਾਂ ਦੇ ਢਿੱਡ ਹਲਕ ਤੱਕ ਤੁੰਨ ਦੇਵੋ, ਫੇਰ ਉਹ ਬਚਿਆ ਖੁਚਿਆ ਅੰਨ ਗਰੀਬਾਂ ਵਿਚ ਵੰਡ ਦੇਣ ਲਈ ਆਪ ਹੀ ਰਾਜ਼ੀ ਹੋ ਜਾਣਗੇ। ਉਂਜ ਵਿਸ਼ਵੀਕਰਨ ਦਾ ਸੰਖੇਪ ਮਤਲਬ ਦੱਸਣ ਵੇਲੇ ਕਹਿ ਦਿੱਤਾ ਜਾਂਦਾ ਹੈ ਕਿ ਇਹ ਅੱਡ ਅੱਡ ਦੇਸ਼ਾਂ ਵਿਚਾਲੇ ਆਰਥਕ ਲੈਣ-ਦੇਣ ਨੂੰ ਸੰਘਣਾ ਕਰਦੀ, ਆਰਥਕ 'ਖੁੱਲੇਪਣ' ਨੂੰ

***ਨਰਸਿਮ੍ਹਾ ਰਾਓ ਦੀ ਘਟਗਿਣਤੀ ਕਾਂਗਰਸ ਸਰਕਾਰ ਵਿਚ ਆਪਣੇ ਪਰਖੇ ਹੋਏ ਪੁਰਜ਼ੇ ਮਨਮੋਹਨ ਸਿੰਘ ਨੂੰ ਵਿਤ ਮੰਤਰੀ ਵਜੋਂ ਫਿਟ ਕਰਵਾ ਦਿੱਤਾ। ਇਕ ਪਾਸੇ ਉਸ ਦੇ ਮਹਾਨ ਅਰਥਸ਼ਾਸ਼ਤਰੀ ਹੋਣ ਅਤੇ ਦੂਜੇ ਪਾਸੇ ਪੁੱਜ ਕੇ ਸਾਊ ਤੇ ਈਮਾਨਦਾਰ ਹੋਣ ਦਾ ਗੁੱਡਾ ਬੰਨ੍ਹ ਦਿੱਤਾ ਗਿਆ। ਸੋਨੇ ਦੇ ਭਾਵੁਕ ਸਦਮੇ ਵਿਚ ਆਈ ਭਾਰਤੀ ਜਨਤਾ ਨੂੰ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀ ਅਜਿਹੀ ਜਨਮਘੁੱਟੀ ਪਿਆਈ ਗਈ ਕਿ ਹਰ ਪਾਸੇ ਧੰਨ ਧੰਨ ਹੋ ਗਈ। ਇਹ ਮਹਾਨ ਅਰਥਸ਼ਾਸ਼ਤਰੀ, ਪੁੱਜ ਕੇ 'ਸਾਊ ਤੇ ਈਮਾਨਦਾਰ' ਸ਼ਖਸ ਪਿਛਲੇ 20 ਸਾਲਾਂ ਵਿਚ ਦੁਨੀਆਂ ਦੇ "ਸਭ ਤੋਂ ਵੱਡੇ ਜਮਹੂਰੀ ਮੁਲਕ" ਵਿਚ ਇਕ ਵੀ ਚੋਣ ਨਹੀਂ ਜਿੱਤ ਸਕਿਆ ਅਤੇ ਹੁਣ 2004 ਤੋਂ ਲਗਾਤਾਰ ਦੇਸ਼ ਦਾ ਪ੍ਰਧਾਨ ਮੰਤਰੀ ਚੱਲਿਆ ਆ ਰਿਹਾ ਹੈ। ਸਦਮਾ ਸਿਧਾਂਤ ਦੀ ਕਰਮਭੂਮੀ ਦਾ ਇਹ ਇਕ ਉਚਤਮ ਨਮੂਨਾ ਹੈ।***

ਵਧਾਉਂਦੀ ਅਤੇ ਆਰਥਕ ਅੰਤਰ-ਨਿਰਭਰਤਾ ਵਧਾਉਂਦੀ ਹੈ। ਇਹ ਗੱਲ ਛੁਪਾ ਲਈ ਜਾਂਦੀ ਹੈ ਕਿ ਇਸ ਪਿੱਛੇ ਅਸਲ ਉਦੇਸ਼ ਮੁਨਾਫੇ ਦੀ ਹਵਸ ਅਤੇ ਮੰਡੀਆਂ ਨੂੰ ਹਥਿਆਉਣ ਲਈ ਖਹਿਭੇੜ ਕਾਰਜਸ਼ੀਲ ਹੁੰਦਾ ਹੈ। ਅਖੌਤੀ ਬਰਾਬਰੀ ਦੇ ਓਹਲੇ ਹੇਠਾਂ ਪੂਰੀ ਤਰ੍ਹਾਂ ਅਸਾਵੇਂਪਣ ਨੂੰ ਹੁਲਾਰਾ ਦਿੱਤਾ ਜਾਂਦਾ ਹੈ। ਗਰੀਬ ਅਤੇ ਅਮੀਰ ਦੇਸ਼ਾਂ ਵਿਚ ਪਾੜਾ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ।

ਪੂੰਜੀ ਦੀ ਸਰਦਾਰੀ ਹੋਣ ਦੇ ਬਾਵਜੂਦ ਵੀ ਇਹ ਵਾਰ ਵਾਰ ਸੰਕਟਾਂ ਵਿਚ ਫਸਦੀ ਹੈ। ਜਦੋਂ ਇਹ ਸੰਕਟ ਮਿਆਦੀ ਬਣ ਜਾਂਦੇ ਹਨ ਤਾਂ ਇਨ੍ਹਾਂ ਦਾ ਨਿਬੇੜਾ ਸਿਆਸੀ ਜਾਂ ਫ਼ੌਜੀ ਤਰੀਕਿਆਂ ਨਾਲ ਕੀਤਾ ਜਾਂਦਾ ਹੈ। ਦੋਵੇਂ ਵਿਸ਼ਵ ਜੰਗਾਂ ਇਨ੍ਹਾਂ ਸੰਕਟਾਂ ਦੀ ਤੀਬਰਤਾ ਦੇ ਉਤਮ ਰੂਪ ਕਹੇ ਜਾਂਦੇ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ ਸਾਮਰਾਜੀ ਦੇਸ਼ਾਂ ਨੇ ਇਨ੍ਹਾਂ ਸੰਕਟਾਂ ਤੋਂ ਪੱਕੇ ਤੌਰ 'ਤੇ ਛੁਟਕਾਰਾ ਪਾਉਣ ਲਈ ਯੂ.ਐਨ.ਓ. ਅਤੇ ਇਹਦੇ ਨਾਲ ਜੁੜਵੀਆਂ ਅਨੇਕਾਂ ਸੰਸਥਾਵਾਂ ਦੀ ਸਥਾਪਨਾ ਕੀਤੀ। ਇਨ੍ਹਾਂ ਦਾ ਮਤਲਬ ਮਾਲੀ ਸੰਕਟ ਨੂੰ ਸਿਆਸੀ ਸੰਕਟ ਵਿਚ ਪਲਟਣ ਤੋਂ ਰੋਕਣ ਲਈ ਸੇਫਟੀ ਵਾਲਵ ਦਾ ਕੰਮ ਕਰਨਾ ਸੀ। ਨਿਰੋਲ ਮਾਲੀ ਸੰਕਟਾਂ ਦੇ ਹੱਲ ਲਈ ਅਤੇ ਤਬਾਹ ਕੀਤੇ ਗਏ ਯੂਰਪ ਅਤੇ ਜਪਾਨ ਦੀ ਮੁੜ ਉਸਾਰੀ ਲਈ ਜੂਨ-ਜੁਲਾਈ 1944 ਵਿਚ ਅਮਰੀਕਾ ਅੰਦਰ ਹੋਈ ਬਰੈਟਨ ਵੁੱਡਜ਼ ਕਾਨਫਰੰਸ ਵਿਚ ਵਿਸ਼ਵ ਬੈਂਕ ਜਿਸ ਨੂੰ ਮੁੜ ਉਸਾਰੀ ਅਤੇ ਵਿਕਾਸ ਲਈ ਕੌਮਾਂਤਰੀ ਬੈਂਕ ਵੀ ਕਿਹਾ ਜਾਂਦਾ ਹੈ, ਕੌਮਾਂਤਰੀ ਮੁਦਰਾ ਕੋਸ਼ ਅਤੇ ਜਨਰਲ ਐਗਰੀਮੈਂਟ ਆਨ ਟੈਰਿਫ ਐਂਡ ਟਰੇਡ ਅਰਥਾਤ ਗੈਟ ਜਿਸ ਨੂੰ 1995 ਵਿਚ ਵਿਸ਼ਵ ਵਪਾਰ ਸੰਸਥਾ ਬਣਾ ਦਿੱਤਾ ਗਿਆ, ਵਰਗੀਆਂ ਸੰਸਥਾਵਾਂ ਦਾ ਅੱਗੜ-ਪਿੱਛੜ ਜਨਮ ਹੋਇਆ। ਪਹਿਲਾਂ ਬਰਬਾਦ ਵੀ ਆਪ ਕਰੋ ਅਤੇ ਫਿਰ ਮੁੜ ਉਸਾਰੀ ਦਾ ਪਖੰਡ ਕਰੋ, ਇਹ ਹੈ ਤਬਾਹੀਪਸੰਦ ਸਰਮਾਏਦਾਰੀ ਦਾ ਕੁਲੱਛਣਾ ਚਿਹਰਾ। ਇਹ ਤਿੰਨੇ ਭੈਣਾਂ ਗਰੀਬ ਅਤੇ ਅਵਿਕਸਤ ਦੇਸ਼ਾਂ ਨੂੰ ਲੁੱਟਣ ਲਈ ਸਾਮਰਾਜੀਆਂ ਦੇ ਸੰਦ ਵਜੋਂ ਕੰਮ ਕਰਦੀਆਂ ਹਨ। ਲੇਕਿਨ ਇੰਨੀਆਂ ਸੰਸਥਾਵਾਂ ਖੜੀਆਂ ਕਰਨ ਦੇ ਬਾਵਜੂਦ ਸਾਮਰਾਜ ਕਦੇ ਵੀ ਆਪਣੇ ਸੰਕਟਾਂ ਤੋਂ ਮੁਕਤ ਨਹੀਂ ਹੋ ਸਕਿਆ ਅਤੇ ਨਾ ਹੋ ਸਕਦਾ ਹੈ ਕਿਉਂਕਿ ਸੰਕਟ ਇਸ ਦੇ ਵਜੂਦ ਵਿਚ ਸਮੋਏ ਹੋਏ ਹਨ।

ਕਥਨੀ ਵਿਚ ਸਾਰੇ ਦੇਸ਼ ਅਤੇ ਕੌਮਾਂ ਬਰਾਬਰ ਦੇ ਭਾਈਵਾਲ ਹਨ ਅਤੇ ਸਾਰਿਆਂ ਨੂੰ ਕੌਮਾਂਤਰੀ ਸੰਸਥਾਵਾਂ ਵਿਚ ਇਕੋ ਜਿੰਨੀ ਮਹੱਤਤਾ ਮਿਲਦੀ ਹੈ। ਲੇਕਿਨ ਇਹ ਸੰਸਥਾਵਾਂ ਕਦੇ ਵੀ ਬਰਾਬਰੀ ਦੇ ਆਧਾਰ 'ਤੇ ਕੰਮ ਨਹੀਂ ਕਰਦੀਆਂ ਸਗੋਂ ਜਿੰਨਾ ਕਿਸੇ ਦੇਸ਼ ਦਾ ਇਨ੍ਹਾਂ ਵਿਚ ਪੈਸਾ ਲੱਗਿਆ ਹੁੰਦਾ ਹੈ, ਉਸੇ ਅਨੁਪਾਤ ਵਿਚ ਉਸ ਕੋਲ ਵੋਟਾਂ ਦਾ ਵਜ਼ਨ ਹੁੰਦਾ ਹੈ। ਮਿਸਾਲ ਵਜੋਂ ਵਿਸ਼ਵ ਬੈਂਕ ਵਿਚ ਇਕੱਲੇ ਅਮਰੀਕਾ ਕੋਲ 19.63 ਫੀਸਦੀ ਵੋਟਾਂ ਹਨ ਅਤੇ ਇਹ ਸਭ ਤੋਂ ਵੱਡਾ ਸ਼ੇਅਰਹੋਲਡਰ ਹੋਣ ਕਰਕੇ ਕਿਸੇ ਵੀ ਫੈਸਲੇ ਨੂੰ ਉਲਦਣ ਦੀ ਤਾਕਤ ਰੱਖਦਾ ਹੈ। ਇੰਨਾ ਹੀ ਨਹੀਂ ਸੰਸਾਰ ਬੈਂਕ ਅਤੇ ਮੁਦਰਾ ਕੋਸ਼ ਦਾ ਪ੍ਰਧਾਨ ਹਮੇਸ਼ਾ ਹੀ ਅਮਰੀਕਾ ਵਿਚੋਂ ਬਣੇਗਾ। ਮੁਦਰਾ ਕੋਸ਼ ਦਾ ਪ੍ਰਧਾਨ ਯੂਰਪੀ ਯੂਨੀਅਨ ਵਿਚੋਂ ਵੀ ਬਣ ਸਕਦਾ ਹੈ, ਲੇਕਿਨ ਇਹ ਜ਼ਰੂਰੀ ਸ਼ਰਤ ਨਹੀਂ ਹੈ। ਦੂਜੇ ਪਾਸੇ ਭਾਰਤ ਅਤੇ ਚੀਨ ਅਬਾਦੀ ਦੇ 36 ਫੀਸਦੀ ਹਿੱਸੇ ਦੀ ਨੁਮਾਇੰਦਗੀ ਕਰਦੇ ਹੋਣ ਦੇ ਬਾਵਜੂਦ ਦੋਵੇਂ ਮਿਲ ਕੇ ਵੀ ਸਿਰਫ਼ 5.10 ਵੋਟਾਂ ਦੇ ਮਾਲਕ ਹਨ।

ਦੂਜੀ ਸੰਸਾਰ ਜੰਗ ਦੀ ਖੁਸ਼ਹਾਲੀ ਮਗਰੋਂ 1973 ਦੇ ਤੇਲ ਝਟਕੇ ਨੇ ਸੰਸਾਰ ਸਰਮਾਏਦਾਰੀ ਪ੍ਰਬੰਧ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਦੋਂ ਤੋਂ ਹੀ ਅਰਥਚਾਰੇ ਵਿਚ ਵਾਰ ਵਾਰ ਝਟਕੇ ਵੱਜ ਰਹੇ ਹਨ। ਤੇਲ ਝਟਕੇ ਤੋਂ ਬਾਅਦ ਉਪਰੋਥਲੀ ਇਸ ਨੂੰ ਦੋ ਤਿੱਖੇ ਸੰਕਟਾਂ, ਪਹਿਲਾਂ 1980-81 ਅਤੇ ਫੇਰ 1990-91 ਵਿਚ ਭਿਆਨਕ ਸੰਕਟ ਦਾ ਸਾਹਮਣਾ ਕਰਨਾ ਪਿਆ। ਭਾਵੇਂ ਵਿਚ-ਵਿਚਾਲੇ ਅੰਸ਼ਕ ਬਹਾਲੀ ਹੁੰਦੀ ਰਹੀ ਲੇਕਿਨ ਸਮੁੱਚੇ ਤੌਰ 'ਤੇ ਮੰਦਵਾੜਾ ਡੂੰਘਾ ਹੀ ਹੁੰਦਾ ਜਾ ਰਿਹਾ ਹੈ, ਜਿਵੇਂ ਕਿ 1997 ਵਿਚ ਦੱਖਣੀ ਏਸ਼ੀਆ ਦੇ ਕਥਿਤ ਟਾਈਗਰ ਅਰਥਚਾਰਿਆਂ ਦੇ ਭੜਾਕੇ ਅਤੇ ਰੂਸ ਦੀਆਂ ਘਟਨਾਵਾਂ ਤੋਂ, ਜਪਾਨ ਵਿਚ ਦਹਾਕੇ ਲੰਬੀ ਖੜੋਤ ਤੋਂ, ਅਰਜਨਟੀਨਾ, ਇਕੂਆਡੋਰ, ਤੁਰਕੀ, ਬਰਾਜ਼ੀਲ ਅਤੇ ਹੁਣ ਯੂਨਾਨ ਦੇ ਅਰਥਚਾਰਿਆਂ ਦੀ ਮੁਕੰਮਲ ਤਬਾਹੀ ਤੋਂ ਅਤੇ ਸੰਸਾਰ ਦੇ ਵੱਡੇ ਅਰਥਚਾਰਿਆਂ ਵਿਚ ਚੱਲ ਰਹੇ ਮੰਦਵਾੜੇ ਤੋਂ ਦੇਖਿਆ ਜਾ ਸਕਦਾ ਹੈ। ਅਮਰੀਕਾ ਵਿਚ ਪੈਦਾ ਹੋਏ ਤਾਜ਼ਾ ਸੰਕਟ ਨੇ ਤਾਂ 1930ਵਿਆਂ ਨੂੰ ਚੇਤੇ ਕਰਵਾ ਦਿੱਤਾ ਹੈ, ਜਿਸ ਦਾ ਅੰਤਮ ਹੱਲ ਦੂਜੀ ਸੰਸਾਰ ਜੰਗ ਦੇ ਖਾਤਮੇ ਨਾਲ ਹੀ ਸੰਭਵ ਹੋ ਸਕਿਆ। ਸ਼ਾਇਦ ਇਸੇ ਕਰਕੇ ਹੀ ਬਰਤਾਨਵੀ ਸਾਮਰਾਜ ਦੇ ਬੁਲਾਰੇ ਅਖ਼ਬਾਰ 'ਇਕਾਨਾਮਿਸਟ' ਨੇ ਇਰਾਕ ਜੰਗ ਤੋਂ ਪਹਿਲਾਂ ਹੀ ਸਲਾਹ ਦੇ ਮਾਰੀ ਸੀ ਕਿ ਮੰਦਵਾੜੇ ਵਿਚ ਜੰਗ ਕਦੇ ਮਾੜੀ ਨਹੀਂ ਰਹਿੰਦੀ। (20 ਸਤੰਬਰ 2000 ਦਾ ਅੰਕ) ਇਹੀ ਕੁੱਝ ਨਾਓਮੀ ਦੱਸਦੀ ਹੈ ਕਿ ਤਬਾਹੀ ਅਤੇ ਜੰਗ ਪਰਜੀਵੀ ਸਰਮਾਏਦਾਰੀ ਦੀਆਂ ਮਨਭਾਉਂਦੀਆਂ ਇਛਾਵਾਂ ਹਨ। 2006 ਦੀ ਲੈਬਨਾਨ ਜੰਗ ਤੋਂ ਬਾਅਦ ਇਜ਼ਰਾਇਲ ਦੀ ਜੰਗੀ ਸਨਅਤ ਦੇ ਵਿਕਾਸ ਨੇ ਸਾਰੇ ਰਿਕਾਰਡ ਤੋੜ ਸੁੱਟੇ ਹਨ। ਭਾਰਤ ਅਤੇ ਚੀਨ ਇਸ ਜੰਗੀ ਸਨਅਤ ਦੇ ਵੱਡੇ ਗਾਹਕਾਂ ਵਿਚੋਂ ਹਨ।

ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਵਗੈਰਾ ਸੰਕਟ ਦੇ ਸਾਮਰਾਜੀ ਓਹੜ-ਪੋਹੜ ਹਨ ਅਰਥਾਤ ਸੰਕਟ ਦਾ ਮੁਕਾਬਲਾ ਕਰਨ ਲਈ ਆਪਣੇ ਅਰਥਚਾਰਿਆਂ ਦੀ ਮੁੜ ਢਲਾਈ ਕਰਨਾ। ਅਸਲ ਵਿਚ ਇਹ ਵਾਰ ਵਾਰ ਲੱਗਦੇ ਮੰਦਵਾੜਿਆਂ 'ਚੋਂ ਨਿਕਲਣ ਲਈ, ਇਕ ਸੰਕਟਮੋਚਨ ਪ੍ਰੋਗਰਾਮ ਹੈ। ਇਹ ਕੋਈ ਨਵਾਂ ਵਰਤਾਰਾ ਨਹੀਂ, ਬਲਕਿ ਸਾਮਰਾਜੀ ਪੂੰਜੀ ਦਾ ਸੰਘਣਾ ਹਮਲਾ ਹੈ। ਇਸ ਦੇ ਦੋ ਬੁਨਿਆਦੀ ਪੱਖ ਹਨ। ਪਹਿਲਾ, ਵਿਸ਼ਾਲ ਅਦਾਰੇ ਖੜ੍ਹੇ ਕਰਨ ਲਈ ਰਲੇਵਿਆਂ ਅਤੇ ਖਰੀਦਦਾਰੀਆਂ ਦੀ ਮੁਹਿੰਮ ਜ਼ਰੀਏ ਪੂੰਜੀਵਾਦ ਦੀ ਮੁੜ ਵਿਉਂਤਬੰਦੀ ਕਰਨਾ ਅਤੇ ਆਪਣੇ ਹੀ ਦੇਸ਼ ਦੀ ਮਜ਼ਦੂਰ ਜਮਾਤ ਉਪਰ ਵਿਆਪਕ ਹਮਲਿਆਂ ਰਾਹੀਂ ਵਾਫਰ ਮੁਨਾਫ਼ਾ ਨਿਚੋੜਨਾ। ਦੂਜਾ, ਹੋਰਨਾਂ ਦੇਸ਼ਾਂ ਦੀ ਦੌਲਤ ਅਤੇ ਸਸਤੇ ਕਿਰਤ ਸਰੋਤਾਂ ਉਪਰ ਵਧੇਰੇ ਕੰਟਰੋਲ ਕਰਕੇ ਆਪਣੀਆਂ ਮੰਡੀਆਂ ਦਾ ਜਬਰੀ ਵਿਸਥਾਰ ਕਰਨਾ। ਇਸ ਵੇਲੇ ਭਾਰਤ ਵਰਗੇ ਪਛੜੇ ਦੇਸ਼ਾਂ ਨੂੰ ਪ੍ਰਭਾਵਤ ਕਰਨ ਵਾਲਾ ਦੂਸਰਾ ਪੱਖ ਜਿਆਦਾ ਭਾਰੂ ਹੈ, ਲੇਕਿਨ ਇਹ ਦੋਵੇਂ ਪੱਖ ਹੀ ਅੰਤਰ-ਸਬੰਧਤ ਅਤੇ ਅੰਤਰ-ਨਿਰਭਰ ਹਨ।

## ਭਾਰਤ ਵਿਚ ਸਦਮਾ ਸਿਧਾਂਤ

ਬਹੁਤਾ ਦੂਰ ਜਾਣ ਦੀ ਲੋੜ ਨਹੀਂ ਹੈ। ਸਾਡੇ ਆਪਣੇ ਦੇਸ਼ ਅੰਦਰ ਜਦੋਂ ਚੰਦਰ ਸ਼ੇਖਰ ਦੀ ਆਰਜ਼ੀ ਸਰਕਾਰ ਵੇਲੇ ਵਪਾਰ ਘਾਟੇ ਅਤੇ ਵਿਦੇਸ਼ੀ ਸਿੱਕੇ ਦੇ ਭੁਗਤਾਨ ਦਾ ਸੰਕਟ ਅਤੇ ਬਰਤਾਨੀਆ ਕੋਲ ਸੋਨਾ ਗਹਿਣੇ ਰੱਖਣ ਦੀ ਨੌਬਤ ਆਈ ਤਾਂ ਭਾਰਤੀ ਮੱਧ ਵਰਗ ਪਾਗ਼ਲਪਣ ਦੀ ਹਾਲਤ ਵਿਚ ਆ ਗਿਆ। ਸਭ ਨੂੰ ਲੱਗਣ ਲਗਿਆ, ਜਿਵੇਂ ਸਾਡਾ ਦੇਸ਼ ਮੁੜ ਕੇ ਗ਼ੁਲਾਮ ਹੋ ਰਿਹਾ ਹੋਵੇ। ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਵਰਗੀਆਂ ਸਾਮਰਾਜੀ ਸੰਸਥਾਵਾਂ ਦੇ ਕੰਨ ਖੜ੍ਹੇ ਹੋ ਗਏ। ਨਰਸਿਮ੍ਹਾ ਰਾਓ ਦੀ ਘਟਗਿਣਤੀ ਕਾਂਗਰਸ ਸਰਕਾਰ ਵਿਚ ਆਪਣੇ ਪਰਖੇ ਹੋਏ ਪੁਰਜ਼ੇ ਮਨਮੋਹਨ ਸਿੰਘ ਨੂੰ ਵਿਤ ਮੰਤਰੀ ਵਜੋਂ ਫਿਟ ਕਰਵਾ ਦਿੱਤਾ। ਇਕ ਪਾਸੇ ਉਸ ਦੇ ਮਹਾਨ ਅਰਥਸ਼ਾਸ਼ਤਰੀ ਹੋਣ ਅਤੇ ਦੂਜੇ ਪਾਸੇ ਪੁੱਜ ਕੇ ਸਾਊ ਤੇ ਈਮਾਨਦਾਰ ਹੋਣ ਦਾ ਗੁੱਡਾ ਬੰਨ੍ਹ ਦਿੱਤਾ ਗਿਆ। ਸੋਨੇ ਦੇ ਭਾਵੁਕ ਸਦਮੇ ਵਿਚ ਆਈ ਭਾਰਤੀ ਜਨਤਾ ਨੂੰ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀ ਅਜਿਹੀ ਜਨਮਘੁੱਟੀ ਪਿਆਈ ਗਈ ਕਿ ਹਰ ਪਾਸੇ ਧੰਨ ਧੰਨ ਹੋ ਗਈ। ਇਹ ਮਹਾਨ ਅਰਥਸ਼ਾਸ਼ਤਰੀ, ਪੁੱਜ ਕੇ 'ਸਾਊ ਤੇ ਈਮਾਨਦਾਰ' ਸ਼ਖਸ ਪਿਛਲੇ 20 ਸਾਲਾਂ ਵਿਚ ਦੁਨੀਆਂ ਦੇ "ਸਭ ਤੋਂ ਵੱਡੇ ਜਮਹੂਰੀ ਮੁਲਕ" ਵਿਚ ਇਕ ਵੀ ਚੋਣ ਨਹੀਂ ਜਿੱਤ ਸਕਿਆ ਅਤੇ ਹੁਣ 2004 ਤੋਂ ਲਗਾਤਾਰ ਦੇਸ਼ ਦਾ ਪ੍ਰਧਾਨ ਮੰਤਰੀ ਚੱਲਿਆ ਆ ਰਿਹਾ ਹੈ। ਸਦਮਾ ਸਿਧਾਂਤ ਦੀ ਕਰਮਭੂਮੀ ਦਾ ਇਹ ਇਕ ਉਚਤਮ ਨਮੂਨਾ ਹੈ।

ਭਾਰਤ ਵਿਚ 1980 ਵਿਚ ਇੰਦਰਾ ਗਾਂਧੀ ਦੀ ਸਰਕਾਰ ਵੇਲੇ ਕੋਸ਼ ਤੋਂ 5000 ਕਰੋੜ ਰੁਪਏ ਦਾ ਕਰਜ਼ਾ ਚੁੱਕਣਾ ਅਖੌਤੀ ਵਿਸ਼ਵੀਕਰਨ ਵੱਲ ਪੁੱਟਿਆ ਗਿਆ ਪਹਿਲਾ ਕਦਮ ਸੀ। ਕੋਸ਼ ਦੀਆਂ ਜ਼ਲੀਲ ਕਰੂ ਸ਼ਰਤਾਂ ਅਧੀਨ ਰੁਪਏ ਦੀ ਕੀਮਤ ਇਕਦਮ 23 ਫੀਸਦੀ ਘਟਾ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਸਾਮਰਾਜੀ ਦਬਾਅ ਅਧੀਨ 1966 ਵਿਚ ਰੁਪਏ ਦੀ ਕੀਮਤ 56 ਫੀਸਦੀ ਘਟਾਈ ਗਈ ਸੀ। ਗੱਲ ਕੀ ਇਸ ਕਰਜ਼ੇ ਨਾਲ ਵਿਸ਼ਵੀਕਰਨ ਦਾ ਬੀਜ ਬੀਜ ਦਿੱਤਾ ਗਿਆ ਅਤੇ ਇਹ ਅਗਲੇ ਦਹਾਕੇ ਵਿਚ ਵਧ ਕੇ ਪ੍ਰਫੁਲਿਤ ਹੋ ਗਿਆ। 1991 ਵਿਚ ਪੂਰਬੀ ਯੂਨੀਅਨ ਦੇ ਅਖੌਤੀ ਸਮਾਜਵਾਦੀ ਦੇਸ਼ਾਂ ਅਤੇ ਸੋਵੀਅਤ ਯੂਨੀਅਨ ਦੇ ਡਿੱਗਣ ਨਾਲ ਹਾਲਤ ਹੋਰ ਵੀ ਬਦਤਰ ਹੋ ਗਈ। ਇਰਾਕ ਦੀ ਇਕਤਰਫ਼ਾ ਜੰਗ, ਠੰਗੀ ਜੰਗ ਦੇ ਖ਼ਾਤਮੇ ਅਤੇ ਖ਼ੁਦ ਸਾਮਰਾਜੀ ਅਰਥਚਾਰਿਆਂ ਵਿਚ ਹੋ ਰਹੀਆਂ ਢਾਂਚਾਗਤ ਤਬਦੀਲੀਆਂ ਅਤੇ ਸੂਚਨਾ ਸੰਚਾਰ ਵਿਚ ਵੱਜ ਰਹੀਆਂ ਵੱਡੀਆਂ ਛਾਲਾਂ ਨੇ ਇਸ ਪ੍ਰਕਿਰਿਆ ਨੂੰ ਵੱਧ ਸੁਖਾਲਾ ਕਰ ਦਿੱਤਾ। ਭਾਰਤੀ ਹਾਕਮਾਂ ਕੋਲੋਂ ਰਵਾਇਤੀ ਸੌਦੇਬਾਜ਼ੀ ਦਾ ਹਥਿਆਰ ਖੁੱਸ ਗਿਆ।

ਮਿਸਾਲ ਵਜੋਂ, ਸਾਡੇ ਆਪਣੇ ਦੇਸ਼ ਅੰਦਰ ਸਵਰਗੀ ਇੰਦਰਾ ਗਾਂਧੀ ਨੇ ਕੌਮਾਂਤਰੀ ਮੁਦਰਾ ਕੋਸ਼ ਕੋਲੋਂ 5000 ਕਰੋੜ ਰੁਪਏ ਦਾ ਸਭ ਤੋਂ ਵੱਡਾ ਕਰਜ਼ਾ ਚੁੱਕਿਆ ਅਤੇ ਸ਼ਰਮਨਾਕ ਸ਼ਰਤਾਂ ਅਧੀਨ ਰੁਪਏ ਦੀ 23 ਫੀਸਦੀ ਤੱਕ ਕਦਰ ਘਟਾਈ ਕੀਤੀ। ਦੇਸੀ ਤੇ ਵਿਦੇਸ਼ੀ ਵੱਡੀਆਂ ਕੰਪਨੀਆਂ ਨੂੰ ਖੁੱਲੀਆਂ ਛੋਟਾਂ ਦੇਣ ਅਤੇ ਸਰਕਾਰੀ ਅਦਾਰਿਆਂ ਦੇ ਰਫ਼ਤਾ-ਰਫ਼ਤਾ ਨਿਜੀਕਰਨ ਦੀ ਸ਼ੁਰੂਆਤ ਕੀਤੀ ਗਈ। ਇਸੇ ਦੌਰ ਵਿਚ ਹੀ ਮਿੱਤਲਾਂ, ਜਿੰਦਲਾਂ, ਅੰਬਾਨੀਆਂ, ਆਜ਼ਮ ਪ੍ਰੇਮਜੀ, ਕੁਸ਼ਲਪਾਲ ਸਿੰਘ, ਇਨਫੋਸਿਸ, ਸਤਿਅਮ ਵਰਗੇ ਅੱਜ ਦੇ

***ਭਾਰਤ ਵਿਚ 1980 ਵਿਚ ਇੰਦਰਾ ਗਾਂਧੀ ਦੀ ਸਰਕਾਰ ਵੇਲੇ ਕੋਸ਼ ਤੋਂ 5000 ਕਰੋੜ ਰੁਪਏ ਦਾ ਕਰਜ਼ਾ ਚੁੱਕਣਾ ਅਖੌਤੀ ਵਿਸ਼ਵੀਕਰਨ ਵੱਲ ਪੁੱਟਿਆ ਗਿਆ ਪਹਿਲਾ ਕਦਮ ਸੀ। ਕੋਸ਼ ਦੀਆਂ ਜ਼ਲੀਲ ਕਰੂ ਸ਼ਰਤਾਂ ਅਧੀਨ ਰੁਪਏ ਦੀ ਕੀਮਤ ਇਕਦਮ 23 ਫੀਸਦੀ ਘਟਾ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਸਾਮਰਾਜੀ ਦਬਾਅ ਅਧੀਨ 1966 ਵਿਚ ਰੁਪਏ ਦੀ ਕੀਮਤ 56 ਫੀਸਦੀ ਘਟਾਈ ਗਈ ਸੀ।***

ਖਰਬਪਤੀਆਂ ਦਾ ਉਭਾਰ ਸ਼ੁਰੂ ਹੋਇਆ। ਅਜਿਹੇ ਕਾਰਪੋਰੇਟ ਘਰਾਣੇ ਸਾਡੇ ਦੇਸ਼ ਵਿਚ ਤਬਾਹੀਪਸੰਦ ਸਰਮਾਏਦਾਰੀ ਦੇ ਉਤਮ ਨਮੂਨੇ ਹਨ।

ਇਸੇ ਦ੍ਰਿਸ਼ ਵਿਚੋਂ 1990-91 ਦੇ ਦੂਜੇ ਭੁਗਤਾਨ ਸੰਤੁਲਨ ਦਾ ਸੰਕਟ ਸਾਹਮਣੇ ਆਇਆ, ਜਿਸ ਦਾ ਨਤੀਜਾ ਵਿਦੇਸ਼ਾਂ ਵਿਚ ਸੋਨਾ ਗਹਿਣੇ ਧਰਨ ਅਤੇ ਆਈ.ਐਮ.ਐਫ. ਕੋਲੋਂ ਲਗਭਗ 3200 ਕਰੋੜ ਦੇ ਦੂਜੇ ਕਰਜ਼ੇ ਵਿਚ ਨਿਕਲਿਆ। ਇਸ ਕਰਜ਼ੇ ਦੀਆਂ ਸ਼ਰਤਾਂ ਮਗਰੋਂ ਹੀ, 'ਆਰਥਿਕ ਸੁਧਾਰਾਂ' ਨੇ ਅਰਥਚਾਰੇ ਅਤੇ ਦੇਸ਼ ਦੀ ਅਜਿਹੀ ਸੰਘੀ ਘੁੱਟਣੀ ਸ਼ੁਰੂ ਕਰ ਦਿੱਤੀ ਜੋ ਕਿ ਪਹਿਲਾਂ ਕਦੇ ਨਹੀਂ ਸੀ ਵਾਪਰਿਆ। ਜੇਕਰ ਪਹਿਲਾਂ ਵਾਲੀ ਸਾਮਰਾਜੀ ਘੁਸਪੈਠ ਦਾ ਅਰਥਚਾਰੇ ਉਪਰ ਮਾਰੂ ਪ੍ਰਭਾਵ ਸੀ ਤਾਂ ਹੁਣ ਵਾਲੀ ਨੇ ਹਰੇਕ ਖੇਤਰ, ਹਰੇਕ ਪਹਿਲੂ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ। ਜੁਲਾਈ 1991 ਵਿਚ ਕਾਂਗਰਸ ਦਾ ਇਹ ਸਨਅਤੀ ਨੀਤੀ ਦਾ ਬਿਆਨ ਹੀ ਸੀ, ਜਿਸ ਨੇ ਬਹੁਕੌਮੀ ਕੰਪਨੀਆਂ ਦੇ ਨਵੇਂ ਹਮਲੇ ਦੀ ਸੇਧ ਤੈਅ ਕੀਤੀ। (ਵਿਸਥਾਰ ਲਈ ਦੇਖੋ ਫੁੱਟ ਨੋਟ, ੲ) ਇੰਜ, ਨਵੀਂਆਂ ਆਰਥਕ ਨੀਤੀਆਂ ਦਾ ਐਲਾਨ ਸਾਡੇ ਦੇਸ਼ ਵਿਚ ਨਵ-ਉਦਾਰਵਾਦੀ ਜਹਾਦ ਦਾ ਆਗਾਜ਼ ਹੋ ਨਿੱਬੜਿਆ। ਇਸ ਨਾਲ ਸਾਡੀ ਆਰਥਿਕਤਾ ਦੇ ਵੱਖ-ਵੱਖ ਖੇਤਰਾਂ ਉਪਰ ਕਾਰਪੋਰੇਟ ਜਕੜ 'ਚ ਵਾਧਾ ਹੋਣ ਅਤੇ ਨੰਗੀ-ਚਿੱਟੀ ਲੁੱਟਮਾਰ ਦਾ ਮੁੱਖ ਬੱਝ ਗਿਆ।

ਸਾਡੇ ਦੇਸ਼ ਦੇ ਅਰਥਚਾਰੇ ਦਾ ਨਾੜੂਆ ਕੌਮਾਂਤਰੀ ਪੂੰਜੀ ਨਾਲ ਜੁੜਿਆ ਹੋਇਆ ਹੈ। ਭਾਰਤ ਸਰਕਾਰ ਦੇਸੀ ਵਿਦੇਸ਼ੀ ਵੱਡੀਆਂ ਕੰਪਨੀਆਂ ਨੂੰ ਬਚਾਉਣ ਲਈ ਨਿੱਤ ਨਵੀਂਆਂ ਮਾਲੀ ਰਿਆਇਤਾਂ ਦੇ ਰਹੀ ਹੈ। ਚਾਲੂ ਸਾਲ ਵਿਚ ਹੀ ਸਰਕਾਰ ਨੇ ਵੱਡੇ ਸਰਮਾਏਦਾਰਾਂ ਨੂੰ 5 ਲੱਖ ਕਰੋੜ ਰੁਪਏ ਦੀਆਂ ਟੈਕਸ ਛੋਟਾਂ ਦਿੱਤੀਆਂ ਹਨ। ਲੇਕਿਨ ਜਦੋਂ ਕਿਸਾਨੀ ਦੇ ਕਰਜ਼ਿਆਂ ਅਤੇ ਗਰੀਬਾਂ ਲਈ ਸਸਤੇ ਅਨਾਜ ਦੀ ਗੱਲ ਤੁਰਦੀ ਹੈ ਤਾਂ ਪ੍ਰਧਾਨ ਮੰਤਰੀ ਨੂੰ ਪਸੀਨਾ ਆ ਜਾਂਦਾ ਹੈ। ਸਮੇਂ ਨੇ ਫੇਰ ਸਾਬਤ ਕਰ ਦਿੱਤਾ ਹੈ ਕਿ ਖੁੱਲੀ ਮੰਡੀ ਦਾ ਅਰਥ ਕੇਵਲ "ਘਾਟਿਆਂ ਦਾ ਕੌਮੀਕਰਨ ਅਤੇ ਮੁਨਾਫ਼ਿਆਂ ਦਾ ਨਿੱਜੀਕਰਨ" ਹੀ ਹੁੰਦਾ ਹੈ।

ਲੇਕਿਨ ਇਥੋਂ ਦੇ ਹਾਕਮਾਂ ਲਈ ਤਾਂ ਵੱਡੇ ਸਰਮਾਏਦਾਰਾਂ ਅਤੇ ਸ਼ੇਅਰ ਮਾਰਕੀਟ ਦੀ ਮਜ਼ਬੂਤੀ ਹੀ ਅਰਥਚਾਰੇ ਦੀ ਜਿੰਦ ਜਾਨ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਜਦੋਂ ਸ਼ੇਅਰ ਮਾਰਕੀਟ ਦੇ ਸੰਵੇਦੀ ਸੂਚਕ ਅੰਕ ਨੇ ਵੀਹ ਹਜਾਰ ਦਾ ਅੰਕੜਾ ਪਾਰ ਕੀਤਾ ਸੀ ਤਾਂ ਮੀਡੀਏ ਨੇ ਭਾਰਤੀ ਅਰਥਚਾਰੇ ਦੀ ਮਜ਼ਬੂਤੀ ਦੇ ਕਸੀਦੇ ਕੱਢਣ ਵਿਚ ਸਭ ਨੂੰ ਪਿੱਛੇ ਛੱਡ ਦਿੱਤਾ ਸੀ। ਦਾਅਵਾ ਕੀਤਾ ਗਿਆ ਸੀ ਕਿ ਉਹ ਦਿਨ ਹੁਣ ਬਹੁਤੀ ਦੂਰ ਨਹੀਂ, ਜਦੋਂ ਭਾਰਤ ਦੁਨੀਆਂ ਦੀ ਸਭ ਤੋਂ ਵੱਡੀ ਆਰਥਕ ਸ਼ਕਤੀ ਹੋਵੇਗਾ। ਇਕ ਦਾਅਵਾ ਇਹ ਵੀ ਹੈ ਕਿ 2014 ਤੱਕ ਮੁਕੇਸ਼ ਅੰਬਾਨੀ ਦੁਨੀਆਂ ਦਾ ਅੱਵਲ ਨੰਬਰੀ ਅਮੀਰਜ਼ਾਦਾ ਬਣ ਜਾਵੇਗਾ। ਜਦਕਿ ਹਕੀਕਤ ਵਿਚ ਦੇਸ਼ ਦਾ ਸਨਅਤੀ ਵਿਕਾਸ ਹਮੇਸ਼ਾਂ ਵਾਂਗ ਹੀ ਡਿਕੋਡੋਲੇ ਖਾ ਰਿਹਾ ਹੈ। ਖੇਤੀ ਵਿਚ ਸਰਕਾਰੀ ਅਤੇ ਨਿੱਜੀ ਪੂੰਜੀ ਨਿਵੇਸ਼ ਵਿਚ ਬੇਹੱਦ ਗਿਰਾਵਟ ਆ ਜਾਣ ਸਦਕਾ, ਇਹ ਕਦੇ ਵੀ ਸਾਲਾਨਾ ਔਸਤ ਦੋ ਫੀਸਦੀ ਤੋਂ ਅੱਗੇ ਨਹੀਂ ਵਧੀ। ਖੇਤੀ ਪੂਰੀ ਤਰ੍ਹਾਂ ਮਾਨਸੂਨ ਦੇ ਰਹਿਮੋ ਕਰਮ 'ਤੇ ਰਹਿ ਗਈ ਹੈ। ਇਨ੍ਹਾਂ ਦੋਵੇਂ ਬੁਨਿਆਦੀ ਸੈਕਟਰਾਂ ਦੀ ਵਿਕਾਸ ਦਰ ਕਦੇ ਵੀ 4-5 ਫੀਸਦੀ ਤੋਂ ਵੱਧ ਨਹੀਂ ਹੋਈ। ਇਸ ਤਰ੍ਹਾਂ ਵਿਕਾਸ ਦਰ ਦੇ ਦਾਅਵੇ ਖੋਖਲੇ ਹੀ ਨਹੀਂ, ਗੁੰਮਰਾਹਕੁਨ ਵੀ ਹਨ।

ਸਰਕਾਰ ਦੇ ਕੁਲ ਕੌਮੀ ਪੈਦਾਵਾਰ 8% ਦੇ ਆਸਪਾਸ ਰਹਿਣ ਦੇ ਦਾਅਵੇ, ਅੰਕੜਿਆਂ ਨੂੰ ਮਰੋੜਾ ਚਾੜ੍ਹਨ ਦੀ ਕਲਾਕਾਰੀ ਹੀ ਕਹੀ ਜਾ ਸਕਦੀ ਹੈ। ਸਰਕਾਰੀ ਦਾਅਵਿਆਂ ਅਨੁਸਾਰ ਭਾਰਤ ਵਿਚ 'ਰੁਜ਼ਗਾਰ ਰਹਿਤ ਵਿਕਾਸ' ਹੋ ਰਿਹਾ ਹੈ। ਇਸ ਹਾਲਤ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ ਅਤੇ ਪੁਰਾਣੇ ਕਾਮੇ ਛਾਂਟੀ ਦਾ ਸ਼ਿਕਾਰ ਬਣ ਰਹੇ ਹਨ, ਗੱਲ ਕੀ ਤਬਾਹਪਸੰਦ ਸਰਮਾਏਦਾਰੀ ਭਾਰਤ ਵਿਚ ਆਪਣੇ ਪੂਰੇ ਜਲੌਅ ਵਿਚ ਖਿੜੀ ਹੋਈ ਹੈ। ਜਿਉਂ ਜਿਉਂ ਮੁਕਤ ਬਜ਼ਾਰ ਦੇ ਮਾਰੂ ਪ੍ਰਭਾਵ ਸਾਹਮਣੇ ਆ ਰਹੇ ਹਨ, ਰਾਜ ਦੇ ਜਾਬਰ ਅੰਗ ਵੀ ਵੱਧ ਖੂੰਖਾਰ ਬਣਦੇ ਜਾ ਰਹੇ ਹਨ।

## ਚੁਣੌਤੀਆਂ ਅਤੇ ਹੱਲ

ਸਰਕਾਰ ਦੀ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀ ਨੀਤੀ ਸਾਮਰਾਜ ਦੀ ਸੰਸਾਰ ਮੰਡੀ ਨਾਲ ਮੇਲ ਖਾਂਦੀ ਹੈ ਕਿਉਂਕਿ ਭਾਰਤੀ ਸਮਾਜ ਵਿਚ ਇਕ ਅਜਿਹਾ ਮੱਧਵਰਗੀ ਤਬਕਾ ਪੈਦਾ ਹੋ ਚੁੱਕਾ ਹੈ, ਜਿਸ ਦੀ ਗਿਣਤੀ ਕਿਸੇ ਵੀ ਯੂਰਪੀ ਮੁਲਕ ਦੀ ਸਮੁੱਚੀ ਅਬਾਦੀ ਨਾਲੋਂ ਵੀ ਜਿਆਦਾ ਹੈ। ਇਹ ਤਬਕਾ ਸਿਹਤ, ਸਿੱਖਿਆ, ਬਿਜਲੀ, ਪਾਣੀ, ਆਵਾਜਾਈ ਦੇ ਨਿੱਜੀ ਸਾਧਨਾਂ ਸਮੇਤ ਜੀਵਨ ਦੀ ਹਰੇਕ ਲੋੜੀਂਦੀ ਚੀਜ਼ ਖਰੀਦਣ ਦੇ ਸਮਰੱਥ ਹੋ ਚੁੱਕਿਆ ਹੈ। ਸਮਾਜਕ ਸਰੋਕਾਰਾਂ ਨਾਲੋਂ ਬੇਲਾਗਤਾ ਵੱਧਦੀ ਹੀ ਜਾ ਰਹੀ ਹੈ। ਇਹੀ ਵਜ੍ਹਾ ਹੈ ਕਿ ਵੱਖ ਵੱਖ ਤਬਕਿਆਂ ਦੇ ਸੰਘਰਸ਼ ਇਕਜੁੱਟ ਤਾਂ ਕੀ ਹੋਣੇ ਸਨ, ਸਗੋਂ ਦੂਜਿਆਂ ਲਈ ਨਫ਼ਰਤ ਜਾਂ ਮਖੌਲ ਦੇ ਪਾਤਰ ਬਣ ਰਹੇ ਹਨ। ਬਿਜਲਈ ਮੀਡੀਏ ਵੱਲੋਂ ਸਾਮਰਾਜੀ ਅਤੇ ਜਗੀਰੂ ਸਭਿਆਚਾਰ ਦੀ ਅਜੀਬ ਖਿਚੜੀ ਪਰੋਸੀ ਜਾ ਰਹੀ ਹੈ। ਇਕ ਦੂਜੇ ਨੂੰ ਲਿਤਾੜ ਕੇ ਅੱਗੇ ਲੰਘ ਜਾਣ ਦੀ ਮਾਨਸਿਕਤਾ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਇੰਨਾ ਕੁ ਪੈਸਾ ਦੇ ਦਿੱਤਾ ਜਾਂਦਾ ਹੈ ਕਿ ਉਹ ਕੁਝ ਨਾ ਕੁਝ ਸਹੂਲਤਾਂ ਮਾਣਨ ਜੋਗਾ ਬਣ ਗਿਆ ਹੈ। ਜਿਹੜੇ ਮੱਧਵਰਗ ਨੇ ਆਮ ਜਨਤਾ ਨੂੰ ਚੇਤੰਨ ਕਰਨਾ ਹੁੰਦਾ ਹੈ, ਉਹ ਇਸ ਦੇ ਵਿਰੋਧ ਵਿਚ ਆ ਖੜਾ ਹੋਇਆ ਹੈ।

ਅਸਲ ਵਿਚ ਮੱਧਵਰਗੀ ਲੋਕਾਂ ਨੂੰ ਭਰਮਾਉਣ ਲਈ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਕੀਤੇ ਜਾਂਦੇ ਸਰਕਾਰੀ ਵਿਕਾਸ ਦੇ ਵਾਅਦੇ ਦੋ-ਧਾਰੀ ਕਾਟ ਕਰਦੇ ਹਨ। ਇੱਕ ਪਾਸੇ ਆਮ ਲੋਕਾਂ ਨੂੰ ਬੁਰਕੀ ਦੀ ਚਾਟ 'ਤੇ ਲਾ ਕੇ ਉਨ੍ਹਾਂ ਦੀ ਸੋਚ ਨੂੰ ਖੁੰਢਾ ਕੀਤਾ ਜਾਂਦਾ ਹੈ, ਦੂਜੇ ਪਾਸੇ ਲੋਕਾਂ ਦੇ ਉਨੀਂਦਰੇ ਦਾ ਫਾਇਦਾ ਉਠਾ ਕੇ ਇਹੋ ਜਿਹੀਆਂ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ ਜੋ ਦੇਸੀ ਅਤੇ ਵਿਦੇਸ਼ੀ ਵੱਡੀ ਪੂੰਜੀ ਨੂੰ ਹੋਰ ਮਾਲਾਮਾਲ ਕਰਦੀਆਂ ਹਨ। ਇਸ ਤੋਂ ਇਲਾਵਾ ਅਖਬਾਰਾਂ ਦੀਆਂ ਖ਼ਬਰਾਂ ਨੂੰ ਮੂੰਹ ਮਾਰਨ ਵਾਲੇ ਜਾਂ ਟੈਲੀਵਿਜ਼ਨ ਦੇ

*(ਬਾਕੀ ਸਫਾ 32 'ਤੇ)*

**ਸਫਰ ਜ਼ਿੰਦਗੀ ਦਾ**


# 'ਨੀ ਉਹ ਕੰਮੀਆਂ ਦਾ ਮੁੰਡਾ, ਬੋਲੀ ਹੋਰ ਬੋਲਦਾ'

*ਸ਼ਾਇਰ ਪਾਸ਼ ਦੀ ਕਵਿਤਾ ਦੀ ਸੁਰ ਸਿੱਧੇ ਸੰਬੋਧਨ ਵਾਲੀ ਅਤੇ ਬੜੀ ਤਿੱਖੀ ਸੀ, ਨਿਰੀ ਡੰਗ ਵਰਗੀ। ਉਹਦੇ ਸ਼ਬਦਾਂ ਦੇ ਡੰਗੇ ਬੱਸ ਤੜਫਦੇ ਰਹਿ ਜਾਂਦੇ। ਉਸ ਦਾ ਇਹ ਜਲੌਅ ਅੰਤ ਤੱਕ ਕਾਇਮ ਰਿਹਾ ਭਾਵੇਂ ਸਮੇਂ ਦੇ ਨਾਲ ਨਾਲ ਇਸ ਵਿਚ ਗੰਭੀਰਤਾ ਦਾ ਅੰਸ਼ ਵੀ ਆਣ ਜੁੜਿਆ। ਕਵੀ ਗੁਰਦਾਸ ਰਾਮ 'ਆਲਮ' ਬਾਰੇ ਲਿਖੇ ਇਸ ਲੇਖ ਵਿਚ ਪਾਸ਼ ਐਨ ਵੱਖਰੇ ਰੂਪ ਵਿਚ ਸਾਹਮਣੇ ਆਉਂਦਾ ਹੈ। ਲੇਖ ਦੇ ਸ਼ੁਰੂ ਵਿਚ ਉਸ ਨੇ ਲੋਹੜੇ ਦੀ ਚਿੱਤਰਕਾਰੀ ਕੀਤੀ ਹੈ। ਬਾਅਦ 'ਚ ਉਹ ਜਿਸ ਢੰਗ ਨਾਲ ਆਲਮ ਦੀ ਕਵਿਤਾ ਦੀਆਂ ਲੜੀਆਂ ਜੋੜਦਾ ਹੈ, ਉਹ ਆਲਮ ਦੀ ਦੁਨੀਆ ਅਤੇ ਉਸ ਦੇ ਸਰੋਕਾਰਾਂ ਨਾਲ ਲਗਾਤਾਰ ਸੰਵਾਦ ਵਿਚ ਰਹਿੰਦੀਆਂ ਹਨ। ਆਪਣੇ ਪਾਠਕਾਂ ਲਈ ਪਾਸ਼ ਦੇ ਜਨਮ ਦਿਨ (9 ਸਤੰਬਰ) 'ਤੇ ਇਹ ਲੇਖ 'ਨੀ ਉਹ ਕੰਮੀਆਂ ਦਾ ਮੁੰਡਾ, ਬੋਲੀ ਹੋਰ ਬੋਲਦਾ' ਛਾਪ ਰਹੇ ਹਾਂ।-ਸੰਪਾਦਕ*



*ਗੁਰਦਾਸ ਰਾਮ 'ਆਲਮ'*

■ ਪਾਸ਼



ਮੈਨੂੰ ਅਜਿਹੇ ਲੋਕ ਕਵੀ ਦੀ ਸਦੀਵੀ ਭਾਲ ਹੈ ਜੋ ਲੁੱਟੀ ਜਾ ਰਹੀ ਜਨਤਾ ਦਾ ਅੰਗ ਹੋਵੇ, ਜੋ ਆਮ ਲੋਕਾਂ ਵਿਚ ਰਹਿੰਦਿਆਂ ਉਨ੍ਹਾਂ ਦੀ ਜ਼ਿੰਦਗੀ ਦੇ ਵੀਰਾਨਿਆਂ, ਹੰਝੂਆਂ ਅਤੇ ਅਭਾਵਾਂ ਨੂੰ ਉਨ੍ਹਾਂ ਦੇ ਨਾਲ ਹੀ ਭੋਗਦਾ ਹੋਇਆ ਸਫ਼ਲ ਚਿਤੇਰਾ ਵੀ ਹੋਵੇ। ਗੁਰਦਾਸ ਰਾਮ 'ਆਲਮ' ਬਾਰੇ ਕੁਝ ਇਹੋ ਜਿਹੀ ਚਰਚਾ ਈ ਸੁਣੀਂਦੀ ਸੀ। ਸੁਣਿਆ ਸੀ ਕੋਈ ਅਨਪੜ੍ਹ ਚਮਾਰ, ਜੱਟਾਂ ਜ਼ਿਮੀਂਦਾਰਾਂ ਦੇ ਆਡਾਂ ਬੰਨਿਆਂ 'ਤੇ ਘਾਹ ਖੋਤਦਾ ਹੋਇਆ ਕਵਿਤਾ ਜੋੜਦਾ ਰਹਿੰਦਾ ਹੈ। ਸੁਣਿਆ ਸੀ, ਉਹਦੀ ਕਵਿਤਾ ਵਿਚ ਦਰਜ ਜਮਾਤੀ ਨਫ਼ਰਤ ਅਤੇ ਰੋਹ ਦਾ ਹੜ੍ਹ ਜਿਹਾ ਹੈ। ਸੁਣਿਆ ਸੀ, ਉਹ ਸਟੇਜ 'ਤੇ ਜਾ ਕੇ ਸਟੇਜ ਨੂੰ ਬੱਸ ਆਪਣੇ ਜੋਗੀ ਹੀ ਕਰ ਲੈਂਦਾ ਹੈ। ਕੁਝ ਇਹੋ ਜਿਹੀ ਚਰਚਾ ਸੁਣੀ ਸੀ ਗੁਰਦਾਸ ਰਾਮ 'ਆਲਮ' ਬਾਰੇ। ਮੈਂ ਉਹਦੇ ਪਿੰਡਾਂ ਵੱਲ ਦੇ ਆਏ ਗਏ ਬੰਦਿਆਂ ਤੋਂ ਉਹਦੇ ਬਾਰੇ ਗੱਲਾਂ ਪੁੱਛਦਾ ਰਹਿੰਦਾ ਸਾਂ।

ਆਖਰ ਉਹਨੂੰ ਤੱਕਣ, ਉਸ ਦੀ ਕਵਿਤਾ ਉਸ ਦੇ ਮੂੰਹੋਂ ਸੁਣਨ ਦੀ ਖਾਹਸ਼ ਮੈਨੂੰ ਉਹਦੇ ਪਿੰਡ ਲੈ ਗਈ। ਉਹਦਾ ਪਿੰਡ ਖਾਸਾ ਤਕੜਾ ਕਸਬਾ ਹੈ। ਅਜੇ ਤੱਕ ਬਹੁਤੇ ਪੇਂਡੂ ਅਤੇ ਸ਼ਹਿਰੀ ਪੰਜਾਬੀ ਕਵੀਆਂ ਦਾ ਇਹੋ ਹਾਲ ਹੈ ਕਿ ਉਨ੍ਹਾਂ ਦੇ ਗਵਾਂਢੀ ਵੀ ਉਨ੍ਹਾਂ ਨੂੰ ਸ਼ਾਇਦ ਹੀ ਜਾਣਦੇ ਹੁੰਦੇ ਹਨ। ਜੇ ਜਾਣਦੇ ਵੀ ਹੋਣ ਤਾਂ ਉਹਦੇ ਲੇਖਕ ਹੋਣ ਦਾ ਉਨ੍ਹਾਂ ਨੂੰ ਭੇਤ ਨਹੀਂ, ਪਰ ਆਲਮ ਬਾਰੇ ਇਹ ਨਵਾਂ ਤਜਰਬਾ ਸੀ। ਏਡੇ ਕਸਬੇ ਵਿਚ ਅਸੀਂ ਜਿਸ ਜਿਸ ਕੋਲ ਵੀ ਉਹ ਦਾ ਨਾਂ ਲਿਆ, ਉਹ ਹਥਲਾ ਕੰਮ ਛੱਡ ਕੇ ਸਾਨੂੰ ਰਾਹ ਦੱਸਣ ਲਈ ਨਾਲ ਹੋ ਤੁਰਿਆ। ਕਈ ਗਲੀਆਂ ਬਾਜ਼ਾਰਾਂ ਵਿਚੋਂ ਦੀ ਲੰਘਦੇ ਹੋਏ ਅਸੀਂ ਉਹਦੇ ਘਰ ਜਾ ਰਹੇ ਸਾਂ। ਥਾਂ ਥਾਂ 'ਤੇ ਬੰਨ੍ਹੇ ਹੋਏ ਡੰਗਰਾਂ ਤੇ ਨੰਗ ਧੜੰਗੇ ਖੇਡਦੇ ਬੱਚਿਆਂ ਦੇ ਝੁਰਮਟ ਸਨ। ਹਾੜ੍ਹ ਦੀ ਲੱਗੀ ਹੋਈ ਦੁਪਹਿਰੇ ਵੀ ਮੁਹੱਲੇ ਵਿਚ ਆਰਾਮ ਨਾਂ ਦੀ ਕੋਈ ਸ਼ੈਅ ਨਹੀਂ ਸੀ। ਚੌਹੀਂ ਪਾਸੀਂ ਕੁਹਰਾਮ ਜਿਹਾ ਮਚਿਆ ਹੋਇਆ ਸੀ। ਔਰਤਾਂ ਮਜ਼ੂਰੀ ਵਿਚ ਲਿਆਂਦੀਆਂ ਹੋਈਆਂ ਕਣਕ ਦੀਆਂ ਭਰੀਆਂ ਨੂੰ ਕੁੱਟ ਕੁੱਟ ਕੇ ਦਾਣੇ ਕੱਢ ਰਹੀਆਂ ਸਨ। ਛੱਜਾਂ ਦਾ ਧੀਮਾ ਖੜਕਾ। ਉੱਡ ਰਹੀ ਖੁਸ਼ਕ ਧੂੜ ਵਿਚ ਜਨਾਨੀਆਂ ਦੇ ਮੂੰਹਾਂ ਉਤੋਂ ਦੀ ਪੱਲੇ ਬੰਨ੍ਹੇ ਹੋਏ। ਪਸ਼ੂਆਂ ਦੇ ਮਲ ਮੂਤਰ ਦੀ ਤੇਜ਼ ਹਵਾੜ। ਸ਼ਾਇਦ ਕਿਸੇ ਕਵੀ ਦੇ ਰਹਿਣ ਲਈ ਇਹ ਦੁਨੀਆਂ ਦੀ ਸਭ ਤੋਂ ਯੋਗ ਥਾਂ ਸੀ। ਇਹ ਕਵਿਤਾ ਲਈ ਜਰਖ਼ੇਜ ਭੂਮੀ ਸੀ।

ਆਲਮ ਮਿਲਿਆ। ਸੱਠਾਂ ਬਾਹਠਾਂ ਨੂੰ ਪਹੁੰਚਿਆ ਹੋਇਆ ਪਤਲਾ ਜਿਹਾ ਸਾਧਾਰਨ ਮਨੁੱਖ। ਸਿਰਫ਼ ਉਹਦੀਆਂ ਲੋਹੜੇ ਦੀਆਂ ਗੰਭੀਰ ਅੱਖਾਂ ਹੀ ਸਨ ਜੋ ਉਹਦੀ ਸ਼ਕਲ ਨੂੰ ਸਾਧਾਰਨ ਮਨੁੱਖ ਤੋਂ ਵੱਖਰਿਆਉਂਦੀਆਂ ਸਨ। ਕੱਚੀਆਂ ਇੱਟਾਂ ਦਾ ਛੋਟਾ ਜਿਹਾ ਘਰ ਸੀ ਉਹਦਾ। ਸਾਨੂੰ ਮੰਜੀ 'ਤੇ ਬਿਠਾ ਕੇ ਉਹਨੇ ਚਾਹ ਧਰ੍ਹਾ ਦਿੱਤੀ ਅਤੇ ਪੀੜ੍ਹੀ 'ਤੇ ਬਹਿ ਕੇ ਹੁੱਕਾ ਤਾਜ਼ਾ ਕਰਨ ਲੱਗਾ।

-ਅੱਛਾ, ਪਹਿਲਾਂ ਤਾਂ ਆਪਾਂ ਇਕ ਦੂਏ ਤੋਂ ਵਾਕਫ਼ ਨਹੀਂ ਆਂ...? ਆਲਮ ਨੇ ਮੂੰਹ ਵਿਚੋਂ ਹੁੱਕੇ ਦੀ ਨੜੀ ਕੱਢਦੇ ਹੋਏ ਆਪਸੀ ਜਾਣੂ ਹੋਣਾ ਚਾਹਿਆ।

-ਮੇਰਾ ਨਾਂ ਅਵਤਾਰ ਸਿਹੁੰ ਏ। ਉੱਦਾਂ ਪੁਲਿਸ ਆਲਿਆਂ ਨੇ ਮੇਰਾ ਨਾਮ ਪਾਸ਼ ਪਾਇਆ ਹੋਇਆ। ਤੇ ਇਹ ਮੇਰਾ ਦੋਸਤ ਹੈ ਪਰਮਜੀਤ। ਅਸੀਂ ਦੋਏ ਕਵਿਤਾ ਦੇ ਸੌਂਕੀ ਹਾਂ।

-ਪਾ...ਸ਼? ਉਹ ਹੈਰਾਨੀ ਜਿਹੀ ਵਿਚ ਮੁਸਕਰਾਇਆ-ਮੈਂ ਜਾਣਦਾਂ ਤੈਨੂੰ, ਤੇਰੀਆਂ ਕਵਿਤਾਵਾਂ ਵੀ ਪੜ੍ਹੀਆਂ ਹੋਈਆਂ। ਧੰਨ ਭਾਗ। ਦੱਸੋ ਪਹਿਲਾਂ ਰੋਟੀ ਬਣਵਾਵਾਂ।

-ਨਹੀਂ, ਕਿਸੇ ਚੀਜ਼ ਦੀ ਲੋੜ ਨਹੀਂ, ਅਸੀਂ ਤਾਂ ਬੱਸ ਤੁਹਾਡੇ ਦਰਸ਼ਨ ਕਰਨ ਅਤੇ ਤੁਹਾਡੇ ਨਾਲ ਦੋ ਚਾਰ ਗੱਲਾਂ ਕਰਨ ਆਏ ਹਾਂ।

## ਪਾਸ਼ ਦੇ ਜਨਮ ਦਿਨ 'ਤੇ

ਉਹਦੇ ਨਾਲ ਗੱਲਾਂ ਕਰਨ 'ਤੇ ਪਤਾ ਲੱਗਾ ਕਿ ਉਹ ਕੇਵਲ ਗੁਰਮਖੀ ਹੀ ਰਿੜ ਖੁੜ ਕੇ ਪੜ੍ਹ ਸਕਿਆ ਹੈ। ਕਵਿਤਾ ਉਹਨੇ ਬਚਪਨ ਵਿਚ ਹੀ ਲਿਖਣੀ ਸ਼ੁਰੂ ਕੀਤੀ ਸੀ। ਉਹਦੀ ਪ੍ਰੇਰਨਾ ਦਾ ਪਹਿਲਾ ਸੋਮਾ ਵੱਡੀਆਂ ਜਾਤਾਂ (?) ਵੱਲੋਂ ਉਸ ਦੀ (ਉਨ੍ਹਾਂ ਦੀ) ਨਿਰਾਦਰੀ ਅਤੇ ਛੂਤ ਛਾਤ ਦਾ ਪ੍ਰਤੀਕਰਮ ਸੀ। ਨਿੱਕੇ ਹੁੰਦਿਆਂ ਤੋਂ ਟੋਕਰੀ, ਗਾਰਾ ਤੇ ਇੱਟਾਂ ਆਦਿ ਢੋਣ ਦੀ ਮਜ਼ਦੂਰੀ ਕਰਦਾ ਆਇਆ ਹੈ। ਪੈਸੇ ਵਾਲਿਆਂ ਦੇ ਜ਼ੁਲਮਾਂ ਅਤੇ ਨਫ਼ਰਤ ਦਾ ਉਹ ਅੱਧੀ ਸਦੀ ਤੋਂ ਵੱਧ ਚਿਰਾਂ ਤੋਂ ਸ਼ਿਕਾਰ ਹੈ ਤੇ ਉਸ ਦੇ ਤਲਖ ਤਜਰਬਿਆਂ, ਜ਼ਿੰਦਗੀ ਦੀਆਂ ਕੁੜੱਤਣਾਂ ਨੇ ਉਹਦੇ ਅੰਦਰਲੀ ਅਣਖ ਨੂੰ ਮਾਰਨ ਦੀ ਬਜਾਏ ਹੋਰ ਪ੍ਰਚੰਡ ਕੀਤਾ ਹੈ। ਮਾਰਕਸੀ ਪਾਰਟੀ ਦੇ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਦੇ ਪਿੰਡ ਦਾ ਅਤੇ ਉਹਦਾ ਬਚਪਨ ਤੋਂ ਦੋਸਤ ਹੋਣ ਕਰਕੇ ਮਾਰਕਸਵਾਦ ਤੋਂ ਪ੍ਰਭਾਵਤ ਹੈ! ਕਈ ਵਾਰ ਜੇਲ੍ਹ ਵੀ ਕੱਟ ਆਇਆ ਹੈ। ਬੱਝਾ ਹੋਇਆ ਕਿਸੇ ਪਾਰਟੀ ਨਾਲ ਨਹੀਂ।

ਉਹਨੇ ਹਰ ਵਿਸ਼ੇ 'ਤੇ ਕਵਿਤਾ ਲਿਖੀ ਹੈ। ਲੁੱਟੀਆਂ ਜਮਾਤਾਂ ਦਾ ਪੱਖ ਅਤੇ ਕ੍ਰਾਂਤੀ ਦੀ ਪ੍ਰੇਰਨਾ ਦਾ ਅੰਸ਼ ਉਹਦੀ ਕਵਿਤਾ 'ਤੇ ਭਾਰੂ ਹੈ। ਪੁਰਾਣੇ ਕਵੀਆਂ ਨੰਦ ਲਾਲ ਨੂਰਪੁਰੀ, ਫਿਰੋਜ਼ਦੀਨ ਸ਼ਰਫ਼, ਵਿਧਾਤਾ ਸਿੰਘ ਤੀਰ, ਆਦਿ ਦੇ ਨੇੜੇ ਰਿਹਾ ਹੈ ਅਤੇ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਨਵੀਂ ਕਵਿਤਾ (ਕ੍ਰਾਂਤੀਕਾਰੀ ਕਵਿਤਾ) ਨੂੰ ਉਹ ਬੜੇ ਉਤਸ਼ਾਹ ਨਾਲ ਸੁਣਦਾ ਹੈ। ਪੜ੍ਹਨ ਦਾ ਅਭਿਆਸ ਕੋਈ ਬਹੁਤਾ ਨਹੀਂ। ਕੁਝ ਚਿਰ ਪਹਿਲਾਂ ਇੰਗਲੈਂਡ ਵਿਚ ਰਹਿੰਦੇ ਉਹਦੇ ਸ਼ਰਧਾਲੂਆਂ ਨੇ ਉਹਨੂੰ ਵਲਾਇਤ ਸੱਦਿਆ ਸੀ। ਉਹਦੇ ਮਿਲਣ ਤੋਂ ਕੁਝ ਦਿਨ ਪਹਿਲਾਂ ਮੈਨੂੰ ਵਲਾਇਤੋਂ ਆਏ ਪੰਜਾਬੀ ਕਹਾਣੀਕਾਰ ਰਘਬੀਰ ਢੰਡ ਤੋਂ ਪਤਾ ਲੱਗਾ ਸੀ ਕਿ ਉਨ੍ਹੀਂ ਦਿਨੀਂ ਸ਼ਿਵ ਕੁਮਾਰ ਵੀ ਉਥੇ ਗਿਆ ਹੋਇਆ ਸੀ। ਜਿਸ ਸਟੇਜ 'ਤੇ ਇਹ ਦੋਵੇਂ ਕੱਠੇ ਹੋ ਜਾਂਦੇ ਸਨ, ਲੋਕ ਸ਼ਿਵ ਕੁਮਾਰ ਨੂੰ ਨਹੀਂ ਸੁਣਦੇ ਸਨ।

ਸ਼ਿਵ ਕੁਮਾਰ ਦੀ ਮੌਤ ਦੀ ਗੱਲ ਚੱਲੀ ਤਾਂ ਉਹ ਬੋਲਿਆ-ਬੜਾ ਮਾੜਾ ਹੋਇਆ। ਕਵੀ ਚੰਗਾ ਸੀ ਪਰ ਉਹਨੂੰ ਜਮਾਤੀ ਸੂਝ ਨਹੀਂ ਸੀ! ਮੈਨੂੰ ਮਿਲਿਆ ਤਾਂ ਕਹਿਣ ਲੱਗਾ, 'ਬੁੜ੍ਹਿਆ, ਤੁਸੀਂ ਸਾਨੂੰ ਜਮਾਤੀ ਸੂਝ ਦਿੱਤੀ ਈ ਨਹੀਂ। ਅਸੀਂ ਤਾਂ ਨਿਰਪੱਖ ਕਵੀ ਆਂ।' ਮੈਂ ਕਿਹਾ-ਨਿਰਪੱਖ ਕਿੱਦਾਂ? ਤੂੰ ਭਾਵੇਂ ਜਾਣ ਕੇ ਲਿਖ ਜਾਂ ਅਣਜਾਣ ਪੁਣੇ 'ਚ, ਜੇ ਤੇਰੀ ਕਵਿਤਾ ਜਨਤਾ ਦਾ ਪੱਖ ਨਹੀਂ ਪੂਰਦੀ ਤਾਂ ਉਹ ਜ਼ਰੂਰ ਉਪਰਲੇ ਲੋਕਾਂ ਦੀ ਏ। ਏਹੋ ਗੱਲ ਮੈਂ ਅੰਮ੍ਰਿਤਾ ਪ੍ਰੀਤਮ ਨੂੰ ਕਹੀ ਸੀ ਕਿ ਜੇ ਤੁਸੀਂ ਲੋਕਾਂ ਦੀ ਪ੍ਰਵਾਹ ਨਹੀਂ ਕਰਦੇ ਤਾਂ ਲੋਕ ਕਦੇ ਵੀ ਤੁਹਾਡੀ ਪ੍ਰਵਾਹ ਨਹੀਂ ਕਰਨਗੇ। ਇਹ ਤਾਂ ਹੱਥ ਨੂੰ ਹੱਥ ਏ।

ਉਹ (ਆਲਮ) ਜਮਾਤੀ ਨਫ਼ਰਤ ਵਿਚ ਗੜੁੱਚ ਹੋਈ ਖੜਕਦੀ ਸ਼ਖ਼ਸੀਅਤ ਹੈ। ਉਹ ਆਪਣੇ ਲੋਕਾਂ ਨੂੰ ਪਹਾੜਾਂ ਵਾਂਗ ਅੜ ਕੇ ਖਲੋਤੇ ਦੇਖਣਾ ਚਾਹੁੰਦਾ ਹੈ।

-ਮੈਂ ਤਾਂ ਇਨ੍ਹਾਂ ਨੂੰ ਕਹਿੰਨਾਂ ਹੁੰਨਾਂ, ਤੁਸੀਂ ਸਰਦਾਰਾਂ ਦੇ ਘੜੇ ਹੋਏ ਰਸਮਾਂ, ਰਵਾਇਤਾਂ ਤੇ ਸੰਸਕਾਰਾਂ ਦਾ ਬਾਈਕਾਟ ਕਰੋ। ਤੁਸੀਂ ਵੀ ਆਪਣੀਆਂ ਬਾਤਾਂ ਵੱਖਰੀਆਂ ਬਣਾਓ-ਗੱਭਰੂ ਕਮੀਣ ਨੂੰ ਪੱਟੀ ਖੜਮੱਟੀ ਲੈ ਕੇ ਪੈ ਗਈ ਉਹਦੀ ਘਰ ਵਾਲੀ ਨੇ ਕਿਹਾ ਕਿ ਮੈਂ ਤਾਂ ਤਦ ਜੀਂਦੀ ਆਂ, ਜੇ ਹਵੇਲੀ ਵਾਲੇ ਸਰਦਾਰ ਦੀਆਂ ਅੱਖਾਂ ਕੱਢ ਕੇ ਲਿਆਵੇਂ...

-ਮੈਂ ਸਮਝਦਾਂ, ਸਾਨੂੰ ਦੱਬੇ-ਕੁਚਲੇ ਲੋਕਾਂ ਨੂੰ ਸੱਭਿਆਚਾਰ ਦਾ ਆਪਣਾ ਵੱਖਰਾ ਵਿਧਾਨ ਬਣਾਉਣਾ ਚਾਹੀਦਾ ਹੈ। ਆਖਰ ਕਦੋਂ ਕੁ ਤੱਕ ਇਹ ਲੰਬੜ, ਚੌਧਰੀ, ਪਟਵਾਰੀ ਤੇ ਜ਼ੈਲਦਾਰ ਗੀਤਾਂ, ਬੋਲੀਆਂ ਵਿਚ ਵੀ ਸਾਡੇ 'ਤੇ ਚੜ੍ਹੇ ਰਹਿਣਗੇ? ਜੇ ਕਿਸੇ ਗੀਤ ਵਿਚ ਹੁਸਨ ਦਾ ਜ਼ਿਕਰ ਹੋਊ ਤਾਂ ਹੋਏਗਾ ਕਿ ਤੇਰੀਆਂ ਗੋਰੀਆਂ ਗੱਲਾਂ, ਤੇਰਾ ਨਿਛੋਹ ਪਿੰਡਾ, ਤੇਰਾ ਰੇਸ਼ਮੀ ਸੂਟ, ਤੇਰਾ ਫਲਾਣ, ਤੇਰੀ ਢੀਂਗ। ਮਿੱਟੀ ਨਾਲ ਭਰੇ ਵਾਲ, ਮੁੜ੍ਹਕੋ ਮੁੜ੍ਹਕੀ ਹੋਏ ਮਜ਼ਬੂਤ ਸੀਨੇ ਤੇ ਕਾਲੇ ਰੰਗ ਦੇ ਲਿਸ਼ਕਦੇ ਜਵਾਨ ਮੋਢਿਆਂ ਦਾ ਕਦੇ ਜ਼ਿਕਰ ਨਹੀਂ ਆਇਆ।...ਕਿਸੇ ਗੀਤ ਜਾਂ ਅਖਾਣ ਦੀ ਨਾਇਕਾ ਸਾਡੀਆਂ ਕੰਮੀਆਂ ਕਮੀਣਾਂ ਦੀ ਧੀ ਭੈਣ ਤਾਂ ਹੋ ਸਕਦੀ ਹੈ, ਪਰ ਸਾਡੇ ਲੱਠ ਵਰਗੇ ਮੁੰਡੇ ਨਹੀਂ। ਜਿੱਦਾਂ ਕਿਤੇ ਸਾਨੂੰ ਪਿਆਰ ਕਰਨ ਦਾ ਢੰਗ ਨਹੀਂ ਆਉਂਦਾ! ਤਾਹੀਓਂ ਮੈਂ ਲਿਖਿਆ ਏ-

ਮਾਹੀ ਮੇਰਾ ਕਾਲੇ ਰੰਗ ਦਾ,
ਵਿਹੜੇ ਵੜਦਾ ਤੇ ਚੰਨ ਚੜ੍ਹ ਜਾਂਦਾ
ਜੱਗ ਦੀ ਭਲਾਈ ਵਾਸਤੇ,
ਬੇਹੀਆਂ ਰੋਟੀਆਂ ਮਿਰਚ ਨਾਲ ਖਾਂਦਾ।

-ਤੂੰ ਦੇਖ, ਆਮ ਗੀਤ ਹੁੰਦੇ ਨੇ, "ਜ਼ੈਲਦਾਰਾ ਪੁੱਤ ਨੂੰ ਸਮਝਾ ਲਾ ਕਿ ਵੱਟੇ ਮਾਰੇ ਘੜਿਆ ਨੂੰ..." ਜਾਂ "ਤੇਰੀ ਤੋਰ ਪੱਟਿਆ ਪਟਵਾਰੀ। ਤੂੰ ਪੱਟੀ ਲੱਡੂਆਂ ਨੇ..." ਜਾਂ ਜਿੱਦਾਂ ਸ਼ਿਵ ਕੁਮਾਰ ਨੇ ਲਿਖਿਆ, "ਮੈਨੂੰ ਹੀਰੇ ਹੀਰੇ ਆਖੇ ਹਾਏ ਨੀ ਮੁੰਡਾ ਲੰਬੜਾਂ ਦਾ..." ਜਾਂ "ਨੀ ਓਹ ਲੰਬੜਾਂ ਦਾ ਮੁੰਡਾ ਬੋਲੀ ਹੋਰ ਬੋਲਦਾ...", ਖੇਹ ਤੇ ਸਵਾਹ ਬੋਲੀ ਬੋਲਣੀ ਆ ਇਨ੍ਹਾਂ ਨੇ। ਸੁਣ ਮੈਂ ਲਿਖਿਆ-

ਲੰਬੜਾਂ ਦੀ ਕੰਧ ਟੱਪ ਕੇ,
ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।
ਤਲੀ ਉਤੇ ਜਾਨ ਰੱਖ ਕੇ,
ਉਹਨੇ ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।
ਜਿਸ ਵੇਲੇ ਰੋਕ ਨਾ ਸਕੀ,
ਨਵੇਂ ਪੈਰਾਂ ਨੂੰ ਦੀਵਾਰ ਪੁਰਾਣੀ।
ਨੱਸ ਕੇ ਅੰਦਰ ਲੁਕ ਗਈ,
ਕੁੰਡਾ ਮਾਰ ਕੇ ਵੱਡੀ ਚੌਧਰਾਣੀ।
ਮੁੱਛਾਂ ਉਤੇ ਹੱਥ ਫੇਰ ਕੇ,
ਨਾਲੇ ਖੰਘਿਆ ਤੇ ਨਾਲੇ ਮੁਸਕਾਇਆ!
ਬਾਹਾਂ ਵਿਚ ਸਿਰ ਘੁੱਟ ਕੇ,
ਬੇਰੀ ਹੌਂਸਲੇ ਦੇ ਨਾਲ ਹਲੂਣੀ।
ਲਾਂਗਰਾਂ ਮਧੋਲ ਸੁੱਟੀਆਂ,
ਕੀਤੀ ਭੁੱਖ ਜ਼ਿੰਦਗੀ ਦੀ ਊਣੀ।
ਲਾਲ ਗੜੁੱਭ ਵਰਗਾ,
ਸੋਹਣਾ ਬੇਰ ਬੁੱਲ੍ਹੀਆਂ ਨਾਲ ਲਾਇਆ!
ਲੰਮੇ ਪੈ ਗਏ ਪੈਰ ਸੁੰਘ ਕੇ,
ਕੁੱਤਾ ਭੌਂਕਿਆ ਨਾ ਕੋਈ ਵੀ ਸ਼ਿਕਾਰੀ।
ਬਿਟ ਬਿਟ ਰਹੇ ਝਾਕਦੇ,
ਚੌਂਕੀਦਾਰ ਤੇ ਲੰਬੜ, ਪਟਵਾਰੀ।
ਦੂਰੋਂ ਵਿਸ ਰਹੇ ਘੋਲਦੇ,
ਉਹਦੇ ਕੋਲ ਨਾ ਕੋਈ ਵੀ ਆਇਆ।
ਸਿਖਰ ਦੁਪਹਿਰੇ ਦਿਨ ਦੇ,
ਜਦੋਂ ਆਪ ਨਾ ਫੁੱਟੇ ਕੁਝ ਰਾਖੇ।
ਕਿਸੇ ਦਾ ਕਿਹੜਾ ਢਿੱਡ ਦੁਖਦਾ,
ਕਿਉਂ ਹੋਰ ਕੋਈ ਕਿਸੇ ਨੂੰ ਕੁਝ ਆਖੇ।
ਆਲਮ ਹੈਰਾਨ ਹੋ ਗਿਆ,
ਨਾ ਉਹ ਡਰਿਆ ਤੇ ਨਾ ਘਬਰਾਇਆ!
ਲੰਬੜਾਂ ਦੀ ਕੰਧ ਟੱਪ ਕੇ,
ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ!

-ਇਸ ਗੀਤ ਦੇ ਅਰਥ ਰਾਜਨੀਤਕ ਵੀ ਹਨ। ਗੀਤ ਸੁਣਾਉਣ ਪਿੱਛੋਂ ਉਹਨੇ ਮੁਸਕਰਾਂਦਿਆਂ ਆਖਿਆ। ਇਸ ਤੋਂ ਬਾਅਦ ਉਹਨੇ ਹੋਰ ਵੀ ਕਈ ਕਵਿਤਾਵਾਂ ਸੁਣਾਈਆਂ।



*ਪਾਸ਼ ਦੀ ਧੀ ਵਿੰਕਲ ਅਤੇ ਪਤਨੀ ਰਾਜਵਿੰਦਰ ਕੌਰ।*

# ਨਾਓਮੀ ਕਲਾਈਨ ਦਾ ਸਦਮਾ ਸਿਧਾਂਤ

*(ਸਫਾ 31 ਦੀ ਬਾਕੀ)*

ਸਨਸਨੀਖੇਜ਼ ਚੈਨਲਾਂ ਦੇ ਅਮਲੀ ਹੋਏ, ਚਸਕੇਬਾਜ਼ ਮੱਧ ਵਰਗ ਦੀ ਰੂਹ ਦੀ ਸ਼ਾਂਤੀ ਲਈ ਵਿਰੋਧੀ ਧਿਰ ਨਾਲ ਜੁੜੇ ਜੋਗੀਆਂ, ਬਾਬਿਆਂ ਦੀਆਂ ਕਰਤੂਤਾਂ ਦਿਖਾ ਕੇ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਉਪਰ ਝੂਠੇ-ਸੱਚੇ ਕੇਸ ਪਾ ਕੇ, ਮਾਹੌਲ ਨੂੰ ਰੰਗੀਨ ਬਣਾ ਕੇ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਮੱਧਵਰਗ ਦੀ 'ਆਤਮਾ'' ਤ੍ਰਿਪਤ ਰੱਖੀ ਜਾਂਦੀ ਹੈ।

ਵਿਦਿਆਰਥੀ ਅਤੇ ਨੌਜਵਾਨ ਜਿਸ ਵੇਲੇ ਖ਼ੁਦ ਲਹਿਰਾਂ ਵਿਚ ਸਰਗਰਮ ਹੁੰਦੇ ਹਨ, ਤਾਂ ਨਾਲ ਹੀ ਬਾਕੀ ਵਰਗਾਂ ਨੂੰ ਕੈਡਰ ਰੂਪੀ ਖ਼ੁਰਾਕ ਮੁਹੱਈਆ ਕਰਵਾਉਂਦੇ ਰਹਿੰਦੇ ਹਨ। ਇਸ ਵੇਲੇ ਸਾਡੇ ਸਮਾਜ ਦੀ ਸਭ ਤੋਂ ਗੰਭੀਰ ਚੁਣੌਤੀ ਵੀ ਇਹੀ ਹੈ ਕਿ ਨੌਜਵਾਨਾਂ ਦੀ ਬਹੁਗਿਣਤੀ ਘੋਰ ਨਿਰਾਸ਼ਾ ਵਿਚ ਹੈ, ਕਿਸੇ ਉਸਾਰੂ ਵਿਚਾਰਧਾਰਾ ਤੋਂ ਸੱਖਣੀ ਹੈ। ਖਪਤ ਕਲਚਰ ਦਾ ਸਭ ਤੋਂ ਵੱਧ ਸ਼ਿਕਾਰ ਬਣਾਈ ਗਈ ਹੈ। ਅਧਿਆਪਕਾਂ ਨੂੰ ਛੱਡ ਕੇ ਪੰਜਾਬ ਵਿਚ ਚੱਲ ਰਹੇ ਕਿਸੇ ਵੀ ਅੰਦੋਲਨ ਵਿਚ ਨੌਜਵਾਨਾਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਹੀ ਸਮਝੀ ਜਾ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਜਿੱਥੇ ਹੁੜਦੰਗ ਮੱਚ ਰਿਹਾ ਹੋਵੇ, ਉਥੇ ਇਹ ਲਾਜ਼ਮੀ ਵੱਡੀ ਗਿਣਤੀ ਵਿਚ ਦਿਸਣਗੇ। ਇਹ ਭਾਣਾ ਉਦੋਂ ਹੀ ਵਾਪਰਦਾ ਹੈ, ਜਦੋਂ ਸਮਾਜ ਨੂੰ ਕਿਸੇ ਉਸਾਰੂ ਵਿਚਾਰਧਾਰਾ ਤੋਂ ਵਿਰਵਾ ਕਰ ਦਿੱਤਾ ਜਾਂਦਾ ਹੈ।

ਭਾਵੇਂ ਵਿਸ਼ਵੀਕਰਨ ਜਾਂ ਕਲਾਈਨ ਦੀ ਤਬਾਹੀਪਸੰਦ ਸਰਮਾਏਦਾਰੀ ਵਰਗੀ ਵਿਸ਼ਾਲ ਸਮੱਸਿਆ ਦਾ ਕੋਈ ਸਿੱਧ ਪੱਧਰਾ ਹੱਲ ਨਹੀਂ ਹੈ, ਫੇਰ ਵੀ ਇਕ ਗੱਲ ਤਾਂ ਤੈਅ ਹੈ ਕਿ ਪੂੰਜੀ ਦੇ ਬੇਕਿਰਕ ਹਮਲੇ ਨੂੰ ਰੋਕੇ ਬਿਨਾਂ ਕਿਸੇ ਵੀ ਸਮਾਜ ਦਾ ਵਿਕਾਸ ਨਹੀਂ ਹੋ ਸਕਦਾ। ਖ਼ੁਦਮੁਖਤਾਰ ਅਤੇ ਸਹੀ ਅਰਥਾਂ ਵਿਚ ਸਵੈਨਿਰਭਰ ਅਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਪ੍ਰਣਾਏ ਬਰਾਬਰੀ ਵਾਲੇ ਦੇਸ਼ਾਂ ਤੋਂ ਬਿਨਾ ਲੋਕਾਂ ਦੇ ਰੋਜ਼ਮਰ੍ਹਾ ਦੇ ਮਸਲਿਆਂ ਦਾ ਵਕਤੀ ਹੱਲ ਵੀ ਸੰਭਵ ਨਹੀਂ ਹੈ। ਸਵੈਨਿਰਭਰ ਸਮਾਜ ਹੀ ਸਾਂਝੀਵਾਲਤਾ ਅਤੇ ਹਰੇਕ ਇਨਸਾਨ ਲਈ ਕੁੱਲੀ, ਗੁੱਲੀ ਅਤੇ ਜੁੱਲੀ ਦੀਆਂ ਬੁਨਿਆਦੀ ਲੋੜਾਂ ਦੀ ਜ਼ਾਮਨੀ ਦੇ ਸਕਦਾ ਹੈ। ਨਾ ਤਾਂ 'ਇਤਿਹਾਸ ਦਾ ਅੰਤ ਹੋਇਆ ਹੈ' ਅਤੇ ਨਾ ਹੀ ਤਬਾਹੀਪਸੰਦ ਸਰਮਾਏਦਾਰੀ ਕੋਈ ਅਜਿੱਤ ਸ਼ੈਅ ਹੈ। ਇਸ ਦੀ ਲੋੜ ਸਿਰਫ਼ ਟਾਟਿਆਂ, ਅੰਬਾਨੀਆਂ, ਬਿਰਲਿਆਂ, ਮਿੱਤਲਾਂ ਵਗੈਰਾ ਮੁੱਠੀ ਭਰ ਧਨਕੁਬੇਰਾਂ ਨੂੰ ਤਾਂ ਭਾਵੇਂ ਹੋਵੇ, ਲੇਕਿਨ ਪਿੰਡਾਂ ਦੇ ਸਾਧਾਰਨ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਸ਼ਹਿਰੀ ਗਰੀਬਾਂ, ਆਮ ਮੱਧਵਰਗੀਆਂ ਅਤੇ ਨੌਜਵਾਨਾਂ ਨੂੰ ਤਾਂ ਬਿਲਕੁਲ ਵੀ ਨਹੀਂ। ਫੇਰ ਕਿਉਂ ਨਾ ਤਬਾਹੀਪਸੰਦ ਪੂੰਜੀ ਦੇ ਅਨਿਆਈਂ ਪ੍ਰਬੰਧ ਦੀ ਥਾਂ 'ਤੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਚਿਤਵਿਆ ਸਮਾਜ ਸਿਰਜਣ ਲਈ ਯਤਨ ਜੁਟਾਏ ਜਾਣ। ਸਾਰੇ ਸੰਘਰਸ਼ਸ਼ੀਲ ਤਬਕਿਆਂ ਦਾ ਇਕ ਵਿਸ਼ਾਲ ਮੰਚ ਖੜਾ ਕਰਕੇ ਹਾਕਮਾਂ ਨੂੰ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਉਲੱਦਣ ਲਈ ਮਜ਼ਬੂਰ ਕੀਤਾ ਜਾਵੇ। ਵਿਸ਼ਵੀਕਰਨ ਦੇ ਚੌਖਟੇ 'ਚੋਂ ਬਾਹਰ ਨਿਕਲੇ ਬਿਨਾ ਸਮਾਜ ਦੇ ਕਿਸੇ ਵੀ ਵਰਗ ਦਾ ਵਿਕਾਸ ਸੰਭਵ ਨਹੀਂ।

ਇੱਥੇ ਨਾਓਮੀ ਕਲਾਈਨ ਵਲੋਂ ਉਠਾਏ ਗਏ ਇਕ ਹੋਰ ਅਹਿਮ ਮੁੱਦੇ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਉਸ ਨੇ ਪੋਲੈਂਡ ਦੀ ਸਾਲੀਡੈਰਿਟੀ ਲਹਿਰ ਅਤੇ ਦੱਖਣੀ ਅਫ਼ਰੀਕਾ ਦੀ ਅਫ਼ਰੀਕਨ ਨੈਸ਼ਨਲ ਕਾਂਗਰਸ ਦੀਆਂ ਇਤਿਹਾਸਕ ਜਦੋਜਹਿਦਾਂ ਦੇ ਤਜਰਬਿਆਂ ਦਾ ਵਿਸਤ੍ਰਿਤ ਵੇਰਵਾ ਦੇ ਕੇ ਦੱਸਿਆ ਹੈ ਕਿ ਕੋਈ ਵੀ ਲੋਕਪੱਖੀ, ਇਨਕਲਾਬੀ ਜਾਂ ਤਰੱਕੀਪਸੰਦ ਲਹਿਰ ਜੇ ਨਵਉਦਾਰਵਾਦ ਵਿਰੁਧ ਸਮਝੌਤਾ ਰਹਿਤ ਲੜਾਈ ਦਾ ਪੈਂਤੜਾ ਲੈ ਕੇ ਨਹੀਂ ਚੱਲਦੀ ਤਾਂ ਸਿਆਸੀ ਜਿੱਤਾਂ, ਲਹਿਰਾਂ ਦੀਆਂ ਪ੍ਰਾਪਤੀਆਂ ਅਤੇ ਕੁਰਬਾਨੀਆਂ ਨਾ ਸਿਰਫ਼ ਵਿਅਰਥ ਹੋ ਕੇ ਰਹਿ ਜਾਂਦੀਆਂ ਹਨ ਸਗੋਂ ਕਿਸੇ ਸਮੇਂ ਲੋਕਪੱਖੀ ਰਹੇ ਆਗੂ ਖ਼ੁਦ ਹੀ ਆਪਣੇ ਸਿਆਸੀ ਪ੍ਰੋਗਰਾਮ ਦੇ ਵਿਰੁਧ ਜਾ ਕੇ ਲੋਕਾਂ ਉਪਰ ਨਵਉਦਾਰਵਾਦੀ ਨੀਤੀਆਂ ਲਾਗੂ ਕਰਨ ਦਾ ਸੰਦ ਬਣ ਜਾਂਦੇ ਹਨ। ਚਾਹੇ ਇਹ ਜਨਤਾ ਅਤੇ ਆਪਣੇ ਕਾਡਰ ਨੂੰ ਹਨੇਰੇ 'ਚ ਰੱਖ ਕੇ ਲਾਗੂ ਕਰਨ, ਚਾਹੇ ਜਬਰ ਰਾਹੀਂ, ਉਨ੍ਹਾਂ ਦਾ ਸਿਆਸੀ ਵਿਚਾਰਧਾਰਕ ਨਿਘਾਰ ਅਟੱਲ ਹੈ। ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦੀ ਸਰਕਾਰ ਦੀ ਕਾਰਗੁਜ਼ਾਰੀ ਸਾਡੇ ਸਾਹਮਣੇ ਹੈ।

ਅੰਤ ਵਿਚ ਕੁਝ ਸ਼ਬਦ ਕਿਤਾਬ ਦੇ ਅਨੁਵਾਦ ਬਾਰੇ। ਕਿਸੇ ਵੀ ਬਿਗਾਨੀ ਭਾਸ਼ਾ 'ਚੋਂ ਅਨੁਵਾਦ ਕਰਨਾ ਸੌਖਾ ਕੰਮ ਨਹੀਂ ਹੁੰਦਾ। ਇਹ ਸਿਰਫ਼ ਇਕ ਬੋਲੀ ਨੂੰ ਦੂਜੀ ਵਿਚ ਬਦਲਣ ਦੀ ਕਸਰਤ ਨਹੀਂ ਹੁੰਦੀ, ਸਗੋਂ ਦੋ ਬੋਲੀਆਂ ਨਾਲ ਜੁੜੇ ਸਮੁੱਚੇ ਸਭਿਆਚਾਰਾਂ ਦਾ ਮੇਲ ਕਰਾਉਣ ਦੀ ਕਰਾਮਾਤ ਹੁੰਦੀ ਹੈ। ਕੋਈ ਵਧੀਆ ਵਿਚੋਲਾ ਹੀ ਦੋ ਪਰਿਵਾਰਾਂ ਦੀ ਸਾਂਝ ਪੁਆ ਸਕਦਾ ਹੈ। ਇਸ ਕਿਤਾਬ ਨੂੰ ਪੜ੍ਹ ਕੇ ਇਉਂ ਨਹੀਂ ਲੱਗਦਾ ਕਿ ਇਹ ਕਿਸੇ ਵਿਦੇਸ਼ੀ ਭਾਸ਼ਾ ਦੀ ਕਿਤਾਬ ਦਾ ਅਨੁਵਾਦ ਹੈ, ਸਗੋਂ ਪੰਜਾਬੀ ਦੀ ਮੂਲ ਕਿਤਾਬ ਜਾਪਦੀ ਹੈ। ਸਾਥੀ ਬੂਟਾ ਸਿੰਘ ਵੱਲੋਂ ਇੰਨੇ ਵੱਡੇ ਪ੍ਰਾਜੈਕਟ ਨੂੰ ਇਕੱਲਿਆਂ ਹੱਥ ਪਾਉਣਾ ਸੱਚਮੁਚ ਹੀ ਕਰਾਮਾਤ ਵਰਗੀ ਗੱਲ ਹੈ। ਆਸ ਹੈ ਕਿ ਇਹ ਕਿਤਾਬ ਨਵਉਦਾਰਵਾਦੀ ਨੀਤੀਆਂ ਦੇ ਹਮਲੇ ਵਿਰੁਧ ਜਦੋਜਹਿਦ 'ਚ ਜੁੱਟੀਆਂ ਲੋਕਪੱਖੀ ਤਾਕਤਾਂ ਨੂੰ ਇਨ੍ਹਾਂ ਨੀਤੀਆਂ ਦੇ ਸਿਧਾਂਤਕ ਅਤੇ ਵਿਵਹਾਰਕ ਪਹਿਲੂਆਂ ਬਾਰੇ ਹੋਰ ਸਪਸ਼ਟ ਹੋਣ 'ਚ ਗਿਣਨਯੋਗ ਭੂਮਿਕਾ ਨਿਭਾਏਗੀ।

**ਫੁੱਟ ਨੋਟ: (ੲ)** ਸਾਡੇ ਹੁਕਮਰਾਨਾਂ ਵਲੋਂ ਅਪਨਾਈ ਇਸ ਸਨਅਤੀ ਨੀਤੀ ਅਤੇ ਹੋਰ ਨੀਤੀਗਤ ਫੈਸਲਿਆਂ ਦੀ ਲੜੀ ਦਾ ਨਤੀਜਾ ਹੇਠ ਲਿਖੀਆਂ ਗੱਲਾਂ ਵਿਚ ਨਿਕਲਿਆ ਹੈ :

1. ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦੇ ਦਾਖਲੇ ਲਈ ਸਾਰੀਆਂ ਸਨਅਤਾਂ ਦੇ ਬੂਹੇ ਖੋਲ੍ਹਣਾ।

2. ਵਿਦੇਸ਼ੀ ਪੂੰਜੀ ਦੀ ਹੱਦ 40 ਫੀਸਦੀ ਤੋਂ ਵਧਾ ਕੇ 51 ਫੀਸਦੀ ਅਤੇ ਫੇਰ ਕੁੱਝ ਵਿਸ਼ੇਸ਼ ਸਨਅਤਾਂ ਵਿਚ ਸੌ ਫੀਸਦੀ ਤੱਕ ਕਰਨਾ।

3. ਜਨਤਕ ਖੇਤਰ ਦੇ ਸਿਰਫ਼ ਛੇ ਉਦਯੋਗ ਹੀ ਰਾਖਵੇਂ ਰੱਖੇ ਗਏ, ਜਿਨ੍ਹਾਂ ਵਿਚ ਸੁਰੱਖਿਆ, ਪ੍ਰਮਾਣੂ ਊਰਜਾ, ਕੋਲਾ ਤੇ ਕੱਚਾ ਕੋਲਾ, ਖਣਿਜੀ ਤੇਲ, ਰੇਲਵੇ ਢੋਆ ਢੁਆਈ ਅਤੇ ਪ੍ਰਮਾਣੂ ਊਰਜਾ ਦੇ ਖੇਤਰ ਵਿਚ ਨਿਸ਼ਚਿਤ ਕੀਤੇ ਗਏ ਖਣਿਜ ਪਦਾਰਥ। ਇਸ ਤਰ੍ਹਾਂ ਬਹੁਕੌਮੀ ਕੰਪਨੀਆਂ ਨੂੰ ਲੋਹੇ ਤੇ ਇਸਪਾਤ, ਖਾਣਾਂ ਵਿਚੋਂ ਲੋਹਾ ਕੱਢਣ, ਭਾਰੇ ਬਿਜਲਈ ਪਲਾਂਟ, ਟੈਲੀਫੋਨ ਤੇ ਟੈਲੀਫੋਨ ਦੀਆਂ ਤਾਰਾਂ ਅਤੇ ਬਿਜਲੀ ਦੀ ਵੰਡ ਆਦਿ ਦੇ ਖੇਤਰਾਂ ਵਿਚ ਦਾਖਲ ਹੋਣ ਦੀ ਆਗਿਆ ਮਿਲ ਗਈ।

4. ਛੋਟੀਆਂ ਸਨਅਤਾਂ ਦੇ ਖੇਤਰ ਨੂੰ ਦਿੱਤੀ ਹੋਈ ਸੁਰੱਖਿਆ ਘਟਾ ਦਿੱਤੀ ਗਈ। ਤਿਆਰ ਕੀਤੇ ਵਸਤਰਾਂ ਨੂੰ ਪਹਿਲਾਂ ਹੀ ਇਸ ਖੇਤਰ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ।

5. ਸਿਰਫ਼ ਚੋਣਵੀਆਂ ਸਨਅਤਾਂ ਨੂੰ ਛੱਡ ਕੇ, ਸਨਅਤਾਂ ਲਈ ਲਾਇਸੰਸ ਦੀ ਸ਼ਰਤ ਖਤਮ ਕਰ ਦਿੱਤੀ।

6. ਵੱਡੀਆਂ ਕੰਪਨੀਆਂ ਦੇ ਵਿਸਥਾਰ 'ਤੇ ਐਮ.ਆਰ.ਟੀ.ਪੀ. ਐਕਟ ਰਾਹੀਂ ਲਾਈਆਂ ਰੋਕਾਂ ਖਤਮ ਕਰ ਦਿੱਤੀਆਂ।

7. ਵਸਤਾਂ ਦੇ ਵਿਦੇਸ਼ੀ ਨਾਂ ਵਰਤਣ ਬਾਰੇ ਨੀਤੀ ਨਰਮ ਕਰ ਦਿੱਤੀ।

8. ਬਹੁਕੌਮੀ ਕੰਪਨੀਆਂ ਨੂੰ ਉਤਪਾਦਨ ਲਈ ਵਿਦੇਸ਼ੀ ਜਾਂ ਦੇਸੀ ਸਮੱਗਰੀ ਵਿਚੋਂ ਕਿਸੇ ਨੂੰ ਵੀ ਵਰਤਣ ਦੀ ਖੁੱਲ੍ਹ ਦੇ ਦਿੱਤੀ ਗਈ।

# ਗ਼ਦਰ ਦੀ ਬੁਲੰਦ ਆਵਾਜ਼: 'ਗ਼ਦਰ' ਅਖ਼ਬਾਰ

■ ਗੁਰਚਰਨ ਸਿੰਘ ਸਹਿੰਸਰਾ

**ਗ਼ਦਰੀਆਂ ਵੱਲੋਂ ਗ਼ਦਰ ਮਚਾਉਣ ਲਈ ਕੀਤੀ ਜਾ ਰਹੀ ਸਰਗਰਮੀ ਅਤੇ ਤਿਆਰੀ ਵਿਚ 'ਗ਼ਦਰ' ਅਖ਼ਬਾਰ ਦਾ ਬਹੁਤ ਵੱਡਾ ਅਤੇ ਵਿਲੱਖਣ ਰੋਲ ਰਿਹਾ ਹੈ। ਇਸ ਮੁਹਿੰਮ ਤੋਂ ਗ਼ਦਰੀਆਂ ਦੀ ਚੌਤਰਫੀ ਲਾਮਬੰਦੀ ਦੀ ਕਨਸੋਅ ਵੀ ਪੈਂਦੀ ਹੈ। ਗ਼ਦਰ ਦੇ ਪ੍ਰਾਪੇਗੰਡਾ ਲਈ ਇਨ੍ਹਾਂ ਸੂਰਬੀਰਾਂ ਨੇ ਪੱਤਰਕਾਰੀ ਨੂੰ ਅਜਿਹੀ ਸੇਧ ਅਤੇ ਦਿਸ਼ਾ ਵਿਚ ਮੋੜਿਆ ਕਿ ਇਸ ਦੀ ਪੈੜਾਂ ਅੱਜ ਵੀ ਪੈਂਦੀਆਂ ਦਿਸਦੀਆਂ ਹਨ। ਗੁਰਚਰਨ ਸਿੰਘ ਸਹਿੰਸਰਾ ਦੇ ਇਸ ਲੇਖ ਵਿਚ 'ਗ਼ਦਰ' ਅਖ਼ਬਾਰ ਲਈ ਵੇਲੇ ਗਏ ਪਾਪੜਾਂ ਦਾ ਖੁੱਲ੍ਹਾ ਖੁਲਾਸਾ ਹੋਇਆ ਹੈ। ਇਸ ਖੁਲਾਸੇ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਨੌਜਵਾਨ ਅੰਗਰੇਜ਼ਾਂ ਖਿਲਾਫ ਆਪਣੀ ਲੜਾਈ ਨੂੰ ਕਿਸ ਪੱਧਰ 'ਤੇ ਲਿਜਾਣਾ ਲੋਚਦੇ ਸਨ। ਅੰਗਰੇਜ਼ਾਂ ਖਿਲਾਫ ਆਪਣੀ ਲੜਾਈ ਦਾ ਮੂੰਹ-ਮੱਥਾ ਸੰਵਾਰਨ ਲਈ ਇਨ੍ਹਾਂ ਨੇ ਹਰ ਅੜਿੱਕਾ ਪਾਰ ਕਰਨ ਲਈ ਭਰਪੂਰ ਹੰਭਲੇ ਮਾਰੇ। 'ਗ਼ਦਰ' ਅਖ਼ਬਾਰ ਇਸ ਹੰਭਲੇ ਦੀ ਹੀ ਜਾਨਦਾਰ ਕੜੀ ਹੈ।-ਸੰਪਾਦਕ**

ਅਸਟੋਰੀਆ ਵਿਚ ਪਾਰਟੀ ਦੇ ਕੰਮ ਦਾ ਮੁੱਢ ਬੰਨ੍ਹ ਕੇ ਕੇਂਦਰੀ ਦਫਤਰ ਸਾਨਫਰਾਂਸਿਸਕੋ ਵਿਚ ਰੱਖਣ ਦਾ ਫੈਸਲਾ ਹੋਇਆ। ਇਸ ਕਰਕੇ ਕਿ ਇਹ ਸ਼ਹਿਰ ਅਮਰੀਕਾ ਦੇ ਪੱਛਮੀ ਹਿੱਸੇ ਦੀ ਆਰਥਿਕ ਤੇ ਸਿਆਸੀ ਸਰਗਰਮੀ ਦਾ ਕੇਂਦਰ ਸੀ; ਦੂਜੇ ਏਸ਼ੀਆ ਵਾਲੇ ਪਾਸੇ ਨੂੰ ਅਮਰੀਕਾ ਦੇ ਪੱਛਮੀ ਕੰਢੇ ਦਾ ਬਹੁਤ ਬੜਾ ਸਮੁੰਦਰੀ ਘਾਟ ਸੀ; ਤੀਜੇ ਚੀਨ, ਆਇਰਲੈਂਡ, ਪੋਲੈਂਡ, ਰੂਸ ਆਦਿ ਦੇਸ਼ਾਂ ਦੇ ਕਈ ਇਨਕਲਾਬੀ ਆਪਣੀਆਂ ਜਾਬਰ ਹਕੂਮਤਾਂ ਦੇ ਜ਼ੁਲਮੀ ਪੰਜੇ ਵਿਚੋਂ ਨਿਕਲ ਕੇ ਇਥੇ ਆ ਕੇ ਰਹਿੰਦੇ ਅਤੇ ਇਥੋਂ ਆਪਣੇ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਨਾਲ ਸਬੰਧ ਜੋੜ ਕੇ ਕੰਮ ਕਰ ਰਹੇ ਸਨ। ਹਿੰਦੀ ਇਨਕਲਾਬੀਆਂ ਨੇ ਵੀ ਇਸੇ ਹੀ ਸ਼ਹਿਰ ਨੂੰ ਆਪਣੀ ਲਹਿਰ ਦੀ ਰਾਜਧਾਨੀ ਬਣਾਇਆ।

ਸਾਨਫਰਾਂਸਿਸਕੋ ਸਮੁੰਦਰ ਵਿਚੋਂ ਉਭਰੀ ਪਹਾੜੀ ਉਤੇ ਵੱਸਦਾ ਹੈ। ਇਸ ਪਹਾੜੀ ਦੇ ਸਿਖਰ 'ਤੇ ਹਿੱਲ ਸਟਰੀਟ (ਪਹਾੜ ਗਲੀ) ਹੈ। ਇਸ ਗਲੀ ਦਾ 436 ਨੰਬਰ ਮਕਾਨ ਕਿਰਾਏ 'ਤੇ ਲੈ ਕੇ ਯੁਗਾਂਤਰ ਆਸ਼ਰਮ ਭਾਵ ਗਦਰ ਆਸ਼ਰਮ ਕਾਇਮ ਕਰਕੇ ਕੰਮ ਕਾਰ ਦਾ ਹੈੱਡਕੁਆਰਟਰ ਬਣਾਇਆ ਗਿਆ। ਦਫਤਰ ਤੇ ਅਖਬਾਰ ਦਾ ਕੰਮ ਇਥੋਂ ਚਲਾਇਆ ਗਿਆ। ਪਹਿਲਾਂ ਪਹਿਲ ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ ਤੇ ਰਘਬਰ ਦਿਆਲ ਗੁਪਤਾ ਹੀ ਇਸ ਦਫਤਰ ਵਿਚ ਕੰਮ ਕਰਨ ਲੱਗੇ। ਲਾਲਾ ਹਰਦਿਆਲ ਅਖਬਾਰ ਦਾ ਮਜ਼ਮੂਨ ਲਿਖਦੇ, ਰਘਬਰ ਦਿਆਲ ਉਰਦੂ ਅਤੇ ਭਾਈ ਕਰਤਾਰ ਸਿੰਘ ਸਰਾਭਾ ਗੁਰਮੁਖੀ ਵਿਚ ਸਾਈਕਲੋ ਸਟਾਈਲ ਤਰੀਕੇ ਨਾਲ ਛਾਪਦੇ। ਦੋ ਤਿੰਨ ਪਰਚੇ ਬਾਹਰ ਜਾਂਦਿਆਂ ਹੀ ਅਖ਼ਬਾਰ ਦੀ ਮੰਗ ਬੇਅੰਤ ਵਧ ਗਈ। ਸਾਈਕਲੋ ਸਟਾਈਲ ਮਸ਼ੀਨ ਲੋੜੀਂਦੀ ਛਪਾਈ ਪੂਰੀ ਨਾ ਕਰ ਸਕੀ। ਪਹਿਲੇ ਹੀ ਮਹੀਨੇ ਦੇ ਅਖੀਰ 'ਤੇ ਵੈਲਨਸ਼ੀਆਂ ਸਟਰੀਟ ਵਿਚ 1324 ਨੰਬਰ ਦਾ ਹੋਰ ਮਕਾਨ ਕਰਾਏ 'ਤੇ ਲੈ ਕੇ ਬਿਜਲੀ ਨਾਲ ਚੱਲਣ ਵਾਲੀ ਵੱਡੀ ਲਿਥੋ ਮਸ਼ੀਨ ਖਰੀਦ ਕੇ ਉਥੇ ਲਾਈ ਗਈ ਅਤੇ ਅਖਬਾਰ ਦਾ ਕੰਮ ਉਥੋਂ ਚਲਾਇਆ ਗਿਆ। ਇਸ ਤਰੀਕੇ ਨਾਲ ਅਖਬਾਰ ਦੀ ਨਿੱਤ ਵਧ ਰਹੀ ਮੰਗ ਪੂਰੀ ਕਰ ਦਿੱਤੀ ਗਈ।

ਇਹ ਕੰਮ ਚਲਾਉਣ ਲਈ ਬੰਦਿਆਂ ਦੀ ਲੋੜ ਵਧ ਗਈ। ਭਾਈ ਕਰਤਾਰ ਸਿੰਘ ਸਰਾਭਾ ਤੇ ਰਘਬਰ ਦਿਆਲ ਗੁਪਤਾ ਨਾਲ ਭਾਈ ਕਰਤਾਰ ਸਿੰਘ (ਦੁੱਕੀ) ਲਤਾਲਾ, ਭਾਈ ਬਸੰਤ ਸਿੰਘ ਚੋਂਦਾ (ਪਟਿਆਲਾ), ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਸ੍ਰੀ ਖੇਮ ਚੰਦ ਨੂੰ ਸੱਦ ਕੇ ਅਖਬਾਰ ਦੇ ਕੰਮ 'ਤੇ ਲਾ ਲਿਆ ਗਿਆ। ਖੇਮ ਚੰਦ ਦਾਸ ਜੀ ਗੁਜਰਾਤੀ ਸਨ, ਉਹ ਦੋ ਤਿੰਨਾਂ ਅਖਬਾਰਾਂ ਦਾ ਸਾਰ ਅੰਸ਼ ਗੁਜਰਾਤੀ ਜ਼ੁਬਾਨ ਵਿਚ ਕਰਕੇ ਮਹੀਨੇ ਵਿਚ ਇਕ ਦੋ ਵਾਰ 'ਗ਼ਦਰ' ਦੀ ਗੁਜਰਾਤੀ ਐਡੀਸ਼ਨ ਵੀ ਛਾਪ ਦਿੰਦੇ। ਇਸੇ ਤਰ੍ਹਾਂ ਰਘਬਰ ਦਿਆਲ ਗੁਪਤਾ ਜੋ ਹਿੰਦੀ ਜਾਣਦੇ ਸਨ, ਪਾਸੋਂ ਪੰਜਾਂ ਚਹੁੰ ਪਰਚਿਆਂ ਦਾ ਸਾਰ ਅੰਸ਼ ਕਰਵਾ ਕੇ ਹਿੰਦੀ ਦਾ ਪਰਚਾ ਵੀ ਕਿਤੇ ਕਿਤੇ ਛਾਪ ਦਿੱਤਾ ਜਾਂਦਾ।

ਅਖਬਾਰ ਦੇ ਸਿਰ ਵਰਕੇ ਉਤੇ ਨੁੱਕਰਾਂ ਵਿਚ ਬੰਦੇ ਮਾਤਰਮ ਦਾ ਨਾਅਰਾ ਲਿਖਿਆ ਹੁੰਦਾ ਸੀ ਤੇ ਵਿਚਕਾਰ: ਜੇ ਚਿਤ ਪਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ।

ਪਹਿਲੇ ਸਫੇ ਉੱਤੇ ਹਮੇਸ਼ਾਂ "ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ" ਦੀ ਸੁਰਖੀ ਹੇਠਾਂ ਅੰਗਰੇਜ਼ੀ ਰਾਜ ਦੀ ਹਿੰਦ ਵਿਚੋਂ ਲੁੱਟ ਖਸੁੱਟ, ਆਰਥਿਕ ਤੇ ਸਿਆਸੀ ਚਾਲਾਂ ਨੂੰ ਨੰਗਿਆਂ ਕਰਨ ਵਾਲੇ ਤਤਕਰੇ ਲਿਖੇ ਹੁੰਦੇ ਸਨ। ਇਕ ਸਫਾ ਸ੍ਰੀ ਸਾਵਰਕਰ ਦੀ 'ਆਜ਼ਾਦੀ ਲਈ ਹਿੰਦ ਦੀ ਲੜਾਈ' ਨਾਮੀ 1857 ਦੇ ਗ਼ਦਰ ਦੀ ਤਵਾਰੀਖ ਵਿਚੋਂ ਮਜ਼ਮੂਨ ਨਕਲ ਕੀਤਾ ਜਾਂਦਾ ਸੀ। ਅੱਧਾ ਸਫਾ 'ਅੰਗਾਂ ਦੀ ਗਵਾਹੀ' ਦੀ ਸੁਰਖੀ ਹੇਠਾਂ ਅੰਕੜਿਆਂ ਵਿਚ ਅੰਗਰੇਜ਼ਾਂ ਦੀ ਲੁਟ ਖਸੁੱਟ ਤੇ ਜ਼ੁਲਮ ਜਬਰ ਦੀਆਂ ਗੱਲਾਂ ਲਿਖੀਆਂ ਹੁੰਦੀਆਂ ਸਨ। ਅੱਧਾ ਸਫਾ ਅਮਰੀਕਾ ਦੇ ਹਿੰਦੀਆਂ ਨੂੰ ਉਦੇਸ਼ ਜਾਂ ਉਨ੍ਹਾਂ ਦਿਆਂ ਮਸਲਿਆਂ ਬਾਰੇ ਹੰਦਾ ਸੀ। ਹਿੰਦੁਸਤਾਨ ਦੀਆਂ ਘਟਨਾਵਾਂ ਅਤੇ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਵਿਰੁੱਧ ਮਜ਼ਮੂਨ, ਕੁਝ ਕਵਿਤਾਵਾਂ ਤੇ ਬਾਕੀ ਕੌਮਾਂਤਰੀ ਪਿੜ ਵਿਚ ਬਰਤਾਨਵੀ ਸਾਮਰਾਜ ਦੀ ਦਖ਼ਲ ਅੰਦਾਜ਼ੀ ਤੇ ਫਿਰਕਾਦਾਰ ਲੀਡਰਾਂ ਤੇ ਸਭਾਵਾਂ ਦੇ ਭੰਡੀ ਲੇਖ ਆਦਿ ਕੁਲ 8 ਸਫੇ ਹੁੰਦੇ ਸਨ।



ਭਾਈ ਭਗਵਾਨ ਸਿੰਘ



ਮੌਲਵੀ ਬਰਕਤ ਉੱਲਾ

*ਜਿਉਂ ਜਿਉਂ ਗ਼ਦਰ ਲਹਿਰ ਵਧੀ ਤੇ ਹਿੰਦੀ ਜਨਤਾ ਵਿਚ ਇਨਕਲਾਬੀ ਤਾਅ ਆਇਆ, ਅਖਬਾਰ ਦੀ ਖਪਤ ਵਧਦੀ ਗਈ। ਅਖਬਾਰ ਦੇ ਉਰਦੂ ਤੇ ਪੰਜਾਬੀ ਤੋਂ ਇਲਾਵਾ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ, ਨੇਪਾਲੀ ਵਿਚ ਵੀ ਸਪੈਸ਼ਲ ਨੰਬਰ ਨਿਕਲਣ ਲੱਗ ਪਏ। ਅਖਬਾਰ ਕਈ ਹਜ਼ਾਰਾਂ ਦੀ ਗਿਣਤੀ ਵਿਚ ਛਾਪਿਆ ਤੇ ਵੰਡਿਆ ਜਾਣ ਲੱਗਾ, ਕਿਹਾ ਜਾਂਦਾ ਹੈ ਕਿ 1916 ਵਿਚ ਇਹ ਹਫਤੇ ਦਾ ਦਸ ਲੱਖ ਛਪਣ ਗਿਆ ਸੀ।*

ਪਹਿਲੇ ਸਫੇ ਉੱਤੇ ਲਗਾਤਾਰ ਬਿਨਾਂ ਬਦਲ ਛਾਪੀਆਂ ਜਾਂਦੀਆਂ ਪੱਕੀਆਂ ਗੱਲਾਂ ਵਿਚੋਂ 12 ਵੀਂ ਗੱਲ ਇਹ ਸੀ ਕਿ-"ਪਿਛਲੇ ਸੰਨ 1857 ਵਾਲੇ ਗ਼ਦਰ ਨੂੰ 56 ਸਾਲ ਹੋ ਗਏ ਹਨ" ਤੇ ਅਖੀਰਲੀ 13ਵੀਂ ਇਹ ਗੱਲ ਸੀ ਕਿ "ਹੁਣ ਦੂਸਰੇ ਗ਼ਦਰ ਦੀ ਬਹੁਤ ਛੇਤੀ ਲੋੜ ਹੈ।"

ਇਸ ਤੋਂ ਪਾਰਟੀ ਦੇ ਮਨੋਰਥ ਦਾ ਪਤਾ ਲੱਗਦਾ ਹੈ ਕਿ ਪਾਰਟੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਹਥਿਆਰਾਂ ਦੇ ਜ਼ੋਰ ਉਲਟਾਉਣ ਲਈ ਤਿਆਰ ਹੋ ਰਹੀ ਸੀ। ਆਮ ਹਿੰਦੀਆਂ ਨੂੰ ਗ਼ਦਰ, ਭਾਵ ਬਗਾਵਤ ਦਾ ਸੱਦਾ ਦਿੰਦੀ ਤੇ ਉਨ੍ਹਾਂ ਤੋਂ ਅੰਗਰੇਜ਼ੀ ਰਾਜ ਦਾ ਦਬਕਾ ਲਾਹੁੰਦੀ ਸੀ।

'ਗ਼ਦਰ' ਅਖ਼ਬਾਰ ਦੀ ਛਪਾਈ ਅਤੇ ਵੰਡ ਨੇ ਜਿਥੇ ਸੁੱਤੇ ਹੋਏ ਹਿੰਦੀਆਂ ਵਿਚ ਕੌਮੀ ਜਾਗ ਲਾਈ ਤੇ ਜਾਗੇ ਹੋਇਆਂ ਨੂੰ ਜਥੇਬੰਦੀ ਦਾ ਰਾਹ ਦੱਸ ਕੇ ਇਨਕਲਾਬੀ ਲੀਹੇ ਚਾੜ੍ਹਨਾ ਸ਼ੁਰੂ ਕੀਤਾ, ਉਥੇ ਹਿੰਦ ਵਿਚ ਕੁਲ ਹਿੰਦ ਕੌਮੀ ਕਾਂਗਰਸ ਦੀ ਅਰਜ਼ੀਆਂ ਪਰਚਿਆਂ ਦੀ ਸੁਧਾਰ ਮੰਗੂ ਲਹਿਰ ਅਤੇ ਅੰਗਰੇਜ਼ੀ ਰਾਜ ਨਾਲ ਮਿਲ ਵਰਤ ਕੇ ਚੱਲ ਰਹੀਆਂ ਫਿਰਕਾਪ੍ਰਸਤ ਤੇ ਫੁਟ ਪਾਊ ਅੰਗਰੇਜ਼ ਮਿੱਤਰ ਜਥੇਬੰਦੀਆਂ ਦੀ ਵੀ ਖਬਰ ਲੈਣੀ ਤੇ ਇਨ੍ਹਾਂ ਦੀ ਲੋਕਾਂ ਵਿਚ ਕਲਈ ਖੋਲ੍ਹਣੀ ਸ਼ੁਰੂ ਕੀਤੀ। ਲਹਿਰ ਦੇ ਦੁਸ਼ਮਣ ਅੰਗਰੇਜ਼ੀ ਸਾਮਰਾਜ ਨੂੰ ਬੜਾ ਫਿਕਰ ਲੱਗਾ। ਉਹ ਅਖ਼ਬਾਰ ਦੇ ਛਪਣ ਨੂੰ ਤਾਂ ਅਮਰੀਕਾ ਹਕੂਮਤ ਤੋਂ ਹੀ ਬੰਦ ਕਰਵਾ ਸਕਦੀ ਸੀ ਜਿਸ ਲਈ ਉਸ ਨੇ ਸਫ਼ਾਰਤੀ ਚਾਲਾਂ ਚੱਲਣੀਆਂ ਸ਼ੁਰੂ ਕੀਤੀਆਂ ਪਰ ਇਸ ਦੀ ਵੰਡ ਨੂੰ ਹਿੰਦ ਤੇ ਆਪਣੀਆਂ ਬਸਤੀਆਂ ਵਿਚੋਂ ਰੋਕਣ ਲਈ ਉਸ ਨੇ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ।

ਪਰਚੇ ਦੀ ਵੰਡ ਵਾਸਤੇ ਘੋਲ: ਹਿੰਦ ਦੀ ਸਰਕਾਰ ਵਲੋਂ ਅਖਬਾਰ ਦੀ ਹਰ ਛਪਾਈ ਜ਼ਬਤ ਕਰਕੇ ਗੈਰ ਕਾਨੂੰਨੀ ਕਰਾਰ ਦੇ ਦਿੱਤੀ ਜਾਂਦੀ, ਆਇਆਂ ਪਰਚਿਆਂ ਨੂੰ ਕਾਬੂ ਕਰਨ ਲਈ ਹਾਂਗਕਾਂਗ, ਸਿੰਘਾਪੁਰ, ਕਲਕੱਤੇ, ਮਦਰਾਸ, ਬੰਬਈ, ਰੰਗੂਨ ਆਦਿ ਸਮੁੰਦਰੀ ਘਾਟਾਂ ਉੱਤੇ ਅਮਰੀਕਾ ਤੋਂ ਆ ਰਹੀ ਡਾਕ ਦੀਆਂ ਚਿੱਠੀਆਂ, ਪਾਰਸਲ ਤੇ ਬਿਲਟੀਆਂ ਉਤੇ "ਸਮੁੰਦਰੀ ਮਸੂਲ ਦਾ ਕਾਨੂੰਨ" ਲਾਗੂ ਕਰ ਦਿੱਤਾ ਗਿਆ ਜਿਸ ਅਨੁਸਾਰ ਘਾਟਾਂ ਦੀ ਪੁਲਿਸ ਨੂੰ ਜਹਾਜ਼ਾਂ ਉੱਤੇ ਹੀ ਡਾਕ ਤੇ ਬਿਲਟੀਆਂ ਖੋਲ੍ਹ ਕੇ ਵੇਖਣ ਤੇ ਅਣਚਾਹਿਆ ਮਾਲ ਜ਼ਬਤ ਕਰ ਲੈਣ ਦੇ ਅਖਤਿਆਰ ਲਿਖੇ ਹੋਏ ਸਨ। ਇਸ ਤਰ੍ਹਾਂ ਅੰਗਰੇਜ਼ੀ ਸਾਮਰਾਜ ਨੇ ਪਰਚੇ ਨੂੰ ਆਪਣੇ ਹੇਠ ਦਬੇ ਹੋਏ ਦੇਸ਼ਾਂ ਵਿਚ ਜਾਣੋਂ ਵੀ ਜਦ ਰੋਕ ਦਿੱਤਾ ਤਾਂ ਪਾਰਟੀ ਨੇ ਨਵਾਂ ਰਾਹ ਕੱਢ ਲਿਆ। ਇਨ੍ਹਾਂ ਅੰਗਰੇਜ਼ਾਂ ਹੇਠ ਦਬੇ ਹੋਏ ਦੇਸ਼ਾਂ ਨੂੰ ਭੇਜੇ ਜਾਣ ਵਾਲੇ ਪਰਚੇ ਨੂੰ ਪਾਰਟੀ ਅਮਰੀਕਾ ਤੋਂ ਸਿੱਧੀ ਮੰਜ਼ਲ ਉਤੇ ਭੇਜਣਾ ਹਟਾ ਕੇ, ਸਾਰੇ ਦਾ ਸਾਰਾ ਪਰਚਾ ਪਹਿਲਾਂ ਕੈਨੇਡਾ ਭੇਜ ਦਿੰਦੀ ਰਹੀ ਤੇ ਉਥੋਂ ਸਾਰੀਆਂ ਮੰਜ਼ਿਲਾਂ ਨੂੰ ਡਾਕ ਵਿਚ ਪਾਉਂਦੀ ਰਹੀ। ਅੰਗਰੇਜ਼ੀ ਰਾਜ ਨੂੰ ਕੈਨੇਡਾ ਦਾ ਪਤਾ ਲੱਗਣ 'ਤੇ ਪਰਚਾ ਫੇਰ ਰੁਕ ਗਿਆ ਤਾਂ ਪਾਰਟੀ ਨੇ ਜਾਪਾਨ ਤੋਂ ਭੇਜਣਾ ਸ਼ੁਰੂ ਕਰ ਦਿੱਤਾ। ਜਦੋਂ ਜਾਪਾਨ ਦੀ ਡਾਕ ਵੀ ਫਰੋਲੀ ਤੇ ਰੋਕੀ ਜਾਣ ਲੱਗੀ ਤਾਂ ਪਾਰਟੀ ਨੇ ਪਰਚਾ ਪੇਟੀਆਂ ਵਿਚ ਬੰਦ ਕਰਕੇ ਜਾਪਾਨ ਭੇਜਣਾ ਤੇ ਇਥੋਂ ਮੌਲਵੀ ਬਰਕਤ ਉੱਲਾ ਦੀ ਅਗਵਾਈ ਹੇਠ ਬਝ ਗਈ ਪਾਰਟੀ ਇਕਾਈ ਨੇ ਇਸ ਨੂੰ ਕਿਸੇ ਬੰਦੇ ਦੇ ਹੱਥ ਉਸਦੇ ਅਸਬਾਬ ਦੇ ਤੌਰ 'ਤੇ ਪੈਰਿਸ ਮੈਡਮ ਕਾਮਾ ਪਾਸ ਭੇਜਣ ਤੇ ਉਥੋਂ ਵੰਡਣ ਦਾ ਬੰਦੋਬਸਤ ਕਰ ਲਿਆ। ਪਹਿਲੀ ਵਾਰੀ ਇਹ ਕੰਮ ਭਾਈ ਭਗਵਾਨ ਸਿੰਘ ਦੇ ਸਪੁਰਦ ਕੀਤਾ ਗਿਆ।

ਮੌਲਵੀ ਬਰਕਤ ਉੱਲਾ ਨਾਲ ਅੰਗਰੇਜ਼ੀ ਸਾਮਰਾਜ ਨੇ ਬੜੀ ਚਲਾਕੀ ਖੇਡੀ ਹੋਈ ਸੀ। ਇਕ ਜਾਪਾਨੀ ਆਦਮੀ ਮੌਲਵੀ ਦੇ ਹੱਥੋਂ ਮੁਸਲਮਾਨ ਹੋ ਗਿਆ। ਇਸ ਮੁਸਲਮਾਨ ਨੂੰ ਅੰਗਰੇਜ਼ੀ ਸਫ਼ਾਰਤਖਾਨੇ ਨੇ ਖਰੀਦ ਲਿਆ। ਇਹ ਮੌਲਵੀ ਦੀਆਂ ਸਭ ਖ਼ਬਰਾਂ ਤੇ ਚਿੱਠੀ ਪੱਤਰ ਅੰਗਰੇਜ਼ੀ ਸਫ਼ੀਰ ਨੂੰ ਜਾ ਦਿੰਦਾ। ਇਹ ਸਕੀਮ ਵੀ ਉਸ ਨੇ ਅੰਗਰੇਜ਼ੀ ਸਫ਼ੀਰ ਨੂੰ ਜਾ ਦੱਸੀ। ਨਤੀਜਾ ਇਹ ਹੋਇਆ ਕਿ 'ਗ਼ਦਰ' ਨਾਲ ਭਰੀਆਂ ਭਾਈ ਭਗਵਾਨ ਸਿੰਘ ਦੀਆਂ ਪੇਟੀਆਂ ਲਿਜਾ ਰਿਹਾ ਜਹਾਜ਼ ਜਦੋਂ ਹਾਂਗਕਾਂਗ ਜਾ ਕੇ ਲੱਗਾ ਤਾਂ ਅੰਗਰੇਜ਼ੀ ਪੁਲਿਸ ਜਹਾਜ਼ 'ਤੇ ਚੜ੍ਹ ਆਈ ਤੇ ਭਾਈ ਨੂੰ ਭਾਲਣ ਲੱਗੀ। ਭਾਈ ਤਾਂ ਪੁਲਿਸ ਨੂੰ ਦੂਰੋਂ ਆਉਂਦਿਆਂ ਵੇਖ ਮਲਕੜੇ ਜਿਹੇ ਲਮਕ ਕੇ ਨਾਲ ਲੱਗੀ ਬੇੜੀ ਵਿਚ ਜਾ ਲੱਥਾ ਤੇ ਬੇੜੀ ਵਾਲੇ ਨੂੰ ਪੈਸੇ ਦੇ ਕੇ ਲਾਗੇ ਹੀ ਜਾਪਾਨ ਨੂੰ ਤੁਰ ਪਏ ਜਹਾਜ਼ ਵਿਚ ਚੜ੍ਹ ਗਿਆ। ਪੁਲਿਸ ਨੂੰ ਭਾਈ ਤਾਂ ਹੱਥ ਨਾ ਆਇਆ ਪਰ 'ਗ਼ਦਰ' ਅਖ਼ਬਾਰ ਦੀਆਂ ਦੋ ਪੇਟੀਆਂ ਕਾਬੂ ਕਰ ਲਈਆਂ ਤੇ ਇਸ ਤਰ੍ਹਾਂ ਪੈਰਿਸ ਨੂੰ ਪਰਚੇ ਭੇਜੇ ਜਾਣ ਦਾ ਪਤਾ ਲੱਗ ਗਿਆ।

ਇਸ ਤੋਂ ਮਗਰੋਂ ਪਾਰਟੀ ਦੇ ਨਵੇਂ ਨਵੇਂ ਅੱਡੇ ਅਖਬਾਰ ਭੇਜਣ ਲਈ ਤਲਾਸ਼ ਕੀਤੇ। ਹੋਮ ਪੋਲੀਟੀਕਲ ਬਰਾਂਚ ਦੀਆਂ ਮਿਸਲਾਂ ਦੇਖਣ ਤੋਂ ਪਤਾ ਲੱਗਦਾ ਹੈ ਕਿ ਵੱਡੀ ਜੰਗ ਦੇ ਪਹਿਲੇ ਸਾਲਾਂ ਤੱਕ ਪਾਰਟੀ ਨੇ ਇਸਫਹਾਨ, ਮਨੀਲਾ, ਹੰਕਾਓ, ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਰੰਗੂਨ, ਰੀਯੂਨੀਅਨ (ਅਰਬ ਸਾਗਰ ਵਿਚ ਫਰਾਂਸ ਹੇਠ ਨਿੱਕਾ ਜਿਹਾ ਟਾਪੂ), ਕੈਸਾਬਲਾਂਕਾ (ਅਫਰੀਕਾ ਦੇ ਪੱਛਮੀ ਕੰਢੇ 'ਤੇ) ਹਿੰਦ ਦੀ ਧਰਤੀ ਉਤੇ ਪੁਰਤਗਾਲ ਤੇ ਫਰਾਂਸ ਦੀਆਂ ਬਸਤੀਆਂ ਬਟਾਵਿਆ, ਮਡਗਾਸਕਰ, ਰੋਡੇਸ਼ੀਆ, ਮਰਾਕੋ, ਅਦਨ ਤੇ ਲੰਡਨ ਦੀਆਂ ਥਾਵਾਂ ਅਤੇ ਮੈਸੋਪੋਟਾਮੀਆ ਤੇ ਇਰਾਕ ਨੂੰ ਪਰਚੇ ਦੀ ਤਕਸੀਮ ਵਾਸਤੇ ਵਰਤਿਆ। ਹਾਲਾਂ ਕਿ ਰੂਸ ਵਿਚ ਜ਼ਾਰ ਦੀ ਹਕੂਮਤ ਅੰਗਰੇਜ਼ੀ ਸਾਮਰਾਜ ਦੀ ਮਿੱਤਰ ਸੀ, ਫੇਰ ਵੀ ਰੂਸ ਦੇ ਇਨਕਲਾਬੀਆਂ ਦੇ ਹੱਥੀਂ ਅਖਬਾਰ ਚੀਨ ਤੋਂ ਰੂਸ ਤੇ ਰੂਸ ਤੋਂ ਈਰਾਨ ਵੀ ਪੁਚਾਇਆ ਜਾਂਦਾ ਰਿਹਾ। ਈਰਾਨ ਤੋਂ ਸਰਹੱਦੀ ਸੂਬੇ ਤੇ ਬਲੋਚਸਤਾਨ ਨੂੰ ਆਉਂਦਾ ਰਿਹਾ। ਇਸ ਵੰਡਣ ਦੇ ਇੰਤਜ਼ਾਮ ਵਿਚ ਪਾਰਟੀ ਦੇ ਹਜ਼ਾਰਾਂ ਹੀ ਡਾਲਰ ਖਰਚ ਹੋ ਜਾਂਦੇ ਰਹੇ ਪਰ ਉਹ ਇਹ ਕੁਰਬਾਨੀ ਕਰਦੀ ਰਹੀ ਤੇ ਅੰਗਰੇਜ਼ੀ ਸਾਮਰਾਜ ਨਾਲ ਪਰਚੇ ਦੀ ਵੰਡ ਦੀ ਛਿੜੀ ਹੋਈ ਲੜਾਈ ਨੂੰ ਅਖੀਰ ਤੱਕ ਲੜਦੀ ਰਹੀ।


ਜਿਉਂ ਜਿਉਂ ਗ਼ਦਰ ਲਹਿਰ ਵਧੀ ਤੇ ਹਿੰਦੀ ਜਨਤਾ ਵਿਚ ਇਨਕਲਾਬੀ ਤਾਅ ਆਇਆ, ਅਖਬਾਰ ਦੀ ਖਪਤ ਵਧਦੀ ਗਈ। ਅਖਬਾਰ ਦੇ ਉਰਦੂ ਤੇ ਪੰਜਾਬੀ ਤੋਂ ਇਲਾਵਾ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ, ਨੇਪਾਲੀ ਵਿਚ ਵੀ ਸਪੈਸ਼ਲ ਨੰਬਰ ਨਿਕਲਣ ਲੱਗ ਪਏ। ਅਖਬਾਰ ਕਈ ਹਜ਼ਾਰਾਂ ਦੀ ਗਿਣਤੀ ਵਿਚ ਛਾਪਿਆ ਤੇ ਵੰਡਿਆ ਜਾਣ ਲੱਗਾ, ਕਿਹਾ ਜਾਂਦਾ ਹੈ ਕਿ 1916 ਵਿਚ ਇਹ ਹਫਤੇ ਦਾ ਦਸ ਲੱਖ ਛਪਣ ਗਿਆ ਸੀ।

ਜਦ ਪਾਰਟੀ ਅਖਬਾਰ ਨੂੰ ਹਿੰਦੁਸਤਾਨ ਵਿਚ ਪੁਚਾਉਣ ਦੀ ਲੜਾਈ ਲੜ ਰਹੀ ਸੀ ਤਾਂ ਪਾਰਟੀ ਨੇ ਇਕ ਹੋਰ ਸਕੀਮ ਬਣਾਈ ਜਿਸ ਨੂੰ ਭਾਈ ਕਰਤਾਰ ਸਿੰਘ ਦੁੱਕੀ ਆਪਣੇ ਬਿਆਨ ਵਿਚ ਦੱਸਦੇ ਹਨ:

"ਭਾਈ ਭਗਤ ਸਿੰਘ ਉਰਫ ਗਾਂਧਾ ਸਿੰਘ ਅਤੇ ਮੈਨੂੰ ਜੰਗ ਛਿੜਨ ਤੋਂ ਪਹਿਲਾਂ ਹਿੰਦੁਸਤਾਨ ਭੇਜਿਆ ਕਿ ਅਸੀਂ ਪੰਜਾਬੋਂ ਹਟਵੀਂ ਕਿਸੇ ਰਿਆਸਤ ਵਿਚ ਜ਼ਮੀਨ ਖਰੀਦ ਕੇ ਉਥੇ ਖੁਫੀਆ ਪਰੈੱਸ ਲਾਈਏ। ਅਖ਼ਬਾਰ ਦੇ ਮਜ਼ਮੂਨ ਸਾਨਫਰਾਂਸਿਸਕੋ ਤੋਂ ਲਿਖੇ ਜਾ ਕੇ ਇੰਗਲੈਂਡ ਕੱਪੜੇ ਦੀ ਫਾਰਮ ਪਾਸ ਜਾਇਆ ਕਰਨੇ ਸਨ। ਉਥੋਂ ਉਸ ਫਰਮ ਦੀ ਦਿੱਲੀ ਬਰਾਂਚ ਪਾਸ, ਇਥੋਂ ਅਗਾਂਹ ਕੈਲੇਫੋਰਨੀਆ ਤੋਂ ਆਉਣ ਵਾਲੀ ਇਕ ਰੂਸੀ ਲੜਕੀ ਮਿਸ ਰੂਜ਼ੋ ਕੂਹਰ ਨੇ ਉਹ ਮਜ਼ਮੂਨ ਇਨ੍ਹਾਂ ਨੂੰ ਪੁਚਾਇਆ ਕਰਨੇ ਸਨ। ਇਹ ਮਜ਼ਮੂਨ ਪਰੈੱਸ ਛਾਪ ਕੇ, ਤੇ ਅਖਬਾਰ ਸੂਟਕੇਸਾਂ ਵਿਚ ਬੰਦ ਕਰਕੇ ਕਿਸੇ ਲਾਗੇ ਦੇ ਸ਼ਹਿਰ ਵਿਚ ਇਸ ਰੂਸੀ ਲੜਕੀ ਨੂੰ ਦਿੱਤਾ ਜਾਇਆ ਕਰਨਾ ਸੀ ਜਿਸ ਨੇ ਇਸ ਨੂੰ ਪੰਜਾਬ ਤੇ ਹਿੰਦੁਸਤਾਨ ਵਿਚ ਵੰਡਈ ਦੇ ਸ਼ਹਿਰੀ ਅੱਡਿਆਂ ਉੱਤੇ ਪਹੁੰਚਾਇਆ ਕਰਨਾ ਸੀ। ਇਕ ਬੁੱਢਾ ਅੰਗਰੇਜ਼ ਸੋਸ਼ਲਿਸਟ ਤੇ ਅਮਰੀਕਨ ਮਜ਼ਦੂਰ ਲੀਡਰ ਜਿਨ੍ਹਾਂ ਦੇ ਮੈਂ ਨਾਂ ਨਹੀਂ ਜਾਣਦਾ, ਨੇ ਸਾਡੀ ਸਹਾਇਤਾ ਲਈ ਹਿੰਦ ਆਉਣਾ ਸੀ। ਅਸੀਂ ਅਜੇ ਜਾਪਾਨ ਵਿਚ ਹੀ ਸਾਂ ਕਿ ਜੰਗ ਲੱਗ ਗਈ। ਸਾਡੇ ਹਿੰਦ ਵਿਚ ਆ ਜਾਣ ਤੋਂ ਬਾਅਦ ਟਾਪੂਆਂ ਵਿਚੋਂ ਆਉਣ ਵਾਲਿਆਂ ਦੀ ਹਿੰਦ ਵਿਚ ਫੜੋ ਫੜੀ ਸ਼ੁਰੂ ਹੋ ਗਈ। ਸਾਡੇ ਜ਼ੁੰਮੇ ਲੱਗਾ ਇਹ ਕੰਮ ਵਿਚੇ ਰਹਿ ਗਿਆ।"

ਇਹ ਸੀ ਦੇਸ਼ ਵਿਚ ਜਾ ਕੇ ਅਖਬਾਰ ਛਾਪਣ ਤੇ ਵੰਡਣ ਦੀ ਵਿਉਂਤ ਜੋ ਪਾਰਟੀ ਨੇ ਬਣਾਈ। ਅਖਬਾਰ ਦੇ ਛਪਣ ਤੇ ਵਧਣ ਨਾਲ ਪਾਰਟੀ ਦੇ ਦਫਤਰ ਦਾ ਕੰਮ ਵੀ ਵਧ ਗਿਆ। ਪਾਰਟੀ ਦਫਤਰ ਤੇ ਅਖਬਾਰ ਦੀ ਬੇਅੰਤ ਡਾਕ ਆਉਣ ਜਾਣ ਲੱਗ ਪਈ ਜਿਸ ਦਾ ਜਵਾਬ ਦੇਣਾ ਮਹਾਨ ਕੰਮ ਬਣ ਗਿਆ। ਹੋਰ ਆਦਮੀਆਂ ਦੀ ਲੋੜ ਪੈ ਗਈ। ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ ਤੇ ਸ੍ਰੀ ਖਾਨਖੋਜੀ ਆਦਿ ਤਿੰਨ ਸਾਥੀ ਹੋਰ ਆਸ਼ਰਮ ਵਿਚ ਆ ਗਏ। ਇਨ੍ਹਾਂ ਤੋਂ ਇਲਾਵਾ ਬਰਕਲੇ ਯੂਨੀਵਰਸਿਟੀ ਪੜ੍ਹ ਰਹੇ ਸ੍ਰੀ ਜਤਿੰਦਰ ਨਾਥ ਲਹਿਰੀ ਤੇ ਸ੍ਰੀ ਦਰਸੀ ਚੈਨਚੈਇਆ ਨਾਮੀ ਮਦਰਾਸੀ ਵਿਦਿਆਰਥੀ ਸ਼ਨਿਚਰਵਾਰ ਤੇ ਐਤਵਾਰ ਨੂੰ ਦਫਤਰ ਦੇ ਕੰਮਾਂ ਤੇ ਅਖਬਾਰ ਦੀ ਡਾਕ ਪਾਉਣ ਵਿਚ ਆ ਸਹਾਇਤਾ ਕਰਦੇ।

*ਪਹਿਲੇ ਸਫੇ ਉੱਤੇ ਹਮੇਸ਼ਾਂ "ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ" ਦੀ ਸੁਰਖੀ ਹੇਠਾਂ ਅੰਗਰੇਜ਼ੀ ਰਾਜ ਦੀ ਹਿੰਦ ਵਿਚੋਂ ਲੁੱਟ ਖਸੁੱਟ, ਆਰਥਿਕ ਤੇ ਸਿਆਸੀ ਚਾਲਾਂ ਨੂੰ ਨੰਗਿਆਂ ਕਰਨ ਵਾਲੇ ਤਤਕਰੇ ਲਿਖੇ ਹੁੰਦੇ ਸਨ। ਇਕ ਸਫਾ ਸ੍ਰੀ ਸਾਵਰਕਰ ਦੀ 'ਆਜ਼ਾਦੀ ਲਈ ਹਿੰਦ ਦੀ ਲੜਾਈ' ਨਾਮੀ 1857 ਦੇ ਗ਼ਦਰ ਦੀ ਤਵਾਰੀਖ ਵਿਚੋਂ ਮਜ਼ਮੂਨ ਨਕਲ ਕੀਤਾ ਜਾਂਦਾ ਸੀ। ਅੱਧਾ ਸਫਾ 'ਅੰਗਾਂ ਦੀ ਗਵਾਹੀ' ਦੀ ਸੁਰਖੀ ਹੇਠਾਂ ਅੰਕੜਿਆਂ ਵਿਚ ਅੰਗਰੇਜ਼ਾਂ ਦੀ ਲੁਟ ਖਸੁੱਟ ਤੇ ਜ਼ੁਲਮ ਜਬਰ ਦੀਆਂ ਗੱਲਾਂ ਲਿਖੀਆਂ ਹੁੰਦੀਆਂ ਸਨ। ਅੱਧਾ ਸਫਾ ਅਮਰੀਕਾ ਦੇ ਹਿੰਦੀਆਂ ਨੂੰ ਉਦੇਸ਼ ਜਾਂ ਉਨ੍ਹਾਂ ਦਿਆਂ ਮਸਲਿਆਂ ਬਾਰੇ ਹੰਦਾ ਸੀ। ਹਿੰਦੁਸਤਾਨ ਦੀਆਂ ਘਟਨਾਵਾਂ ਅਤੇ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਵਿਰੁੱਧ ਮਜ਼ਮੂਨ, ਕੁਝ ਕਵਿਤਾਵਾਂ ਤੇ ਬਾਕੀ ਕੌਮਾਂਤਰੀ ਪਿੜ ਵਿਚ ਬਰਤਾਨਵੀ ਸਾਮਰਾਜ ਦੀ ਦਖ਼ਲ ਅੰਦਾਜ਼ੀ ਤੇ ਫਿਰਕਾਦਾਰ ਲੀਡਰਾਂ ਤੇ ਸਭਾਵਾਂ ਦੇ ਭੰਡੀ ਲੇਖ ਆਦਿ ਕੁਲ 8 ਸਫੇ ਹੁੰਦੇ ਸਨ।*



بندے ماترم

غدر

انگریزی راج کا دشمن

لالہ ہردیال جی کی گرفتاری - ضمانت

مقدمہ کے حالات اور اس کے متعلق

سان فرانسسکو کے روزانہ اخبارات

کے مضامین

انگریزی راج کا کچا چٹھا

THE SECRETARY
YUGANTAR ASHRAM
SAN FRANCISCO

ਗ਼ਦਰ (ਉਰਦੂ) ਦਾ 22 ਮਾਰਚ, 1914 ਵਾਲਾ ਅੰਕ।

ਰੂਸੀ ਕਹਾਣੀ

# ਸ਼ਰਤ

***ਸੰਸਾਰ ਸਾਹਿਤ ਦੇ ਵਿਲੱਖਣ ਨਗੀਨੇ ਰੂਸੀ ਕਥਾਕਾਰ ਅੰਤੋਨ ਚੈਖ਼ਵ ਦੀ ਇਹ ਕਹਾਣੀ ਬੰਦੇ ਦੇ ਧੁਰ ਅੰਦਰ ਰਸੀ-ਵਸੀ ਪਈ ਤਮ੍ਹਾਂ 'ਤੇ ਕਰਾਰੀ ਚੋਟ ਕਰਦੀ ਹੈ। ਵੱਖ ਵੱਖ ਪੁਰਾਤਨ ਕਬੀਲਿਆਂ ਦਾ ਇਤਿਹਾਸ ਦੱਸਦਾ ਹੈ ਕਿ ਜ਼ਮਾਨੇ ਦੇ ਕਦਮ ਨਾਲ ਕਦਮ ਮਿਲਾ ਕੇ ਤੁਰਨ ਵਾਲਾ ਇਹ ਬੰਦਾ ਇੰਨਾ ਬੇਕਿਰਕ ਕਦੀ ਵੀ ਨਹੀਂ ਸੀ। ਇਹ ਬੰਦਾ ਮੜ੍ਹਕ ਨਾਲ ਤੁਰਦਾ ਤੁਰਦਾ ਕਿਸ ਵੇਲੇ ਬੇਤਹਾਸ਼ਾ ਦੌੜਨ ਲੱਗ ਪਿਆ, ਕਿਸੇ ਨੂੰ ਖਬਰ ਵੀ ਨਾ ਹੋਈ। ਹੁਣ ਸਾਹ ਭਰਨ ਜੋਗੀ ਵੀ ਫੁਰਸਤ ਇਹਦੇ ਕੋਲ ਨਹੀਂ ਬਚੀ ਹੈ। ਬਹੁਤ ਦਹਾਕੇ ਪਹਿਲਾਂ ਅੰਤੋਨ ਚੈਖ਼ਵ ਨੇ ਇਸ ਮਸਲੇ ਨੂੰ ਆਪਣੀ ਕਹਾਣੀ 'ਸ਼ਰਤ' ਵਿਚ ਬਹੁਤ ਸੂਖਮ ਰੂਪ ਵਿਚ ਪੇਸ਼ ਕੀਤਾ ਹੈ।-ਸੰਪਾਦਕ***

**ਅੰਤੋਨ ਚੈਖ਼ਵ**

ਸਰਦੀਆਂ ਦੀ ਕਿਸੇ ਰਾਤ ਦਾ ਜ਼ਿਕਰ ਹੈ। ਸੋਚਾਂ ਵਿਚ ਡੁੱਬਿਆ ਬੁੱਢਾ ਬੈਂਕਰ ਆਪਣੇ ਪੜ੍ਹਨ-ਕਮਰੇ ਵਿਚ ਟਹਿਲ ਰਿਹਾ ਸੀ। ਪੰਦਰਾਂ ਸਾਲ ਪੁਰਾਣੀ ਪਾਰਟੀ ਦੀ ਯਾਦ ਅਤੇ ਉਸ ਵਿਚ ਵਾਪਰੀ ਘਟਨਾ ਉਹਦੇ ਦਿਮਾਗ ਵਿਚ ਰੜਕ ਰਹੀ ਸੀ। ਪਾਰਟੀ ਵਿਚ ਕਈ ਬੁੱਧੀਜੀਵੀ ਆਏ ਹੋਏ ਸਨ। ਚੰਗੀ ਗੱਲਬਾਤ ਚੱਲ ਰਹੀ ਸੀ। ਅਣਗਿਣਤ ਵਿਸ਼ਿਆਂ ਉਤੇ ਟੀਕਾ-ਟਿੱਪਣੀ ਹੋਈ ਪਰ ਸਭ ਤੋਂ ਅਹਿਮ ਵਿਸ਼ਾ ਜੇ ਕੋਈ ਸੀ, ਤਾਂ ਉਹ ਸੀ-ਮੌਤ ਦੀ ਸਜ਼ਾ ਚੰਗੀ ਹੈ ਜਾਂ ਮਾੜੀ? ਲੰਮੀ ਬਹਿਸ ਛਿੜ ਗਈ। ਹਾਜ਼ਰ ਪ੍ਰਾਹੁਣਿਆਂ ਵਿਚ ਜ਼ਿਆਦਾ ਪੱਤਰਕਾਰ ਤੇ ਵਿਦਵਾਨ ਸਜ਼ਾ-ਏ-ਮੌਤ ਦੇ ਖਿਲਾਫ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਸਜ਼ਾ-ਏ-ਮੌਤ ਗੈਰ-ਮਨੁੱਖੀ ਅਤੇ ਬੰਦੇ ਦੀ ਬਦਕਿਸਮਤੀ ਦੀ ਪ੍ਰਤੀਕ ਹੈ। ਕੁਝ ਹੋਰ ਲੋਕਾਂ ਦੇ ਵਿਚਾਰ ਵਿਚ ਸਜ਼ਾ-ਏ-ਮੌਤ ਨੂੰ ਉਮਰ-ਕੈਦ ਵਿਚ ਬਦਲ ਦੇਣਾ ਠੀਕ ਹੋਵੇਗਾ।

ਬਹਿਸ ਛਿੜੀ ਹੋਈ ਸੀ। ਘਰ ਦੇ ਮਾਲਕ ਨੇ ਕਿਹਾ, "ਇਸ ਮਾਮਲੇ ਵਿਚ ਮੇਰੀ ਰਾਏ ਤੁਹਾਥੋਂ ਵੱਖ ਏ। ਤੁਸੀਂ ਵੀ ਰਤਾ ਗੌਰ ਨਾਲ ਸੋਚੋ ਤਾਂ ਮੇਰੇ ਨਾਲ ਈ ਸਹਿਮਤ ਹੋਵੋਗੇ। ਸਜ਼ਾ-ਏ-ਮੌਤ ਪੂਰੀ ਤਰ੍ਹਾਂ ਧਾਰਮਿਕ ਅਤੇ ਮਨੁੱਖ-ਪੱਖੀ ਹੈ। ਫਾਂਸੀ ਇਕ ਪਲ ਵਿਚ ਆਦਮੀ ਨੂੰ ਜੀਵਨ ਮੁਕਤ ਕਰ ਦਿੰਦੀ ਏ, ਪਰ ਉਮਰ ਕੈਦ ਵਿਚ ਉਹ ਤਿਲ-ਤਿਲ ਮਰਦਾ ਏ।...ਹੁਣ ਦੱਸੋ, ਦੋਹਾਂ ਵਿਚੋਂ ਕਿਹੜੀ ਮੌਤ ਚੰਗੀ ਹੋਈ?...ਝੱਟ ਪ੍ਰਾਣ ਲੈ ਲੈਣ ਵਾਲੀ ਜਾਂ ਤਿਲ-ਤਿਲ ਮਾਰਨ ਵਾਲੀ?"

ਕਿਸੇ ਹੋਰ ਨੇ ਕਿਹਾ ਸੀ, "ਦੋਹਾਂ ਦਾ ਮੰਤਵ ਇਕੋ ਏ-ਮਾਰ ਮੁਕਾਉਣਾ। ਸੋ, ਦੋਵੇਂ ਸਜ਼ਾਵਾਂ ਇਕੋ ਜਿਹੀਆਂ ਨੇ। ਸਰਕਾਰ ਕਦੇ ਰੱਬ ਦੀ ਬਰਾਬਰੀ ਨਹੀਂ ਕਰ ਸਕਦੀ। ਜਦੋਂ ਉਹ ਕਿਸੇ ਨੂੰ ਪ੍ਰਾਣ ਦੇ ਹੀ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਕਿਸੇ ਦੇ ਪ੍ਰਾਣ ਲੈ ਲੈਣ ਦਾ ਕੀ ਹੱਕ ਜੇ? ਜੋ ਚੀਜ਼ ਅਸੀਂ ਕਿਸੇ ਹੋਰ ਨੂੰ ਨਹੀਂ ਦੇ ਸਕਦੇ, ਉਹੀ ਸਾਨੂੰ ਦੂਸਰਿਆਂ ਤੋਂ ਖੋਹ ਲੈਣ ਦਾ ਕੀ ਹੱਕ...?"

ਸਾਰੇ ਆਪੋ-ਆਪਣੀ ਬੋਲੀ ਬੋਲ ਰਹੇ ਸਨ। ਇਨ੍ਹਾਂ ਵਿਚੋਂ ਇਕ ਬੰਦਾ ਚੁੱਪ ਸੀ। ਉਹ ਸੀ ਪੱਚੀ ਕੁ ਸਾਲ ਦਾ ਵਕੀਲ।

"ਤੁਹਾਡੀ ਕੀ ਰਾਏ ਹੈ ਵਕੀਲ ਸਾਹਿਬ!" ਕਿਸੇ ਨੇ ਪੁੱਛਿਆ।

"ਦੋਵੇਂ ਸਜ਼ਾਵਾਂ ਨਿੰਦਣਯੋਗ ਨੇ।" ਉਹ ਬੋਲਿਆ, "ਪਰ ਜੇ ਕਦੀ ਮੈਨੂੰ ਦੋਵਾਂ ਵਿਚੋਂ ਇਕ ਚੁਣਨੀ ਪਏ ਤਾਂ ਮੈਂ ਉਮਰ ਕੈਦ ਪਸੰਦ ਕਰਾਂਗਾ। ਮਰ-ਮੁੱਕ ਜਾਣ ਨਾਲੋਂ ਇਹ ਚੰਗੀ ਨਹੀਂ?"

ਅਚਾਨਕ ਘਰ ਦਾ ਮਾਲਕ ਜੋਸ਼ ਵਿਚ ਆ ਗਿਆ। ਉਹ ਮੇਜ਼ ਉਤੇ ਮੁੱਕਾ ਮਾਰ ਕੇ ਬੋਲਿਆ, "ਇਹ ਝੂਠ ਹੈ, ਨਿਰਾ ਕੂੜ। ਮੈਂ ਦੋ ਲੱਖ ਦੀ ਸ਼ਰਤ ਲਾਉਣ ਲਈ ਤਿਆਰ ਆਂ, ਜੇ ਤੂੰ ਹਨੇਰ ਕੋਠੜੀ ਵਿਚ ਪੰਜ ਸਾਲ ਵੀ ਰਹਿ ਸਕੇਂ।"

ਵਕੀਲ ਨੂੰ ਵੀ ਗੁੱਸਾ ਆ ਗਿਆ। ਉਸ ਕਿਹਾ, "ਜੇ ਇਹੀ ਗੱਲ ਐ ਤਾਂ ਮੈਂ ਪੰਦਰਾਂ ਸਾਲ ਤੱਕ ਕੈਦੀ ਵਾਂਗ ਹਨੇਰ ਕੋਠੜੀ ਵਿਚ ਰਹਾਂਗਾ।"

ਬੈਂਕਰ ਪਹਿਲਾਂ ਹੀ ਕਾਫੀ ਹਿਰਖਿਆ ਹੋਇਆ ਸੀ। ਬੋਲਿਆ, "ਪੰਦਰਾਂ? ਮਨਜ਼ੂਰ।" ਫਿਰ ਹੋਰ ਪ੍ਰਾਹੁਣਿਆਂ ਵੱਲ ਦੇਖ ਕੇ ਬੋਲਿਆ, "ਸੱਜਣੋ! ਮੇਰੀ ਦੋ ਲੱਖ ਦੀ ਸ਼ਰਤ ਪੱਕੀ ਰਹੀ।"

ਤੇ ਇਉਂ ਇਹ ਸ਼ਰਤ ਲੱਗ ਗਈ।

ਬੈਂਕਰ ਉਦੋਂ ਜਵਾਨ ਸੀ। ਪੈਸੇ ਦੇ ਨਸ਼ੇ ਵਿਚ ਚੂਰ। ਉਹ ਸ਼ਰਤ ਲਾ ਕੇ ਬੜਾ ਖੁਸ਼ ਹੋਇਆ ਸੀ। ਖਾਣਾ ਖਾਂਦਿਆਂ ਉਹਨੇ ਵਕੀਲ ਨੂੰ ਛੇੜਿਆ ਵੀ ਸੀ, "ਬਈ ਜੁਆਨਾ, ਅਜੇ ਵੀ ਮੌਕਾ ਏ! ਸੰਭਲਣਾ ਈ ਤੇ ਸੰਭਲ ਜਾ। ਮੇਰੇ ਲਈ ਦੋ ਲੱਖ ਦਾ ਕੋਈ ਮਹੱਤਵ ਨਹੀਂ...ਪਰ ਤੂੰ ਆਪਣੀ ਜਵਾਨੀ ਦੇ ਸੁਨਹਿਰੇ ਪੰਦਰਾਂ ਸਾਲ ਗੁਆ ਰਿਹਾ ਏਂ। ਜ਼ਿੰਦਗੀ ਤੇਰੇ ਲਈ ਮੌਤ ਬਰਾਬਰ ਹੋ ਜਾਵੇਗੀ। ਮੈਨੂੰ ਤੇਰੇ 'ਤੇ ਤਰਸ ਆਉਂਦਾ ਏ।"

ਪਰ ਵਕੀਲ ਆਪਣੇ ਵਚਨਾਂ ਦਾ ਪੱਕਾ ਰਿਹਾ।

ਤੇ ਅੱਜ ਉਹੀ ਬੈਂਕਰ ਆਪਣੀ ਉਸ ਸਮੇਂ ਦੀ ਮੂਰਖਤਾ ਉਪਰ ਪਛਤਾ ਰਿਹਾ ਸੀ, 'ਹਾਏ, ਮੈਂ ਸ਼ਰਤ ਹੀ ਕਿਉਂ ਲਾਈ? ਵਕੀਲ ਦੀ ਜ਼ਿੰਦਗੀ ਦੇ ਪੰਦਰਾਂ ਸਾਲ ਅਜਾਈਂ ਗਏ ਤੇ ਮੇਰੇ ਦੋ ਲੱਖ, ਪਰ ਕੀ ਲੋਕਾਂ ਦੀ ਤਸੱਲੀ ਹੋ ਜਾਵੇਗੀ...ਕਿ ਸਜ਼ਾ-ਏ-ਮੌਤ ਉਮਰ ਕੈਦ ਨਾਲੋਂ ਚੰਗੀ ਹੈ ਜਾਂ ਨਹੀਂ? ਨਹੀਂ! ਸਭ ਕੁਝ ਬਕਵਾਸ ਏ! ਮੈਂ ਬਹੁਤ ਵੱਡੀ ਗਲਤੀ ਕਰ ਬੈਠਾਂ।' ਉਹ ਬਰੜਾਅ ਰਿਹਾ ਸੀ।

ਉਹਨੇ ਛਿਣ-ਪਲ ਦੀ ਉਤੇਜਨਾ ਵਿਚ ਕਿੰਨੀ ਵੱਡੀ ਗਲਤੀ ਕੀਤੀ ਸੀ! ਪੰਦਰਾਂ ਸਾਲ ਪਹਿਲਾਂ ਵਕੀਲ ਨਾਲ ਹੋਈਆਂ ਸਾਰੀਆਂ ਸ਼ਰਤਾਂ ਉਹਨੂੰ ਅੱਜ ਵੀ ਯਾਦ ਸਨ। ਅਚਾਨਕ ਉਹ ਉਹਨੂੰ ਇਕ ਇਕ ਕਰਕੇ ਯਾਦ ਆਉਣ ਲੱਗ ਪਈਆਂ:

ਪਹਿਲੀ ਸ਼ਰਤ ਅਨੁਸਾਰ ਵਕੀਲ ਨੇ ਕੈਦੀ ਦਾ ਜੀਵਨ ਜਿਉਣਾ ਸੀ। ਕੈਦਖਾਨਾ ਬੈਂਕਰ ਦੇ ਆਪਣੇ ਬਗੀਚੇ ਦੀ ਨੁੱਕਰ ਵਿਚ ਹੋਏਗਾ। ਹੋਰ ਸ਼ਰਤਾਂ ਅਨੁਸਾਰ ਵਕੀਲ ਕਿਸੇ ਨੂੰ ਵੀ ਨਹੀਂ ਸੀ ਮਿਲ ਸਕਦਾ; ਉਹ ਕੋਈ ਅਖ਼ਬਾਰ ਵਗੈਰਾ ਨਹੀਂ ਸੀ ਪੜ੍ਹ ਸਕਦਾ ਤੇ ਨਾ ਹੀ ਕਿਸੇ ਨੂੰ ਖ਼ਤ-ਪੱਤਰ ਵਗੈਰਾ ਲਿਖ ਸਕਦਾ ਸੀ।

ਛੋਟਾਂ ਦੇ ਰੂਪ ਵਿਚ ਉਹਨੂੰ ਸਿਰਫ ਵਜਾਉਣ ਵਾਲੇ ਸਾਜ਼, ਸ਼ਰਾਬ, ਤੰਬਾਕੂ ਅਤੇ ਪੜ੍ਹਨ ਲਈ ਕਿਤਾਬਾਂ ਮਿਲ ਸਕਦੀਆਂ ਸਨ। ਬਾਹਰੀ ਜਗਤ ਨਾਲ ਉਹਦਾ ਨਾਤਾ ਸਿਰਫ ਬਾਰੀ ਵਿਚੋਂ ਸੀ। ਬੋਲਣ ਦੀ ਆਗਿਆ ਨਹੀਂ ਸੀ। ਮੁੱਕਦੀ ਗੱਲ ਇਹ ਕਿ ਲੋੜੀਂਦੀਆਂ ਵਸਤਾਂ ਚਿੱਟ ਉਤੇ ਲਿਖ ਕੇ ਉਹ ਬਾਰੀ ਰਾਹੀਂ ਮੰਗਵਾ ਸਕਦਾ ਸੀ। ਹਰ ਨਿੱਕੀ-ਵੱਡੀ ਸ਼ਰਤ, ਸ਼ਰਤਨਾਮੇ ਵਿਚ ਦਰਜ ਕਰ ਲਈ ਗਈ ਸੀ। ਜੇ ਵਕੀਲ ਨੇ ਉਸ ਸ਼ਰਤਨਾਮੇ ਵਿਰੁਧ ਕੁਝ ਵੀ ਕੀਤਾ ਜਾਂ ਸਮੇਂ ਤੋਂ ਪੰਜ ਮਿੰਟ ਪਹਿਲਾਂ ਵੀ ਕਮਰੇ ਵਿਚੋਂ ਬਾਹਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਸ਼ਰਤ ਦੇ ਦੋ ਲੱਖ ਉਪਰ ਉਹਦਾ ਕੋਈ ਹੱਕ ਨਹੀਂ ਰਹੇਗਾ।

ਤੇ ਬੈਂਕਰ ਦੀਆਂ ਅੱਖਾਂ ਮੂਹਰੇ ਕੈਦੀ ਦੀ ਜ਼ਿੰਦਗੀ ਦੇ ਪਿਛਲੇ ਪੰਦਰਾਂ ਸਾਲ ਭੌਂ ਗਏ।

ਵਕੀਲ ਦੀਆਂ ਲਿਖੀਆਂ ਛੋਟੀਆਂ-ਛੋਟੀਆਂ ਚਿੱਟਾਂ ਤੋਂ ਅੰਦਾਜ਼ਾ ਲਾਇਆ ਗਿਆ ਕਿ ਇਕ ਤਾਂ ਚੁੱਪ-ਚਾਪ ਬੈਠੇ ਰਹਿਣ ਦੀ ਆਦਤ ਨਾ ਹੋਣ ਕਰ ਕੇ ਪਹਿਲੇ ਸਾਲ ਉਹਨੂੰ ਬੜੀ ਤਕਲੀਫ ਹੋਈ। ਉਸ ਸਾਲ ਨਾ ਉਹਨੇ ਸ਼ਰਾਬ ਪੀਤੀ, ਨਾ ਹੀ ਤੰਬਾਕੂ। ਉਹ ਦਿਨ-ਰਾਤ ਪਿਆਨੋ ਵਜਾਉਂਦਾ ਰਿਹਾ ਸੀ। ਉਹਨੇ ਲਿਖਿਆ ਸੀ: 'ਸ਼ਰਾਬ ਇੱਛਾਵਾਂ ਨੂੰ ਜਨਮ ਦਿੰਦੀ ਹੈ ਤੇ ਬਿਨਾਂ ਕਿਸੇ ਸਾਥ ਤੋਂ ਸ਼ਰਾਬ ਪੀਣਾ ਬੜਾ ਦੁੱਖਦਾਈ ਹੁੰਦਾ ਹੈ। ਤੰਬਾਕੂ ਦੇ ਧੂੰਏਂ ਨਾਲ ਮਾਹੌਲ ਧੁੰਦਲਾ ਅਤੇ ਅਸੁਖਾਵਾਂ ਹੋ ਜਾਂਦਾ ਹੈ।' ਪਹਿਲੇ ਸਾਲ ਉਹਨੂੰ ਨਾਵਲ, ਕਹਾਣੀ ਆਦਿ ਹਲਕਾ-ਫੁਲਕਾ ਸਾਹਿਤ ਹੀ ਭੇਜਿਆ ਗਿਆ।

ਦੂਜੇ ਸਾਲ ਪਿਆਨੋ ਵੱਜਣਾ ਬੰਦ ਹੋ ਗਿਆ ਤੇ ਕੈਦੀ ਨੇ ਵਧੀਆ ਸਾਹਿਤ ਦੀ ਮੰਗ ਕੀਤੀ। ਪੰਜਵੇਂ ਸਾਲ ਪਿਆਨੋ ਫਿਰ ਵੱਜਣ ਲੱਗਾ। ਇਸ ਵਾਰ ਸੁਰਾਂ ਵਿਚ ਗੀਤ ਵੀ ਸਨ। ਇਸ ਸਾਲ ਕੈਦੀ ਨੇ ਸ਼ਰਾਬ ਵੀ ਮੰਗੀ। ਉਹਦੇ ਨਿਗਰਾਨ ਦਾ ਕਹਿਣਾ ਸੀ ਕਿ ਕੈਦੀ ਖਾ-ਪੀ ਕੇ ਪਲੰਘ ਉਪਰ ਲੇਟਿਆ ਰਹਿੰਦਾ ਸੀ। ਉਹ ਅੰਗੜਾਈਆਂ ਲੈਂਦਾ ਤੇ ਆਪ-ਮੁਹਾਰਾ ਹੀ ਕੁਝ ਬੜਬੜਾਈ ਜਾਂਦਾ। ਕਿਤਾਬਾਂ ਪੜ੍ਹਨੀਆਂ ਉਹਨੇ ਛੱਡ ਦਿੱਤੀਆਂ ਸਨ।

ਕਈ ਵਾਰ ਉਹ ਰਾਤ ਨੂੰ ਚਾਣਚੱਕ ਉਠ ਕੇ ਕੁਝ ਲਿਖਣ ਬਹਿ ਜਾਂਦਾ, ਤੇ ਕਾਫੀ ਦੇਰ ਲਿਖਦਾ ਰਹਿੰਦਾ...ਤੇ ਦਿਨ ਚੜ੍ਹਨ ਸਾਰ ਸਭ ਕੁਝ ਪਾੜ ਕੇ ਸੁੱਟ ਦਿੰਦਾ। ਕਈ ਵਾਰੀ ਉਹਨੂੰ ਰੋਂਦਾ ਵੀ ਦੇਖਿਆ ਗਿਆ ਸੀ।

ਛੇਵੇਂ ਸਾਲ ਦੇ ਛੇਵੇਂ ਮਹੀਨੇ ਤੋਂ ਪਿੱਛੋਂ ਉਹ ਬੜੇ ਧਿਆਨ ਨਾਲ ਭਾਸ਼ਾ ਵਿਗਿਆਨ, ਤਰਕ ਸ਼ਾਸਤਰ ਅਤੇ ਇਤਿਹਾਸ ਦਾ ਅਧਿਐਨ ਕਰਨ ਲੱਗਾ। ਉਹਦੀ ਪੜ੍ਹਨ ਦੀ ਭੁੱਖ ਇੰਨੀ ਤੀਬਰ ਹੋ ਗਈ ਸੀ ਕਿ ਬੈਂਕਰ ਉਹਦੀ ਕਿਤਾਬਾਂ ਦੀ ਮੰਗ ਬੜੀ ਮੁਸ਼ਕਿਲ ਨਾਲ ਪੂਰੀ ਕਰਦਾ ਸੀ। ਚਾਰ ਸਾਲ ਇੰਜ ਹੀ ਬੀਤੇ। ਉਹਦੀ ਮੰਗ ਅਨੁਸਾਰ ਤਕਰੀਬਨ ਛੇ ਸੌ ਨਵੀਆਂ ਕਿਤਾਬਾਂ ਖਰੀਦੀਆਂ ਗਈਆਂ। ਜਦੋਂ ਉਹਦੀ ਪੜ੍ਹਨ ਦੀ ਰੁਚੀ ਇੰਨੀ ਵਧੀ ਹੋਈ ਸੀ ਤਾਂ ਉਹਨੇ ਬੈਂਕਰ ਨੂੰ ਲਿਖਿਆ,

'ਮੇਰੇ ਪਿਆਰੇ ਜੇਲ੍ਹਰ ਸਾਹਿਬ! ਇਹ ਸਤਰਾਂ ਮੈਂ ਦੁਨੀਆਂ ਦੀਆਂ ਛੇ ਭਾਸ਼ਾਵਾਂ ਵਿਚ ਲਿਖ ਰਿਹਾ ਹਾਂ। ਇਨ੍ਹਾਂ ਨੂੰ ਭਾਸ਼ਾ ਵਿਗਿਆਨੀਆਂ ਨੂੰ ਦਿਖਾਲ ਕੇ ਉਨ੍ਹਾਂ ਦੀ ਰਾਏ ਪੁੱਛਣੀ...ਤੇ ਜੇ ਮੇਰੀ ਲਿਪੀ ਵਿਚ ਕੋਈ ਗਲਤੀ ਨਾ ਹੋਵੇ ਤਾਂ ਆਪਣੇ ਬਗੀਚੇ ਵਿਚ ਬੰਦੂਕ ਚਲਾ ਕੇ ਮੈਨੂੰ ਇਸ਼ਾਰਾ ਕਰ ਦੇਣਾ ਕਿ ਮੇਰੀ ਮਿਹਨਤ ਅਜਾਈਂ ਨਹੀਂ ਗਈ। ਸੰਸਾਰ ਦੇ ਮਹਾਂਪੁਰਸ਼ਾਂ ਨੇ ਸਮੇਂ-ਸਮੇਂ ਵੱਖੋ-ਵੱਖਰੀਆਂ ਭਾਸ਼ਾਵਾਂ ਵਿਚ ਆਪਣੇ ਗਿਆਨ ਦੀ ਅਮਰ ਜੋਤ ਦਿਖਾਈ ਹੈ। ਇਸ ਸਾਹਿਤ ਨੂੰ ਪੜ੍ਹ ਕੇ ਜਿਹੜੀ ਅਪਾਰ ਖੁਸ਼ੀ ਮੈਨੂੰ ਪ੍ਰਾਪਤ ਹੋਈ ਹੈ, ਕਾਸ਼! ਤੁਸੀਂ ਉਹ ਮਹਿਸੂਸ ਕਰ ਸਕਦੇ। ਮੈਂ ਇਸ ਸਾਹਿਤ ਵਿਚ ਸਵਰਗ ਦਾ ਆਨੰਦ ਮਾਣਿਆਂ ਹੈ।'

ਕੈਦੀ ਦੀਆਂ ਲਿਖੀਆਂ ਸਤਰਾਂ ਦਾ ਹਰ ਸ਼ਬਦ ਠੀਕ ਸੀ। ਉਹਦੀ ਖੁਸ਼ੀ ਲਈ ਬਗੀਚੇ ਵਿਚ ਦੋ ਫਾਇਰ ਕੀਤੇ ਗਏ ਸਨ। ਸਮਾਂ ਬੀਤਦਾ ਰਿਹਾ। ਦਸਵੇਂ ਸਾਲ ਕੈਦੀ ਕਿਸੇ ਬੁੱਤ ਵਾਂਗ ਮੇਜ਼ ਕੋਲ ਬੈਠਾ 'ਨਿਊ ਟੈਸਟਾਮੈਂਟ' ਪੜ੍ਹਦਾ ਰਹਿੰਦਾ। ਫਿਰ ਉਹਨੇ ਧਰਮ ਅਤੇ ਇਤਿਹਾਸ ਪੜ੍ਹਨਾ ਸ਼ੁਰੂ ਕਰ ਦਿੱਤਾ। ਅਖੀਰਲੇ ਦੋ ਸਾਲਾਂ ਵਿਚ ਕੈਦੀ ਨੇ ਆਸ ਨਾਲੋਂ ਕੁਝ ਵਧੇਰੇ ਹੀ ਪੜ੍ਹਿਆ ਸੀ। ਉਹ ਕਦੀ



ਪ੍ਰਕ੍ਰਿਤੀ ਵਿਗਿਆਨ, ਕਦੀ ਸ਼ੈਕਸਪੀਅਰ ਤੇ ਕਦੀ ਬਾਇਰਨ ਦੀਆਂ ਰਚਨਾਵਾਂ ਮੰਗਦਾ।

'ਤੇ ਕੱਲ੍ਹ ਉਹਦਾ ਆਖਰੀ ਦਿਨ ਹੈ।' ਬੈਂਕਰ ਦੀਆਂ ਸੋਚਾਂ ਜਾਰੀ ਸਨ। ਉਹ ਬੜਾ ਉਤੇਜਿਤ ਹੋ ਗਿਆ ਸੀ, 'ਕੱਲ੍ਹ ਬਾਰਾਂ ਵਜੇ ਉਹ ਆਜ਼ਾਦ ਹੋ ਜਾਵੇਗਾ। ਸ਼ਰਤ ਅਨੁਸਾਰ ਮੈਨੂੰ ਦੋ ਲੱਖ ਦੇਣੇ ਪੈਣਗੇ, ਮੈਂ ਕੰਗਾਲ ਹੋ ਜਾਵਾਂਗਾ। ਕਿਸੇ ਪਾਸੇ ਦਾ ਨਹੀਂ ਰਹਿਣਾ ਮੈਂ।'

ਬਾਰਾਂ ਸਾਲ ਪਹਿਲਾਂ ਬੈਂਕਰ ਕਾਫੀ ਅਮੀਰ ਸੀ, ਪਰ ਅੱਜ ਉਹਦੀ ਹਾਲਤ ਡਾਵਾਂਡੋਲ ਸੀ। ਉਹ ਬੁੱਢਾ ਹੋ ਚੁੱਕਿਆ ਸੀ ਤੇ ਸੱਟੇਬਾਜ਼ੀ ਨੇ ਉਹਨੂੰ ਹੇਠਾਂ ਲਾ ਦਿੱਤਾ ਸੀ। ਕੁਝ ਕਿਹਾ ਨਹੀਂ ਸੀ ਜਾ ਸਕਦਾ ਕਿ ਹੁਣ ਉਹਦਾ ਧਨ ਤੇ ਜਾਇਦਾਦ ਜ਼ਿਆਦਾ ਸੀ ਜਾਂ ਕਰਜ਼ਾ!

ਘਬਰਾਹਟ ਤੇ ਹਿਰਖ ਦਾ ਮਾਰਿਆ ਬੁੱਢਾ ਬੈਂਕਰ ਅਚਾਨਕ ਬੁੜਬੁੜਾਉਣ ਲੱਗ ਪਿਆ, "ਹਾਏ ਕਿਹੜੀ ਮਨਹੂਸ ਘੜੀ ਵਿਚ ਮੈਂ ਸ਼ਰਤ ਲਾ ਬੈਠਾ...ਉਹ ਵਕੀਲ ਮਰ ਕਿਉਂ ਨਹੀਂ ਗਿਆ! ਦੋ ਲੱਖ ਦੇ ਕੇ ਤਾਂ ਮੈਂ ਕੰਗਾਲ ਹੋ ਜਾਵਾਂਗਾ। ਮੇਰਾ ਦਿਵਾਲਾ ਨਿਕਲ ਜਾਏਗਾ। ਧਨਾਢ ਬਣ ਕੇ ਉਹ ਮੌਜਾਂ ਕਰੇਗਾ, ਵਿਆਹ ਕਰਵਾਏਗਾ। ਮੈਂ ਪੈਸੇ ਪੈਸੇ ਨੂੰ ਤਰਸਾਂਗਾ। ਉਹ ਮੈਨੂੰ ਚਿੜਾਏਗਾ, 'ਸ਼੍ਰੀਮਾਨ ਜੀ, ਜੀਵਨ ਦੀਆਂ ਖੁਸ਼ੀਆਂ ਦੇਣ ਲਈ ਤੁਹਾਡਾ ਧੰਨਵਾਦ। ਆਓ ਹੁਣ ਮੈਂ ਤੁਹਾਡੀ ਤਨ ਮਨ ਨਾਲ ਮਦਦ ਕਰਾਂ।' ਨਹੀਂ ਨਹੀਂ! ਇਹ ਸਭ ਮੈਥੋਂ ਸਹਾਰ ਨਹੀਂ ਹੋਣਾ। ਦਿਵਾਲੀਆ ਹੋਣ ਨਾਲੋਂ ਤਾਂ ਚੰਗਾ ਏ ਕਿ ਵਕੀਲ ਦੀ ਮੌਤ ਹੀ ਹੋ ਜਾਏ। ਉਹਨੂੰ ਮਰਨਾ ਹੀ ਪਵੇਗਾ।"

ਟਨ...ਟਨ...ਟਨ

ਘੜੀ ਨੇ ਤਿੰਨ ਵਜਾਏ। ਘਰ ਦਾ ਹਰ ਜੀਅ ਗੂੜ੍ਹੀ ਨੀਂਦ ਸੁੱਤਾ ਹੋਇਆ ਸੀ। ਬਾਹਰ ਪੱਤਿਆਂ ਉਤੇ ਜੰਮੀ ਬਰਫ਼ ਦੇ ਡਿੱਗਣ ਦੀ ਮੱਧਮ ਆਵਾਜ਼ ਤੋਂ ਬਿਨਾਂ ਚੁੱਪ-ਚਾਂਅ ਸੀ। ਬਗ਼ੈਰ ਕੋਈ ਖੜਾਕ ਕੀਤਿਆਂ ਉਹਨੇ ਸੇਫ ਵਿਚੋਂ ਕੈਦੀ ਦੇ ਕਮਰੇ ਦੀ ਚਾਬੀ ਕੱਢੀ ਜਿਹੜਾ ਪਿਛਲੇ ਪੰਦਰਾਂ ਸਾਲ ਤੋਂ ਬੰਦ ਸੀ। ਤੇ ਓਵਰਕੋਟ ਪਾ ਕੇ ਬਾਹਰ ਨਿਕਲ ਆਇਆ।

ਬਗੀਚੇ ਵਿਚ ਹਨੇਰਾ ਸੀ। ਨਿੱਕੀਆਂ ਨਿੱਕੀਆਂ ਕਣੀਆਂ ਪੈ ਰਹੀਆਂ ਸਨ। ਹਵਾ ਹੱਡਾਂ ਵਿਚ ਵੜਦੀ ਜਾਪੀ। ਕਹਿਰ ਦੀ ਠੰਢ ਸੀ। ਰੁੱਖਾਂ ਬੂਟਿਆਂ ਨੂੰ ਵੀ ਕਾਂਬਾ ਛਿੜਿਆ ਲਗਦਾ ਸੀ। ਹਨੇਰਾ ਇੰਨਾ ਗੂੜ੍ਹਾ ਸੀ ਕਿ ਅੱਖਾਂ ਪਾੜ ਪਾੜ ਕੇ ਵਿੰਹਦਿਆਂ ਵੀ ਬੈਂਕਰ ਨੂੰ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਬਗੀਚੇ ਦੀ ਨੁੱਕਰ ਕੋਲ ਪਹੁੰਚ ਕੇ ਉਹਨੇ ਚੌਕੀਦਾਰ ਨੂੰ ਆਵਾਜ਼ ਮਾਰੀ ਪਰ ਕੋਈ ਉਤਰ ਨਾ ਮਿਲਿਆ। ਮੀਂਹ ਤੋਂ ਬਚਣ ਖਾਤਰ ਚੌਕੀਦਾਰ ਰਸੋਈ ਵੱਲ ਜਾਂ ਹੋਰ ਕਿਤੇ ਜਾ ਕੇ ਸੌਂ ਗਿਆ ਹੋਵੇਗਾ।

ਜੇ ਮੈਂ ਸਫਲ ਹੋ ਗਿਆ ਤਾਂ ਸਭ ਤੋਂ ਪਹਿਲਾਂ ਚੌਕੀਦਾਰ 'ਤੇ ਹੀ ਇਲਜ਼ਾਮ ਆਵੇਗਾ।

ਹੱਥਾਂ ਨਾਲ ਟੋਹ ਕੇ ਉਹ ਕੈਦੀ ਦੇ ਕਮਰੇ ਕੋਲ ਪਹੁੰਚ ਗਿਆ। ਬਾਹਰ ਕੋਈ ਵੀ ਨਹੀਂ ਸੀ, ਕਿਸੇ ਦਾ ਖਾਲੀ ਬਿਸਤਰਾ ਪਿਆ ਸੀ ਤੇ ਨੇੜੇ ਅੰਗੀਠੀ ਮਘ ਰਹੀ ਸੀ ਜਿਸ ਦਾ ਮੱਧਮ ਚਾਨਣ ਚੁਫੇਰੇ ਫੈਲਿਆ ਹੋਇਆ ਸੀ। ਕੈਦੀ ਦੇ ਬੂਹੇ ਨੂੰ ਲਾਏ ਹੋਏ ਜਿੰਦਰੇ ਨੂੰ ਸੀਲਾਂ ਉਵੇਂ ਹੀ ਲੱਗੀਆਂ ਹੋਈਆਂ ਸਨ। ਉਹ ਕੁਝ ਹੋਰ ਅਗਾਂਹ ਵਧਿਆ, ਤੇ ਬਾਰੀ ਵਿਚੋਂ ਅੰਦਰ ਝਾਕਣ ਲੱਗ ਪਿਆ।

ਲਾਲਟੈਨ ਦੀ ਮੱਧਮ ਰੋਸ਼ਨੀ ਵਿਚ ਕੈਦੀ ਮੰਜੇ ਕੋਲ ਬੈਠਾ ਹੋਇਆ ਸੀ। ਬੈਂਕਰ ਨੂੰ ਸਿਰਫ ਉਹਦੀ ਪਿੱਠ, ਲੰਮੇ ਵਾਲ ਅਤੇ ਉਹਦੇ ਹੱਥ ਹੀ ਦਿਸ ਰਹੇ ਸਨ। ਫਰਸ਼ ਉਤੇ, ਕੁਰਸੀਆਂ ਉਤੇ ਚੌਹੀਂ ਪਾਸੀ ਕਿਤਾਬਾਂ ਖਿਲਰੀਆਂ ਪਈਆਂ ਸਨ।

ਪੰਜ ਮਿੰਟ ਉਹ ਵਿੰਹਦਾ ਰਿਹਾ ਪਰ ਕੈਦੀ ਜ਼ਰਾ ਵੀ ਨਾ ਹਿੱਲਿਆ। ਪੰਦਰਾਂ ਸਾਲ ਦੇ ਕੈਦੀ ਜੀਵਨ ਨੇ ਉਹਨੂੰ ਅਹਿੱਲ, ਅਡੋਲ ਬੈਠੇ ਰਹਿ ਸਕਣ ਦੀ ਆਦਤ ਪਾ ਦਿੱਤੀ ਸੀ। ਬੈਂਕਰ ਨੇ ਬਾਰੀ ਦਾ ਬੂਹਾ ਖੜਕਾਇਆ ਪਰ ਕੈਦੀ ਉਵੇਂ ਹੀ ਬੈਠਾ ਰਿਹਾ।...ਤੇ ਫਿਰ ਬੈਂਕਰ ਨੇ ਹੌਲੀ ਜਿਹੀ ਜਿੰਦਰੇ ਦੀ ਸੀਲ ਤੋੜ ਕੇ ਉਸ ਵਿਚ ਚਾਬੀ ਪਾ ਦਿੱਤੀ। ਜਰਿਆ ਹੋਇਆ ਜਿੰਦਰਾ ਖੁੱਲ੍ਹਣ ਦੀ ਤਿੱਖੀ ਆਵਾਜ਼ ਪਿੱਛੋਂ ਬੂਹੇ ਚਰਮਰਾ ਕੇ ਖੁੱਲ੍ਹ ਗਏ। ਬੈਂਕਰ ਨੇ ਸੋਚਿਆ, ਕੈਦੀ ਰੌਲਾ ਪਾਵੇਗਾ ਪਰ ਜਦੋਂ ਤਿੰਨ ਮਿੰਟ ਤੱਕ ਕੈਦੀ ਦੀ ਹਾਲਤ ਵਿਚ ਕੋਈ ਫਰਕ ਨਾ ਦਿਸਿਆ ਤਾਂ ਉਹ ਕਮਰੇ ਅੰਦਰ ਵੜ ਗਿਆ।

ਮੇਜ਼ ਕੋਲ ਬੈਠਾ ਆਦਮੀ, ਖੱਲ ਵਿਚ ਮੜ੍ਹਿਆ ਹੱਡੀਆਂ ਦਾ ਪਿੰਜਰ ਹੀ ਦਿਸਦਾ ਸੀ। ਉਹਦੇ ਲੰਮੇ ਘੁੰਗਰਾਲੇ ਤੀਵੀਆਂ ਵਰਗੇ ਵਾਲ, ਲੰਮੀ ਦਾੜ੍ਹੀ, ਮਿੱਟੀ ਰੰਗਾ ਚਿਹਰਾ, ਪਿਚਕੀਆਂ ਹੋਈਆਂ ਹਾਬੜਾਂ ਅਤੇ ਲੰਮੀ ਪਤਲੀ ਪਿੱਠ ਬੜੀ ਅਜੀਬ ਲੱਗ ਰਹੀ ਸੀ। ਉਹ ਬੇਜਾਨ ਜਿਹੇ ਹੱਥਾਂ ਉਤੇ ਸਿਰ ਟਿਕਾਈ ਬੈਠਾ ਸੀ। ਵਾਲ ਸਫ਼ੈਦ ਹੋ ਗਏ ਸਨ। ਦੇਖਣ ਵਾਲਾ ਉਹਨੂੰ ਚਾਲੀ ਸਾਲ ਦਾ ਆਦਮੀ ਨਹੀਂ ਸੀ ਕਹਿ ਸਕਦਾ। ਉਹਦੇ ਸਾਹਮਣੇ ਮੇਜ਼ ਉਤੇ ਕਾਗਜ਼ ਰੱਖਿਆ ਹੋਇਆ ਸੀ ਜਿਸ ਉਤੇ ਬੜੀ ਬਰੀਕ ਲਿਖਾਈ ਵਿਚ ਕੁਝ ਲਿਖਿਆ ਹੋਇਆ ਸੀ।

"ਮੀਸਣਾ ਨਾ ਹੋਵੇ ਤਾਂ," ਬੈਂਕਰ ਨੇ ਸੋਚਿਆ, "ਕਿਵੇਂ ਘੂਕ ਸੁੱਤਾ ਪਿਆ ਏ। ਲਾਜ਼ਮੀ ਲੱਖਾਂ ਦੇ ਸੁਪਨੇ ਦੇਖ ਰਿਹਾ ਹੋਣੈ! ਮੈਨੂੰ ਇਹਨੂੰ ਚੁੱਕ ਕੇ ਬਿਸਤਰੇ 'ਤੇ ਲਿਟਾਣਾ ਪਵੇਗਾ। ਫਿਰ ਸਿਰਹਾਣੇ ਨਾਲ ਇਹਦਾ ਸਾਹ ਘੁੱਟ ਦਿਆਂਗਾ। ਫਿਰ ਕੋਈ ਮਾਹਰ ਡਾਕਟਰ ਉਹਦੀ ਮੌਤ ਦੇ ਅਸਲ ਕਾਰਨ ਦਾ ਅੰਦਾਜ਼ਾ ਨਹੀਂ ਲਾ ਸਕੇਗਾ; ਪਰ ਪਹਿਲਾਂ ਦੇਖ ਤਾਂ ਲਵਾਂ, ਕਾਗਜ਼ ਉਤੇ ਇਹਨੇ ਕੀ ਊਲ-ਜਲੂਲ ਲਿਖਿਆ ਏ!"

ਉਹਨੇ ਮੇਜ਼ ਤੋਂ ਕਾਗਜ਼ ਚੁੱਕਿਆ ਤੇ ਪੜ੍ਹਨ ਲੱਗ ਪਿਆ। ਲਿਖਿਆ ਸੀ, "ਕੱਲ੍ਹ ਬਾਰਾਂ ਵਜੇ ਮੈਂ ਆਜ਼ਾਦ ਹੋ ਜਾਵਾਂਗਾ। ਫਿਰ ਲੋਕਾਂ ਨਾਲ ਮਿਲ-ਵਰਤ ਸਕਾਂਗਾ...ਪਰ ਇਸ ਕਮਰੇ ਤੋਂ ਬਾਹਰ ਸੂਰਜ ਦੀ ਰੋਸ਼ਨੀ ਦੇਖਣ ਤੋਂ ਪਹਿਲਾਂ ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ। ਆਪਣੀ ਆਤਮਾ ਤੇ ਪਰਮਾਤਮਾ ਨੂੰ ਗਵਾਹ ਮੰਨ ਕੇ ਮੈਂ ਕਹਿ ਰਿਹਾ ਹਾਂ ਕਿ ਮੈਨੂੰ ਆਜ਼ਾਦੀ ਨਾਲ, ਜ਼ਿੰਦਗੀ ਨਾਲ, ਤੰਦਰੁਸਤੀ ਨਾਲ ਅਤੇ ਹੋਰ ਸੰਸਾਰਕ ਸੁੱਖ ਦੇਣ ਵਾਲੀਆਂ ਤੁਹਾਡੀਆਂ ਸਾਰੀਆਂ ਚੀਜ਼ਾਂ ਨਾਲ ਦਿਲੀ ਨਫ਼ਰਤ ਹੈ।...ਪੂਰੇ ਪੰਦਰਾਂ ਸਾਲ ਮੈਂ ਸਬਰ-ਸੰਤੋਖ ਦੇ ਦਾਇਰੇ ਵਿਚ ਰਹਿ ਕੇ ਸੰਸਾਰਕ ਜੀਵਨ ਦਾ ਅਧਿਐਨ ਕੀਤਾ ਹੈ। ਮੈਂ ਕਦੇ ਕਿਸੇ ਆਦਮੀ ਨੂੰ ਨਹੀਂ ਮਿਲਿਆ ਤੇ ਨਾ ਹੀ ਮੈਂ ਕਿਤੇ ਆਇਆ ਗਿਆ ਹਾਂ ਪਰ ਤੁਹਾਡੀਆਂ ਭੇਜੀਆਂ ਕਿਤਾਬਾਂ ਵਿਚੋਂ ਮੈਂ ਵੰਨ-ਸੁਵੰਨੀਆਂ ਸ਼ਰਾਬਾਂ ਦਾ ਅਨੰਦ ਮਾਣਿਆਂ ਹੈ, ਜੰਗਲੀ-ਕਰੂਰ ਜੀਵਨ ਦਾ ਸ਼ਿਕਾਰ ਕੀਤਾ ਹੈ, ਔਰਤਾਂ ਨਾਲ ਇਸ਼ਕ ਲੜਾਇਆ ਹੈ, ਉਹ ਸੁੰਦਰ ਔਰਤਾਂ ਜਿਨ੍ਹਾਂ ਦੇ ਨੈਣ-ਨਕਸ਼ ਤੁਹਾਡੇ ਕਵੀ ਬਿਆਨ ਕਰਦੇ ਨੇ...ਉਹ ਬੱਦਲੀਆਂ ਵਾਂਗ ਰਾਤਾਂ ਨੂੰ ਸੁਫਨਿਆਂ ਵਿਚ ਮੇਰਾ ਪਿੱਛਾ ਕਰਦੀਆਂ ਰਹੀਆਂ ਨੇ। ਉਨ੍ਹਾਂ ਮੈਨੂੰ ਇੰਨੀਆਂ ਸੁੰਦਰ ਕਹਾਣੀਆਂ ਸੁਣਾਈਆਂ ਜਿਨ੍ਹਾਂ ਦੀ ਖੁਮਾਰੀ ਸ਼ਰਾਬ ਵਰਗੀ ਸੀ।...ਤੁਹਾਡੀਆਂ ਕਿਤਾਬਾਂ ਵਿਚ ਹੀ ਮੈਂ ਅਲਬੁਰਜ ਦੀਆਂ ਪਹਾੜੀਆਂ ਉਤੇ ਚੜ੍ਹ ਕੇ ਉਗਦੇ, ਢਲਦੇ ਸੂਰਜ ਦੇ ਸੁਨਹਿਰੀ ਦ੍ਰਿਸ਼ ਵੇਖੇ ਹਨ, ਜਦੋਂ ਇਹਦੀ ਲਾਲੀ ਆਕਾਸ਼ ਵਿਚ ਰੰਗ-ਬਿਰੰਗੇ ਛਿੱਟੇ ਵਰ੍ਹਾ ਰਹੀ ਹੁੰਦੀ ਹੈ। ਇਨ੍ਹਾਂ ਕਿਤਾਬਾਂ ਵਿਚ ਹੀ ਮੈਂ ਜੰਗਲਾਂ, ਪਹਾੜਾਂ ਅਤੇ ਸ਼ਹਿਰਾਂ ਵਿਚ ਵਿਚਰਦਾ ਰਿਹਾ ਹਾਂ। ਮਿੱਠੇ ਸੰਗੀਤ ਨਾਲ ਮੇਰੇ ਕੰਨ ਵੱਜਣ ਲੱਗ ਪੈਂਦੇ ਤੇ ਮੈਂ ਉਨ੍ਹਾਂ ਮਨਮੋਹਣੇ ਉਡਣ-ਦੂਤਾਂ ਨਾਲ ਵਿਚਰਦਾ ਰਹਿੰਦਾ ਜਿਹੜੇ ਮੈਨੂੰ ਰੱਬ ਬਾਰੇ ਦਸਦੇ ਰਹਿੰਦੇ ਸਨ। ਤੁਹਾਡੀਆਂ ਕਿਤਾਬਾਂ ਨਾਲ ਹੀ ਮੈਂ ਦੂਰ-ਦੂਰ ਤੱਕ ਭੌਂ ਆਇਆ ਹਾਂ। ਕਈ ਜਾਦੂਈ ਖੇਡ, ਖੇਡੇ। ਸ਼ਹਿਰਾਂ ਦੇ ਸ਼ਹਿਰ ਤਬਾਹ ਕੀਤੇ। ਨਵਾਂ ਧਰਮ ਪ੍ਰਚਾਰ ਕਰਕੇ ਸਾਰੀ ਦੁਨੀਆਂ ਨੂੰ ਆਪਣਾ ਗੁਲਾਮ ਬਣਾ ਲਿਆ ਸੀ।...ਤੁਹਾਡੀਆਂ ਕਿਤਾਬਾਂ ਤੋਂ ਮੈਨੂੰ ਗਿਆਨ ਦੀ ਪ੍ਰਾਪਤੀ ਹੋਈ। ਮਨੁੱਖ ਦਾ ਸਦੀਆਂ ਸਦੀਆਂ ਦਾ ਗਿਆਨ ਮੇਰੇ ਦਿਮਾਗ਼ ਵਿਚ ਕਿਸੇ ਡਲੇ ਵਾਂਗ ਇਕੱਠਾ ਹੋਇਆ ਪਿਆ ਹੈ। ਮੈਨੂੰ ਪਤਾ ਹੈ ਕਿ ਮੈਂ ਤੁਹਾਥੋਂ ਸਭ ਤੋਂ ਚਤੁਰ ਹਾਂ। ਪਰ...ਪਰ ਮੈਂ ਤੁਹਾਡੀਆਂ ਕਿਤਾਬਾਂ ਨੂੰ ਨਫ਼ਰਤ ਕਰਦਾ ਹਾਂ। ਦੁਨਿਆਵੀ ਅਕਲ ਅਤੇ ਐਸ਼ਪ੍ਰਸਤੀ ਦੇ ਸਾਰੇ ਸਾਧਨਾਂ ਨਾਲ ਮੈਨੂੰ ਨਫ਼ਰਤ ਹੈ। ਇਹ ਸਭ ਕੁਝ, ਕੁਝ ਵੀ ਨਹੀਂ, ਛਲ ਹੈ। ਤੁਸੀਂ ਭਾਵੇਂ ਕਿੰਨੇ ਵੀ ਅਕਲਮੰਦ, ਸੁੰਦਰ ਜਾਂ ਹੰਕਾਰੀ ਬਣੇ ਫਿਰੋ, ਮੌਤ ਤੋਂ ਨਹੀਂ ਬਚ ਸਕਦੇ। ਉਹ ਕਿਸੇ ਚੂਹੇ ਵਾਂਗ ਤੁਹਾਨੂੰ ਆਣ ਦਬੋਚੇਗੀ।

...ਤੇ ਤੁਹਾਡਾ ਸਾਹਿਤ, ਅਮਰ ਸਾਹਿਤਕਾਰ ਅਤੇ ਇਤਿਹਾਸ ਅਚਾਨਕ ਹੀ ਇਸ ਭੂ-ਮੰਡਲ ਵਿਚ ਨਸ਼ਟ ਹੋ ਜਾਣਗੇ।...ਭਟਕੇ ਹੋਏ ਜੀਵੋ! ਤੁਸੀਂ ਪਾਗਲ ਓ। ਤੁਸੀਂ ਝੂਠ ਨੂੰ ਸੱਚ ਤੇ ਕਰੂਪ ਨੂੰ ਸੁੰਦਰ ਮੰਨ ਲਿਆ ਹੈ। ਜਦੋਂ ਸਿਓਆਂ ਅਤੇ ਨਾਸ਼ਪਾਤੀਆਂ ਦੇ ਰੁੱਖਾਂ ਉਤੇ ਡੱਡਾਂ ਤੇ ਕਿਰਲੀਆਂ ਲੱਗੀਆਂ ਤਾਂ ਤੁਸੀਂ ਹੈਰਾਨ ਰਹਿ ਜਾਓਗੇ। ਤੁਹਾਡੇ ਵਿਚ ਇੰਨਾ ਆਤਮ ਬਲ ਨਹੀਂ ਕਿ ਤੁਸੀਂ ਗੁਲਾਬ ਵਿਚੋਂ ਮਹਿਕ ਦੀ ਥਾਂ ਦੁਰਗੰਧ ਆਉਂਦੀ ਦੇਖ ਕੇ ਹੈਰਾਨ ਨਾ ਹੋਵੋ। ਬੱਸ ਇਸੇ ਲਈ ਮੈਂ ਤੁਹਾਡੀ ਅਕਲ ਉਤੇ ਹੈਰਾਨ ਹਾਂ। ਤੁਸੀਂ ਸਵਰਗਾਂ ਨਾਲ ਰਿਸ਼ਤੇ ਜੋੜੀ ਬੈਠੇ ਹੋ, ਮੈਨੂੰ ਕੋਈ ਇੱਛਾ ਨਹੀਂ ਕਿ ਤੁਹਾਨੂੰ ਸਿੱਧੇ ਰਾਹ ਪਾਵਾਂ ਜਾਂ ਤੁਹਾਡੇ ਬਾਰੇ ਕੁਝ ਸੋਚਾਂ।...ਮੈਨੂੰ ਨਫ਼ਰਤ ਹੈ ਹਰ ਉਸ ਚੀਜ਼ ਨਾਲ ਜਿਸ ਉਤੇ ਤੁਹਾਡੀ ਜ਼ਿੰਦਗੀ ਦੀ ਬੁਨਿਆਦ ਟਿਕੀ ਹੋਈ ਹੈ। ਤੁਹਾਡੇ ਰੋਕੜ ਨਾਲ ਸਬੂਤ ਵਜੋਂ ਮੈਂ ਉਨ੍ਹਾਂ ਦੋ ਲੱਖ ਰੁਪਈਆਂ ਨੂੰ ਠੋਕਰ ਮਾਰਦਾ ਹਾਂ ਜਿਹੜੇ ਤੁਹਾਨੂੰ ਸਵਰਗ ਤੋਂ ਵੱਧ ਪਿਆਰੇ ਨੇ। ਉਨ੍ਹਾਂ ਰੁਪਈਆਂ ਉਤੇ ਮੇਰਾ ਕੋਈ ਅਧਿਕਾਰ ਨਾ ਰਹੇ, ਇਸ ਲਈ ਮੈਂ ਕੈਦ ਦੀ ਮਿਆਦ ਪੁੱਗਣ ਤੋਂ

***(ਬਾਕੀ ਅਗਲੇ ਸਫੇ 'ਤੇ)***

# ਥੋਨੂੰ ਜੈ ਹਿੰਦ ਕਹਿਣਾ ਆਉਂਦੈ...

## ਵਿਅੰਗ

ਸ਼ਿਵਚਰਨ ਜੱਗੀ ਕੁੱਸਾ*

ਕਿਸੇ ਮੰਤਰੀ ਨੇ ਇਸ ਸ਼ਹਿਰ ਵਿਚ 'ਚਰਨ' ਪਾਉਣੇ ਸਨ ਅਤੇ ਇਸ ਸ਼ਹਿਰ ਨੂੰ 'ਜ਼ਿਲ੍ਹਾ' ਕਰਾਰ ਦੇਣਾ ਸੀ! ਸੜਕਾਂ ਧੋਤੀਆਂ ਜਾ ਰਹੀਆਂ ਸਨ, ਕੂੜਾ ਅਤੇ ਗੰਦ ਚੁੱਕ ਕੇ ਬਾਹਰ ਸੁੱਟਿਆ ਜਾ ਰਿਹਾ ਸੀ। ਮੰਤਰੀ ਦੇ ਲੰਘਣ ਵਾਲੇ ਰਸਤੇ ਦੀਆਂ ਕੰਧਾਂ 'ਤੇ ਕੂਚਾ-ਕੂਚੀ ਤਾਂ ਦੋ ਦਿਨ ਪਹਿਲਾਂ ਹੀ ਕੀਤੀ ਜਾ ਚੁੱਕੀ ਸੀ। ਬੱਸਾਂ ਦੇ ਮੂੰਹ ਦੂਜੀ ਦਿਸ਼ਾ ਵੱਲ ਕਰਵਾ ਦਿੱਤੇ ਗਏ ਸਨ ਅਤੇ ਚੌਰਾਹੇ ਤੋਂ ਉਰ੍ਹੇ ਕਿਸੇ ਵੀ ਬੱਸ ਨੂੰ ਮੁੜਨ ਦਾ ਆਰਡਰ ਨਹੀਂ ਸੀ। ਟਰੈਫਿਕ ਦੇ ਅਨੁਸ਼ਾਸਨ 'ਜੁੱਤੀ' ਨਾਲ ਲਾਗੂ ਕਰਵਾਏ ਜਾ ਰਹੇ ਸਨ, ਟਰੈਫਿਕ ਲਾਈਟਾਂ ਵਾਰ ਵਾਰ ਸਾਫ਼ ਕਰਵਾਈਆਂ ਜਾ ਚੁੱਕੀਆਂ ਸਨ। ਟਰੱਕਾਂ ਵਾਲਿਆਂ 'ਤੇ ਛਿੱਤਰ ਫੇਰਿਆ ਜਾ ਚੁੱਕਾ ਸੀ, "ਥੋਡਾ ਜਰਦਾ ਦਾਰੂ ਦੋ ਦਿਨ ਬਿਲਕੁਲ ਬੰਦ-ਦਾਹੜੀ ਦੇ ਖਤ ਵੀ ਨ੍ਹੀ ਕਦਣੇ-ਲੱਤਾਂ ਵੀ ਨ੍ਹੀ ਮੁੰਨਣੀਆਂ-ਚਾਦਰਾ ਬੰਦਿਆਂ ਮਾਂਗੂੰ ਬੰਨਣੈਂ-ਝੱਗਾ ਝੁੱਗਾ ਪਾ ਕੇ ਰੱਖਣੈਂ-ਮੁੱਛਾਂ ਥੱਲੇ ਰੱਖਣੀਐਂ-ਗੁੰਡੇ ਲੱਗਦੇ ਓ-ਆਪਾਂ ਹੁਣ ਜ਼ਿਲ੍ਹੇ ਆਲੇ ਐਂ-ਥੋਡਾ ਜਿਆ ਬੰਦੇ ਬਣ ਕੇ ਰਿਹਾ ਕਰੋ-ਕਿਸੇ ਕੁੜੀ ਕੱਤਰੀ ਵੱਲ ਨ੍ਹੀ ਦੇਖਣਾ-ਅੱਖ ਮਾਰ ਕੇ ਗੱਲ ਨ੍ਹੀ ਕਰਨੀ-ਟਰੱਕ 'ਚ ਚਮਕੀਲਾ ਵੀ ਨ੍ਹੀ ਲਾਉਣਾ-ਭੁੱਲਗੀ ਮੈਂ ਘੁੰਡ ਕੱਢਣਾ ਜੇਠਾ ਵੇ ਮਾਫ਼ ਕਰੀਂ ਜਾਂ ਚੱਕਲੋ ਡਰੈਵਰੋ ਪੁਰਜੇ ਨੂੰ ਨਿਕਲ ਹੱਥੋਂ ਨਾ ਜਾਵੇ ਅਰਗੇ ਗੀਤ ਨ੍ਹੀ ਸੁਣਨੇ-ਜਦੋਂ ਕਿਸੇ ਨਾਲ ਗੱਲ ਕਰਨੀਂ ਐਂ ਨਿਮਰਤਾ ਨਾਲ ਕਰਨੀ ਐਂ-ਨਹੀਂ ਥੋਡੇ ਲਸੰਸ ਕੈਂਸਲ ਤੇ ਟਰੱਕ ਠਾਣੇ ਦੇ ਅੰਦਰ!" ਡੀ. ਟੀ. ਓ. ਦਾ ਹੁਕਮ ਸੀ।

"ਥੋਨੂੰ ਜੈ ਹਿੰਦ ਕਹਿਣਾ ਆਉਂਦੈ ਸਾਰਿਆਂ ਨੂੰ?" ਪੀ. ਏ. ਦਾ ਡਰਾਈਵਰਾਂ ਨੂੰ ਸੁਆਲ ਸੀ।

"ਆਹੋ-ਆਉਂਦੈ ਜੀ!" ਸਾਰੇ ਬੋਲੇ।

"ਅਸੀਂ ਤਾਂ ਕੱਢ ਦਿਆਂਗੇ ਜੈ ਹਿੰਦ ਕਹਿਣ ਆਲੀ, ਧੁੱਕੀ!"

"ਅੱਜ ਤੋਂ ਬਾਅਦ 'ਸੁਣਾ ਪਟੋਲਿਆ', 'ਸਦਕੇ ਲੇਹ ਦਿਆ ਫੁੱਲਾ', 'ਕਿਵੇਂ ਐਂ ਮਾਲ' ਵਰਗੀਆਂ ਅਵੱਲੀਆਂ ਗੱਲਾਂ ਨ੍ਹੀ ਕਹਿਣੀਆਂ-ਜਿਹੜਾ ਮਿਲੇ 'ਜੈ ਹਿੰਦ' ਆਖਣੀ ਐਂ!"

"ਜੇ ਕੋਈ 'ਜਿਹੜੀ' ਮਿਲਜੇ ਫੇਰ ਜੀ?" ਘੋਰੇ ਡਰਾਈਵਰ ਨੇ ਪੁੱਛਿਆ। ਉਹ ਸਾਰੇ ਡਰਾਈਵਰਾਂ 'ਚੋਂ ਘਤਿੱਤੀ ਸੀ।

"ਫੇਰ ਵੀ ਜੈ ਹਿੰਦ ਬੁਲਾਉਣੀ ਐਂ!"

"ਕਿੰਨ੍ਹਾ ਕੁ ਚਿਰ ਜੀ?"

"ਜਿੰਨਾ ਚਿਰ ਮੰਤਰੀ ਜੀ ਆ ਕੇ ਨ੍ਹੀਂ ਮੁੜ ਜਾਂਦੇ!"

"ਸੱਤ ਬਚਨ ਜੀ।" ਪੀ. ਏ. ਤੁਰ ਗਿਆ।

ਦੁਕਾਨਦਾਰਾਂ ਦੀਆਂ ਦੁਕਾਨਾਂ ਤੋਂ ਮੁਫ਼ਤ ਫੁੱਲ-ਬੂਟੇ ਲਿਆ ਕੇ ਲਾਂਘੇ 'ਤੇ ਸਜਾਏ ਜਾ ਰਹੇ ਸਨ। ਸ਼ਹਿਰ ਦਾ ਸਾਰਾ ਸਰਕਾਰੀ ਅਮਲਾ-ਫ਼ੈਲਾ ਖ਼ੁਦ ਸਫ਼ਾਈ ਦੀ ਜਾਂਚ ਕਰ ਰਿਹਾ ਸੀ। ਸਾਈਕਲ, ਰੇੜ੍ਹੀ, ਗੱਡਾ, ਰਿਕਸ਼ਾ ਸਭ ਨੂੰ ਘਰੇ ਰਹਿਣ ਦੀ ਹਦਾਇਤ ਸੀ। ਇਕ ਬਜ਼ੁਰਗ ਨੂੰ ਨਾਕੇ ਵਾਲਿਆਂ ਨੇ ਰੋਕ ਲਿਆ।

"ਸਾਸਰੀਕਾਲ ਜੀ!" ਬਜ਼ੁਰਗ ਨੇ ਪੁਲਿਸ ਦਾ ਅਦਬ ਕੀਤਾ।

"ਕੀ ਨਾਂ ਐਂ?" ਚੰਗਿਆੜੇ ਛੱਡਦੇ ਸਿਪਾਹੀ ਨੇ ਪੁੱਛਿਆ।

"ਸਭਿਆਚਾਰ ਐ ਜੀ-ਨਾਲੇ ਸਾਸਰੀਕਾਲ ਸਰਕਾਰ!"

"ਸਾਸਰੀਕਾਲ ਦਿਆ ਲੱਗਦਿਆ-ਤੈਨੂੰ ਸਾਡੀਆਂ ਹਦਾਇਤਾਂ ਦਾ ਨ੍ਹੀਂ ਪਤਾ ਉਏ?" ਇਕ ਭੂਤਰੇ ਸਿਪਾਹੀ ਨੇ ਸਭਿਆਚਾਰ ਦੇ ਸਾਈਕਲ 'ਤੇ ਡੰਡਾ ਮਾਰਿਆ।

"ਨਾ ਸ਼ੇਰਾ ਇਹ ਤਾਂ ਮੇਰਾ ਪੁੱਤਾਂ ਮਾਂਗੂੰ ਰੱਖਿਆ ਵਿਐ!" ਸਭਿਆਚਾਰ ਨੇ ਆਪਣੇ ਸਾਈਕਲ ਨੂੰ ਪਲੋਸਿਆ।

"ਤੈਨੂੰ ਪੁੱਛਿਆ ਕੀ ਐ-ਤੂੰ ਬੋਲਦਾ ਕੀ ਐਂ?"

"ਮੈਂ ਤਾਂ ਸਰਕਾਰ ਅੱਜ ਪੰਜਵੇਂ ਦਿਨ ਘਰ ਮੁੜਿਆਂ-ਪੰਜ ਦਿਨਾਂ ਦਾ ਖੇਤ ਈ ਤਾੜਿਆ ਵਿਆ ਸੀ ਜੀ-ਕਹਿੰਦੇ ਸੀ ਬਾਵਰੀਆਂ ਆਲੇ ਗਾਇਕਾਂ ਨੇ ਆਉਣੈਂ-ਉਨ੍ਹਾਂ ਨੇ ਗੀਤ ਗਾਉਣੈਂ ਐਂ: ਤੇਰੀ ਤੰਗ ਪਜਾਮੀ ਦੇਖ ਕੇ ਪਾਟ ਗਿਆ ਮੇਰਾ ਝੱਗਾ-ਤਿੰਨ ਦਿਨ ਮੇਲਾ ਲੱਗਣੈਂ-ਅਖੇ ਸਭਿਆਚਾਰਕ ਮੇਲਾ-ਚੱਡੀਆਂ ਆਲੀਆਂ ਬੀਬੀਆਂ ਵੀ ਨੱਚਣਗੀਆਂ-ਅਖੇ ਤੂੰ ਖ਼ੁਦ ਕਰੇਂਗਾ ਬੀਬੀਆਂ ਦੀਆਂ ਨੰਗੀਆਂ ਲੱਤਾਂ ਦੇਖ ਕੇ-ਸਰਕਾਰ ਮੈਨੂੰ ਥੋਡੇ ਸਭਿਅਕ ਬੰਦੇ ਖੇਤ ਰਹਿਣ ਦੀ ਸਖ਼ਤ ਹਦੈਤ ਕਰ ਆਏ-ਕਹਿੰਦੇ ਜੇ ਤਿੰਨ ਦਿਨ ਸ਼ਹਿਰ ਵੜਿਆ ਤਾਂ ਲੱਤਾਂ ਭੰਨ ਦਿਆਂਗੇ-ਮੈਨੂੰ ਥੋਡੇ ਹੁਕਮ ਦਾ ਕੀ ਪਤਾ ਲੱਗਣਾ ਸੀ-ਪਰ ਸਰਕਾਰ ਆਹ ਐਨੀ ਸਫ਼ਾਈ ਕੀਤੀ ਪਈ ਐ-ਕਿਸੇ ਮਹਾਂਪੁਰਖ ਨੇ ਆਉਣੈਂ?"

"ਤੈਨੂੰ ਅਸ਼ਟਾਮ 'ਤੇ ਲਿਖ ਕੇ ਦੇਈਏ? ਚੱਲ ਦਫ਼ਾ ਹੋ ਐਥੋਂ!" ਸਿਪਾਹੀ ਨੇ ਇਕ ਡੰਡਾ ਹੋਰ ਸਾਈਕਲ 'ਤੇ ਮਾਰਿਆ।

"ਸਰਕਾਰ, ਇਹਦੇ ਨਾ ਮਾਰੋ-ਮੇਰਾ ਛੈਂਕਲ ਪੁੱਤਾਂ ਮਾਂਗੂੰ ਪਾਲਿਆ ਵਿਐ-ਮੇਰੇ ਚਾਹੇ ਦੋ ਮਾਰਲੋ!"

"ਚੱਲ ਤੂੰ ਦਫ਼ਾ ਹੋ ਯਾਰ।" ਦੂਜਾ ਸਿਪਾਹੀ ਬੋਲਿਆ।

"ਸਰਕਾਰ ਮੇਰੀ ਗੱਲ ਦਾ ਕਿਸੇ ਨੇ ਗੌਗਾ ਈ ਨ੍ਹੀ ਗੌਲਿਆ-ਆਬਦੀਆਂ ਸੁਣਾਂ ਕੇ ਈ ਚੁੱਪ ਕਰਗੇ-ਮੈਂ ਪੁੱਛਿਆ ਸੀ ਬਈ ਕਿਸੇ ਸਾਧ ਸੰਤ ਨੇ ਆਉਣੈਂ-ਐਨੀ ਸਫ਼ਾਈ ਹੋਈ ਜਾਂਦੀ ਐ-ਕਿਧਰੇ ਝੰਡੀਆਂ-ਕਿਧਰੇ ਫੁੱਲਝੜੀਆਂ-ਕਿਧਰੇ ਫੁੱਲ ਬੂਟੇ ਝੂਲਣ ਲੱਗਪੇ-ਐਥੋਂ ਤਾਂ ਸਰਕਾਰ ਮੱਝ ਵੀ ਨੱਕ ਸਕੋੜ ਕੇ ਲੰਘਦੀ ਸੀ-ਤੇ ਅੱਜ ਤਾਂ ਓਸ ਗੱਲ ਦੇ ਆਖਣ ਮਾਂਗੂੰ ਰੰਗ ਭਾਗ ਲੱਗੇ ਪਏ ਐ!"

"ਮੰਤਰੀ ਨੇ ਆਉਣੈ।" ਸਿਪਾਹੀ ਨੇ ਖਹਿੜਾ ਛੁਡਾਉਣ ਲਈ ਆਖਿਆ।

"ਵਾਹ ਜੀ ਸਰਕਾਰ ਜੀ ਵਾਹ! ਬੱਲੇ ਬੱਲੇ! ਜੇ ਮੰਤਰੀ ਆਉਣ ਨਾਲ ਸ਼ਹਿਰ ਦੀ ਐਨੀ ਰੂਹ ਬਦਲ ਸਕਦੀ ਐ ਤਾਂ ਸਰਕਾਰ ਨਿੱਤ ਈ ਕੋਈ ਨਾ ਕੋਈ ਮੰਤਰੀ ਛੰਡਰੀ ਸੱਦ ਲਿਆ ਕਰੋ-ਸ਼ਹਿਰ ਦੀ ਜੂਨ ਤਾਂ ਸੁਧਰੇ-ਪਰ ਸਰਕਾਰ ਜਦੋਂ ਮੰਤਰੀ ਆ ਕੇ ਮੁੜ ਗਿਆ-ਫੇਰ ਰੂੜੀਆਂ ਫਿਰ ਐਥੇ ਲਿਆ ਲਾਵੋਂਗੇ?"

"ਤੈਨੂੰ ਗੱਲਾਂ ਬਹੁਤ ਆਉਂਦੀਐਂ।"

"ਹੋਰ ਗੌਰਮਿੰਟ ਜੀ ਮੈਨੂੰ ਮਨੀਆਡਰ ਆਉਣੇ ਐਂ?"

ਸਿਪਾਹੀ ਨੇ ਸਭਿਆਚਾਰ ਦੇ ਟੱਬੇ ਵਰਗੇ ਹੱਡ 'ਤੇ ਡੰਡਾ ਮਾਰਿਆ। 'ਟਨਨ' ਦੀ ਅਵਾਜ਼ ਆਈ।

"ਜੇ ਦਿਲ ਖ਼ੁਸ਼ ਹੁੰਦੈ ਇਕ ਹੋਰ ਮਾਰਲੋ ਜੀ-ਪਰ ਸਰਕਾਰ ਇਹ ਦੱਸ ਦਿਓ ਬਈ ਉਥੇ ਤਾਂ ਨ੍ਹੀਂ ਕਿਸੇ ਬਾਵਰੀਆਂ ਆਲੇ ਗਾਇਕ ਜਾਂ ਬਲਾਉਜ਼ ਚੱਡੀ ਆਲੀ ਬੀਬੀ ਨੇ ਨੱਚਣਾ? ਨਹੀਂ ਮੈਂ ਫਿਰ ਮੁੜ ਕੇ ਖੇਤ ਜਾ ਵੜਦਾਂ!"

"ਚੱਲ ਭੱਜ ਐਥੋਂ! ਨਹੀਂ ਸਾਲਿਆ ਅੰਦਰ ਦੇ ਦਿਆਂਗੇ!"

"ਕੋਈ 'ਤਬਾਰ ਨ੍ਹੀਂ ਭਾਈ-ਆਬਦੀ ਇੱਜਤ ਆਬਦੇ ਹੱਥ।" ਸਭਿਆਚਾਰ ਨੇ ਮਨ 'ਚ ਕਿਹਾ।

"ਚੰਗਾ ਜੀ ਫੇਰ ਸਾਸਰੀਕਾਲ ਸਰਕਾਰ ਜੀ!" ਸਭਿਆਚਾਰ ਸਾਈਕਲ 'ਤੇ ਚੜ੍ਹ ਤੁਰ ਗਿਆ।

ਸਭਿਆਚਾਰ ਜੀ ਅਜੇ ਗਏ ਹੀ ਸਨ ਕਿ ਇਕ ਸੋਹਣੀ ਸੁਨੱਖੀ ਕੁੜੀ ਲੇਡੀ ਸਾਈਕਲ 'ਤੇ ਆਉਂਦੀ ਦਿਸੀ। ਸਿਪਾਹੀ ਦੇ 'ਕੁੱਤੇ ਫ਼ੇਲ੍ਹ' ਹੋਣ ਵਾਲੇ ਹੋ ਗਏ।

"ਆਪਾਂ ਕੌਣ ਐਂ ਜੀ?" ਉਹ ਕੁੜੀ ਦੇ ਕਾਫ਼ੀ ਨੇੜੇ ਹੋ ਕੇ ਬੋਲਿਆ। ਮੂੰਹ 'ਚੋਂ ਲਾਲ਼੍ਹ ਟਪਕੀ ਅਤੇ ਬਾਛਾਂ ਖਿਲਰ ਗਈਆਂ।

"ਕੀ ਮਤਲਬ?" ਉਸ ਦੀ ਵੰਝਲੀ ਵਰਗੀ ਅਵਾਜ਼ ਟਣਕੀ। ਭਰ ਜੁਆਨ, ਗਰਨੇਡ ਵਰਗੀ ਕੁੜੀ ਦੇ ਜੋਬਨ ਮੱਤੇ ਸਰੀਰ ਨੇ ਗਿੱਧਾ ਪਾਇਆ।

"ਥੋਡਾ ਸ਼ੁਭ ਨਾਮ-ਐਥੇ ਕੀ ਕਰਨ ਆਏ ਓ?"

"ਮੇਰਾ ਨਾਂ ਐ ਤੰਦਰੁਸਤੀ-ਐਥੇ ਤੇਰੇ ਸ਼ਹਿਰ ਦੀ ਸਫ਼ਾਈ ਦੇਖ ਕੇ ਆਈ ਆਂ!" ਉਸ ਦੇ ਕੇਸੂ ਬੁੱਲ੍ਹ ਹਿੱਲੇ।

"ਅੱਜ ਕਿਹੋ ਜਿਹੇ ਬੰਦਿਆਂ ਨਾਲ ਵਾਹ ਪਈ ਜਾਂਦੈ?" ਸਿਪਾਹੀ ਕਮਲਾ ਹੋਇਆ ਖੜ੍ਹਾ ਸੀ।

"ਚੱਲ ਜਾਣ ਦੇ-ਜਿੰਦੇ ਮੰਤਰੀ ਆ ਕੇ ਮੁੜ ਗਿਆ-ਇਹ ਆਪੇ ਮੁੜਜੂਗੀ-ਦੇਖ ਲੈਣ ਦੇ ਇਹਨੂੰ ਇਕ ਅੱਧਾ ਦਿਨ ਤੁਰ ਫਿਰ ਕੇ ਮੇਲਾ-ਦਫ਼ਾ ਕਰ!" ਦੂਜੇ ਸਿਪਾਹੀ ਨੇ ਕਿਹਾ।

"ਜਾਓ ਜੀ!" ਸਿਪਾਹੀ ਨੇ ਰਾਹ ਦਿੱਤਾ ਤਾਂ ਉਹ ਸਾਈਕਲ ਰੋੜ੍ਹ ਤੁਰ ਗਈ।

"ਤੋਰ ਸਹੁਰੀ ਦੀ ਸੱਪ ਅਰਗੀ ਐ!" ਸਿਪਾਹੀ ਡਿੰਗਣ ਵਾਲਾ ਹੋਇਆ ਪਿਆ ਸੀ।

"ਹੋਵੇ ਨਾ? ਜੁਆਨੀ ਤਾਂ ਸਾਲੀ ਗਧੇ 'ਤੇ ਆਈ ਨ੍ਹੀ ਮਾਣ!" ਦੂਜਾ ਬੋਲਿਆ।

"ਤੇਰੇ ਆਲੀ ਤਾਂ ਹੁਣ ਡੰਡ ਬੈਠਕਾਂ ਕੱਢਣੋਂ ਰਹੀ-ਉਹ ਤਾਂ ਭਾਈ ਸਾਹ ਜੇ ਵਰੋਲਦੀ ਫਿਰਦੀ ਐ!"

"ਉਹ ਤਾਂ ਇਹਦੀਆਂ ਰੋਟੀਆਂ ਪਕਾਈ ਚੱਲੇ-ਵਾਹ ਭਲੀ ਐ!"

ਪੁਲਿਸ ਵਾਲਿਆਂ ਨੇ ਅੱਗੇ ਕਰੋਲੇ ਦੇਣੇ ਸ਼ੁਰੂ ਕਰ ਦਿੱਤੇ। ਰਿਕਸ਼ੇ ਵਾਲਿਆਂ ਦੇ ਹੱਡ ਕੁੱਟੇ, ਰੇੜ੍ਹੀਆਂ ਵਾਲਿਆਂ ਦੇ ਮੌਰ ਸੇਕੇ, ਅਖੀਰ ਸੜਕ ਦੇ ਇਕ ਖੂੰਜੇ ਪਈ ਇਕ ਬਿਰਧ ਮਾਈ ਨੂੰ ਜਾ ਉਠਾਇਆ। ਮਾਈ ਦੀ ਪੁੱਛ-ਗਿੱਛ ਸ਼ੁਰੂ ਹੋ ਗਈ।

"ਮਾਈ ਤੂੰ ਐਥੇ ਬੈਠੀ ਕੀ ਕਰਦੀ ਐਂ?"

"ਆਬਦੇ ਜਣਦਿਆਂ ਨੂੰ ਰੋਨੀਂ ਐਂ ਪੁੱਤ!" ਮਾਈ ਅਤੀਅੰਤ ਦੁਖੀ ਹੋਈ ਬੋਲੀ।

"ਕੌਣ ਐਂ ਤੂੰ?" ਝੁੱਗੀਆਂ ਕੋਲੇ ਸੜਕ ਕੰਢੇ ਬੈਠੀ ਇਸ ਬਿਰਧ ਮਾਈ ਦੇ ਡੰਡਾ ਮਾਰਨੋਂ ਸੰਕੋਚ ਕਰਦਿਆਂ ਠਾਣੇਦਾਰ ਨੇ ਪੁੱਛਿਆ।

"ਪੁੱਤ ਮੈਂ ਅਜ਼ਾਦੀ ਆਂ!" ਉਸ ਦੀਆਂ ਝੁਰੜੀਆਂ ਭਰੇ ਮੂੰਹ 'ਚੋਂ ਮੁਰਦਾ ਅਵਾਜ਼ ਨਿਕਲੀ।

"ਕਿੱਥੇ ਰਹਿਨੀ ਐਂ?"

"ਝੁੱਗੀਆਂ ਝੌਂਪੜੀਆਂ 'ਚ-ਕਦੇ ਬਿਮਾਰਾਂ ਕੋਲੇ ਤੇ ਕਦੇ ਗਰੀਬ ਗੁਰਬਿਆਂ 'ਚ-ਕਦੇ ਕਦੇ ਸੜਕ ਦੇ ਕਿਨਾਰੇ-ਕਦੇ ਛੱਪੜ ਦੇ ਕੰਢੇ-ਕਦੇ ਸਿਵਿਆਂ 'ਚ-ਕਦੇ ਕਿਤੇ-ਕਦੇ ਕਿਤੇ-ਹੋਰ ਦੱਸ ਪੁੱਤ?"

"ਕਿਹੜਾ ਪਿੰਡ ਐ?"

"ਕੋਈ ਨ੍ਹੀ ਪੁੱਤ-ਬੇਪਿੰਡੀ ਤੇ ਬੇਘਰੀ ਆਂ ਮੈਂ-ਟੱਪਰੀਵਾਸ ਆਂ ਮੈਂ ਤਾਂ...!"

"ਐਥੇ ਕੀ ਕਰਦੀ ਐਂ?"

"ਮੇਰੇ ਪੁੱਤ ਮੈਨੂੰ ਛੱਡ ਕੇ ਤੁਰ ਗਏ-ਉਨ੍ਹਾਂ ਨੂੰ 'ਡੀਕਦੀ ਆਂ ਪੁੱਤਾ!" ਉਹ ਭੁਸਕ ਪਈ। ਬੁੜੀਆਂ ਅੱਖਾਂ 'ਚ ਪਤਾ ਨਹੀਂ ਕਿੱਥੋਂ ਜਲ ਆ ਗਿਆ ਸੀ।

"ਕੀ ਕਿਹੈ? ਛੱਡ ਕੇ ਤੁਰਗੇ?"

"ਵੇ ਆਹੋ-ਬੜੇ ਚੰਗੇ-ਲੈਕ ਪੁੱਤ ਸੀ ਮੇਰੇ!"

"ਉਹ ਚੰਗੇ ਪੁੱਤ ਕਾਹਦੇ ਹੋਏ ਮਾਈ-ਜਿਹੜੇ ਮਾਂ ਨੂੰ ਈ ਛੱਡ ਕੇ ਤੁਰਗੇ?"

"ਵੇ ਪੁੱਤਾ ਤੂੰ ਨ੍ਹੀਂ ਸਮਝ ਸਕਦਾ ਇਹ ਘਾਣੀ-ਤੂੰ ਅਜੇ ਨਿਆਣੈਂ ਪੁੱਤ!"

"ਕੀ ਨਾਂ ਐ ਉਨ੍ਹਾਂ ਦਾ-ਖ਼ਬਰ ਲਈਏ?" ਹੌਲਦਾਰ ਬੋਲਿਆ।

"ਸ਼ੇਰ ਬਹਾਦਰ ਭਗਤ ਸਿੰਘ-ਸੂਰਮਾ ਕਰਤਾਰ ਸਿੰਘ ਸਰਾਭਾ!"

"ਬੁੜ੍ਹੀਏ ਤੇਰਾ ਦਿਮਾਗ ਤਾਂ ਨ੍ਹੀਂ ਖਰਾਬ ਹੋ ਗਿਆ?"

"ਪੁੱਤ ਮੇਰਿਆ ਡਮਾਕ ਖਰਾਬ ਨ੍ਹੀਂ ਹੋਇਆ-ਡਮਾਕ ਖਰਾਬ ਕਰਤਾ ਮੇਰਾ ਅੱਗ ਲੱਗੜਾ-ਤਾਹੀਂ ਤਾਂ ਕਮਲੀ ਹੋਈ ਫਿਰਦੀ ਆਂ-ਤੂੰ ਪੁੱਤ ਅਜੇ ਨਿਆਣੈਂ ਬਹੁਤ-ਤੈਨੂੰ ਕੀ-ਕੀ ਸਮਝਾਵਾਂ?"

"ਕੀਹਨੇ ਖਰਾਬ ਕਰਤਾ ਤੇਰਾ ਦਿਮਾਗ?" ਠਾਣੇਦਾਰ ਵਿਅੰਗਮਈ ਹੱਸਿਆ। ਉਸ ਨੂੰ ਯਕੀਨ ਹੋ ਗਿਆ ਸੀ ਕਿ ਇਹ ਬੁੜ੍ਹੀ ਪਾਗਲ ਹੈ।

"ਵੇ ਆਹ ਜਿਹੜੇ ਝੰਡੀ ਆਲੀਆਂ ਕਾਰਾਂ 'ਚ ਜਬਕਦੇ ਫਿਰਦੇ ਐ-ਕੀ ਕਹਿੰਦੇ ਐ ਇਨ੍ਹਾਂ ਡੁੱਬੜਿਆਂ ਨੂੰ? ਮੰਤਰੀ-ਮੰਤਰੀ!"

"ਥੋਥੋ ਤੇਰੇ ਨਾਲ ਬਿਰਧ ਕਰਕੇ ਲਿਹਾਜ ਕਰਦੈਂ-ਤੂੰ ਹੁਣ ਕਿਰਪਾ ਕਰ-ਇਥੋਂ ਪਰ੍ਹੇ ਹੋ ਜਾਹ!" ਠਾਣੇਦਾਰ ਨੇ ਡੰਡਾ ਘੁੰਮਾਉਂਦਿਆਂ ਕਿਹਾ।

"ਵੇ ਕਾਹਤੋਂ ਜਿਉਣ ਜੋਕਰਿਆ-ਕਾਹਤੋਂ ਪਰ੍ਹੇ ਹੋ ਜਾਂ ਮੈਂ? ਮੈਂ ਅਜ਼ਾਦੀ ਆਂ ਪੁੱਤ!"

"ਮਾਈ ਇੱਥੋਂ ਦੀ ਮੰਤਰੀ ਨੇ ਗੁਜ਼ਰਨੈ।"

"ਵੇ ਤੇਰੇ ਮੰਤਰੀ ਸੰਤਰੀ ਪਿੱਛੋਂ ਗੁਜ਼ਰਦੇ ਹੁਣ 'ਗੁਜ਼ਰ' ਜਾਣ-ਪਰ ਮੈਂ ਪਿੱਛੇ ਕਿਉਂ ਹਟਾਂ-ਮੈਂ ਸਾਰੇ ਹਿੰਦੋਸਤਾਨ ਦੀ ਮਾਂ ਐਂ?"

"ਉਏ ਮੁੰਡਿਓ ਇਹ ਬੁੜ੍ਹੀ ਆਪਣੀਆਂ ਪੇਟੀਆਂ ਲੁਹਾਊਗੀ-ਮੰਤਰੀ ਜੀ ਦੇ ਲੰਘਣ ਤੱਕ ਇਹਨੂੰ ਆਸੇ ਪਾਸੇ ਕਰੋ!" ਠਾਣੇਦਾਰ ਨੇ ਸਿਪਾਹੀਆਂ ਨੂੰ ਨਾਦਰਸ਼ਾਹੀ ਹੁਕਮ ਚਾੜ੍ਹਿਆ।

"ਵੇ ਮੈਂ ਤੇਰੇ ਮੰਤਰੀ ਦੇ ਕੀ ਗੋਲੀ ਮਾਰਦੀ ਆਂ-ਮੇਰਾ ਨਾਂ ਲੈ ਲੈ ਕੇ ਤਾਂ ਉਹ ਮੇਰੀ ਜਨਤਾ ਨੂੰ ਲੁੱਟੀ ਜਾਂਦੇ ਐ ਟੁੱਟ ਪੈਣੇਂ-ਇਨ੍ਹਾਂ ਨੂੰ ਲੱਗਜੇ ਇਨ੍ਹਾਂ ਨੂੰ ਅੱਗ ਨਪੁੱਤੇ ਦਿਆਂ ਨੂੰ!"

"ਚੱਲ ਮਾਈ ਖੜ੍ਹੀ ਹੋ!" ਠਾਣੇਦਾਰ ਦੇ ਇਸ਼ਾਰੇ 'ਤੇ ਇਕ ਸਿਪਾਹੀ ਨੇ ਬਿਰਧ ਦੀ ਬਾਂਹ ਫੜ ਕੇ ਉਠਾਉਣਾ ਚਾਹਿਆ। ਪਰ ਉਹ ਉਠ ਨਾ ਸਕੀ।

"ਵੇ ਮੈਥੋਂ ਨ੍ਹੀ ਉਠਿਆ ਜਾਣਾ ਜਿਉਣ ਜੋਕਰਿਆ! ਮੇਰਾ ਇਕ ਪਾਸਾ ਮਾਰਿਆ ਵਿਐ!!" ਉਹ ਵਿਲਕ ਉਠੀ।

"ਚੱਲ ਮਾਈ ਤੈਨੂੰ ਦੁਆਈ ਬੂਟੀ ਦਿਵਾਈਏ-ਠੀਕ ਹੋਜੇਂਗੀ।" ਸਿਪਾਹੀ ਨੇ ਫਿਰ ਉਠਾਉਣ ਲਈ ਹਿੰਮਤ ਕੀਤੀ।

"ਵੇ ਹੁਣ ਤੂੰ ਮੈਨੂੰ ਕਿੱਥੋਂ ਦੁਆਈ ਦੁਆਵੇਂਗਾ ਕਮਲਿਆ ਪੁੱਤਾ-ਮੇਰਾ ਪਾਸਾ ਤਾਂ 1947 ਦਾ ਮਾਰਿਆ ਵਿਐ-ਵੇ ਕੀ ਕੀ ਤੈਨੂੰ ਦੁੱਖ ਦੱਸਾਂ ਵੇ ਮੇਰਿਆ ਕਮਲਿਆ ਪੁੱਤਾ...!" ਮਾਈ ਨੇ ਮੁਰਦੀ ਆਵਾਜ਼ ਵਿਚ ਵੈਣ ਪਾਉਣੇ ਸ਼ੁਰੂ ਕਰ ਦਿੱਤੇ।

ਸਿਪਾਹੀ ਬੇਵੱਸ ਹੋਇਆ ਖੜ੍ਹਾ ਸੀ।

"ਮੈਨੂੰ ਤਾਂ ਰੋਗ ਈ ਬਾਹਲੇ ਐ-1947 ਤੋਂ ਲੈ ਕੇ ਹੁਣ ਤੱਕ ਦਾਣੇ ਮਾਂਗੂੰ ਭੁੱਜਦੀ ਆਉਨੀਂ ਐਂ ਪੁੱਤ-ਭੁੱਜਦੀ ਆਉਨੀ ਆਂ ਦਾਣੇ ਮਾਂਗੂੰ-ਬਥੇਰੀਆਂ 'ਵਾਵਾਂ ਵਗੀਆਂ ਮੇਰੇ ਐਸ ਪਿੰਡੇ 'ਤੇ ਪੁੱਤ-ਮਾੜੇ ਕਰਮਾਂ ਕਰਕੇ ਫੇਰ ਵੀ ਬਚਦੀ ਰਹੀ-ਆਹ ਬੁਰੇ ਦਿਨ ਦੇਖਣ ਆਸਤੇ ਪੁੱਤ-ਹੁਣ ਤੁਸੀਂ ਨ੍ਹੀ ਟਿਕਣ ਦਿੰਦੇ!"

ਬਿਰਧ ਮਾਤਾ ਦੀ ਗੱਲ ਅਧੂਰੀ ਹੀ ਸੀ ਕਿ "ਮੰਤਰੀ ਜੀ - ਜ਼ਿੰਦਾਬਾਦ!" ਦਾ ਰੌਲਾ ਮੱਚ ਗਿਆ।

ਸਾਰੀ ਪੁਲਿਸ ਮੰਤਰੀ ਦੇ ਸੁਆਗਤ ਲਈ ਜੁਟ ਗਈ। ਮੰਤਰੀ ਜੀ ਸਟੇਜ 'ਤੇ ਦਮਗੱਜੇ ਮਾਰ ਰਹੇ ਸਨ, "ਸਾਡਾ ਦੇਸ਼ ਅੱਜ ਦੁਨੀਆਂ ਦੀ ਚੌਥੀ ਤਾਕਤਵਰ ਪਾਵਰ ਹੈ-ਹਮਾਰੇ ਪਾਸ ਪ੍ਰਮਾਣੂੰ ਸ਼ਕਤੀ ਹੈ...!"

ਮੰਤਰੀ ਜੀ ਦੇ ਭਾਸ਼ਣ ਤੋਂ ਬਾਅਦ ਵਾਰੀ ਆਈ ਚਾਪਲੂਸਾਂ ਦੀ ਅਤੇ ਫਿਰ ਵਾਰੀ ਆਈ ਗਾਇਕ ਜੋੜੀ ਦੀ।

ਸਟੇਜ 'ਤੇ 'ਸਭਿਆਚਾਰਕ' ਗੀਤ ਚੱਲ ਰਿਹਾ ਸੀ।

"ਨਾਲੋਂ ਜਾ ਕੇ ਨਾਇਣ ਚੱਕ ਲਈ - ਮੈਂ ਤਾਂ ਸੋਚਿਆ ਪਟੋਲ੍ਹਾ ਹੱਥ ਆ ਗਿਆ...!" ਗੀਤ ਸੁਣ ਕੇ ਟਰੱਕਾਂ ਵਾਲੇ "ਜੈ ਹਿੰਦ" ਕਹਿਣਾ ਭੁੱਲ ਗਏ ਸਨ। ਇਕ ਪਾਸੇ ਬਿਰਧ ਅਜ਼ਾਦੀ ਅਤੇ ਦੂਜੇ ਪਾਸੇ ਸਭਿਆਚਾਰ ਭੁੱਖੇ-ਤਿਹਾਏ ਇਕ ਦੂਜੇ ਵੱਲ ਦੇਖ ਰਹੇ ਸਨ। ਖੂੰਜੇ ਖੜ੍ਹੀ ਤੰਦਰੁਸਤੀ ਉਨ੍ਹਾਂ ਵੱਲ ਦੇਖ ਦੇਖ ਕੇ ਝੂਰੀ ਜਾ ਰਹੀ ਸੀ।

* jaggikussa65@gmail.com

## ਸ਼ਰਤ

ਪੰਜ ਮਿੰਟ ਪਹਿਲਾਂ ਇਸ ਕੋਠੜੀ ਵਿਚੋਂ ਬਾਹਰ ਨਿਕਲ ਜਾਵਾਂਗਾ, ਤੇ ਸ਼ਰਤ ਤੋੜ ਦਿਆਂਗਾ ਤਾਂ ਕਿ ਉਸ ਦੋ ਲੱਖ ਰੁਪਏ ਉਤੇ ਮੇਰਾ ਕੋਈ ਹੱਕ ਨਾ ਰਹੇ।"

ਬੈਂਕਰ ਨੇ ਕਾਗਜ਼ ਪੜ੍ਹ ਕੇ ਵਾਪਸ ਮੇਜ਼ ਉਤੇ ਰੱਖ ਦਿੱਤਾ। ਉਸ ਮਹਾਨ ਬੰਦੇ ਦਾ ਮੱਥਾ ਚੁੰਮਿਆਂ ਅਤੇ ਉਚੀ ਉਚੀ ਰੋਣ ਲੱਗ ਪਿਆ। ਫਿਰ ਰੋਂਦਾ ਰੋਂਦਾ ਹੀ ਉਹ ਆਪਣੇ ਕਮਰੇ ਵਿਚ ਵਾਪਸ ਆਇਆ ਸੀ। ਸੱਟੇ ਵਿਚ ਹਾਰ ਕੇ ਕਦੀ ਉਹਨੂੰ ਇੰਨੀ ਨਮੋਸ਼ੀ ਨਹੀਂ ਸੀ ਹੋਈ ਜਿੰਨੀ ਅੱਜ ਹੋਈ। ਉਹ ਆਪਣੇ ਕਮਰੇ ਵਿਚ ਆ ਕੇ ਬਿਸਤਰੇ ਉਤੇ ਢਹਿ ਪਿਆ ਸੀ ਪਰ ਮਾਨਸਿਕ ਖ਼ੌਰੂ ਕਾਰਨ ਕਾਫੀ ਦੇਰ ਤੱਕ ਉਹ ਸੌਂ ਨਹੀਂ ਸੀ ਸਕਿਆ।

ਦੂਜੇ ਦਿਨ ਚੌਕੀਦਾਰ ਹਫਿਆ ਹੋਇਆ ਉਸ ਕੋਲ ਆਇਆ ਤੇ ਬੋਲਿਆ ਕਿ ਕੈਦੀ ਬਾਰੀ ਦੇ ਰਸਤੇ ਬਗੀਚੇ ਵਿਚ ਆ ਗਿਆ ਹੈ ਤੇ ਬਾਹਰਲੇ ਦਰਵਾਜ਼ੇ ਵੱਲ ਜਾ ਰਿਹਾ ਹੈ। ਬੈਂਕਰ ਨੱਸ ਕੇ ਬਾਹਰ ਆਇਆ ਤੇ ਕੋਠੜੀ ਤੱਕ ਪਹੁੰਚਿਆ। ਅਫ਼ਵਾਹਾਂ ਤੋਂ ਬਚਣ ਲਈ ਉਹਨੇ ਉਹ ਕਾਗਜ਼ ਚੁੱਕ ਲਿਆਂਦਾ ਅਤੇ ਸੇਫ ਵਿਚ ਸੰਭਾਲ ਕੇ ਰੱਖ ਦਿੱਤਾ।

## ਚੰਗਿਆਈ

ਜੰਗ ਬਹਾਦਰ ਸਿੰਘ ਘੁੰਮਣ

ਅੰਨ੍ਹੇ ਤਸ਼ੱਦਦ ਦਾ ਬਿੰਬ ਤੇ ਇਲਾਕੇ 'ਚ 'ਘੋਟਣਾ' ਕਰਕੇ ਜਾਣੇ ਜਾਂਦੇ ਕੁੰਢੀਆਂ ਮੁੱਛਾਂ ਵਾਲੇ ਸਖ਼ਤ ਮਿਜਾਜ਼, ਉਚੇ ਲੰਮੇ ਥਾਣੇਦਾਰ ਦਲੀਪ ਸਿੰਘ ਨੇ ਗੁੰਡਾਗਰਦੀ ਨੂੰ ਧਿਆਨ ਵਿਚ ਰੱਖਦਿਆਂ ਸ਼ਹਿਰ ਦੇ ਮੁੱਖ ਡਾਕਘਰ ਲਾਗੇ ਸਵੇਰੇ ਹੀ ਨਾਕਾ ਲਾ ਲਿਆ ਸੀ। ਕਾਗਜ਼ ਪੱਤਰ ਚੈਕ ਕਰਨ ਲੱਗਿਆਂ ਉਹ ਕਿਸੇ ਦਾ ਲਿਹਾਜ਼ ਨਹੀਂ ਸੀ ਕਰਦਾ। ਉਸ ਨਾਲ ਪੰਜ-ਛੇ ਸਿਪਾਹੀਆਂ ਦੀ ਟੀਮ ਸੀ।

ਕੋਈ ਵੀ ਵਾਹਨ ਉਸ ਕੋਲੋਂ ਸੁੱਕਾ ਨਹੀਂ ਸੀ ਲੰਘ ਸਕਦਾ। ਸਿਪਾਹੀ ਹੱਥ ਦੇ ਕੇ ਰੋਕਦੇ ਤੇ ਇੱਕ ਪਾਸੇ ਕਰਾ ਲੈਂਦੇ। ਡਰਾਈਵਿੰਗ ਲਾਇਸੈਂਸ, ਆਰ. ਸੀ., ਇੰਸ਼ੋਰੈਂਸ 'ਕੱਲਾ 'ਕੱਲਾ ਕਾਗਜ਼ ਪੱਤਰ ਚੈਕ ਕਰਦੇ ਤੇ ਕਿਸੇ ਨਾ ਕਿਸੇ ਘਾਟ ਕਾਰਨ ਚਲਾਨ ਕੱਟ ਕੇ ਹੱਥ ਫੜਾਉਂਦੇ। ਇੰਜ ਚੈਕਿੰਗ ਕਰਵਾਉਣ ਵਾਲੇ ਦਾ ਕਾਫ਼ੀ ਸਮਾਂ ਲੱਗ ਜਾਂਦਾ।

ਨੌਂ ਵੱਜਣ ਵਾਲੇ ਸਨ। ਬੱਸ ਅੱਡੇ ਵੱਲੋਂ ਆਇਆ ਇੱਕ ਵਿਦਿਆਰਥੀ ਤੇਜ਼ ਰਫ਼ਤਾਰ ਮੋਟਰਸਾਈਕਲ 'ਤੇ ਲੰਘ ਹੀ ਚੱਲਿਆ ਸੀ ਕਿ ਇਸ਼ਾਰੇ ਕਾਰਨ ਉਸ ਨੂੰ ਰੁਕਣਾ ਪਿਆ।

"ਏਧਰ ਆ ਬਈ ਤੇ ਕਾਗਜ਼ ਕੱਢ ਆਪਣੇ।"

"ਸਰ ਮੇਰਾ...।"

"ਚੁੱਪ!! ਆਹ ਵੇਖਦਾਂ ਕੌਣ ਖੜ੍ਹੇ ਆ।" ਸਿਪਾਹੀ ਨੇ ਵਿਚੋਂ ਹੀ ਟੋਕਦਿਆਂ ਵਹਿਸ਼ੀ ਜਿਹੇ ਦਬਕੇ ਨਾਲ ਉਸ ਦਾ ਧਿਆਨ ਥਾਣੇਦਾਰ ਵੱਲ ਦਿਵਾਇਆ।

ਵਿਦਿਆਰਥੀ ਉਸ ਨੂੰ ਜਾਣਦਾ ਸੀ। ਲਾਚਾਰੀ ਵੱਸ ਉਸ ਨੇ ਮੋਟਰਸਾਈਕਲ ਇੱਕ ਪਾਸੇ ਲਾਇਆ। ਅਜੇ ਹੋਰਨਾਂ ਦੀ ਚੈਕਿੰਗ ਹੋ ਰਹੀ ਸੀ ਤੇ ਉਸ ਦੀ ਵਾਰੀ ਛੇਤੀ ਨਹੀਂ ਸੀ ਆਉਣੀ। ਉਹ ਘਬਰਾ ਗਿਆ। ਉਸ ਦਾ ਵੇਲੇ ਸਿਰ ਪਹੁੰਚਣਾ ਬਹੁਤ ਜ਼ਰੂਰੀ ਸੀ। ਇਸ ਲਈ ਉਸ ਨੇ ਹੌਸਲਾ ਕੀਤਾ।

"ਥਾਣੇਦਾਰ ਸਾਬ੍ਹ...।"

"ਕਾਕਾ ਖੜ੍ਹਾ ਰਹਿ ਚੁੱਪ ਕਰਕੇ।" ਡਾਢੀ ਸਖ਼ਤਾਈ ਵਾਲੇ ਖਰ੍ਹਵੇ ਬੋਲ ਉਸ ਦੇ ਕੰਨੀਂ ਪਏ।

"ਸਰ ਮੇਰਾ ਜਾਣਾ ਬਹੁਤ ਜ਼ਰੂਰੀ ਏ।"

"ਕਿਉਂ ਕੀ ਗੱਲ-ਅੱਗ ਲੱਗੀ ਹੋਈ ਆ ਜੋ ਤੂੰ ਬੁਝਾਉਣੀ ਏ ਜਾ ਕੇ?"

"ਸਰ ਨੌਂ ਵੱਜਣ ਵਾਲੇ ਨੇ। ਮੇਰਾ ਪੇਪਰ ਏ। ਬਸ ਸ਼ੁਰੂ ਹੋਣ ਈ ਵਾਲੈ।"

"ਅੱਛਾ! ਕਾਹਦਾ?"

ਸਖ਼ਤ ਤੇ ਰੁੱਖੇ ਥਾਣੇਦਾਰ ਦੇ ਚਿਹਰੇ 'ਤੇ ਕੁਝ ਨਰਮਾਈ ਆਈ।

"ਇੰਗਲਿਸ਼-ਬੀ.ਏ. ਭਾਗ ਦੂਜਾ। ਚਲਾ ਜਾਵਾਂ ਜੀ?"

"ਕਾਲਜ ਕਿਹੜਾ ਈ?"

"ਰਣਧੀਰ ਕਾਲਜ।"

"ਉਹ ਪੰਜ ਮਿੰਟ ਤਾਂ ਤੈਨੂੰ ਪਹੁੰਚਦੇ ਨੂੰ ਈ ਲੱਗ ਜਾਣੇ ਨੇ। ਜਾਹ ਪੁੱਤਰ ਜਾਹ-ਛੇਤੀ ਪਹੁੰਚ।" ਪਲ ਭਰ ਲਈ ਕੁਝ ਯਾਦ ਕਰਦਿਆਂ ਉਹ ਕਿੰਨਾ ਨਰਮ ਪੈ ਗਿਆ ਸੀ।

## ਚੁਟਕਲੇ

(1) ਪਤੀ: ਅੱਜ ਮੈਂ ਸੱਤ ਮੱਖੀਆਂ ਮਾਰੀਆਂ। ਤਿੰਨ ਮਰਦਾਨਾ ਅਤੇ ਚਾਰ ਜ਼ਨਾਨਾ।

ਪਤਨੀ: ਤੁਹਾਨੂੰ ਕਿਵੇਂ ਪਤਾ ਕਿ ਕੌਣ ਮਰਦਾਨਾ ਤੇ ਕੌਣ ਜ਼ਨਾਨਾ?

ਪਤੀ: ਤਿੰਨ ਮੱਖੀਆਂ ਸਿਗਰਟ 'ਤੇ ਬੈਠੀਆਂ ਸਨ ਅਤੇ ਚਾਰ ਸ਼ੀਸ਼ੇ ਦੇ ਸਾਹਮਣੇ।

(2) ਇਕ ਦਿਨ ਨੇਤਾ ਜੀ ਦੀ ਪਤਨੀ ਫਿਲਮੀ ਮੂਡ ਵਿਚ ਗੁਣਗੁਣਾਉਣ ਲੱਗੀ, "ਤੁਝੇ ਆਂਖੋਂ ਮੇਂ ਬਿਠਾ ਲੂੰਗੀ, ਓ ਸਈਆਂ ਦੀਵਾਨੇ।" ਸੁਣਦੇਸਾਰ ਹੀ ਨੇਤਾ ਜੀ ਬੋਲੇ, "ਵਾਹ ਗਾਨਾ ਵੀ ਕਿਆ ਸਵੀਟ ਹੈ ਅਤੇ ਇਹ ਤੇਰੀ ਅੱਖ ਹੈ ਜਾਂ ਵਿਧਾਨ ਸਭਾ ਦੀ ਸੀਟ ਹੈ।"

(3) ਜੱਜ: ਤੂੰ ਉਸੇ ਘਰ ਵਿਚ ਹੀ ਚੋਰੀ ਕਿਉਂ ਕੀਤੀ?

ਚੋਰ: ਜੀ, ਉਸ ਘਰ ਅੱਗੇ 'ਜੀ ਆਇਆਂ ਨੂੰ' ਲਿਖਿਆ ਹੋਇਆ ਸੀ।

-ਇੰਦਰਜੀਤ ਮੰਗਾ
ਪਿਟਸਬਰਗ, ਕੈਲੀਫੋਰਨੀਆ।

# ਬਸਤਾਨਾਂ ਦਾ ਨਸਲਕੁਸ਼ੀ ਪ੍ਰੋਜੈਕਟ: ਆਸਟਰੇਲੀਅਨ ਮੂਲਵਾਸੀ



ਪਹਿਲੀ ਗੱਲ
ਜਤਿੰਦਰ ਮੌਹਰ
ਫੋਨ: +91 97799 34747

*ਪੈਮਲਵੂਏ, ਬਸਤਾਨਾਂ (ਬਸਤੀਵਾਦੀਆਂ) ਖ਼ਿਲਾਫ਼ ਮੁੱਢਲੇ ਦੌਰ ਦੀ ਜੱਦੋ ਜਹਿਦ ਦੇ ਸੂਰਮਿਆਂ ਵਿਚ ਉੱਘੜਵਾਂ ਨਾਮ ਹੈ। 1802 ਵਿਚ ਉਹਦੀ ਸ਼ਹੀਦੀ ਤੋਂ ਬਾਅਦ ਉਹਦੇ ਮੁੰਡੇ ਟੈਡਬਰੀ ਨੇ ਨਾਬਰੀ ਦੀ ਪਰੰਪਰਾ ਨੂੰ ਅੱਗੇ ਵਧਾਇਆ। ਜਰਾਇਮ-ਪੇਸ਼ਾ ਗੋਰਿਆਂ ਕੋਲ ਚੰਗੀਆਂ ਰਫ਼ਲਾਂ ਤੇ ਕਬਾਇਲੀਆਂ ਕੋਲ ਸਿਰਫ ਨੇਜੇ ਸਨ। ਇਸ ਅਸਾਵੀਂ ਜੰਗ ਦਾ ਅੰਤ ਹਰ ਵਾਰ ਮੂਲਵਾਸੀਆਂ ਦੀ ਹਾਰ ਨਾਲ ਹੁੰਦਾ। ਬਚੀ-ਖੁਚੀ ਆਬਾਦੀ ਹਿਜਰਤ ਕਰਨਾ ਸ਼ੁਰੂ ਕਰ ਦਿੰਦੀ। ਭੁੱਖਮਰੀ ਤੇ ਬਿਮਾਰੀ ਬੰਦੂਕਾਂ ਤੋਂ ਵੱਡੇ ਦੁਸ਼ਮਣ ਸਨ। ਕੁਝ ਮੂਲਵਾਸੀ ਸ਼ਹਿਰਾਂ ਦੇ ਕੰਢਿਆਂ 'ਤੇ ਰਹਿਣ ਲੱਗ ਪਏ ਜਿੱਥੇ ਧਰਮ ਦੇ ਨੁਮਾਇੰਦੇ ਭੁੱਖੇ-ਨੰਗਿਆਂ ਨੂੰ ਈਸਾਈਅਤ ਦਾ ਪਾਠ ਪੜ੍ਹਾਉਂਦੇ। 1830 ਤੱਕ ਨਿਊ ਸਾਊਥ ਵੇਲਜ਼ ਦਾ ਪੂਰਾ ਖਿੱਤਾ ਗੋਰਿਆਂ ਦੇ ਕਬਜ਼ੇ ਹੇਠ ਆ ਗਿਆ।*

ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਮੁਨਾਫ਼ਾਖ਼ੋਰ ਧਾੜਵੀ ਕੌਮਾਂ ਆਸਟਰੇਲੀਆ ਨਹੀਂ ਸਨ ਪਹੁੰਚੀਆਂ। 1688 ਵਿਚ ਅੰਗਰੇਜ਼ ਖ਼ੋਜੀ ਵਿਲੀਅਮ ਡੈਮਪੀਅਰ ਆਸਟਰੇਲੀਆ ਦੇ ਉੱਤਰੀ-ਪੱਛਮੀ ਕੰਢਿਆਂ ਦੀ ਵਾਟਾ-ਗਾਹੀ ਕਰ ਰਿਹਾ ਸੀ। ਉਹਦਾ ਲਿਖਿਆ 'ਸੱਭਿਅਕ' ਯੂਰਪ ਵਿਚ ਸਭ ਤੋਂ ਵੱਧ ਪੜ੍ਹਿਆ ਤੇ ਮੰਨਿਆ ਗਿਆ। ਇਸ ਗੋਰੇ ਨੇ ਆਸਟਰੇਲੀਆਈ ਕਬਾਇਲੀਆਂ ਨੂੰ ਦੁਨੀਆਂ ਦੇ ਸਭ ਤੋਂ ਦੀਨ, ਨੀਚ, ਦੁਸ਼ਟ ਤੇ ਭੱਦੇ ਲੋਕ ਬਣਾ ਕੇ ਪੇਸ਼ ਕੀਤਾ ਜਿਸ ਨਾਲ ਕਬਾਇਲੀਆਂ ਲਈ ਨਫ਼ਰਤ ਪੈਦਾ ਕਰਨ ਵਾਲਾ ਨਜ਼ਰੀਆ ਯੂਰਪੀਆਂ ਤੱਕ ਪਹੁੰਚਿਆ। ਆਸਟਰੇਲੀਆਈ ਮੂਲਵਾਸੀਆਂ ਨੂੰ ਐਬੋਰਿਜਨਲਜ਼ ਕਿਹਾ ਜਾਂਦਾ ਹੈ। ਇਹ ਚਾਲੀ ਹਜ਼ਾਰ ਸਾਲ ਪਹਿਲਾਂ ਦੱਖਣੀ-ਪੂਰਬੀ ਏਸ਼ੀਆ ਤੋਂ ਆ ਕੇ ਆਸਟਰੇਲੀਆ ਵਿਚ ਵੱਸ ਗਏ ਸਨ। ਇਹ 'ਨੀਚ' ਲੋਕ ਮਨੁੱਖੀ ਇਤਿਹਾਸ ਦੀ ਸਭ ਤੋਂ ਪੁਰਾਣੀ ਪੱਥਰ-ਕਲਾ (ਰੌਕ-ਆਰਟ) ਦੇ ਚਿਤੇਰੇ ਸਨ।

ਮੂਲਵਾਸੀਆਂ ਦੇ ਕਬਾਇਲੀ ਕਨੂੰਨ, ਜਿਉਣ-ਜਾਚ ਤੇ ਸੱਭਿਆਚਾਰ, ਮਨੁੱਖਤਾ ਅਤੇ ਕੁਦਰਤ ਦੇ ਆਪਸੀ ਪਵਿੱਤਰ ਰਿਸ਼ਤੇ ਵਿਚੋਂ ਫੁੱਟੇ ਹੋਏ ਸਨ। ਇਨ੍ਹਾਂ ਦਾ ਮੰਨਣਾ ਸੀ ਕਿ ਪੁਰਾਣੇ ਸਮਿਆਂ ਵਿਚ ਕਰਤਾ-ਪੁਰਖ ਨੇ ਖ਼ੁਦ ਨੂੰ ਜੀਵ-ਜੰਤੂਆਂ ਅਤੇ ਬਨਸਪਤੀ ਦੇ ਰੂਪ ਵਿਚ ਤਬਦੀਲ ਕਰ ਲਿਆ ਜਿਨ੍ਹਾਂ ਦੀ ਦੇਖਭਾਲ ਤੇ ਰੱਖਿਆ ਕਰਨਾ ਕਬਾਇਲੀਆਂ ਦੀ ਜਮਾਂਦਰੂ ਜ਼ਿੰਮੇਵਾਰੀ ਹੈ। ਮੂਲਵਾਸੀਆਂ ਦੀਆਂ ਟੋਟੇਮਿਕ (ਟੋਟਇਮਚਿ) ਰਵਾਇਤਾਂ ਨੇ ਆਸਟਰੇਲੀਆ ਮਹਾਂਦੀਪ ਵਿਚ ਬਹੁਤ ਸਾਰੇ ਜਾਨਵਰਾਂ ਤੇ ਬੂਟਿਆਂ ਲਈ ਸੁਰੱਖਿਅਤ ਚੌਗਿਰਦਾ ਸਿਰਜਿਆ। ਟੋਟੇਮਿਕ ਰਵਾਇਤ ਮੁਤਾਬਕ ਕਬਾਇਲੀ ਲੋਕ ਇਨ੍ਹਾਂ ਨੂੰ ਗੋਦ ਲੈ ਲੈਂਦੇ ਸਨ। ਗੋਦ ਲਏ ਜੀਵ ਨੂੰ ਟੋਟਮ ਕਿਹਾ ਜਾਂਦਾ ਸੀ। ਉਸ ਟੋਟਮ ਨੂੰ ਨਾ ਖ਼ੁਦ ਤੇ ਨਾ ਕੋਈ ਦੂਜਾ ਫੜ ਜਾਂ ਮਾਰ ਸਕਦਾ ਸੀ। ਉਲੰਘਣਾ ਕਰਨ ਵਾਲੇ ਨੂੰ ਸਜ਼ਾ ਦਿੱਤੀ ਜਾਂਦੀ।

ਕਬਾਇਲੀ ਲੋਕਾਂ ਲਈ ਜ਼ਮੀਨ ਰੂਹਾਨੀ ਸੀ। ਲੇਖ਼ਕ ਕੌਲਿਨ ਟਾਟਜ਼ ਲਿਖਦਾ ਹੈ, "ਆਸਟਰੇਲੀਆਈ ਮੂਲਵਾਸੀਆਂ ਲਈ ਜ਼ਮੀਨ ਧਾਰਮਿਕ ਚੀਜ਼ ਹੈ। ਉਹ ਸੋਮਾ ...ਜਿਸ ਤੋਂ ਧਰਮ ਤੇ ਸੱਭਿਆਚਾਰ ਫੁੱਟਦੇ ਹਨ। ਇਹ ਖਰੀਦਣ ਜਾਂ ਵੇਚਣ ਵਾਲੀ ਚੀਜ਼ ਨਹੀਂ। ਇਹ ਸਾਰਿਆਂ ਦੀ ਸਮੂਹਕ ਵਰਤੋਂ ਲਈ ਹੈ। ਜ਼ਮੀਨ ਦੇ ਵੱਖ-ਵੱਖ ਹਿੱਸਿਆਂ ਉੱਤੇ ਕਬਜ਼ਾ ਜਮਾਉਣ ਦੀ ਧਾਰਨਾ, ਮੂਲਵਾਸੀਆਂ ਲਈ ਅਣਜਾਣੀ ਸ਼ੈਅ ਹੈ ਜੋ ਵਾੜ ਲਾਉਣ ਨੂੰ ਵੀ ਧਰਤੀ ਦਾ ਮੁਹਾਂਦਰਾ ਵਿਗਾੜਨ ਦੇ ਤੁਲ ਸਮਝਦੇ ਸਨ। ਇਉਂ ਖ਼ੂਨੀ ਸਾਕਿਆਂ ਦਾ ਮੁੱਢ ਬੱਝਿਆ ਕਿਉਂਕਿ ਗੋਰੇ 'ਲੈਣ' ਵਿਚ ਯਕੀਨ ਰੱਖਦੇ ਸਨ ਪਰ ਕਬਾਇਲੀਆਂ ਦਾ ਮੰਨਣਾ ਸੀ ਕਿ 'ਲਿਆ' ਨਹੀਂ ਜਾ ਸਕਦਾ।" 23 ਅਗਸਤ 1770 ਨੂੰ ਬਰਤਾਨਵੀ ਸਮੁੰਦਰੀ ਜਹਾਜ਼ ਕਪਤਾਨ ਜੇਮਜ਼ ਕੁੱਕ ਦੀ ਅਗਵਾਈ ਹੇਠ ਉੱਤਰੀ-ਪੂਰਬੀ ਆਸਟਰੇਲੀਆ ਦੇ ਛੋਟੇ ਜਿਹੇ ਟਾਪੂ 'ਤੇ ਪਹੁੰਚਿਆ। ਕੈਪਟਨ ਕੁੱਕ ਨੇ ਤੁਰੰਤ ਪੂਰਬੀ ਆਸਟਰੇਲੀਆ ਨੂੰ ਬਰਤਾਨੀਆ ਦੀ ਮਲਕੀਅਤ ਐਲਾਨ ਦਿੱਤਾ। ਉਹਨੇ ਲਾਤੀਨੀ ਫਿਕਰਾ 'ਟੈਰਾ ਨੁਲੀਅਸ' ਵਰਤਿਆ ਜਿਸਦਾ ਅਰਥ ਹੈ 'ਉਹ ਜ਼ਮੀਨ ਜੋ ਕਿਸੇ ਦੀ ਨਹੀਂ'। ਸਾਜ਼ਿਸ਼ ਰਚੀ ਜਾ ਚੁੱਕੀ ਸੀ।

ਇਸ ਆਮਦ ਤੋਂ 18 ਸਾਲ ਬਾਅਦ ਜਨਵਰੀ 1788 ਨੂੰ ਯੂਰਪੀਆਂ ਦਾ ਪਹਿਲਾ ਜੱਥਾ ਬੌਟਨੀ ਖਾੜੀ ਪਹੁੰਚ ਗਿਆ। ਇਸ ਸਮੁੰਦਰੀ ਬੇੜੇ ਵਿਚ ਦੋ ਜੰਗੀ, ਤਿੰਨ ਰਸਦੀ ਅਤੇ ਛੇ ਹੋਰ ਜਹਾਜ਼ ਸਨ ਜਿਨ੍ਹਾਂ ਵਿਚ 800 ਮੁਜਰਮ ਸਵਾਰ ਸਨ। ਕਮਾਂਡਰ ਆਰਥਰ ਫ਼ਿਲਿਪ ਨੇ ਇਸ ਥਾਂ ਨੂੰ ਸਿਡਨੀ ਉੱਪ-ਖਾੜੀ ਦਾ ਨਾਮ ਦਿੱਤਾ। 26 ਜਨਵਰੀ 1788 ਨੂੰ ਏਥੇ ਬਰਤਾਨਵੀ ਝੰਡਾ ਝੁਲਾਇਆ ਗਿਆ। ਹੁਣ ਇਹ ਦਿਨ ਆਸਟਰੇਲੀਆ ਦੇ ਕੌਮੀ ਦਿਨ ਵਜੋਂ ਮਨਾਇਆ ਜਾਂਦਾ ਹੈ। ਫ਼ਿਲਿਪ ਨੇ ਇਸ ਜਗ੍ਹਾ ਯੂਰਪੀ ਵਸੇਬੇ ਦਾ ਬਾਨਣੂੰ ਬੰਨ੍ਹਿਆ ਜੀਹਦਾ ਕੰਮ ਮੁਜਰਮਾਂ ਲਈ ਸਜ਼ਾ ਦੀ ਥਾਂ ਵਸਾਉਣਾ ਸੀ।

ਸ਼ੁਰੂ ਵਿਚ ਕਬਾਇਲੀ ਗੋਰਿਆਂ ਨਾਲ ਖਾਣ-ਪਾਣ, ਜ਼ਮੀਨ ਤੇ ਸੰਦ-ਔਜ਼ਾਰਾਂ ਬਾਬਤ ਜਾਣਕਾਰੀ ਸਾਂਝੀ ਕਰਨ ਦੇ ਇਛੁੱਕ ਸਨ। ਗੋਰਿਆਂ ਨੇ ਹੋਰ ਜ਼ਮੀਨ ਦੱਬਣ ਦੇ ਇਰਾਦੇ ਦੀ ਭਾਫ਼ ਨਹੀਂ ਕੱਢੀ ਸੀ। ਕਬਾਇਲੀਆਂ ਨੇ ਵਸਾਬਿਆਂ ਦੀ ਮੱਦਦ ਕੀਤੀ। ਘਰਾਂ ਲਈ ਚੰਗੀ ਲੱਕੜੀ ਦੇ ਰੁੱਖ ਦਿਖਾਏ। ਕੱਟਣਾ ਤੇ ਘਰ ਬਣਾਉਣਾ ਸਿਖਾਇਆ। ਹਰ ਥਾਂ ਚੰਗੇ ਰਾਹ-ਦਸੇਰੇ ਸਿੱਧ ਕੀਤਾ। ਜਦੋਂ ਤੱਕ ਵਸਾਬੇ ਸਿਡਨੀ ਉਪ-ਖਾੜੀ ਤੱਕ ਸੀਮਿਤ ਸਨ, ਉਦੋਂ ਤੱਕ ਸਭ ਠੀਕ ਸੀ। ਟਕਰਾਉ ਉਦੋਂ ਸ਼ੁਰੂ ਹੋਇਆ ਜਦੋਂ ਵਸਾਬਿਆਂ ਨੇ ਮੂਲਵਾਸੀਆਂ ਦੀਆਂ ਸ਼ਿਕਾਰਗਾਹਾਂ ਤੇ ਭੋਜਨਗਾਹਾਂ ਲੁੱਟਣੀਆਂ ਸ਼ੁਰੂ ਕਰ ਦਿੱਤੀਆਂ। ਜੰਗਲ ਕੱਟ ਕੇ ਫਾਰਮ ਬਣਾਏ।



*ਨਿਊ ਸਾਊਥ ਵੇਲਜ਼ ਦੇ ਗ੍ਰਾਫਟਨ ਜ਼ਿਲ੍ਹੇ ਵਿਚ 1895 ਵਿਚ ਲਿਆਂਦੇ ਆਸਟਰੇਲੀਆ ਦੇ ਮੂਲਵਾਸੀ।*

ਪਾਣੀ ਦੇ ਖੱਡਿਆਂ ਨੂੰ ਗੋਰਿਆਂ ਦੇ ਪਸ਼ੂ-ਦਲਾਂ ਨੇ ਪਲੀਤ ਕਰ ਦਿੱਤਾ ਤੇ ਬਾਕੀ ਉੱਤੇ ਕਬਜ਼ਾ ਕਰ ਲਿਆ। ਬਹੁਤ ਸਾਰੇ ਬੰਦ ਕਰ ਦਿੱਤੇ। ਮੂਲਵਾਸੀਆਂ ਨੂੰ ਉਨ੍ਹਾਂ ਦੀਆਂ ਧਾਰਮਿਕ ਥਾਵਾਂ ਤੋਂ ਭਜਾ ਦਿੱਤਾ ਗਿਆ। ਉਨ੍ਹਾਂ ਨੂੰ ਸਮੂਹਿਕ ਜ਼ਮੀਨ ਤੋਂ ਬੇਦਖ਼ਲ ਕਰਨ ਦਾ ਮਤਲਬ, ਧਾਰਮਿਕ ਥਾਵਾਂ ਤੇ ਭੋਜਨ ਦੇ ਸੋਮਿਆਂ ਤੋਂ ਵਾਂਝਾ ਕਰਨਾ ਸੀ। ਮੂਲ ਰੂਪ ਵਿਚ ਮੂਲਵਾਸੀ ਸ਼ਿਕਾਰੀ ਲੋਕ ਸਨ ਜਿਨ੍ਹਾਂ ਨੂੰ ਹਰ ਰੋਜ਼ ਸ਼ਿਕਾਰ ਲਈ ਮੁਸ਼ੱਕਤ ਕਰਨੀ ਪੈਂਦੀ ਸੀ। ਰਵਾਇਤੀ ਭੋਜਨਗਾਹਾਂ ਖ਼ਤਮ ਹੋਣ ਕਰਕੇ ਭੁੱਖਮਰੀ ਫੈਲਣੀ ਸ਼ੁਰੂ ਹੋ ਗਈ। ਉਨ੍ਹਾਂ ਨੇ ਆਪਣੇ ਜ਼ਮੀਨੀ ਹੱਕ ਦਾ ਦਾਅਵਾ ਕਰਨਾ ਸ਼ੁਰੂ ਕੀਤਾ। ਗੋਰਿਆਂ ਨੇ ਇਸ ਦਾਅਵੇ ਨੂੰ ਬਹਾਨੇ ਵਜੋਂ ਲਿਆ ਤੇ 'ਅਸੱਭਿਅਕ ਪਾਪੀਆਂ' ਨੂੰ ਸਬਕ ਸਿਖਾਉਣ ਦੀ ਠਾਣ ਲਈ।

ਬਰਤਾਨੀਆ ਅਤੇ ਨਿਊ ਸਾਊਥ ਵੇਲਜ਼ ਦੇ ਨੀਤੀ-ਘਾੜਿਆਂ ਨੇ ਪੱਕੇ ਜ਼ਮੀਨੀ ਕਬਜ਼ੇ ਦੀ ਨੀਤੀ ਅਖ਼ਤਿਆਰ ਕੀਤੀ। ਵਪਾਰ ਵਧ ਰਿਹਾ ਸੀ। ਹੋਰ ਚਰਾਂਦਾਂ ਤੇ ਜ਼ਮੀਨਾਂ ਦੀ ਲੋੜ ਸੀ। ਸਰਹੱਦੀ ਖਿੱਤਿਆਂ ਵਿਚ ਗੁਰੀਲਾ ਜੰਗ ਸਿਖ਼ਰਾਂ ਛੂਹਣ ਲੱਗੀ।

ਪੈਮਲਵੂਏ, ਬਸਤਾਨਾਂ (ਬਸਤੀਵਾਦੀਆਂ) ਖ਼ਿਲਾਫ਼ ਮੁੱਢਲੇ ਦੌਰ ਦੀ ਜੱਦੋ ਜਹਿਦ ਦੇ ਸੂਰਮਿਆਂ ਵਿਚ ਉੱਘੜਵਾਂ ਨਾਮ ਹੈ। 1802 ਵਿਚ ਉਹਦੀ ਸ਼ਹੀਦੀ ਤੋਂ ਬਾਅਦ ਉਹਦੇ ਮੁੰਡੇ ਟੈਡਬਰੀ ਨੇ ਨਾਬਰੀ ਦੀ ਪਰੰਪਰਾ ਨੂੰ ਅੱਗੇ ਵਧਾਇਆ। ਜਰਾਇਮ-ਪੇਸ਼ਾ ਗੋਰਿਆਂ ਕੋਲ ਚੰਗੀਆਂ ਰਫ਼ਲਾਂ ਤੇ ਕਬਾਇਲੀਆਂ ਕੋਲ ਸਿਰਫ ਨੇਜੇ ਸਨ। ਇਸ ਅਸਾਵੀਂ ਜੰਗ ਦਾ ਅੰਤ ਹਰ ਵਾਰ ਮੂਲਵਾਸੀਆਂ ਦੀ ਹਾਰ ਨਾਲ ਹੁੰਦਾ। ਬਚੀ-ਖੁਚੀ ਆਬਾਦੀ ਹਿਜਰਤ ਕਰਨਾ ਸ਼ੁਰੂ ਕਰ ਦਿੰਦੀ। ਭੁੱਖਮਰੀ ਤੇ ਬਿਮਾਰੀ ਬੰਦੂਕਾਂ ਤੋਂ ਵੱਡੇ ਦੁਸ਼ਮਣ ਸਨ। ਕੁਝ ਮੂਲਵਾਸੀ ਸ਼ਹਿਰਾਂ ਦੇ ਕੰਢਿਆਂ 'ਤੇ ਰਹਿਣ ਲੱਗ ਪਏ ਜਿੱਥੇ ਧਰਮ ਦੇ ਨੁਮਾਇੰਦੇ ਭੁੱਖੇ-ਨੰਗਿਆਂ ਨੂੰ ਈਸਾਈਅਤ ਦਾ ਪਾਠ ਪੜ੍ਹਾਉਂਦੇ। 1830 ਤੱਕ ਨਿਊ ਸਾਊਥ ਵੇਲਜ਼ ਦਾ ਪੂਰਾ ਖਿੱਤਾ ਗੋਰਿਆਂ ਦੇ ਕਬਜ਼ੇ ਹੇਠ ਆ ਗਿਆ।

ਤਸਮਾਨੀਆ ਵਿਚ 3 ਮਈ 1804 ਵਿਚ ਰਿਸਡਨ ਉਪ-ਖਾੜੀ ਦਾ ਖ਼ੂਨੀ ਘੱਲੂਘਾਰਾ ਸਿਰਫ ਸ਼ੁਰੂਆਤ ਸੀ। ਉਸ ਤੋਂ ਬਾਅਦ ਗੋਰਿਆਂ ਨੇ ਕਈ ਜੱਲ੍ਹਿਆਂ ਵਾਲੇ ਬਾਗਾਂ ਨੂੰ ਅੰਜਾਮ ਦਿੱਤਾ। 'ਆਖ਼ਰੀ ਹੱਲ' ਲਈ ਰਾਜਪਾਲ ਆਰਥਰ ਨੇ ਮਾਰਸ਼ਲ ਲਾਅ ਲਾ ਦਿੱਤਾ। 1830 ਵਿਚ ਵੱਡਾ ਮਿਲਟਰੀ ਓਪਰੇਸ਼ਨ 'ਬਲੈਕ ਵਾਰ' ਉਲੀਕਿਆ ਗਿਆ। ਇਹ ਮਹਿੰਗਾ ਓਪਰੇਸ਼ਨ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ। ਦੋ ਮੂਲਵਾਸੀ ਹੀ ਫੜੇ ਜਾ ਸਕੇ। ਵਿਚੋਲੇ ਜਾਰਜ ਰਾਬਿੰਸਨ ਰਾਹੀਂ ਮੂਲਵਾਸੀਆਂ ਨੂੰ ਆਪਣੇ ਘਰ ਫਲਿੰਡਰਜ਼ ਟਾਪੂ ਉੱਤੇ ਬਣਾਉਣ ਲਈ ਮਨਾ ਲਿਆ ਗਿਆ। ਕਬਾਇਲੀਆਂ ਨੇ ਆਪਣੀ ਜ਼ਮੀਨ ਦੇ ਰੂਹਾਨੀ ਸੁੱਖ ਦੀ ਘਾਟ ਸ਼ਿੱਦਤ ਨਾਲ ਮਹਿਸੂਸ ਕੀਤੀ। ਤਸਮਾਨੀਆ ਵਿਚ ਮੂਲਵਾਸੀ ਲਗਾਤਾਰ ਘੱਟ ਹੁੰਦੇ ਗਏ। 1850 ਤੱਕ ਲਗਭਗ ਚਾਰ ਬਚੇ ਸਨ।

ਪੱਛਮੀ ਆਸਟਰੇਲੀਆ ਵਿਚ ਰਾਜਪਾਲ ਸਟਿਰਲਿੰਗ ਨੇ ਕਬਾਇਲੀਆਂ ਖ਼ਿਲਾਫ਼ ਖੁੱਲ੍ਹੀ ਛੁੱਟੀ ਦੇ ਦਿੱਤੀ। ਉਸ ਨੇ ਪਿੰਜਾਰਾ ਦੀ ਲੜਾਈ ਵਿਚ ਮੂਲਵਾਸੀਆਂ ਦੇ ਬਹੁਤ ਆਹੂ ਲਾਹੇ।

ਉੱਤਰੀ ਆਸਟਰੇਲੀਆ ਸਭ ਤੋਂ ਵੱਧ ਹਿੰਸਾਗ੍ਰਸਤ ਰਿਹਾ। ਰਾਤ ਵੇਲੇ ਮੂਲਵਾਸੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਜਾਂ ਕੁੱਤੇ ਛੱਡਣ ਦਾ ਰਿਵਾਜ ਆਮ ਸੀ। ਜੂਨ 1839 ਦੇ ਮਾਇਲ-ਖਾੜੀ ਸਾਕੇ ਵਿਚ 28 ਜਿਉਂਦੇ ਜੀਆਂ ਨੂੰ ਬੰਦ ਬੰਦ ਕੱਟ ਦਿੱਤਾ ਗਿਆ। ਇਨ੍ਹਾਂ ਵਿਚ ਜ਼ਿਆਦਾਤਰ ਬੱਚੇ ਤੇ ਔਰਤਾਂ ਸਨ।

ਗੋਰਿਆਂ ਨੇ ਮੂਲਵਾਸੀ ਪੁਲਿਸ ਫ਼ੋਰਸ ਵੀ ਤਿਆਰ ਕੀਤੀ ਜਿਸ ਵਿਚ ਦੂਰ-ਦੁਰੇਡੇ ਦੇ ਮੂਲਵਾਸੀਆਂ ਨੂੰ ਭਰਤੀ ਕੀਤਾ ਗਿਆ। ਇਨ੍ਹਾਂ ਨੂੰ ਜੰਗਲਾਂ ਤੇ ਝਾੜੀਆਂ ਵਿਚ ਛੁਪਣ ਦਾ ਕੁਦਰਤੀ ਹੁਨਰ ਪ੍ਰਾਪਤ ਸੀ। ਇਹ ਭਰਾ ਮਾਰੂ ਪੈਂਤੜਾ ਪਹਿਲਾਂ ਵਿਕਟੋਰੀਆ ਤੇ ਨਿਊ ਸਾਊਥ ਵੇਲਜ਼ ਸੂਬਿਆਂ ਵਿਚ ਵਰਤਿਆ ਗਿਆ।

ਜੋ ਬਿਮਾਰੀਆਂ ਗੋਰੇ ਨਾਲ ਲੈ ਕੇ ਆਏ, ਉਨ੍ਹਾਂ ਨਾਲ ਲੜਨ ਦੀ ਕੁਦਰਤੀ ਅੰਦਰੂਨੀ ਤਾਕਤ ਮੂਲਵਾਸੀਆਂ ਵਿਚ ਨਹੀਂ ਸੀ। ਚੇਚਕ ਨੇ ਸਿਡਨੀ ਖਿੱਤੇ ਵਿਚ ਤਿੰਨ ਸਾਲ ਦੇ ਅੰਦਰ ਕਬਾਇਲੀਆਂ ਦੀ ਬਹੁਗਿਣਤੀ ਖ਼ਤਮ ਕਰ ਦਿੱਤੀ। ਉਨ੍ਹਾਂ ਦਾ 'ਚੇਚਕ ਗੀਤ' ਇਸੇ ਬੇਵਸੀ ਵਿਚੋਂ ਨਿਕਲਿਆ ਹੈ। ਅਠਾਰਾਂ ਹਜ਼ਾਰ ਤੋਂ ਵੱਧ ਮੂਲਵਾਸੀ ਗੋਲੀ ਦਾ ਸ਼ਿਕਾਰ ਹੋਏ। ਉਸ ਤੋਂ ਜ਼ਿਆਦਾ ਬਿਮਾਰੀ, ਕੁਪੋਸ਼ਣ ਤੇ ਭੁੱਖਮਰੀ ਨਾਲ ਮਾਰੇ ਗਏ। ਰਿਸਡਨ ਕੋਵ (1804), ਮਾਇਲ-ਖਾੜੀ (1839), ਕੋਨਿਸਟਨ ਅਤੇ ਕਿੰਬਰਲੇਜ਼ (1928) ਦੇ ਖ਼ੂਨੀ ਘੱਲੂਘਾਰਿਆਂ ਨੇ ਬਸਤਾਨਾਂ ਦੇ ਨਸਲਕੁਸ਼ੀ ਪ੍ਰੋਜੈਕਟ ਨੂੰ ਜਾਰੀ ਰੱਖਿਆ। ਇਹ ਕੁਝ ਇਕ ਸਾਕੇ ਸਨ ਜਿਨ੍ਹਾਂ ਦੀ ਖ਼ਬਰ ਬਣ ਸਕੀ।

ਬਸਤਾਨਾਂ ਦੀ ਆਮਦ ਸਮੇਂ ਪੂਰੇ ਮਹਾਂਦੀਪ ਵਿਚ ਢਾਈ ਤੋਂ ਪੰਜ ਲੱਖ ਮੂਲਵਾਸੀ ਸਨ। ਵੇਰਵੇ ਮੁਤਾਬਕ 1938 ਤੱਕ ਇਨ੍ਹਾਂ ਦੀ ਗਿਣਤੀ ਘਟ ਕੇ 70,000 ਰਹਿ ਗਈ। ਜਿਸ ਤੇਜੀ ਨਾਲ ਮੂਲਵਾਸੀ ਆਬਾਦੀ ਦਾ ਖ਼ਾਤਮਾ ਹੋਇਆ, ਗੋਰਿਆਂ ਨੂੰ ਬੀਜ ਨਾਸ ਨੇੜੇ ਲੱਗਣ ਲੱਗਿਆ।

ਕੁਝ ਚੰਗੇ ਗੋਰੇ ਮੂਲਵਾਸੀਆਂ ਦੀ ਸਮਾਜ ਵਿਚ ਇਕਮਿਕਤਾ ਚਾਹੁੰਦੇ ਸਨ। ਉਨ੍ਹਾਂ ਦਾ ਮੂੰਹ ਬੰਦ ਕਰਨ ਲਈ ਨਵੀਂ ਨੀਤੀ ਅਮਲ ਵਿਚ ਲਿਆਂਦੀ ਗਈ ਜਿਸਦਾ ਨਿਸ਼ਾਨਾ ਚੁੱਪ-ਚੁਪੀਤੇ ਕਬਾਇਲੀਆਂ ਨੂੰ ਖ਼ਾਤਮੇ ਵੱਲ ਲਿਜਾਣਾ ਸੀ। ਇਸ ਪਹੁੰਚ ਨੂੰ 'ਸੂਥਿੰਗ ਦਿ ਡਾਇੰਗ ਪਿਲੋ' ਨਾਮ ਦਿੱਤਾ ਗਿਆ। 'ਅਲਹਿਦਗੀ' ਦੀ ਸਰਕਾਰੀ ਨੀਤੀ ਤਹਿਤ ਬਚੇ-ਖੁਚੇ ਕਬਾਇਲੀਆਂ ਨੂੰ ਮਿਸ਼ਨਰੀ ਡੇਰਿਆਂ ਅਤੇ ਰਾਖਵਿਆਂ ਵਿਚ ਕੈਦ ਕਰ ਦਿੱਤਾ ਗਿਆ ਜਿੱਥੇ ਉਨ੍ਹਾਂ ਨੂੰ ਘੱਟੋ-ਘੱਟ ਖਾਣਾ, ਦਵਾਈਆਂ ਤੇ ਹਲਕੇ ਕੰਬਲ ਦਿੱਤੇ ਜਾਂਦੇ ਸਨ। ਇਸ ਨੀਤੀ ਦਾ ਮੰਤਵ ਜ਼ਮੀਨਾਂ ਖੋਹਣ ਦੇ ਕੰਮ ਨੂੰ ਬੇਰੋਕ ਜਾਰੀ ਰੱਖਣਾ ਸੀ।

ਡੇਰਿਆਂ ਤੇ ਰਾਖਵਿਆਂ ਵਿਚ ਅਣਮਨੁੱਖੀ ਪਾਬੰਦੀ ਕਾਨੂੰਨ ਸਨ। ਜਿਵੇਂ ਵਿਆਹ ਕਰਾਉਣ ਲਈ ਮਨਜ਼ੂਰੀ ਲੈਣੀ ਪੈਂਦੀ। ਬੱਚੇ ਖੋਹ ਲਏ ਜਾਂਦੇ। ਮਜ਼ਦੂਰੀ ਬਦਲੇ ਸਿਰਫ ਖਾਣਾ ਦਿੱਤਾ ਜਾਂਦਾ। ਵੋਟ ਦਾ ਹੱਕ ਨਹੀਂ ਸੀ ਤੇ ਨਿੱਜੀ ਚਿੱਠੀਆਂ ਲਿਖਣ ਵਿਚ ਦਖ਼ਲਅੰਦਾਜ਼ੀ ਹੁੰਦੀ। ਬਾਹਰ ਘੁੰਮਣਾ ਮਨ੍ਹਾਂ ਸੀ। ਮੂਲਵਾਸੀ ਮਰਦਮਸ਼ੁਮਾਰੀ ਵਿਚ ਵੀ ਗਿਣੇ ਨਹੀਂ ਜਾਂਦੇ ਸਨ। ਉਪਰੋਂ ਅਦਾਲਤਾਂ ਗੋਰਿਆਂ ਦੀ ਸਰਦਾਰੀ ਲਈ ਫ਼ਿਕਰਮੰਦ ਸਨ।

ਕਬਾਇਲੀ ਸਮਾਜ ਦੇ ਪਤਨ ਦੇ ਕੇਂਦਰ ਵਿਚ ਜ਼ਮੀਨ ਦਾ ਸਵਾਲ ਪਿਆ ਹੈ। ਉਨ੍ਹਾਂ ਨੂੰ ਆਪਣੇ ਜ਼ਾਇਜ਼ ਹੱਕ ਲੈਣ ਲਈ ਲੰਬਾ ਸੰਘਰਸ਼ ਕਰਨਾ ਪਿਆ। 9 ਜੁਲਾਈ 1976 ਵਿਚ ਪਹਿਲਾ ਜ਼ਮੀਨੀ ਹੱਕ ਮਿਲਿਆ। ਇਸ ਦਿਨ ਨੂੰ ਉਹ ਕੌਮੀ ਦਿਨ ਵਜੋਂ ਮਨਾਉਂਦੇ ਹਨ। ਗੋਰੇ ਅੱਜ ਵੀ ਆਸਟਰੇਲੀਆ 'ਤੇ ਕਾਬਜ਼ ਹਨ। 'ਅਲਹਿਦਗੀ' ਦੀ ਨੀਤੀ ਕਿਸੇ ਨਾ ਕਿਸੇ ਰੂਪ ਵਿਚ ਬਰਕਰਾਰ ਹੈ। ਬਸਤਾਨਾਂ ਦਾ ਆਲਮੀ ਤਰਕ ਹੈ ਕਿ ਤਰੱਕੀ ਦੀ ਕੀਮਤ ਕਿਸੇ ਨੂੰ ਤਾਂ ਚੁਕਾਉਣੀ ਪੈਂਦੀ ਹੈ। ਮੌਜੂਦਾ ਦੌਰ ਵਿਚ ਵੀ ਬਸਤਾਨਾਂ ਦੀਆਂ ਧਾੜਾਂ ਖਤਮ ਨਹੀਂ ਹੋਈਆਂ। ਮੁਨਾਫ਼ੇ ਲਈ ਹਾਬੜੀਆਂ ਜਮਾਤਾਂ ਨੇ ਆਲਮੀਕਰਨ ਅਤੇ ਅਤਿਵਾਦ ਦੇ ਨਾਮ 'ਤੇ ਅੱਤ ਚੁੱਕੀ ਹੋਈ ਹੈ।

ਢਾਈ ਤੋਂ ਪੰਜ ਲੱਖ ਆਸਟਰੇਲੀਆਈ ਮੂਲਵਾਸੀਆਂ ਨੂੰ ਮਹਾਂਦੀਪ ਵਿਚੋਂ ਉਜਾੜਨ ਲਈ ਸੌ ਸਾਲ ਦਾ ਸਮਾਂ ਲੱਗਿਆ। ਸਰਕਾਰੀ ਕਮਿਸ਼ਨ ਦੀ ਰਿਪੋਰਟ ਮੁਤਾਬਕ, ਛੱਤੀਸਗੜ੍ਹ ਦੇ ਸਾਢੇ ਤਿੰਨ ਲੱਖ ਕਬਾਇਲੀਆਂ ਨੂੰ ਕੁਝ ਇਕ ਸਾਲਾਂ ਦੇ ਅੰਦਰ ਕਾਮਯਾਬੀ ਨਾਲ ਉਜਾੜ ਦਿੱਤਾ ਗਿਆ। ਇਹ ਕੋਲੰਬਸ ਤੋਂ ਬਾਅਦ ਜ਼ਮੀਨ ਝਪਟਣ ਦਾ ਸਭ ਤੋਂ ਵੱਡਾ ਹੱਲਾ ਹੈ। ਸ਼ਾਇਦ ਤਰੱਕੀ ਦੀ ਕੀਮਤ ਸਭ ਤੋਂ ਪਛੜਿਆਂ ਨੂੰ ਚੁਕਾਉਣੀ ਪੈਂਦੀ ਹੈ?

ਸਾਡੇ ਸਮਿਆਂ ਦੀ ਸਭ ਤੋਂ ਵੱਡੀ ਧਾੜਵੀ ਜਮਾਤ ਦੇ ਸਾਬਕਾ ਚੌਧਰੀ ਨੂੰ ਜੁੱਤੀ ਮਾਰਨ ਵਾਲੇ ਮੁੰਤਜ਼ਰ ਅਲ-ਜ਼ੈਦੀ ਦੇ ਸ਼ਬਦਾਂ ਵਿਚ, "ਪਿਛਲੇ ਕੁਝ ਸਾਲਾਂ ਵਿਚ ਦਸ ਲੱਖ ਤੋਂ ਵੱਧ ਲੋਕ ਧਾੜਵੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਹਨ। ਇਸ ਵੇਲੇ ਇਰਾਕ ਵਿਚ ਪੰਜਾਹ ਲੱਖ ਤੋਂ ਵੱਧ ਅਨਾਥ ਹਨ। ਦਸ ਲੱਖ ਤੋਂ ਵੱਧ ਵਿਧਵਾਵਾਂ ਹਨ। ਅਣਗਿਣਤ ਲੋਕਾਂ ਦੇ ਹੱਥ ਪੈਰ ਜੰਗ ਦੀ ਭੇਂਟ ਚੜ੍ਹੇ ਹਨ। ਇਸ ਤੋਂ ਵੱਧ ਗਿਣਤੀ ਵਿਚ ਇਰਾਕੀ ਲੋਕ ਦੇਸ਼ ਅਤੇ ਵਿਦੇਸ਼ ਅੰਦਰ ਬੇਘਰ ਹੋਏ ਬੈਠੇ ਹਨ।"

ਇਹ 'ਨਿਗੂਣੀ' ਤਬਾਹੀ ਬਸਤਾਨਾਂ ਦੀ ਆਮਦਨ ਵਧਾਉਣ ਦਾ ਜ਼ਰੀਆ ਹੈ ਪਰ ਬਿਨਾਂ ਸ਼ੱਕ ਘਾਟ ਪੈਮਲਵੂਏ ਦੇ ਵਾਰਿਸਾਂ ਦੀ ਵੀ ਨਹੀਂ ਹੈ।

## ਸਹਿਜਧਾਰੀ ਸਿੱਖਾਂ ਦੇ ਮਸਲੇ ਦੀਆਂ ਜੜ੍ਹਾਂ

ਗੁਰਦੁਆਰਿਆਂ ਦੇ ਪ੍ਰਬੰਧ ਦਾ ਅਧਿਕਾਰ ਪੰਜਾਬ ਵਿਚ ਵਸਦੇ ਸਿੱਖਾਂ ਨੂੰ ਸੌਂਪਣਾ ਪ੍ਰਵਾਨ ਕੀਤਾ। ਇਹ ਬਿੱਲ ਪਾਸ ਹੋਣ ਨਾਲ ਸਿੱਖ ਬੀਬੀ ਪਹਿਲੀ ਭਾਰਤੀ ਔਰਤ ਹੈ ਜਿਸ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ। ਇਸ ਐਕਟ ਨੂੰ ਗਵਰਨਰ ਪੰਜਾਬ ਨੇ 28 ਜੁਲਾਈ 1925 ਨੂੰ ਪ੍ਰਵਾਨਗੀ ਦਿੱਤੀ ਜੋ ਪਹਿਲੀ ਨਵੰਬਰ ਤੋਂ ਲਾਗੂ ਹੋ ਗਿਆ।

ਇਸ ਐਕਟ ਅਧੀਨ ਅਣਵੰਡੇ ਪੰਜਾਬ 'ਚੋਂ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਲਈ 120 ਮੈਂਬਰ ਵੋਟਾਂ ਰਾਹੀਂ ਸਿੱਧੇ ਚੁਣੇ ਜਾਂਦੇ ਸਨ ਅਤੇ ਵਿਦਵਾਨਾਂ ਤੇ ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਨੁਮਾਇੰਦਗੀ ਦੇਣ ਲਈ 15 ਮੈਂਬਰ ਨਾਮਜ਼ਦ ਕੀਤੇ ਜਾਂਦੇ ਸਨ। ਸਿੱਖ ਮਰਯਾਦਾ ਅਤੇ ਧਾਰਮਿਕ ਸੇਵਾਵਾਂ ਵਾਸਤੇ ਪੰਜ ਸਿੰਘ ਸਾਹਿਬਾਨ ਆਪਣੇ ਅਹੁਦੇ ਕਾਰਨ ਜਨਰਲ ਹਾਊਸ ਦੇ ਮੈਂਬਰ ਹੁੰਦੇ ਹਨ ਪਰ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ। ਆਜ਼ਾਦੀ ਪਿਛੋਂ ਜਦੋਂ ਭਾਰਤੀ ਸੰਵਿਧਾਨ ਵਿਚ ਅਨੁਸੂਚਿਤ ਜਾਤੀਆਂ ਲਈ ਪਾਰਲੀਮੈਂਟ ਤੇ ਸੂਬਾਈ ਵਿਧਾਨ ਸਭਾਵਾਂ ਵਿਚ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਤਾਂ ਸ਼੍ਰੋਮਣੀ ਕਮੇਟੀ ਲਈ ਇਨ੍ਹਾਂ ਜਾਤੀਆਂ ਵਾਸਤੇ 20 ਸੀਟਾਂ ਰਾਖਵੀਆਂ ਕਰਕੇ ਕੁੱਲ ਸੀਟਾਂ 140 ਕਰ ਦਿੱਤੀਆਂ ਗਈਆਂ। 1996 ਤੋਂ ਔਰਤਾਂ ਲਈ 30 ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਸੀਟਾਂ ਦੀ ਗਿਣਤੀ 170 ਹੋ ਗਈ। ਪਹਿਲਾਂ ਵਾਂਗ 15 ਸੀਟਾਂ ਨਾਮਜ਼ਦ ਕੀਤੀਆ ਜਾਂਦੀਆਂ ਹਨ। ਇਸ ਤਰ੍ਹਾਂ ਸਿੰਘ ਸਾਹਿਬਾਨ ਤੋਂ ਬਿਨਾਂ ਜਨਰਲ ਹਾਊਸ ਦੇ 185 ਮੈਂਬਰ ਹੁੰਦੇ ਹਨ। ਇਹ ਦੱਸਣਾ ਜ਼ਰੂਰੀ ਹੈ ਕਿ ਐਕਟ ਅਨੁਸਾਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਚੋਣਾਂ ਤੋਂ ਬਾਅਦ ਟਾਊਨ ਹਾਲ ਜਾਂ ਗੁਰੂ ਨਾਨਕ ਭਵਨ ਵਿਖੇ ਪਹਿਲੀ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਚੁਣੇ ਗਏ ਮੈਂਬਰ 15 ਮੈਂਬਰ ਨਾਮਜ਼ਦ ਕਰਦੇ ਹਨ। ਇਸ ਮਗਰੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜਨਰਲ ਸਮਾਗਮ ਵਲੋਂ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸੇ ਸਮੇਂ 'ਧਰਮ ਪ੍ਰਚਾਰ ਕਮੇਟੀ' ਦੇ ਮੈਂਬਰ ਵੀ ਨਾਮਜ਼ਦ ਕੀਤੇ ਜਾਂਦੇ ਹਨ।

ਸਮੇਂ ਨਾਲ ਸ਼੍ਰੋਮਣੀ ਕਮੇਟੀ ਬਹੁਤ ਸ਼ਕਤੀਸ਼ਾਲੀ ਸੰਸਥਾ ਬਣ ਗਈ। ਪੰਜ ਤਖ਼ਤਾਂ ਵਿਚ ਤਿੰਨ ਤਖ਼ਤਾਂ ਦੇ ਜਥੇਦਾਰਾਂ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ-ਗ੍ਰੰਥੀ ਦੀ ਨਿਯੁਕਤੀ ਇਸ ਵੱਲੋਂ ਕੀਤੀ ਜਾਂਦੀ ਹੈ। ਇਸ ਦੇ ਸ਼ਕਤੀਸ਼ਾਲੀ ਹੋਣ ਕਾਰਨ ਹੀ ਜਨਰਲ ਚੋਣਾਂ ਦੌਰਾਨ ਅਕਾਲੀਆਂ ਦੇ ਸਾਰੇ ਧੜੇ ਇਸ 'ਤੇ ਕਬਜ਼ਾ ਕਰਨ ਦਾ ਹਰ ਸੰਭਵ ਯਤਨ ਕਰਦੇ ਹਨ। ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਸਿੱਖ ਲੀਡਰਸ਼ਿਪ ਬਾਰੇ ਵੀ ਫ਼ਤਵਾ ਦਿੰਦੀਆਂ ਹਨ।

ਅਗਸਤ 1947 ਤੱਕ ਅਕਾਲੀ ਦਲ ਤੇ ਕਾਂਗਰਸ ਅਕਸਰ ਮਿਲ ਕੇ ਚਲਦੇ ਰਹੇ ਹਨ। ਕਈ ਸਿੱਖ ਨੇਤਾ ਕਦੇ ਅਕਾਲੀ ਦਲ ਵਿਚ ਤੇ ਕਦੇ ਕਾਂਗਰਸ ਵਿਚ ਚਲੇ ਜਾਂਦੇ ਰਹੇ ਹਨ ਜਿਨ੍ਹਾਂ ਵਿਚ ਗਿਆਨੀ ਕਰਤਾਰ ਸਿੰਘ, ਜਥੇਦਾਰ ਮੋਹਨ ਸਿੰਘ ਨਾਗੋਕੇ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਈਸ਼ਰ ਸਿੰਘ ਮਝੈਲ, ਗਿਆਨ ਸਿੰਘ ਰਾੜੇਵਾਲਾ ਦੇ ਨਾਂ ਵਰਨਣਯੋਗ ਹਨ। ਪਰਤਾਪ ਸਿੰਘ ਕੈਰੋਂ ਜੋ ਪੰਜਾਬ ਦੇ ਮੁੱਖ ਮੰਤਰੀ ਬਣੇ, ਹੁਕਮ ਸਿੰਘ ਜੋ ਲੋਕ ਸਭਾ ਦੇ ਸਪੀਕਰ ਬਣੇ, ਬਲਦੇਵ ਸਿੰਘ, ਸਵਰਨ ਸਿੰਘ, ਬੂਟਾ ਸਿੰਘ ਜੋ ਕੇਂਦਰ ਵਿਚ ਮੰਤਰੀ ਬਣੇ ਤੇ ਕਈ ਹੋਰ ਲੀਡਰ ਅਕਾਲੀ ਦਲ ਵਿਚੋਂ ਹੀ ਗਏ ਸਨ। ਅਕਾਲੀਆਂ ਨਾਲ ਮੱਤਭੇਦ ਪੈਦਾ ਹੋਣ 'ਤੇ ਬਾਬਾ ਖੜਕ ਸਿੰਘ ਵੀ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ।

# ਲੋਕਪਾਲ ਨਿਰੁਕਤੀ ਦੇ ਕਟਹਿਰੇ ਵਿਚ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਲੋਕਪਾਲ ਗਠਿਤ ਕਰਨ ਸਬੰਧੀ ਆਪਣੀਆਂ ਤਿੰਨ ਮੁਖ ਸ਼ਰਤਾਂ 'ਤੇ ਹਠ ਕਰਦਿਆਂ ਪਾਰਲੀਮੈਂਟ ਦੇ ਗਲ ਗੂਠਾ ਦੇ ਕੇ ਅੰਨਾ ਹਜ਼ਾਰੇ ਨੇ ਆਪਣਾ ਵਰਤ ਤੋੜ ਦਿੱਤਾ ਹੈ। ਹੁਣ ਸ਼ਾਇਦ ਛੇਤੀ ਹੀ ਬਿੱਲ ਪਾਸ ਹੋ ਜਾਵੇਗਾ ਜਿਸ ਦੇ ਸਿੱਟੇ ਵਜੋਂ ਦੇਸ਼ ਵਿਚ ਲੋਕਰਾਜ ਦੀ ਥਾਂ ਲੋਕਪਾਲ ਰਾਜ ਕਾਇਮ ਹੋ ਜਾਵੇਗਾ। ਸਾਰੀਆਂ ਪਾਰਟੀਆਂ ਸੰਸਦ ਦੀ ਸਰਵਉਚਤਾ ਬਾਰੇ ਜਿੰਨੀਆਂ ਮਰਜ਼ੀ ਟਾਹਰਾਂ ਮਾਰ ਰਹੀਆਂ ਸਨ ਪਰ ਇਸ ਗੱਲੋਂ ਡਰਦਿਆਂ ਕਿ ਇਸ ਦੇ ਵਿਰੋਧ ਜਾਂ ਭਿੰਨ ਵਿਚਾਰ ਪੇਸ਼ ਕਰਕੇ ਉਹ ਜਨਤਕ ਰੋਹ ਦਾ ਨਿਸ਼ਾਨਾ ਬਣ ਸਕਦੀਆਂ ਸਨ, ਸਭ ਨੇ ਗੋਡੇ ਟੇਕ ਦਿੱਤੇ। ਫਿਰ ਵੀ ਇਸ ਲਹਿਰ ਸਬੰਧੀ ਵਿਆਪਕ ਨੁਕਤਾਚੀਨੀ ਸਾਹਮਣੇ ਆਈ ਹੈ, ਖਾਸ ਤੌਰ 'ਤੇ ਉਘੀ ਚਿੰਤਕ ਅਰੁੰਧਤੀ ਰਾਏ ਵਲੋਂ। ਉਸ ਅਨੁਸਾਰ ਸਰਕਾਰ ਦੇ ਸਮਾਨੰਤਰ ਹੇਠ ਤੋਂ ਉਤੇ ਤੱਕ ਉਸਾਰੇ ਜਾਣ ਵਾਲੇ ਵਿਸ਼ਾਲ ਢਾਂਚੇ ਅਧੀਨ ਕੰਮ ਕਰਨ ਵਾਲੇ ਅਮਲੇ ਫੈਲੇ ਬਾਰੇ ਕੀ ਗਾਰੰਟੀ ਹੈ ਕਿ ਉਹ ਖੁਦ ਭ੍ਰਿਸ਼ਟ ਨਹੀਂ ਹੋ ਜਾਵੇਗਾ? ਇਸ ਢਾਂਚੇ ਨੂੰ ਖੜ੍ਹਾ ਕਰਨ ਲਈ ਲੋਕਾਂ 'ਤੇ ਬੇਸ਼ੁਮਾਰ ਟੈਕਸਾਂ ਦਾ ਬੋਝ ਲੱਦਿਆ ਜਾਵੇਗਾ। ਲਹਿਰ ਦੇ ਤਿੰਨੋਂ ਮੁਖ ਕਾਰਜਕਰਤਾ ਅਮਰੀਕਾ ਦੇ ਚਹੇਤੇ ਹਨ, ਮੈਗਾਸਾਸੇ ਪੁਰਸਕਾਰ ਲਈ ਬੈਠੇ ਹਨ, ਫੋਰਡ ਫਾਊਂਡੇਸ਼ਨ ਤੋਂ ਫੰਡ ਲੈਂਦੇ ਹਨ, ਕੀ ਇਹ ਭਾਰਤੀ ਰਾਜ ਵਿਵਸਥਾ ਨੂੰ ਅਸਥਿਰ ਕਰਨ ਦੀ ਗੁਝੀ ਚਾਲ ਤਾਂ ਨਹੀਂ? ਮੀਡੀਆ ਨੇ ਵੀ ਇਸ ਲਹਿਰ ਨੂੰ ਦਿਲ ਖੋਲ੍ਹ ਕੇ ਤੂਲ ਦਿੱਤੀ। ਦੇਸ਼ ਦੇ ਦੂਰ ਦੁਰਾਡੇ ਥਾਂਵਾਂ 'ਤੇ ਹੋ ਰਹੇ ਘੋਰ ਅਨਿਆਂ ਪ੍ਰਤੀ ਮੀਡੀਆ ਕਿੰਨਾ ਕੁ ਗੰਭੀਰ ਹੈ? ਕਈ ਇਸ ਨੂੰ ਰਾਖਵਾਂਕਰਨ ਵਿਰੋਧੀ ਟੋਲੇ ਦਾ ਸ਼ੋਸ਼ਾ ਗਰਦਾਨ ਰਹੇ ਹਨ ਜੋ ਇਸ ਸੁਵਿਧਾ ਕਾਰਨ ਉਪਰਲੀਆਂ ਸਫਾਂ ਮੱਲੀ ਬੈਠੇ 'ਨਾਅਹਿਲ' ਨਿਮਨ ਜਾਤੀ ਦੇ ਲੋਕਾਂ ਨੂੰ ਕੁਰਪਸ਼ਨ ਦਾ ਸੋਮਾ ਦਰਸਾ ਕੇ ਇਨ੍ਹਾਂ ਜਾਤੀਆਂ ਖਿਲਾਫ ਆਪਣੀ ਭੜਾਸ ਕਢ ਰਹੇ ਹਨ।



ਭਾਰਤ ਦਾ ਸ਼ਹਿਰੀ ਮਧ ਵਰਗ ਖੁਸ਼ਫਹਿਮੀ ਵਿਚ ਹੈ ਕਿ ਚੰਦ ਇਕ ਸਾਲਾਂ ਵਿਚ ਸ਼ਾਇਦ ਸਾਡੇ ਦੇਸ਼ ਵਿਚ ਭ੍ਰਿਸ਼ਟਾਚਾਰ ਨਾਂ ਦੀ ਕੋਈ ਚੀਜ਼ ਨਹੀਂ ਰਹੇਗੀ ਕਿਉਂਕਿ ਹਰ ਕੁਰਪਟ ਅਧਿਕਾਰੀ ਲੋਕਪਾਲ ਦੇ ਕਟਹਿਰੇ ਵਿਚ ਖੜ੍ਹਾ ਹੋਵੇਗਾ। ਹਾਲ ਦੀ ਘੜੀ ਆਪਾਂ 'ਲੋਕਪਾਲ' ਨੂੰ ਵਿਉਤਪਤੀ ਦੇ ਕਟਹਿਰੇ ਵਿਚ ਖੜ੍ਹਾ ਕਰਕੇ ਦੇਖਦੇ ਹਾਂ ਕਿ ਇਹ ਬਲਾ ਕਿਥੋਂ ਆਈ ਹੈ।

ਇਹ ਜਵਾਹਰ ਲਾਲ ਨਹਿਰੂ ਦੇ ਜ਼ਮਾਨੇ ਦੀ ਗੱਲ ਹੈ। 1962 ਤੋਂ 1967 ਤੱਕ ਤੀਜੀ ਲੋਕ ਸਭਾ ਦੇ ਸੁਤੰਤਰ ਐਮ. ਪੀ. ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਰਹੇ ਸ੍ਰੀ ਲਕਸ਼ਮੀ ਮੱਲ ਸਿੰਘਵੀ ਸਕੈਂਡੇਨੇਵੀਆ (ਨਾਰਵੇ, ਸਵੀਡਨ, ਡੈਨਮਾਰਕ) ਦੇ ਦੇਸ਼ਾਂ ਵਿਚ ਕੁਰਪਸ਼ਨ ਨੂੰ ਨੱਥ ਪਾਉਣ ਲਈ ਕਾਇਮ ਕੀਤੀ ਅਜਿਹੀ ਹੀ ਵਿਵਸਥਾ ਨੂੰ ਭਾਰਤ ਵਿਚ ਲਾਗੂ ਕਰਾਉਣ ਲਈ ਸਰਗਰਮ ਸਨ। ਲਗਦੇ ਹੱਥ ਇਹ ਗੱਲ ਵੀ ਦੱਸ ਦੇਈਏ ਕਿ ਇਸੇ ਸਿੰਘਵੀ ਦਾ ਲੜਕਾ ਅਭਿਸ਼ੇਕ ਸਿੰਘਵੀ ਵਰਤਮਾਨ ਕਾਂਗਰਸ ਦਾ ਐਮ. ਪੀ. ਅਤੇ ਬੁਲਾਰਾ ਹੈ ਤੇ ਲੋਕਪਾਲ ਬਿਲ ਦੀ ਕਾਇਮੀ ਲਈ ਬਣਾਈ ਸਥਾਈ ਕਮੇਟੀ ਦਾ ਮੈਂਬਰ ਵੀ। ਸਕੈਂਡੇਨੇਵੀਆਈ ਦੇਸ਼ਾਂ ਵਿਚ ਕੁਰਪਸ਼ਨ ਦੀ ਛਾਣਬੀਨ ਕਰਨ ਵਾਲੇ ਅਧਿਕਾਰੀ ਨੂੰ ਓਂਬਡਸਮੈਨ (Ombudsman) ਕਿਹਾ ਜਾਂਦਾ ਹੈ। ਸ੍ਰੀ ਸਿੰਘਵੀ ਨੇ ਇਸੇ ਤਰਜ਼ 'ਤੇ ਨਹਿਰੂ ਨੂੰ ਭਾਰਤ ਵਿਚ ਓਂਬਡਸਮੈਨ ਜਿਹੇ ਅਧਿਕਾਰੀ ਲਾਗੂ ਕਰਨ ਲਈ ਪ੍ਰੇਰਨਾ ਦਿੱਤੀ ਤਾਂ ਨਹਿਰੂ ਸਾਹਿਬ ਇਹ ਕੁਢਬਾ ਜਿਹਾ ਸ਼ਬਦ ਸੁਣ ਕੇ ਚਕਰਾ ਗਏ। ਉਨ੍ਹਾਂ ਸਿੰਘਵੀ ਤੋਂ ਪੁਛਿਆ, "ਇਹ ਕਿਹੜੇ ਚਿੜੀਆਘਰ ਦਾ ਜਨੌਰ ਹੈ?" ਜਵਾਬ ਸੁਣਨ ਪਿਛੋਂ ਉਨ੍ਹਾਂ ਸਿੰਘਵੀ ਨੂੰ ਭਾਰਤੀ ਪ੍ਰਸੰਗ ਵਿਚ ਕੋਈ ਢੁਕਵਾਂ ਸ਼ਬਦ ਘੜਨ ਲਈ ਆਖਿਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਹੀ ਦਿਨਾਂ ਵਿਚ ਲਕਸ਼ਮੀ ਮੱਲ ਸਿੰਘਵੀ ਨੇ ਲੋਕਪਾਲ ਸ਼ਬਦ ਘੜਿਆ। ਭਾਰਤੀ ਜਨਤਾ ਪਾਰਟੀ ਦੇ ਐਮ.ਪੀ. ਅਰੁਣ ਜੇਤਲੀ ਨੇ ਵੀ ਲੋਕਪਾਲ ਨਿਯੁਕਤ ਕਰਨ ਦੀ ਜ਼ਰੂਰਤ ਸਬੰਧੀ ਰਾਜ ਸਭਾ ਵਿਚ ਇਕ ਭਾਵਪੂਰਤ ਤਕਰੀਰ ਕਰਦਿਆਂ ਲੋਕਪਾਲ ਸ਼ਬਦ ਘੜਨ ਦਾ ਸਿਹਰਾ ਸ੍ਰੀ ਸਿੰਘਵੀ ਨੂੰ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰੀ ਸਿੰਘਵੀ ਨੇ ਇਹ ਸ਼ਬਦ ਪ੍ਰਚਲਨ ਵਿਚ ਲਿਆਂਦਾ ਪਰ ਮੈਂ ਪੜਤਾਲ ਕੀਤੀ ਹੈ, ਇਹ ਸ਼ਬਦ ਉਨ੍ਹਾਂ ਦੀ ਘਾੜਤ ਨਹੀਂ ਬਲਕਿ ਸੰਸਕ੍ਰਿਤ ਸਾਹਿਤ/ਮਿਥਿਹਾਸ ਵਿਚ ਪੁਰਾਣੇ ਜ਼ਮਾਨਿਆਂ ਤੋਂ ਉਪਲਭਦ ਹੈ। ਉਨ੍ਹਾਂ ਭਾਸ਼ਾ ਮਾਹਰ ਹੋਣ ਦੇ ਨਾਤੇ ਇਸ ਨੂੰ ਉਥੋਂ ਹੀ ਚੁਕਿਆ ਤੇ ਠੇਲ ਦਿੱਤਾ।

ਸੰਸਕ੍ਰਿਤ ਸਾਹਿਤ ਵਿਚ ਇਸ ਸ਼ਬਦ ਦੇ ਮਿਥਿਹਾਸਿਕ ਪ੍ਰਸੰਗ ਹਨ। 'ਲੋਕਪਾਲ' ਨੂੰ ਲੋਕਾਈ ਦਾ ਰੱਖਿਅਕ ਦੱਸਿਆ ਗਿਆ ਹੈ। ਕੁਝ ਰਚਨਾਵਾਂ ਵਿਚ ਸੰਸਾਰ ਦੇ ਚੌਥਾਈ ਹਿੱਸੇ ਦਾ ਰਾਜਾ ਕਿਹਾ ਗਿਆ ਹੈ। ਕਈ ਥਾਂਵਾਂ 'ਤੇ ਲੋਕਪਾਲ ਨੂੰ ਪ੍ਰਾਣੀਆਂ ਦੀਆਂ ਵਿਭਿੰਨ ਕਿਸਮਾਂ ਦੇ ਰੱਖਿਅਕ ਦੇਵਤੇ ਵੀ ਦੱਸਿਆ ਗਿਆ ਹੈ। ਮਨੂੰ ਸਿਮ੍ਰਤੀ ਅਨੁਸਾਰ ਇੰਦਰ ਨੂੰ ਪੂਰਬ ਦਾ, ਅਗਨੀ ਨੂੰ ਦੱਖਣ-ਪੂਰਬ ਦਾ, ਯਮ ਨੂੰ ਦੱਖਣ ਦਾ, ਸੂਰਜ ਨੂੰ ਦੱਖਣ-ਪੱਛਮ ਦਾ, ਵਰੁਣ ਨੂੰ ਪੱਛਮ ਦਾ, ਵਾਯੂ ਨੂੰ ਉਤਰ-ਪੱਛਮ ਦਾ, ਕੁਬੇਰ ਨੂੰ ਉਤਰ ਦਾ, ਚੰਦ ਨੂੰ ਉਤਰ-ਪੂਰਬ ਦਾ ਲੋਕਪਾਲ ਕਿਹਾ ਗਿਆ ਹੈ। ਬੁਧ ਧਰਮ ਵਿਚ ਵੀ ਲੋਕਪਾਲਾਂ ਦੀਆਂ ਅਲੱਗ ਅਲੱਗ ਗਿਣਤੀਆਂ ਦੱਸੀਆਂ ਗਈਆਂ ਹਨ। ਕਈ ਆਲੋਚਕਾਂ ਨੇ ਇਸ ਸ਼ਬਦ ਦੇ ਸੰਸਕ੍ਰਿਤ ਵਿਚ ਲਭਦੇ ਅਜਿਹੇ ਸਰਵਉਚ, ਸਰਵਸ਼ਕਤੀਮਾਨ ਅਰਥਾਂ ਤੋਂ ਹੀ ਲੋਕਪਾਲ ਵਿਚ ਤਾਨਾਸ਼ਾਹੀ, ਲੋਕਤੰਤਰ-ਵਿਰੋਧੀ ਰੁਚੀਆਂ ਨਿਹਿਤ ਦੇਖੀਆਂ ਹਨ। ਇਸ ਨੂੰ ਮਜ਼ਮੇਬਾਜ਼ੀ ਦੀ ਲੋਕਤੰਤਰ 'ਤੇ ਜਿੱਤ ਕਿਹਾ ਗਿਆ ਹੈ।

ਐਪਰ ਮੇਰੀ ਜਾਚੇ ਲੋਕਪਾਲ ਦੇ ਅਜਿਹੇ ਅਰਥ ਲੋਕਾਂ ਦੀ ਸਿਮ੍ਰਤੀ 'ਚੋਂ ਵਿਸਰ ਚੁਕੇ ਹਨ ਤੇ ਹੁਣ ਇਸ ਨੂੰ ਲੋਕਤੰਤ੍ਰਿਕ ਅਰਥ ਪ੍ਰਦਾਨ ਕਰਨ ਵਿਚ ਕੋਈ ਹਰਜ ਨਹੀਂ। ਇਹ ਤਾਂ ਸਪੱਸ਼ਟ ਹੀ ਹੈ ਕਿ 'ਲੋਕਪਾਲ' ਦੋ ਸ਼ਬਦਾਂ 'ਲੋਕ' ਅਤੇ 'ਪਾਲ' ਨੂੰ ਜੋੜ ਕੇ ਬਣਿਆ ਹੈ। ਲੋਕ ਸ਼ਬਦ ਕਿੰਨੇ ਹੀ ਸਮਾਸੀ ਸ਼ਬਦਾਂ ਜਿਵੇਂ ਲੋਕਤੰਤਰ, ਲੋਕਰਾਜ, ਲੋਕਧਾਰਾ, ਲੋਕਗੀਤ, ਲੋਕਕਲਾ, ਲੋਕਮਾਨਸ, ਲੋਕਾਚਾਰ, ਲੋਕੋਕਤੀ, ਲੋਕਲਾਜ ਆਦਿ ਵਿਚ ਆਉਂਦਾ ਹੈ। ਫਿਰ ਇਸ ਤੋਂ ਵਿਉਤਪਤ ਹੋਏ ਹੋਰ ਸ਼ਬਦਾਂ ਜਿਵੇਂ ਲੋਕਾਈ, ਲੋਕਾਇਤ, ਲੌਕਿਕ, ਅਲੌਕਿਕ, ਲੋਕਾ, ਲੋਕਨ ਆਦਿ ਦੀ ਵੀ ਕਮੀ ਨਹੀਂ। 'ਲੋਗ' ਵੀ ਇਸੇ ਦਾ ਇਕ ਹੋਰ ਰੂਪ ਹੈ। ਜਨਤਾ ਤੋਂ ਬਿਨਾ ਇਸ ਸ਼ਬਦ ਦੇ ਹੋਰ ਅਰਥ ਵੀ ਹਨ ਜੋ ਸਮਾਸ ਰੂਪਾਂ ਵਿਚ ਵਧੇਰੇ ਆਉਂਦੇ ਹਨ। ਸਮੁਦਾਇ ਲਈ ਵੀ ਇਹ ਸ਼ਬਦ ਆਮ ਹੀ ਵਰਤਿਆ ਜਾਂਦਾ ਹੈ ਜਿਵੇਂ ਹਿੰਦੂ ਲੋਕ, ਸਿੱਖ ਲੋਕ। ਇਸੇ ਤਰ੍ਹਾਂ ਰਹਿਣ ਦੀ ਥਾਂ ਨੂੰ ਵੀ ਲੋਕ ਕਿਹਾ ਜਾਂਦਾ ਹੈ:

ਇੰਦਰਲੋਕ, ਸਿਵਲੋਕਹਿ ਜੈਬੋ (ਕਬੀਰ)

ਅਸੀਂ ਆਮ ਹੀ ਪਰੀਲੋਕ, ਦੇਵਲੋਕ, ਧਰਤਲੋਕ, ਇਹਲੋਕ ਸ਼ਬਦ ਵਰਤ ਲੈਂਦੇ ਹਾਂ ਅਤੇ ਮੌਕੇ 'ਤੇ ਹੋਰ ਅਜਿਹੇ ਸ਼ਬਦ ਵੀ ਘੜ ਲੈਂਦੇ ਹਾਂ। ਮਿਥਿਹਾਸ ਅਨੁਸਾਰ ਸਵਰਗ ਲੋਕ, ਪ੍ਰਿਥਵੀ ਲੋਕ, ਪਾਤਾਲ ਲੋਕ, ਭੂ-ਲੋਕ, ਦੇ ਰੂਪ ਵਿਚ 'ਲੋਕ' ਬ੍ਰਹਿਮੰਡ ਦੇ ਵੱਖ ਵੱਖ ਖੰਡਾਂ ਦੇ ਅਰਥ ਦੇਣ ਲਗਦਾ ਹੈ। ਅਸਲ ਵਿਚ ਧਰਤੀ ਤੋਂ ਉਪਰਲੇ ਤੇ ਹੇਠਲੇ ਸੱਤ ਸੱਤ ਅਰਥਾਤ ਚੌਦਾਂ ਤਬਕਿਆਂ ਨੂੰ ਵੀ ਲੋਕ ਕਿਹਾ ਗਿਆ ਹੈ। ਲੋਕ ਸ਼ਬਦ ਸੰਸਕ੍ਰਿਤ ਧਾਤੂ 'ਲੋਕ' ਤੋਂ ਹੀ ਬਣਿਆ ਹੈ ਜਿਸ ਵਿਚ 'ਕ' ਅੱਧਾ ਅਰਥਾਤ ਹਲੰਤ ਵਾਲਾ ਹੈ ਜਿਸ ਨੂੰ ਗੁਰਮੁਖੀ ਲਿਪੀ ਵਿਚ ਦਰਸਾਉਣ ਲਈ ਕੋਈ ਚਿੰਨ੍ਹ ਨਹੀਂ ਹੈ। ਇਸ ਧਾਤੂ ਦਾ ਸੰਸਕ੍ਰਿਤ ਵਿਚ ਮੂਲ ਅਰਥ ਹੈ, ਦੇਖਣਾ, ਚਮਕਣਾ, ਪ੍ਰਕਾਸ਼ਿਤ ਹੋਣਾ। ਜਦ ਅਸੀਂ ਬਾਹਰੀ ਪਰਪੰਚ ਵੱਲ ਦੇਖਦੇ ਹਾਂ ਤਾਂ ਜੋ ਪ੍ਰਤੱਖ ਹੁੰਦਾ ਹੈ ਉਹੀ ਲੋਕ ਹੈ, ਅਰਥਾਤ ਦਿਸਦਾ ਜਗਤ, ਸੰਸਾਰ, ਲੋਕ ਹੈ।

ਅਜਿਤ ਵਡਨੇਰਕਰ ਨੇ ਅੰਗਰੇਜ਼ੀ ਲੁਕ (look) ਨੂੰ ਵੀ ਇਸ ਦਾ ਰਿਸ਼ਤੇਦਾਰ ਦੱਸਿਆ ਹੈ। ਲੋਕ ਤੋਂ ਹੀ ਬਣੇ ਅਵਲੋਕਨ ਸ਼ਬਦ ਅਤੇ ਭੋਜਪੁਰੀ ਵਿਚ ਲੋਕਣਾ ਦਾ ਮਤਲਬ ਦੇਖਣਾ ਹੈ ਜਿਸ ਤੋਂ ਇਸ ਦੀ ਗਵਾਹੀ ਮਿਲਦੀ ਪ੍ਰਤੀਤ ਹੁੰਦੀ ਹੈ ਪਰ ਅੰਗਰੇਜ਼ੀ ਦੇ ਸਰੋਤ ਇਸ ਨੂੰ ਕੇਵਲ ਜਰਮੈਨਿਕ ਭਾਸ਼ਾਵਾਂ ਤੱਕ ਹੀ ਸੀਮਿਤ ਰੱਖਦੇ ਹਨ। ਇਸ ਪ੍ਰਕਾਰ ਧੁਨੀ ਤੇ ਅਰਥਾਂ ਦੀ ਸਮਾਨਤਾ ਕਾਰਨ ਅੰਗਰੇਜ਼ੀ ਲੁੱਕ ਨਾਲ ਦਰਸਾਈ ਜਾਂਦੀ ਇਸ ਦੀ ਰਿਸ਼ਤੇਦਾਰੀ ਕੇਵਲ ਸੰਜੋਗੀ ਵਰਤਾਰਾ ਹੈ। ਅੰਗਰੇਜ਼ੀ ਲੁੱਕ ਸ਼ਬਦ ਦੇ ਪੁਰਾਣੀ ਅੰਗਰੇਜ਼ੀ, ਜਰਮਨ, ਡੱਚ, ਬਰੈਟਨ ਆਦਿ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਹਾਂ, ਲੋਕ ਸ਼ਬਦ ਦੀ ਅੰਗਰੇਜ਼ੀ ਸ਼ਬਦ ਲਾਇਟ (light) ਨਾਲ ਜ਼ਰੂਰ ਸਾਂਝ ਹੈ ਜਿਸ ਬਾਰੇ ਵਖਰੀ ਚਰਚਾ ਕੀਤੀ ਜਾਵੇਗੀ।



*ਲਕਸ਼ਮੀ ਮੱਲ ਸਿੰਘਵੀ, ਜਿਸ ਨੇ ਲੋਕਪਾਲ ਸ਼ਬਦ ਦਾ ਪ੍ਰਚਲਨ ਕੀਤਾ*

ਲੋਕਪਾਲ ਸ਼ਬਦ ਦਾ ਦੂਜਾ ਅੰਸ਼ ਹੈ ਪਾਲ। ਦਿਲਚਸਪ ਗੱਲ ਹੈ ਕਿ ਸੰਸਕ੍ਰਿਤ ਪਾਲ ਤੋਂ ਬਣੇ ਇਸ ਪਾਲ ਦਾ ਮਤਲਬ ਵੀ ਦੇਖਣਾ ਹੈ ਪਰ ਇਸ ਦਾ ਦੇਖਣਾ ਨਿਗਾਹਬਾਨੀ ਕਰਨ ਦੇ ਅਰਥਾਂ ਵਿਚ ਹੈ ਜਿਸ ਤੋਂ ਅੱਗੇ ਰਖਿਆ ਕਰਨ, ਬਚਾਉਣ ਇਥੇ ਤੱਕ ਕਿ ਰਾਜ ਜਾਂ ਸ਼ਾਸਨ ਕਰਨ ਦੇ ਅਰਥ ਵੀ ਵਿਕਸਿਤ ਹੋ ਜਾਂਦੇ ਹਨ। ਸ਼ਾਇਦ ਲੋਕਪਾਲ ਦੇ ਆਲੋਚਕਾਂ ਨੂੰ ਲੋਕਪਾਲ ਵਿਚਲੇ ਇਸ ਅਰਥ ਤੋਂ ਹੀ ਅਧਿਕਾਰਵਾਦੀ ਅਰਥਾਂ ਦੀ ਬੋਅ ਆਈ ਹੈ। ਮੋਨੀਅਰ-ਵਿਲੀਅਮਜ਼ ਨੇ ਆਪਣੇ ਕੋਸ਼ ਵਿਚ ਲੋਕਪਾਲ ਦਾ ਸਮਾਨੰਤਰ ਅੰਗਰੇਜ਼ੀ ਸ਼ਬਦ ਗਾਰਡੀਅਨ (guardian) ਦੱਸਿਆ ਹੈ। ਧਿਆਨ ਦਿੱਤਾ ਜਾਵੇ ਕਿ ਇਸ ਗਾਰਡੀਅਨ ਵਿਚਲੇ ਗਾਰਡ (guard) ਦੇ ਅਰਥ ਵੀ ਮੁਢਲੇ ਤੌਰ 'ਤੇ ਦੇਖਣਾ ਹੀ ਹੁੰਦੇ ਹਨ। ਪਾਲ ਸ਼ਬਦ ਪਿਛੇ ਕਾਰਜਸ਼ੀਲ ਸੰਸਕ੍ਰਿਤ ਧਾਤੂ 'ਪਲ' ਹੈ ਜਿਸ ਵਿਚ ਵਿਸਤਾਰ ਦੇ ਅਰਥ ਸਮੋਏ ਹੋਏ ਹਨ। ਇਸ ਧਾਤੂ ਤੋਂ ਵੀ ਇਕ ਦੂਜੇ ਤੋਂ ਦੂਰ ਦੂਰ ਜਾਪਦੇ ਅਨੇਕਾਂ ਸ਼ਬਦਾਂ ਦੀ ਉਤਪਤੀ ਹੋਈ ਹੈ। ਪਾਲਣਾ ਅਰਥਾਤ ਪਾਲਣਾ-ਪੋਸ਼ਣਾ ਇਕ ਆਮ ਸ਼ਬਦ ਹੈ ਜੋ ਇਸ ਤੋਂ ਬਣਿਆ ਹੈ। ਇਸ ਵਿਚ ਵਿਸਤਾਰ ਦੇ ਭਾਵ ਬੱਚੇ ਨੂੰ ਵਿਕਸਿਤ ਕਰਨਾ, ਵੱਡਾ ਕਰਨਾ ਆਦਿ ਦੇ ਰੂਪ ਵਿਚ ਦੇਖੀਏ ਤਾਂ ਸਪੱਸ਼ਟ ਹੋ ਜਾਂਦੇ ਹਨ। ਇਸ ਪਾਲਣ ਪੋਸ਼ਣ ਦੇ ਅਰਥ ਤੋਂ ਹੀ ਬੱਚੇ ਨੂੰ ਦੇਖਣ, ਉਸ ਦੀ ਨਿਗਾਹਬਾਨੀ ਕਰਨ ਵਾਲੇ ਅਰਥ ਹੋਰ ਅੱਗੋਂ ਵਿਕਾਸ ਪਾ ਕੇ ਆਮ ਤੌਰ 'ਤੇ ਰੱਖਿਆ ਕਰਨ, ਬਚਾਉਣ, ਸੰਭਾਲਣ ਦੇ ਅਰਥ ਗ੍ਰਹਿਣ ਕਰ ਲੈਂਦੇ ਹਨ ਤੇ ਅਖੀਰ ਵਿਚ ਰਾਜ ਜਾਂ ਸ਼ਾਸਨ ਕਰਨ 'ਤੇ ਗੱਲ ਮੁੱਕਦੀ ਹੈ। ਰਾਜ ਕਰਨ ਵਾਲਾ ਸ਼ਾਸਕ ਅਸਲ ਵਿਚ ਪਰਜਾ ਦਾ ਪਾਲਣਹਾਰ ਤੇ ਰੱਖਿਅਕ ਹੀ ਹੁੰਦਾ ਹੈ। ਗੁਰੂ ਸਾਹਿਬਾਂ ਪਰਮਾਤਮਾ ਨੂੰ ਹੀ ਪਾਲ ਕਿਹਾ ਹੈ:

ਗੁਰਮੁਖਿ ਰਾਮ ਨਾਮ ਗੁਨ ਗਾਇ
ਤੂ ਅਪਰੰਪਾਰ ਸਰਬ ਪਾਲ॥
(ਬਸੰਤ, ਗੁਰੂ ਨਾਨਕ)

ਪਸ਼ੂਆਂ ਦਾ ਰਾਖਾ ਪਾਲੀ ਵੀ ਇਸੇ ਪਾਲ ਤੋਂ ਬਣਿਆ ਹੈ। ਕੌਲ ਕਰਾਰ ਪਾਲਣ ਵਿਚ ਵੀ ਸੰਭਾਲਣ, ਬਚਾਉਣ ਦੇ ਭਾਵ ਨਿਹਿਤ ਹਨ। ਪਾਲ ਤੋਂ ਹੀ ਬਣੇ ਪਾਲਕ ਦਾ ਅਰਥ ਵੀ ਪਾਲਣ ਵਾਲਾ ਅਤੇ ਰਾਜਾ, ਸ਼ਹਿਜ਼ਾਦਾ ਹੁੰਦੇ ਹਨ। ਪਾਲਕ ਦਾ ਅਰਥ ਲੈ-ਪਾਲ ਅਰਥਾਤ ਗੋਦ ਲਏ ਬੱਚੇ ਨੂੰ ਪਾਲਣ ਵਾਲਾ ਵੀ ਹੁੰਦਾ ਹੈ। ਪਲ ਧਾਤੂ ਤੋਂ ਹੋਰ ਬਹੁਤ ਸ਼ਬਦ ਬਣੇ ਹਨ ਜਿਨ੍ਹਾਂ ਲਈ ਵੱਖਰੇ ਲੇਖ ਦੀ ਲੋੜ ਹੈ।

## ਕਾਵਿ ਸੰਸਾਰ



ਦੀਪ ਮੰਗਲੀ, ਨਿਊ ਯਾਰਕ
ਫੋਨ:917-242-6768

### ਜ਼ਿੰਦਗੀ ਸੋਹਣੀ ਲੱਗਦੀ

ਜ਼ਿੰਦਗੀ ਸੋਹਣੀ ਲੱਗਦੀ
ਜੇਕਰ ਵਿਚ ਦਿਲਾ ਦੇ ਪਿਆਰ ਹੋਵੇ
ਜਿੱਤ ਹਾਰ ਦੀ ਗੱਲ ਨਾ ਹੋਵੇ
ਭਾਵੇ ਲੱਖ ਤਕਰਾਰ ਹੋਵੇ।

ਹਰ ਇਕ ਰਿੱਸ਼ਤਾ ਟਿਕਿਆ ਹੁੰਦਾ
ਇਕ ਵਿਸ਼ਵਾਸ ਦੀ ਡੋਰੀ 'ਤੇ,
ਵਹਿਮ ਦਾ ਚੰਦਰਾ ਦਾਗ ਨਾ ਲਾਈਏ
ਦਿਲ ਦੀ ਚਾਦਰ ਕੋਰੀ 'ਤੇ।
ਸੋਚ ਸੁਚੱਜੀ ਰੱਖੀਏ ਅਕਸਰ
ਹੱਦੋਂ ਵੱਧ ਸਤਿਕਾਰ ਹੋਵੇ...।

ਉਹਦੇ ਵਰਗੀ ਰੀਸ ਨਹੀਂ
ਜੇ ਫੜ ਇਸ ਗੱਲ ਦੀ ਰਮਜ਼ ਲਈਏ,
ਜ਼ਿੰਦਗੀ ਸੌਖਿਆ ਲੰਘ ਜਾਂਦੀ
ਜੇ ਇਕ ਦੂਜੇ ਨੂੰ ਸਮਝ ਲਈਏ।
ਸਾਥ ਹੋਵੇ ਬਸ ਫੁੱਲਾਂ ਵਰਗਾ
ਨਾ ਲੱਗਦਾ ਕੋਈ ਭਾਰ ਹੋਵੇ...।

ਹਰ ਇਕ ਗੱਲ ਨੂੰ ਨਾਲ ਬਹਾਨਿਆਂ
ਨਹੀਂ ਅਕਸਰ ਹੀ ਟਾਲੀ ਦਾ,
ਬੰਦਾ ਵਿਗੜ ਵੀ ਜਾਂਦਾ ਜੇਕਰ
ਦਬਕਾ ਨਹੀਂ ਘਰ ਵਾਲੀ ਦਾ।
ਰੋਜ਼ ਰਾਤ ਨੂੰ ਲੇਟ ਆਵੇ
ਜੇ ਸਖਤ ਨਾ ਘਰ ਸਰਕਾਰ ਹੋਵੇ...।

ਨੰਗਿਆਂ ਤਾਰਾ ਉਤੇ ਹੱਥ ਮਿੱਤਰੋ
ਭੁੱਲ ਕੇ ਕਦੇ ਨਾ ਧਰੀਏ,
ਘਰ ਵਾਲੀ ਦੇ ਪੇਕਿਆ ਦੀ ਬਸ
ਸਿਫਤ ਸਦਾ ਹੀ ਕਰੀਏ।
ਪੇਕੇ ਜਾਣ ਨੂੰ ਆਖੇ ਘਰ ਵਾਲੀ
ਪਲ ਵਿਚ ਮੰਗਲੀ ਤਿਆਰ ਹੋਵੇ...।

### ਚਾਅ ਇੰਡੀਆ ਨੂੰ ਜਾਣਦਾ

ਬੇਰਾ ਵੱਟੇ ਭਾਵੇ ਕੋਈ
ਉਥੇ ਨੀ ਸਿਆਣਦਾ
ਤਾਂ ਵੀ ਮੈਨੂੰ ਚਾਅ ਰਹਿੰਦਾ
ਇੰਡਿਆ ਨੂੰ ਜਾਣਦਾ।

ਉਤਰਾਂ ਮੈਂ ਦਿੱਲੀ ਜਦੋਂ
ਪੰਗਾ ਕੋਈ ਪਾਉਂਦੇ ਨੇ,
ਫੋਟੋ ਮੇਰੀ ਕਿਸੇ ਅਤਿਵਾਦੀ
ਨਾਲ ਮਿਲਾਉਂਦੇ ਨੇ।
ਚੁੱਪ ਕਰਕੇ, ਕਹਿੰਦੇ,
ਤੂੰ ਜੇਬ ਕਰ ਢਿੱਲੀ
ਦਿੰਦੇ ਨੇ ਡਰਾਵਾ
ਉਹ ਤਿਹਾੜ 'ਚ ਲਿਜਾਣ ਦਾ...।

ਡਰਾਂ ਮੈਂ ਸ਼ਰੀਕਾਂ ਕੋਲੋਂ
ਪੰਗਾ ਨਾ ਕੋਈ ਪਾ ਦਵੇ,
ਝੂਠੇ ਸੱਚੇ ਐਵੇ ਕਿਸੇ
ਕੇਸ ਵਿਚ ਫਸਾ ਦਵੇ।
ਡੀ ਸੀ ਜਿੰਨੀ ਉਥੇ ਗੱਲ
ਰੱਖਦਾ ਸਿਪਾਹੀ
ਜਾਣਦੇ ਉਹ ਢੰਗ
ਪੈਸੇ ਜੇਬ 'ਚੋਂ ਕਢਾਉਣ ਦਾ...।

ਦੱਸਾਂ ਨਾ ਮੈਂ ਕਿਸੇ ਨੂੰ
ਤਰੀਕ ਮੁੜ ਜਾਣ ਦੀ,
ਬੰਦ ਪਿੰਜਰੇ 'ਚੋਂ
ਤੋਤੇ ਵਾਂਗੂ ਉਡ ਜਾਣ ਦੀ।
ਸਮਝਣ ਸਾਰੇ ਮੈਨੂੰ
ਪੈਸੇ ਵਾਲੀ ਸਾਮੀ
ਪਰ ਰਹਿੰਦਾ ਮੈਨੂੰ ਫਿਕਰ
ਪੈਸੇ ਬੁੜ ਜਾਣ ਦਾ...।

ਮੰਤਰੀ ਜਿੰਨਾ ਦੇ
ਗੱਲ ਉਨ੍ਹਾਂ ਦੀ ਨਹੀਂ ਕਰਦਾ,
ਮੰਗਲੀ ਤਾਂ ਉਥੇ ਹੈ
ਸਿਪਾਹੀ ਤੋਂ ਵੀ ਡਰਦਾ।
ਇਥੇ ਕੀਤੀ ਗਲਤੀ
ਤਾਂ ਮਿਲ ਜੂ ਸੰਮਨ
ਉਥੇ ਤਾਂ ਡਿਪੈਂਡ ਹੈ
ਪੁਲਸੀਏ 'ਤੇ ਕਰਦਾ
ਸ਼ੌਕ ਕੀਹਨੂੰ ਹੁੰਦਾ
ਫੈਟੀ ਚੌਕ 'ਚ ਲਵਾਉਣ ਦਾ।
ਤਾਂ ਵੀ ਮੈਨੂੰ ਚਾਅ ਰਹਿੰਦਾ
ਇੰਡਿਆ ਨੂੰ ਜਾਣਦਾ।

### ਰਣਧੀਰ ਸਿੰਘ ਨਿਊ ਯਾਰਕ

*(ਸ਼ਰਧਾਂਜਲੀ)*

ਹਸਤੀ ਤਸਵੀਰ ਦੇ ਉਹਲੇ
ਲੁਕ ਗਈ ਓਸ ਦੀ
ਸਿਆਹੀ ਕਲਮ ਦੀ ਜਿਵੇਂ ਸੀ
ਮੁੱਕ ਗਈ ਓਸ ਦੀ।
ਬਿਨਾ ਦੱਸਿਆਂ ਹੀ ਕਿਸੇ ਪੈਂਡੇ 'ਤੇ
ਤੁਰ ਗਿਆ ਉਹ
ਚਾਣਚੱਕ ਹੀ ਦਿਲ ਦੀ ਧੜਕਨ
ਜਦ ਰੁਕ ਗਈ ਓਸ ਦੀ।

ਲੋਕੀਂ ਆਖਦੇ ਨੇ ਉਸ ਦੀ ਇੰਜ ਹੀ
ਤਕਦੀਰ ਲਿਖੀ ਹੋਵੇਗੀ
ਮੁਕ ਗਈ ਜੋ ਜੱਗ ਵਿਚੋਂ
ਇੰਨੀ ਕੁ ਸੀਰ ਲਿਖੀ ਹੋਵੇਗੀ
ਖਵਰੇ ਉਹ ਕਿਹੜੀ ਸਰਾਪੀ ਹੋਈ
ਚੰਦਰੀ ਨਜ਼ਮ ਹੋਵੇਗੀ
ਜਿਹੜੀ ਰਣਧੀਰ ਸਿੰਘ ਨੇ
ਸਭ ਤੋਂ ਅਖੀਰ ਲਿਖੀ ਹੋਵੇਗੀ।

ਕਿੰਨੀਆਂ ਹੀ ਸੋਚਾ ਜਿਨ੍ਹਾਂ ਨੂੰ
ਕਾਗਜ਼ 'ਤੇ ਨਹੀਂ ਲਾਅ ਸਕਿਆ
ਰਹਿ ਗਈਆਂ ਨਜ਼ਮਾਂ ਉਡੀਕਦੀਆਂ
ਜਿਨ੍ਹਾਂ ਵੱਲ ਉਹ ਨਹੀਂ ਜਾ ਸਕਿਆ
ਬੋਲ ਕਿੰਨੇ ਵਿਲਕਦੇ ਹੋਣਗੇ
ਉਹਦੇ ਜਾਣ ਤੋਂ ਬਾਅਦ ਵੀ
ਦਰਦ ਜਿਨ੍ਹਾਂ ਦਾ ਉਹ ਦਰਦੀ
ਨਹੀਂ ਵੰਡਾ ਸਕਿਆ।

# ਦੀਪਿਕਾ ਪਾਦੁਕੋਣ ਦੀ ਸਫਲਤਾ ਦਾ ਰਾਜ਼



ਦੀਪਿਕਾ ਪਾਦੁਕੋਣ ਦੀ ਸਭ ਤੋਂ ਵੱਡੀ ਖ਼ੂਬੀ ਇਹ ਵੀ ਰਹੀ ਕਿ ਉਸ ਨੇ ਕਰੀਅਰ ਦੀ ਸ਼ੁਰੂਆਤ 'ਚ ਹੀ ਸਭ ਤੋਂ ਪਹਿਲਾਂ ਆਪਣਾ ਆਤਮ-ਵਿਸ਼ਲੇਸ਼ਣ ਕੀਤਾ ਤੇ ਉਸ ਤੋਂ ਬਾਅਦ ਇਕ ਖਾਸ ਟੀਚਾ ਮਿੱਥ ਕੇ ਕਦਮ-ਦਰ-ਕਦਮ ਅਗਾਂਹ ਵਧਦੀ ਜਾ ਰਹੀ ਹੈ। ਦੀਪਿਕਾ ਨੂੰ ਸ਼ੁਰੂਆਤ 'ਚ ਹੀ ਸਟਾਰਡਮ ਮਿਲ ਗਿਆ ਪਰ ਉਸ ਦੇ ਬਾਵਜੂਦ ਉਹ ਓਵਰ ਕਾਨਫੀਡੈਂਸ ਦੀ ਸ਼ਿਕਾਰ ਨਹੀਂ ਹੋਈ। ਉਸ ਦੀਆਂ ਨਜ਼ਰਾਂ ਭਾਵੇਂ ਸਤਵੇਂ ਆਸਮਾਨ 'ਤੇ ਰਹੀਆਂ ਹੋਣ ਪਰ ਉਸ ਨੇ ਆਪਣੇ ਪੈਰ ਜ਼ਮੀਨ 'ਤੇ ਹੀ ਟਿਕਾਈ ਰੱਖੇ।

ਉਸ ਨੇ ਹਮੇਸ਼ਾ ਆਪਣੇ ਘੇਰੇ 'ਚ ਰਹਿ ਕੇ ਕੰਮ ਕੀਤਾ। ਦੀਪਿਕਾ ਸਿਤਾਰਿਆਂ ਵੱਲੋਂ ਅਪਣਾਈ ਜਾਣ ਵਾਲੀ ਖੇਮੇਬਾਜ਼ੀ ਨੂੰ ਤਬਾਹਕਾਰੀ ਮੰਨਦੀ ਹੈ। ਇਸ ਲਈ ਇਸ ਤੋਂ ਹਮੇਸ਼ਾ ਦੂਰ ਰਹੀ ਹੈਸ਼ ਰਾਣੀ ਮੁਖਰਜੀ ਤੇ ਪ੍ਰਿਟੀ ਜ਼ਿੰਟਾ ਵਰਗੀਆਂ ਅਭਿਨੇਤਰੀਆਂ ਤੋਂ ਦੀਪਿਕਾ ਨੇ ਬਹੁਤ ਵੱਡਾ ਸਬਕ ਹਾਸਲ ਕੀਤਾ। ਦੀਪਿਕਾ ਦਾ ਮੰਨਣੈ ਕਿ ਇਹ ਦੋਵੇਂ ਅਭਿਨੇਤਰੀਆਂ ਖੇਮੇਬਾਜ਼ੀ ਦੇ ਚੱਕਰ 'ਚ ਓਨਾ ਸ਼ਾਨਦਾਰ ਪ੍ਰਦਰਸ਼ਨ ਨਹੀਂ ਕਰ ਸਕੀਆਂ ਜਿੰਨੀ ਉਨ੍ਹਾਂ ਤੋਂ ਆਸ ਕੀਤੀ ਜਾ ਰਹੀ ਸੀ। ਦੀਪਿਕਾ ਨੇ ਕਰੀਅਰ ਦੀ ਸ਼ੁਰੂਆਤ ਸ਼ਾਹਰੁਖ ਦੇ ਹੋਮ ਪ੍ਰੋਡਕਸ਼ਨ 'ਚ ਉਸ ਦੇ ਨਾਲ ਹੀ ਕੀਤੀ ਸੀ ਪਰ ਉਸ ਨੇ ਸ਼ਾਹਰੁਖ ਨੂੰ ਵੀ ਕਦੇ ਲੋੜ ਤੋਂ ਵੱਧ ਮਹੱਤਵ ਨਹੀਂ ਦਿੱਤਾ। ਸ਼ਾਹਰੁਖ ਨੇ ਜਦੋਂ ਦੀਪਿਕਾ ਦੇ ਸਾਹਮਣੇ 'ਬਿੱਲੂ ਬਾਰਬਰ' ਲਈ ਆਈਟਮ ਦੀ ਪੇਸ਼ਕਸ਼ ਰੱਖੀ ਤਾਂ ਉਹ ਮੰਨ ਤਾਂ ਗਈ ਪਰ ਇਸ ਦੇ ਲਈ ਉਸ ਨੇ ਬਕਾਇਦਾ ਚੰਗੀ-ਖਾਸੀ ਰਕਮ ਵਸੂਲ ਕੀਤੀ ਜਦਕਿ ਕਰੀਨਾ ਵਰਗੀਆਂ ਹੀਰੋਇਨਾਂ ਨੇ ਸ਼ਾਹਰੁਖ ਨਾਲ ਆਪਣੀ ਦੋਸਤੀ ਦਾ ਖਿਆਲ ਕਰਦਿਆਂ ਉਸ ਵਲੋਂ ਦਿੱਤੇ ਗਏ ਚੈੱਕ ਉਸ ਨੂੰ ਮੋੜ ਦਿੱਤੇ। ਤੜਕ-ਭੜਕ ਵਾਲੀ ਫਿਲਮੀ ਦੁਨੀਆ ਵਿਚ ਦੀਪਿਕਾ ਪਾਦੁਕੋਣ ਬੜੀ ਮੜ੍ਹਕ ਨਾਲ ਤੁਰ ਰਹੀ ਹੈ। ਉਸ ਦੇ ਇਸ ਪੱਖ ਨੇ ਫਿਲਮਾਂ ਬਣਾਉਣ ਵਾਲਿਆਂ ਦੇ ਨਾਲ ਨਾਲ ਦਰਸ਼ਕਾਂ ਨੂੰ ਵੀ ਕਾਇਲ ਕਰ ਲਿਆ ਹੈ।

# ਅਦਾਕਾਰੀ ਤੇ ਨ੍ਰਿਤ ਦਾ ਮੁਜੱਸਮਾ ਵੈਜੰਤੀ ਮਾਲਾ



ਵੈਜੰਤੀ ਮਾਲਾ ਦੱਖਣ ਦੀ ਪਹਿਲੀ ਹੀਰੋਇਨ ਸੀ ਜਿਸ ਨੇ ਬਾਲੀਵੁੱਡ ਦੀ ਲੀਡਿੰਗ ਅਦਾਕਾਰਾ ਦਾ ਦਰਜਾ ਹਾਸਲ ਕੀਤਾ। 60 ਤੇ 70 ਦੇ ਦਹਾਕੇ ਦੀਆਂ ਮੁੱਖ ਬਾਲੀਵੁੱਡ ਅਭਿਨੇਤਰੀਆਂ ਦੀ ਚਰਚਾ ਉਨ੍ਹਾਂ ਦੇ ਜ਼ਿਕਰ ਦੇ ਬਿਨਾਂ ਹਮੇਸ਼ਾ ਅਧੂਰੀ ਰਹੇਗੀ। ਮਨਮੋਹਕ ਸੁੰਦਰਤਾ ਦੀ ਮਾਲਕਣ ਇਹ ਅਦਾਕਾਰਾ ਬੇਹਤਰੀਨ ਅਦਾਕਾਰੀ ਦੀ ਪ੍ਰਤਿਭਾ ਨਾਲ ਸਪੰਨ ਹੈ। ਵੈਜੰਤੀ ਮਾਲਾ ਮਾਹਿਰ ਭਾਰਤ ਨਾਟਯਮ ਨ੍ਰਤਕੀ, ਗੋਲਫਰ ਤੇ ਸ਼ਾਸਤਰੀ ਕਰਨਾਟਕ ਗਾਇਕੀ 'ਚ ਵੀ ਮਾਹਿਰ ਸੀ।

13 ਅਗਸਤ 1936 ਨੂੰ ਤਾਮਿਲ ਬ੍ਰਾਹਮਣ ਪਰਿਵਾਰ 'ਚ ਪਿਤਾ ਐਮ.ਡੀ. ਰਮਨ ਤੇ ਮਾਂ ਵਸੁੰਧਰਾ ਦੇਵੀ ਦੇ ਘਰ ਪੈਦਾ ਹੋਈ ਵੈਜੰਤੀ ਮਾਲਾ ਨੇ ਅੱਲ੍ਹੜ ਉਮਰੇ ਹੀ ਕੈਮਰੇ ਦਾ ਸਾਹਮਣਾ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦੀ ਮਾਂ ਤਾਮਿਲ ਸਿਨੇਮਾ ਦੀ ਲੀਡਿੰਗ ਹੀਰੋਇਨ ਸੀ। ਤਾਮਿਲ ਬ੍ਰਾਹਮਣ ਪਰਿਵਾਰਾਂ ਵਾਂਗ ਉਸ ਨੂੰ ਵੀ ਬਚਪਨ ਤੋਂ ਹੀ ਭਾਰਤ ਨਾਟਯਮ ਤੇ ਕਰਨਾਟਕ ਸ਼ਾਸਤਰੀ ਸੰਗੀਤ ਸਿੱਖਣ ਦਾ ਮੌਕਾ ਮਿਲਿਆ ਤੇ 13 ਸਾਲ ਦੀ ਉਮਰ 'ਚ ਹੀ ਉਸ ਨੇ ਅਰੰਗੇਤਰਮ (ਸਾਲਾਂ ਦੇ ਅਭਿਆਸ ਪਿੱਛੋਂ ਭਰਤਨਾਟਯਮ ਵਿਦਿਆਰਥਣਾਂ ਦਾ ਪਹਿਲੀ ਵਾਰ ਸਟੇਜ 'ਤੇ ਪ੍ਰੋਗਰਾਮ ਪੇਸ਼ ਕਰਨਾ) ਹਾਸਲ ਕਰ ਲਿਆ ਸੀ। ਉਸ ਦੇ ਨ੍ਰਿਤ ਤੋਂ ਪ੍ਰਭਾਵਿਤ ਹੋ ਕੇ ਤਾਮਿਲ ਫ਼ਿਲਮਾਂ ਦੇ ਇਕ ਨਿਰਦੇਸ਼ਕ ਨੇ ਵੈਜੰਤੀ ਮਾਲਾ ਦੀ ਦਾਦੀ ਨੂੰ ਉਸ ਨੂੰ ਉਸ ਦੀ ਹਿੰਦੀ ਫ਼ਿਲਮ 'ਚ ਕੰਮ ਕਰਨ ਦੀ ਇਜਾਜ਼ਤ ਦੇਣ ਲਈ ਮਨਾ ਲਿਆ।

ਇਸ ਤਰ੍ਹਾਂ ਵੈਜੰਤੀ ਮਾਲਾ ਦੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ 1949 'ਚ ਰਿਲੀਜ਼ ਹੋਈ ਤਾਮਿਲ ਫ਼ਿਲਮ 'ਵਜ਼ਕਾਈ' ਨਾਲ ਹੋਈ। ਫ਼ਿਲਮ ਬੜੀ ਹਿੱਟ ਰਹੀ ਤੇ ਇਸ ਨੂੰ ਤਾਮਿਲ ਤੇ ਹਿੰਦੀ 'ਚ ਵੀ ਬਣਾਇਆ ਗਿਆ। ਹਿੰਦੀ 'ਚ ਇਹੀ ਫ਼ਿਲਮ 'ਬਹਾਰ' ਨਾਂ ਨਾਲ ਸ਼ੂਟ ਕੀਤੀ ਗਈ ਜਿਸ 'ਚ ਵੈਜੰਤੀ ਮਾਲਾ ਨੇ ਹੀ ਲੀਡ ਰੋਲ ਨਿਭਾਇਆ। ਵੈਜੰਤੀ ਮਾਲਾ ਉਸ ਵੇਲੇ ਪਹਿਲੀ ਦੱਖਣ ਭਾਰਤੀ ਹੀਰੋਇਨ ਸੀ ਜਿਸ ਨੇ ਆਪਣੇ ਸੰਵਾਦ ਖੁਦ ਡੱਬ ਕਰਵਾਏ ਕਿਉਂਕਿ ਉਸ ਦੀ ਹਿੰਦੀ ਕਾਫੀ ਵਧੀਆ ਸੀ। 1951 'ਚ ਰਿਲੀਜ਼ ਇਹ ਫ਼ਿਲਮ ਸਾਲ ਦੀ ਵੱਡੀ ਹਿੱਟ ਸਿੱਧ ਹੋਈ।

ਇਸ ਪਿੱਛੋਂ 'ਪੈੱਨ' ਨਾਂ ਨਾਲ ਉਸ ਦੀ ਤਾਮਿਲ ਫ਼ਿਲਮ ਵੀ ਹਿੰਦੀ 'ਚ 'ਲੜਕੀ' ਦੇ ਨਾਂ ਨਾਲ ਬਣੀ ਜਿਸ 'ਚ ਉਸ ਨਾਲ ਭਾਰਤ ਭੂਸ਼ਣ ਤੇ ਕਿਸ਼ੋਰ ਕੁਮਾਰ ਵਰਗੇ ਦਿੱਗਜ ਅਦਾਕਾਰਾਂ ਨੇ ਕੰਮ ਕੀਤਾ। 1953 ਦੀ ਇਹ ਫ਼ਿਲਮ ਵੀ ਵੱਡੀ ਹਿੱਟ ਸਿੱਧ ਹੋਈ। ਹਿੰਦੀ ਫ਼ਿਲਮਾਂ 'ਚ ਵੈਜੰਤੀ ਮਾਲਾ ਨੂੰ ਮੁੱਖ ਹੀਰੋਇਨ ਦੇ ਰੂਪ 'ਚ ਸਿੱਧ ਕਰਨ ਵਾਲੀ ਫ਼ਿਲਮ ਸੀ 'ਨਾਗਿਨ'। ਪ੍ਰਦੀਪ ਕੁਮਾਰ ਨਾਲ 1954 'ਚ ਰਿਲੀਜ਼ ਉਸ ਦੀ ਇਸ ਬਲਾਕਬਸਟਰ ਫ਼ਿਲਮ 'ਚ ਲਤਾ ਮੰਗੇਸ਼ਕਰ ਦੀ ਆਵਾਜ਼ 'ਚ ਉਸ 'ਤੇ ਫ਼ਿਲਮਾਇਆ ਗਿਆ ਗੀਤ 'ਮਨ ਡੋਲੇ ਮੇਰਾ ਤਨ ਡੋਲੇ' ਫ਼ਿਲਮ ਦਾ ਹਾਈਲਾਈਟ ਸਿੱਧ ਹੋਇਆ।

ਇਸੇ ਸਾਲ ਉਸ ਦੀ ਇਕ ਹੋਰ ਫ਼ਿਲਮ 'ਮਿਸ ਮਾਲਾ' ਵੀ ਰਿਲੀਜ਼ ਹੋਈ ਤੇ ਉਸ ਨੇ ਕੰਨੜ ਫ਼ਿਲਮਾਂ 'ਚ ਵੀ ਡੈਬਿਊ ਕਰ ਦਿੱਤਾ। ਇਸ ਪਿੱਛੋਂ ਤਾਂ ਵੈਜੰਤੀ ਮਾਲਾ ਦੀਆਂ ਹਿੱਟ ਫ਼ਿਲਮਾਂ ਦੀ ਲੰਬੀ ਕਤਾਰ ਲੱਗ ਗਈ। ਉਸ ਨੇ ਤਕਰੀਬਨ ਹਰ ਕਿਸਮ ਦੇ ਕਿਰਦਾਰ ਨਿਭਾਏ ਤੇ ਆਪਣੀ ਜਾਨਦਾਰ ਅਦਾਕਾਰੀ ਨਾਲ ਦਰਸ਼ਕਾਂ ਤੇ ਆਲੋਚਕਾਂ ਨੂੰ ਪ੍ਰਭਾਵਿਤ ਕਰੀ ਰੱਖਿਆ। ਵੈਜੰਤੀ ਮਾਲਾ ਨੇ ਦਹਾਕਿਆਂ ਲੰਬੇ ਆਪਣੇ ਬਾਲੀਵੁੱਡ ਦੇ ਕਰੀਅਰ ਦੌਰਾਨ ਆਪਣੇ ਸਮੇਂ ਦੇ ਤਕਰੀਬਨ ਸਾਰੇ ਲੀਡਿੰਗ ਅਦਾਕਾਰਾਂ ਦੇ ਆਪੋਜ਼ਿਟ ਅਦਾਕਾਰੀ ਕੀਤੀ ਤੇ ਹਰ ਫ਼ਿਲਮ 'ਚ ਆਪਣੀ ਅਦਾਕਾਰੀ ਤੇ ਨ੍ਰਿਤ ਦੇ ਦਮ 'ਤੇ ਲਾਈਮ ਲਾਈਟ ਹਾਸਲ ਕਰਦੀ ਰਹੀ।

ਉਸ ਦੀਆਂ ਫ਼ਿਲਮਾਂ 'ਚ ਉਸ ਦਾ ਨ੍ਰਿਤ ਇਕ ਖਾਸ ਸਥਾਨ ਰੱਖਦਾ ਸੀ। ਬਾਲੀਵੁੱਡ ਫ਼ਿਲਮਾਂ 'ਚ ਸੈਮੀ ਕਲਾਸੀਕਲ ਡਾਂਸ ਪਹਿਲਾਂ-ਪਹਿਲ ਪੇਸ਼ ਕਰਨ ਦਾ ਸਿਹਰਾ ਵੀ ਵੈਜੰਤੀ ਮਾਲਾ ਨੂੰ ਹੀ ਜਾਂਦਾ ਹੈ। ਉਸ ਦੀਆਂ ਮੁੱਖ ਫ਼ਿਲਮਾਂ 'ਚ 'ਦੇਵਦਾਸ', 'ਨਈ ਦਿੱਲੀ', 'ਨਯਾ ਦੌਰ', 'ਆਸ਼ਾ', 'ਸਾਧਨਾ', 'ਮਧੂਮਤੀ', 'ਗੰਗਾ ਜਮੁਨਾ', 'ਸੰਗਮ', 'ਲੀਡਰ', 'ਆਮਰਪਾਲੀ', 'ਜਿਊਲ ਥੀਫ' ਸ਼ਾਮਲ ਹਨ। ਦਲੀਪ ਕੁਮਾਰ ਨਾਲ ਆਪਣੀ ਹਿੱਟ ਫ਼ਿਲਮ 'ਲੀਡਰ' ਲਈ ਉਨ੍ਹਾਂ ਨੇ ਕੋਰੀਓਗ੍ਰਾਫੀ ਵੀ ਕੀਤੀ ਸੀ ਜਦਕਿ 'ਸੰਗਮ' ਫ਼ਿਲਮ 'ਚ ਉਨ੍ਹਾਂ ਨੇ ਆਪਣੀ ਆਵਾਜ਼ 'ਚ ਇਕ ਗੀਤ ਵੀ ਗਾਇਆ ਸੀ। ਵੈਜੰਤੀ ਮਾਲਾ ਦਾ ਕਰੀਅਰ ਅਜੇ ਸਿਖਰ 'ਤੇ ਹੀ ਸੀ, ਜਦੋਂ ਉਸ ਨੇ ਚਮਨ ਲਾਲ ਬਾਲੀ ਨਾਲ ਵਿਆਹ ਕਰ ਲਿਆ। ਵਿਆਹ ਪਿੱਛੋਂ ਉਸ ਨੇ ਫ਼ਿਲਮਾਂ ਤੋਂ ਕਿਨਾਰਾ ਕਰ ਲਿਆ ਤੇ ਆਪਣਾ ਸਾਰਾ ਧਿਆਨ ਘਰ-ਗ੍ਰਹਿਸਥੀ 'ਤੇ ਕੇਂਦ੍ਰਿਤ ਕਰ ਦਿੱਤਾ। ਉਸ ਦਾ ਬੇਟਾ ਸੁਚਿੰਦਰ ਬਾਲੀ ਤਾਮਿਲ ਹੀਰੋ ਹੈ। 1984 'ਚ ਵੈਜੰਤੀ ਮਾਲਾ ਨੇ ਸਿਆਸੀ ਕਰੀਅਰ ਦੀ ਸ਼ੁਰੂਆਤ ਕੀਤੀ ਜਦੋਂ ਉਹ ਮਦਰਾਸ ਸਾਊਥ ਤੋਂ ਲੋਕ ਸਭਾ ਦੀ ਸੰਸਦ ਮੈਂਬਰ ਚੁਣੀ ਗਈ। 1989 'ਚ ਉਹ ਮੁੜ ਲੋਕ ਸਭਾ ਲਈ ਚੁਣੀ ਗਈ, ਜਦਕਿ 1993 'ਚ ਉਸ ਨੂੰ 6 ਸਾਲਾਂ ਲਈ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ।

# ਬਾਲੀਵੁੱਡ 'ਚ ਪੰਜਾਬਣ ਦਿਵਿਆ ਦੱਤਾ ਦੀ ਧੁੰਮ

ਹਿੰਦੀ ਫ਼ਿਲਮੀ ਦੁਨੀਆ 'ਚ ਵਿਲੱਖਣ ਪਛਾਣ ਬਣਾ ਚੁੱਕੀ ਪੰਜਾਬਣ ਦਿਵਿਆ ਦੱਤਾ ਅਜਿਹੀ ਅਦਾਕਾਰਾ ਹੈ ਜਿਸ ਨੇ ਬਹੁਤ ਸਾਰੇ ਪੁਰਸਕਾਰ ਜਿੱਤੇ ਹਨ। ਲੁਧਿਆਣਾ ਦੀ ਜੰਮਪਲ ਇਸ ਅਦਾਕਾਰਾ ਦੀ ਝੋਲੀ 'ਚ ਕੌਮੀ ਤੇ ਕੌਮਾਂਤਰੀ 30 ਤੋਂ ਵੱਧ ਪੁਰਸਕਾਰ ਹਨ ਜੋ ਇਕ ਰਿਕਾਰਡ ਹੈ। ਸੱਠ ਤੋਂ ਵੱਧ ਫ਼ਿਲਮਾਂ ਕਰ ਚੁੱਕੀ ਦਿਵਿਆ ਨੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ 1994 'ਚ ਆਈ ਫ਼ਿਲਮ 'ਇਸ਼ਕ ਮੇਂ ਜੀਨਾ ਇਸ਼ਕ ਮੇਂ ਮਰਨਾ' ਤੋਂ ਕੀਤੀ। 'ਵੀਰਗਤੀ', 'ਦਾਵਾ', 'ਬੜੇ ਮੀਆਂ ਛੋਟੇ ਮੀਆਂ', 'ਟਰੇਨ ਟੂ ਪਾਕਿਸਤਾਨ', 'ਸਮਰ', 'ਰਾਜਾ ਜੀ', 'ਬਾਗਵਾਨ', 'ਐਲ.ਓ.ਸੀ.', 'ਵਾਰਸ ਸ਼ਾਹ-ਇਸ਼ਕ ਦਾ ਵਾਰਿਸ', 'ਆ ਜਾ ਨੱਚ ਲੈ', 'ਸ਼ਹੀਦ-ਏ-ਮੁਹੱਬਤ: ਬੂਟਾ ਸਿੰਘ', 'ਹਿੱਸ', 'ਹਾਰਟਲੈਂਡ', 'ਦਾ ਲਾਈਨ ਆਫ਼ ਪੰਜਾਬ', 'ਸਟੈਨਲੇ ਕਾ ਢਾਬਾ', 'ਮੋਨਿਕਾ' ਦੇ ਇਲਾਵਾ ਛੋਟੇ ਪਰਦੇ 'ਤੇ 'ਛੰਨੋ ਕੀ ਸ਼ਾਦੀ' ਸੀਰੀਅਲ ਵੀ ਕੀਤਾ ਜਿਸ ਵਿਚ ਸਿੱਧੀ-ਸਾਦੀ ਮੁਟਿਆਰ ਦੀ ਕਹਾਣੀ ਸੀ।



ਦਿਵਿਆ ਦਾ ਕਹਿਣਾ ਹੈ ਕਿ ਮਿਲੇ ਪੁਰਸਕਾਰਾਂ ਨਾਲ ਕਲਾਕਾਰਾਂ ਦੀ ਅਭਿਨੈ ਪ੍ਰਤੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਉਸ ਨੇ ਹਰ ਤਰ੍ਹਾਂ ਦੇ ਰੋਲ ਕੀਤੇ ਹਨ, ਸਾਧਾਰਨ, ਕਾਮੇਡੀ ਤੇ ਗਲੈਮਰਸ ਵੀ ਤੇ ਸਾਰੇ ਹੀ ਵਧੀਆ ਤਰੀਕੇ ਨਾਲ ਨਿਭਾਏ। ਦਰਸ਼ਕਾਂ ਦੀ ਮਿਲੀ ਵਾਹ-ਵਾਹ ਨਾਲ ਉਸ ਦਾ ਹੋਰ ਵੀ ਵਧੀਆ ਅਭਿਨੈ ਕਰਨ ਨੂੰ ਮਨ ਕਰਦਾ ਹੈ। ਉਸ ਕੋਲ ਯਸ਼ ਰਾਜ ਦੀਆਂ ਫ਼ਿਲਮਾਂ, ਚਾਰ ਹੋਰ ਹਿੰਦੀ ਫ਼ਿਲਮਾਂ, ਦੱਖਣ ਦੀ ਫ਼ਿਲਮ ਦੇ ਇਲਾਵਾ ਛੋਟੇ ਪਰਦੇ ਲਈ ਲਾਈਵ ਸ਼ੋਅ ਵੀ ਹੈ।

ਦਿਵਿਆ ਦੱਤਾ ਅਜਿਹੀ ਅਭਿਨੇਤਰੀ ਹੈ ਜਿਹੜੀ ਆਲੋਚਨਾ ਨੂੰ ਵੀ ਖਿੜ੍ਹੇ ਮੱਥੇ ਸਵੀਕਾਰਦੀ ਹੈ ਤੇ ਉਸ ਨੇ ਦੋਸਤਾਂ ਤੇ ਪ੍ਰਸ਼ੰਸਕਾਂ ਦੀ ਗੱਲ ਨੂੰ ਪੂਰੀ ਤਵੱਜੋ ਦੇਣੀ ਹੁੰਦੀ ਹੈ। ਇਥੋਂ ਤੱਕ ਕਿ ਪਹਿਰਾਵੇ ਦੀ ਪਸੰਦ ਵੀ ਕਈ ਵਾਰ ਉਹ ਆਪਣੇ ਦੋਸਤਾਂ 'ਤੇ ਛੱਡ ਦਿੰਦੀ ਹੈ। ਰਾਏ ਤੇ ਵਿਚਾਰਾਂ ਦੇ ਆਧਾਰ 'ਤੇ ਕੰਮ ਤੇ ਪਹਿਰਾਵੇ ਦੀ ਚੋਣ ਦਿਵਿਆ ਨੇ ਕਰਨੀ ਸ਼ੁਰੂ ਕਰ ਦਿੱਤੀ ਹੈ। ਆਪਣੇ ਚਹੇਤਿਆਂ ਦਾ ਸ਼ੁਕਰੀਆ ਉਹ ਸੋਸ਼ਲ ਨੈਟਵਰਕਿੰਗ 'ਤੇ ਕਰਨ ਲੱਗ ਪਈ ਹੈ। ਦਿਵਿਆ ਦੱਤਾ ਨੂੰ ਬਾਲੀਵੁੱਡ ਵਿਚ ਵੀ ਖਾਸੀ ਇੱਜ਼ਤ ਹਾਸਲ ਹੈ। ਛੋਟੇ ਪਰਦੇ 'ਤੇ ਵੀ ਦਿਵਿਆ ਨੇ ਦਰਸ਼ਕਾਂ ਨੂੰ ਆਪਣੇ ਕੰਮ ਨਾਲ ਮੋਹ ਲਿਆ ਹੈ। ਹੁਣ ਤਾਂ ਉਸ ਨੂੰ ਪ੍ਰਤਿਭਾਵਾਨ ਅਭਿਨੇਤਰੀ ਹੀ ਨਹੀਂ ਬਲਕਿ ਵਧੀਆ ਐਂਕਰ ਵੀ ਕਿਹਾ ਜਾਂਦਾ ਹੈ।

ਦਿਵਿਆ ਨੂੰ ਪੰਜਾਬੀ ਫ਼ਿਲਮਾਂ ਵਿਚ ਵੀ ਖੂਬ ਮਾਣ ਮਿਲਿਆ ਹੈ। ਦਿਵਿਆ ਦਾ ਕੰਮ ਨਵੀਂ ਫ਼ਿਲਮ 'ਚਿਹਰੇ' 'ਚ ਕਾਫੀ ਵਧੀਆ ਹੈ ਤੇ ਇਸ ਫ਼ਿਲਮ ਤੋਂ ਦਿਵਿਆ ਨੂੰ ਕਾਫੀ ਉਮੀਦਾਂ ਹਨ। ਦਿਵਿਆ ਨੇ ਕਿਹਾ ਹੈ ਕਿ ਬਾਲੀਵੁੱਡ ਵਿਚ ਉਸ ਦੇ ਕਰੀਅਰ ਨੂੰ ਤਕੜਾ ਹੁਲਾਰਾ ਫ਼ਿਲਮ 'ਚਿਹਰੇ' ਦੇਵੇਗੀ। ਨਿਰਦੇਸ਼ਕ ਰੋਹਿਤ ਕੌਸ਼ਿਕ ਦਾ ਵੀ ਕਹਿਣਾ ਹੈ ਕਿ ਦਿਵਿਆ ਦੀ ਪ੍ਰਤਿਭਾ ਦਾ ਸਹੀ ਇਸਤੇਮਾਲ ਚਿਹਰੇ 'ਚ ਹੀ ਕੀਤਾ ਗਿਆ ਹੈ ਤੇ ਇਸ ਨਾਲ ਇਕ ਨਵੀਂ ਦਿਵਿਆ ਦਾ ਰੂਪ ਸਾਹਮਣੇ ਆਵੇਗਾ। ਦਿਵਿਆ ਨੂੰ ਸੀਨੀਅਰ ਅਭਿਨੇਤਰੀ ਮਨੀਸ਼ਾ ਕੋਇਰਾਲਾ ਨਾਲ ਇਹ ਫ਼ਿਲਮ ਕਰਕੇ ਕਾਫੀ ਖੁਸ਼ੀ ਪ੍ਰਾਪਤ ਹੋਈ ਹੈ।

# ਵਿੱਦਿਆ ਬਾਲਨ ਦੇ ਭਾਗ ਖੁੱਲ੍ਹੇ



ਐਸ਼ਵਰਿਆ ਰਾਏ ਬੱਚਨ ਜਿੰਨੀ ਖ਼ੂਬਸੂਰਤ ਹੈ, ਉਸ ਤੋਂ ਕਿਤੇ ਵਧੇਰੇ ਉਹ ਕਮਾਲ ਦੀ ਅਦਾਕਾਰਾ ਹੈ। ਇਹ ਗੱਲ ਉਹ ਆਪਣੀਆਂ ਕਈ ਫ਼ਿਲਮਾਂ 'ਚ ਸਿੱਧ ਕਰ ਚੁੱਕੀ ਹੈ। ਵਿਆਹ ਪਿੱਛੋਂ ਵੀ ਫ਼ਿਲਮ ਨਗਰੀ 'ਚ ਉਸ ਦੀ ਸਫਲਤਾ ਹੈਰਾਨ ਕਰਨ ਵਾਲੀ ਹੈ ਪਰ ਹੁਣ ਜਦੋਂ ਐਸ਼ ਗਰਭਵਤੀ ਹੈ ਤਾਂ ਉਸ ਦੀਆਂ ਮੁਕਾਬਲੇਬਾਜ਼ ਹੀਰੋਇਨਾਂ ਨੂੰ ਮੌਜ ਲੱਗ ਗਈ ਹੈ। ਖ਼ਬਰ ਹੈ ਕਿ 'ਸੱਤੇ ਪੇ ਸੱਤਾ' ਦੇ ਰੀਮੇਕ 'ਚ ਐਸ਼ ਦੀ ਥਾਂ ਵਿੱਦਿਆ ਬਾਲਨ ਨੇ ਲੈ ਲਈ ਹੈ। ਜੇ ਐਸ਼ ਗਰਭਵਤੀ ਨਾ ਹੁੰਦੀ ਤਾਂ ਸ਼ਾਇਦ ਇਹ ਵੱਡੀ ਫ਼ਿਲਮ ਵਿੱਦਿਆ ਬਾਲਨ ਨੂੰ ਕਦੇ ਨਾ ਮਿਲਦੀ। ਨਿਰਦੇਸ਼ਕ ਸੋਹਮ ਸ਼ਾਹ ਨੇ ਜਦੋਂ ਅਮਿਤਾਭ ਤੇ ਹੇਮਾ ਮਾਲਿਨੀ ਦੀ ਸੁਪਰਹਿੱਟ ਫ਼ਿਲਮ 'ਸੱਤੇ ਪੇ ਸੱਤਾ' ਦਾ ਰੀਮੇਕ ਬਣਾਉਣ ਦਾ ਐਲਾਨ ਕੀਤਾ ਤਾਂ ਉਨ੍ਹਾਂ ਨੇ ਹੇਮਾ ਮਾਲਿਨੀ ਵਾਲੇ ਕਿਰਦਾਰ ਲਈ ਸਭ ਤੋਂ ਪਹਿਲਾਂ ਵਿੱਦਿਆ ਬਾਲਨ ਨਾਲ ਹੀ ਗੱਲਬਾਤ ਕੀਤੀ ਸੀ ਪਰ ਬਾਅਦ 'ਚ ਫ਼ਿਲਮੀ ਜੋੜ-ਤੋੜ ਕਾਰਨ ਫ਼ਿਲਮ ਐਸ਼ਵਰਿਆ ਦੀ ਝੋਲੀ 'ਚ ਜਾ ਡਿੱਗੀ। ਹੁਣ ਐਸ਼ਵਰਿਆ ਨਾਲ 'ਸੱਤੇ ਪੇ ਸੱਤਾ' ਦਾ ਰੀਮੇਕ ਬਣਾਉਣਾ ਸੰਭਵ ਨਹੀਂ ਲੱਗ ਰਿਹਾ। ਅਜਿਹੇ 'ਚ ਸੋਹਮ ਸ਼ਾਹ ਦੁਬਾਰਾ ਵਿੱਦਿਆ ਬਾਲਨ ਕੋਲ ਪੇਸ਼ਕਸ਼ ਲੈ ਕੇ ਪਹੁੰਚ ਗਏ ਤੇ ਕਿਹਾ ਜਾ ਰਿਹਾ ਹੈ ਕਿ ਬਿਨਾਂ ਕਿਸੇ ਈਗੋ ਪ੍ਰਾਬਲਮ ਦੇ ਵਿੱਦਿਆ ਨੇ ਤੁਰੰਤ ਫ਼ਿਲਮ ਸਵੀਕਾਰ ਕਰ ਲਈ।


Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF | MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਮਨਦੀਪ ਅਤੇ ਸਨਦੀਪ ਨੂੰ ਵਿਆਹ ਦੀਆਂ

# ਵਧਾਈਆਂ ਜੀ ਵਧਾਈਆਂ

ਜੰਮੂ ਪਰਿਵਾਰ ਨੂੰ ਵਧਾਈਆਂ





ਥਿੰਦ ਪਰਿਵਾਰ ਨੂੰ ਵਧਾਈਆਂ



## ਵਾਹਿਗੁਰੂ ਨਵੀਂ ਜੋੜੀ ਦੀ ਝੋਲੀ ਖੁਸ਼ੀਆਂ ਨਾਲ ਭਰੇ





ਵਲੋਂ

ਜੱਸੀ ਗਿੱਲ, ਸੁਖਬੀਰ ਕੌਰ ਗਿੱਲ, ਹੈਰੀ ਗਿੱਲ, ਸਰਬਜੀਤ ਸਿੰਘ ਥਿਆੜਾ, ਦਲਬੀਰ ਸਿੰਘ ਗਿੱਲ, ਹਰਵਿੰਦਰ ਸਿੰਘ ਬਿੱਲਾ, ਹਰਜਿੰਦਰ ਖਹਿਰਾ, ਸੰਤੋਖ ਸਿੰਘ ਡੀ ਸੀ, ਸੋਨੂ ਖਹਿਰਾ